ੴ

"ਨਨਕ ਕੈ ਘਰਿ ਕੇਵਲ ਨਾਮੁ ॥"

# ਨਾਮ ਕੀ ਹੈ ?

ਵਧਾਵਾ ਸਿੰਘ
(ਐਮ. ਏ.)

1566

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਤਾ: ਸ੍ਰੀ [illegible]

੧-੬-੭੧

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

# ਨਾਮ ਕੀ ਹੈ ?

ਸੇਵਕ :–
ਵਧਾਵਾ ਸਿੰਘ, ਐਮ.ਏ.
ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਭੇਟਾ ੭) ਰੁਪਏ

Sri Satguru Jagjit Singh Ji eLibrary NamdhariElibrary@gmail.com

ਸਭ ਹਕ ਰਖਾਵੇਂ ਹਨ ।

ਪ੍ਰਕਾਸ਼ਕ :— ਸ. ਬਲਜੀਤ ਸਿੰਘ ਗਿਲ,
ਬੀ.ਏ., ਬੀ.ਐਡ.,
ਲੁਧਿਆਣਾ

ਛਾਪਕ :— ਜਸਬੀਰ ਸਿੰਘ 'ਬੀਰ',
ਨਿਰਬਾਣ ਪ੍ਰਿੰਟਰਜ਼,
608/3, ਖਾਲਸਾ ਮਹਲਾ,
ਪਟਿਆਲਾ ।

ਮਿਲਣ ਦਾ ਪਤਾ :— ਸ. ਜਸਪਾਲ ਸਿੰਘ,
8128/5, ਪ੍ਰੀਤ ਨਗਰ,
ਲੋਅਰ ਮਾਲ ਰੋਡ,
ਪਟਿਆਲਾ ।

ਪਹਿਲੀ ਵਾਰ :— ਫਰਵਰੀ ੧੯੬੪ ੧,੦੦੦ ਕਾਪੀਆਂ
ਦੂਜੀ ਵਾਰ :— ਜੁਲਾਈ ੧੯੭੩ ੧,੦੦੦ ਕਾਪੀਆਂ

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| ਕੀ | | ਕਿੱਥੇ |
|---|---|---|
| ੧. ਨਾਮ | ... ... ... ... | ੧–੪੪ |
| | –ਗੁਰਬਾਣੀ ਤੇ ਨਾਮ ... ... | ੩ |
| | –ਗੁਪਤ ਨਾਮ ... ... | ੫ |
| | –ਨਾਮ ਦੀ ਲੋੜ ... ... | ੧੦ |
| | –ਸਤਿਨਾਮ ... ... | ੧੨ |
| | ਸਤਿ ਸਰੂਪ ... ... | ੧੪ |
| | ਸੱਤਾ ਸਰੂਪ ... ... | ੨੩ |
| | ਸੱਚਾ ਨਾਮ ... ... | ੩੫ |
| ੨. ਨਾਮ ਦੇ ਰੂਪ | ... ... ... | ੪੫–੭੯ |
| | –ਸਤਿਗੁਰ ਦੀ ਯਾਦ ਜਾਂ ਪ੍ਰੇਮ ... | ੪੫ |
| | –ਛਾਵ ਰੂਪ ... ... ... | ੫੫ |
| | –ਡੰਡੀ ਰੂਪ ... ... ... | ੫੭ |
| | –ਅੰਮ੍ਰਿਤ–(ੳ) ਰਸ ਰੂਪ ... | ੬੦ |
| | (ਅ) ਭੋਜਨ ਰੂਪ ... | ੬੭ |
| | –ਸੁਗੰਧੀ ... ... | ੬੯ |
| | –ਖੇੜਾ ਤੇ ਵਿਸਮਾਦ ... ... | ੭੪ |
| ੩. ਅਨਹਦ ਸ਼ਬਦ ਅਤੇ ਸਹਜ ਅਵਸਥਾ | ... | ੮੦–੧੦੩ |
| | ਅਨਹਦ ਸ਼ਬਦ ... ... | ੮੦ |
| | –ਸਹਜ ... ... | ੯੦ |
| ੪. ਹੁਕਮ, ਸਿਖੀ ਤੇ ਖਾਲਸਾ... | ... ... | ੧੦੪–੧੪੯ |
| | –ਹੁਕਮ ... ... | ੧੦੪ |


Sri Satguru Jagjit Singh Ji eLibrary NamdhariElibrary@gmail.com

–ਸਿਖੀ ... ... ੧੧੫
–ਖਾਲਸਾ ... ... ੧੩੫

੫. ਨਾਮ-ਪ੍ਰਾਪਤੀ ... ... ੧੫੦–੨੧੩
–੧ (ਹਉਮੈਂ) ... ... ੧੫੦
–੨ (ਪੰਜ ਚੋਰ) ... ... ੧੫੫
–੩ (ਮਾਇਆ) ... ... ੧੬੬
–੪ੳ (ਮਨ) ... ... ੧੭੧
– ਅ (ਮਨ ਦੀ ਮਹੱਤਤਾ) ... ੧੭੫
–੫ (ਗੁਰੂ ਦੀ ਲੋੜ) ... ੧੮੩
–੬ (ਨਾਮ-ਕਮਾਈ) ... ੧੯੨
–੭ (ਨਾਮ ਹੀਣ ਪੁਰਸ਼) ... ੨੧੦

੬. ਲੋਕ ਸੁਖੀਏ-ਪ੍ਰਲੋਕ ਸੁਹੇਲੇ ... ... ੨੧੪–੨੩੦
–੧ (ਲੋਕ ਸੁਖੀਂਏ)... ... ੨੧੪
–੨ (ਪ੍ਰਲੋਕ ਸੁਹੇਲੇ)... ... ੨੨੩

Sri Satguru Jagjit Singh Ji eLibrary NamdhariElibrary@gmail.com

# ਜ਼ਰੂਰੀ ਬੇਨਤੀ

ਇਸ ਪੁਸਤਕ ਦੀ ਪਹਿਲੀ ਛਾਪ ਕਾਫੀ ਦੇਰ ਦੀ ਮੁਕ ਚੁੱਕੀ ਸੀ ਤੇ ਪੁਸਤਕ ਦੀ ਮੰਗ ਕਈ ਥਾਵਾਂ ਤੋਂ ਪੁਜ ਰਹੀ ਸੀ। ਕਈ ਸਜਣਾਂ ਵਲੋਂ ਮਾਇਆ ਪੇਸ਼ਗੀ ਵੀ ਭੇਜ ਦਿਤੀ ਗਈ ਤੇ ਉਨ੍ਹਾਂ ਨੂੰ ਕਾਫੀ ਲੰਬਾ ਸਮਾਂ ਪੁਸਤਕ ਦੀ ਉਡੀਕ ਕਰਨੀ ਪਈ। ਦਾਸ ਉਨ੍ਹਾਂ ਸਾਰਿਆਂ ਵਲੋਂ ਮਿਲੇ ਉਤਸ਼ਾਹ ਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦੀ ਹੈ ਅਤੇ ਹੋਈ ਦੇ ਰੀ ਲਈ ਖਿਮਾਂ ਮੰਗਦਾ ਹੈ।

ਦੂਜੀ ਛਾਪ ਵਿਚ ਕੋਈ ਸਿਧਾਂਤਕ ਤਬਦੀਲੀ ਨਹੀਂ ਕੀਤੀ ਗਈ। ਭਾਵਾਂ ਦੇ ਵਹਾਉ ਨੂੰ ਕਾਇਮ ਰਖਣ ਲਈ ਅਤੇ ਕਿਤੇ ਕਿਤੇ ਭਾਵ-ਅਰਥ ਨੂੰ ਹੋਰ ਖੋਲ੍ਹਣ ਲਈ, ਭਾਸ਼ਾ ਵਿਚ ਸਾਧਾਰਨ ਸੋਧਾਂ ਅਤੇ ਵਿਸ਼ੇ ਵਿਚ ਮਾਮੂਲੀ ਵਾਧੇ ਕੀਤੇ ਗਏ ਹਨ ਤਾਂ ਜੋ ਪਾਠਕ ਦੀ ਸੁਰਤ ਬਿਨਾਂ ਅਟਕਾਰ ਨਾਮ ਦਾ ਰਸ ਮਾਣ ਸਕੇ ਤੇ ਵਿਚਾਰਧਾਰਾ ਨੂੰ ਸਹੀ ਰੂਪ ਵਿਚ ਗ੍ਰਹਿਣ ਕਰ ਸਕੇ।

ਪਹਿਲੀ ਛਾਪ ਬਰੀਕ ਅੱਖਰਾਂ ਵਿਚ ਛਪੀ ਸੀ। ਪਰ ਉਸ ਤੋਂ ਬਾਅਦ ਕਈ ਬਿਰਧ ਸਜਣਾਂ ਵਲੋਂ ਇਹ ਮੰਗ ਕੀਤੀ ਗਈ ਕਿ ਅਗਲੀ ਛਾਪ ਇਸ ਤੋਂ ਮੋਟੇ ਅੱਖਰਾਂ ਵਿਚ ਛਾਪੀ ਜਾਵੇ। ਕਿਉਂਜੋ ਦਾਸ ਇਨ੍ਹਾਂ ਦੀ ਇੱਛਾਂ ਨੂੰ ਉਲੰਘ ਨਹੀਂ ਸੀ ਸਕਦਾ, ਤੇ ਪੁਸਤਕ ਲਿਖਣ ਦਾ ਭਾਵ ਵੀ ਵੱਧ ਤੋਂ ਵੱਧ ਪਾਠਕਾਂ ਤਕ ਆਪਣੇ ਭਾਵਾਂ ਨੂੰ ਪਹੁੰਚਾਣ ਦਾ ਹੁੰਦਾ ਹੈ, ਇਸ ਲਈ ਦੂਜੀ ਛਾਪ ਮੋਟੇ ਅੱਖਰਾਂ ਵਿਚ ਹੀ ਛਾਪੀ ਗਈ ਹੈ।

ਦਾਸਨ ਦਾਸ

ਜੁਲਾਈ, ੧੯੭੩ — ਵਧਾਵਾ ਸਿੰਘ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਅਕਾਲ ਜੀ ਸਹਾਇ ॥

# ਦੋ ਸ਼ਬਦ

ਜਦੋਂ ਤੋਂ ਇਹ ਸੰਸਾਰ ਹੋਂਦ ਵਿਚ ਆਇਆ ਤੇ ਮਨੁੱਖ ਨੇ ਅਕਾਲ ਪੁਰਖ ਨਾਲੋਂ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਕੀਤਾ, ਇਸ ਨੂੰ ਅਲਪੱਗ ਜੀਵ ਬਣ ਜਾਣ ਕਾਰਣ ਸਰਬੱਗ ਹਸਤੀ—ਵਾਹਿਗੁਰੂ ਜੀ—ਨਾਲ ਮਿਲਣ ਦੀ ਲੋੜ ਪਈ। ਇਸ ਮੰਤਵ ਲਈ ਸੰਸਾਰ ਦੇ ਹਰ ਕੋਨੇ ਵਿਚ ਭਿੰਨ ਭਿੰਨ ਸਾਧਨਾਂ ਦੁਆਰਾ ਉਸ ਅਦਿੱਖ ਹਸਤੀ ਤਕ ਪਹੁੰਚਣ ਦੇ ਜਤਨ ਹੋਏ ਹਨ। ਉਸ ਤਕ ਪਹੁੰਚਣ ਦਾ ਹਰ ਅਜਿਹਾ ਵਿਸ਼ੇਸ਼ ਰਾਹ ਮਜ਼੍ਹਬ ਅਖਵਾਉਂਦਾ ਹੈ। ਅਜਿਹਾ ਹੀ ਇਕ ਮਾਰਗ ਸਿੱਖ ਗੁਰੂਆਂ ਦਾ ਹੈ, ਜਿਨ੍ਹਾਂ ਨੇ ਵਾਹਿਗੁਰੂ ਦੀ ਪ੍ਰਾਪਤੀ 'ਨਾਮ' ਦੁਆਰਾ ਦੱਸੀ ਹੈ। ਕਈ ਹੋਰ ਮਤ ਵੀ ਨਾਮ ਦਾ ਆਸਰਾ ਲੈਂਦੇ ਹਨ ਪਰ ਗੁਰੂ ਨਾਨਕ ਸਾਹਿਬ ਦੇ ਘਰ ਤਾਂ ਹੈ ਹੀ ਕੇਵਲ ਨਾਮ ਅਰਥਾਤ ਇਸ ਘਰ ਵਿਚ ਨਾਮ ਇਕ ਸਾਧਨ ਵੀ ਹੈ ਤੇ ਵਾਹਿਗੁਰੂ-ਆਪ ਵੀ।

ਭਾਵੇਂ ਗੁਰਬਾਣੀ ਦਾ ਮੁਖ ਵਿਸ਼ਾ ਨਾਮ ਹੈ ਪਰ ਇਹ ਇਕ ਚਿੰਤਾਜਨਕ ਗੱਲ ਹੈ ਕਿ ਗੁਰਬਾਣੀ ਵਿਚ ਸਿਦਕ ਰਖਣ ਵਾਲੇ ਅਤੇ ਗੁਰਬਾਣੀ ਦੇ ਪਾਠ ਦਾ ਰਸ ਮਾਣਨ ਵਾਲੇ ਕਈ ਗੁਰਸਿਖ ਵੀ ਨਾਮ ਦੀ ਮਹੱਤਤਾ ਤੋਂ ਜਾਣੂ ਨਹੀਂ ਹਨ ਜਿਸ ਕਰਕੇ ਉਹ ਗੁਰਬਾਣੀ ਵਿਚ ਕੀਤੇ ਗਏ ਨਾਮ ਜਪਣ ਸਬੰਧੀ ਉਪਦੇਸ਼ ਦੀ ਪਾਲਣਾ ਨਹੀਂ ਕਰ ਸਕਦੇ। ਇਨ੍ਹਾਂ ਵਿਚੋਂ ਕਈਆਂ ਨੂੰ ਤਾਂ ਅੰਮ੍ਰਿਤ ਛਕਾਉਣ ਸਮੇਂ ਪੰਜ ਪਿਆਰਿਆਂ ਦੁਆਰਾ, ਨਾਮ ਦੀ ਮਹੱਤਤਾ ਦਸ ਕੇ, ਨਾਮ ਦ੍ਰਿੜ ਹੀ ਨਹੀਂ ਕਰਵਾਇਆ ਗਿਆ ਹੁੰਦਾ।

ਗੁਰਮਤ-ਮਾਰਗ ਨੂੰ ਸਮਝਣ ਲਈ ਇਹ ਪਤਾ ਲਾਉਣਾ ਅਤਿ ਜ਼ਰੂਰੀ ਹੈ ਕਿ ਗੁਰਬਾਣੀ ਅਨੁਸਾਰ ਨਾਮ ਕੀ ਹੈ ? ਇਸ ਪੁਸਤਕ ਦੇ ਪੜ੍ਹਨ ਨਾਲ ਇਸ ਮੰਤਵ ਦੀ ਪੂਰਤੀ ਵਿਚ ਸਹਾਇਤਾ ਮਿਲੇਗੀ। ਪਰ ਨਾਮ ਨੂੰ ਜਾਣ ਲੈਣਾ ਕੋਈ ਹੋਰ ਗੱਲ ਹੈ ਅਤੇ ਨਾਮ ਨੂੰ ਅਨੁਭਵ ਕਰਨਾ ਕੋਈ ਹੋਰ। ਨਾਮ

Sri Satguru Jagjit Singh Ji eLibrary NamdhariElibrary@gmail.com

ਨੂੰ ਅਨੁਭਵ ਕਰਨ ਲਈ ਤਾਂ ਜਪੁਜੀ ਸਾਹਿਬ, ਜਾਪ ਸਾਹਿਬ ਤੇ ਬਾਕੀ ਦੀ ਸਮੱਗਰ ਗੁਰਬਾਣੀ ਦੇ ਪਾਠ ਅਤੇ ਗੁਰਮੰਤ੍ਰ ਦਾ ਬਾਰ ਬਾਰ ਰਟਨ ਤੇ ਅਭਿਆਸ ਕਰਨ ਦੀ ਲੋੜ ਹੈ।

ਇਸ ਪੁਸਤਕ ਦੇ ਛੇ ਕਾਂਡ ਹਨ। ਇਸ ਨੂੰ ਕਾਂਡ ਵਾਰ ਛੇ ਹੀ ਬੈਠਕਾਂ ਵਿਚ ਇਕ ਮਨ ਹੋ ਕੇ ਪੜ੍ਹਿਆਂ, ਅੰਕਤ ਭਾਵਾਂ ਦੀ ਵਧੇਰੇ ਸੋਝੀ ਪੈ ਸਕੇਗੀ।

ਇਸ ਪੁਸਤਕ ਵਿਚ ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ (ਕੁਟੀਆ ਰਾਮਪੁਰ ਖੇੜਾ, ਜ਼ਿਲਾ ਹੁਸ਼ਿਆਰਪੁਰ) ਨੇ ਵੀ ਆਪਣੀ ਅਸੀਸ ਭਰੀ ਹੈ। ਇਹ ਪੁਸਤਕ ਸਾਧ ਸੰਗਤ ਦੇ ਪ੍ਰਤਾਪ ਨਾਲ ਹੀ ਲਿਖੀ ਗਈ ਹੈ। ਜਿਨ੍ਹਾਂ ਜਿਨ੍ਹਾਂ ਗੁਰਮੁਖਾਂ ਨੇ ਗੁਰਮਤ-ਵਿਚਾਰ ਦੇ ਕੇ, ਸੋਧਣ-ਯੋਗ ਉਕਾਈਆਂ ਦਸ ਕੇ ਅਤੇ ਟਾਈਪ ਕਰਨ, ਪਰੂਫ ਪੜ੍ਹਨ ਤੇ ਛਪਾਈ ਆਦਿ ਵਿਚ ਸੇਵਾ ਕੀਤੀ ਹੈ, ਗੁਰੂ ਸਾਹਿਬ ਉਨ੍ਹਾਂ ਨੂੰ ਆਪਣੇ ਦਰੋਂ ਘਰੋਂ ਸਿਖੀ ਸਿਦਕ, ਭਰੋਸਾ ਦਾਨ ਤੇ ਨਾਮ ਦਾਨ ਬਖਸ਼ਣ ਅਤੇ ਨਾਮ ਦਾ ਹੋਰ ਗੂੜ੍ਹਾ ਮਜੀਠੀ ਰੰਗ ਚਾੜ੍ਹਨ।

ਇਸ ਦੀ ਤਿਆਰੀ ਵਿਚ, ਅਰਥ ਦੇਣ, ਭਾਵਾਂ ਨੂੰ ਸਪੱਸ਼ਟ ਕਰਨ ਜਾਂ ਉਨ੍ਹਾਂ ਦੀ ਪੁਸ਼ਟੀ ਲਈ ਜਿਨ੍ਹਾਂ ਜਿਨ੍ਹਾਂ ਪੁਸਤਕਾਂ ਤੇ ਗ੍ਰੰਥਾਂ ਤੋਂ ਸਹਾਇਤਾ ਲਈ ਗਈ ਹੈ, ਦਾਸ ਉਨ੍ਹਾਂ ਦੇ ਕਰਤਿਆਂ ਦਾ ਵੀ ਧੰਨਵਾਦੀ ਹੈ।

ਬੇਅੰਤ ਵਾਹਿਗੁਰੂ ਜੀ ਤੇ ਉਸ ਦੇ ਨਾਮ ਦਾ ਅੰਤ ਪਾਉਣਾ ਅਸੰਭਵ ਹੈ। ਇਸ ਪੁਸਤਕ ਦੇ ਲਿਖਣ ਵਿਚ ਵੀ ਕਈ ਭੁਲਾਂ ਤੇ ਉਕਾਈਆਂ ਹੋ ਗਈਆਂ ਹੋਣਗੀਆਂ ਜਿਨ੍ਹਾਂ ਲਈ ਦਾਸ ਖਿਮਾਂ ਦਾ ਜਾਚਕ ਹੈ।

ਗੁਰੂ-ਮੇਲ ਭਰੀਆਂ ਅਸੀਸਾਂ ਦਾ ਸਦਾ ਜਾਚਕ,
ਗੁਰਸੰਗਤ ਦਾ ਸੇਵਾਦਾਰ,

੨-੨-੧੯੬੪ ਵਧਾਵਾ ਸਿੰਘ

Sri Satguru Jagjit Singh Ji eLibrary NamdhariElibrary@gmail.com

'ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥'

*****
****
**
*

'ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮੁ ਨਾਮੁ ਸੰਤਨ ਘਰਿ ਪਾਇਆ ॥
ਤਜਿ ਅਭਿਮਾਨੁ ਲੇਹੁ ਮਨ ਮੋਲਿ ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥
ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥'

(ਗਉੜੀ ਸੁਖਮਨੀ ਮ: ੫—੨੮੩)

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਨਾਮ

'ਹਰਿਨਾਮੁ ਹਮਾਰਾ ਪ੍ਰਭੁ ਅਬਿਗਤੁ[1] ਅਗੋਚਰੁ[2]
ਅਬਿਨਾਸੀ[3] ਪੁਰਖੁ ਬਿਧਾਤਾ[4] ॥
ਹਰਿਨਾਮੁ ਹਮ ਸ੍ਰੇਵਹ[5] ਹਰਿਨਾਮੁ ਹਮ ਪੂਜਹ
ਹਰਿਨਾਮੇ ਹੀ ਮਨੁ ਰਾਤਾ[6] ॥
ਹਰਿਨਾਮੈ ਜੇਵਡੁ ਕੋਈ ਅਵਰੁ ਨ ਸੂਝੈ
ਹਰਿਨਾਮੋ ਅੰਤਿ ਛਡਾਤਾ[7] ॥
ਹਰਿਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਆਪਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿਨਾਮੁ ਮੈ ਜਾਤਾ ॥'

[ਪਉੜੀ, ਵਾਰ ਵਡਹੰਸ ਮ: ੪–੫੯੨

ਜਿਨ੍ਹਾਂ ਵਡਭਾਗੀ ਪਿਆਰਿਆਂ ਨੂੰ ਇਹ ਬਿਨਸਣਹਾਰ ਤੇ ਨਾਸ਼ਵੰਤ ਸੰਸਾਰ ਉਹ ਸਦੀਵੀ ਖ਼ੁਸ਼ੀ ਨਹੀਂ ਦੇ ਸਕਿਆ ਜਿਸ ਦੀ ਭਾਲ ਵਿਚ ਕਿ ਇਹ ਜੀਵ ਮੁੱਢ ਤੋਂ ਜੁਟਿਆ ਹੋਇਆ ਹੈ ਅਤੇ ਇਸ ਨਾਲ ਮੋਹ ਪਾ ਕੇ ਉਨ੍ਹਾਂ ਦੀ ਤ੍ਰਿਸ਼ਨਾ ਤੇ ਅਸ਼ਾਂਤੀ ਘਟਣ ਦੀ ਥਾਂ ਵੱਧਦੀ ਹੀ ਗਈ ਹੈ, ਉਹ ਇਸ ਨਤੀਜੇ ਤੇ ਪਹੁੰਚ ਗਏ

---

੧. ਅਦ੍ਰਿਸ਼, ਜੋ ਪ੍ਰਤੱਖ ਨਾ ਭਾਸੇ
੨. ਜੋ ਇੰਦ੍ਰਿਆਂ ਰਾਹੀਂ ਨਾ ਜਾਣਿਆ ਜਾ ਸਕੇ
੩. ਜੋ ਨਾਸ਼ ਨਾ ਹੋਵੇ
੪. ਰਚਨਹਾਰ ਅਰਥਾਤ ਕਰਤਾਪੁਰਖ
੫. ਸੇਂਵਦੇ ਹਾਂ, ਉਪਾਸਨਾ ਕਰਦੇ ਹਾਂ
੬. ਰੰਗਿਆ ਗਿਆ ਹੈ
੭. ਛਡਾਉਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਹਨ ਕਿ ਮਾਇਆ ਇਕ ਛਲ ਹੈ :–

'ਮਾਈ ਮਾਇਆ ਛਲੁ[੧] ॥
[੨]ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿੰਦ ਭਜਨ ਬਿਨ ਹੜ ਕਾ ਜਲੁ ॥'

[ਟੋਡੀ ਮ: ੫–੭੧੭

ਇਸ ਤੱਥ ਨੂੰ ਜਾਣ ਕੇ ਉਹ ਅਮਰ ਤੇ ਅਬਿਨਾਸ਼ੀ ਪੁਰਖ ਦੀ ਖੋਜ ਵਿਚ ਲਗ ਗਏ ਹਨ। ਉਨ੍ਹਾਂ ਨੂੰ ਸਮਝ ਆ ਗਈ ਹੈ ਕਿ ਦੁਖ, ਲੋੜਾਂ ਤੇ ਥੋੜਾਂ, ਰੱਬੀ ਨੇਮ ਦੇ ਉਲਟ ਰਸਤਾ ਧਾਰਨ ਕਰਕੇ ਪੈਦਾ ਹੁੰਦੀਆਂ ਹਨ ਅਤੇ ਅਸਲ ਰਸਤਾ 'ਜਹਿ ਤੇ ਉਪਜੀ ਤਹਿ ਮਿਲੀ' ਵਾਲਾ ਹੀ ਹੈ, ਅਰਥਾਤ ਪ੍ਰਭੂ ਵਲੋਂ ਮਿਲੀਆਂ ਦਾਤਾਂ ਦੀ ਸਹੀ ਤੇ ਸੰਜਮ ਭਰਪੂਰ ਵਰਤੋਂ ਕਰ ਕੇ ਜਨਮ ਦੇਣ ਵਾਲੇ ਦਾਤੇ ਵਿਚ ਲੀਨ ਹੋਣਾ ਹੈ :–

'ਭਈ ਪਰਾਪਤਿ ਮਾਨੁਖ ਦੇਹੁਰੀਆ[੩]
ਗੋਬਿੰਦੁ ਮਿਲਣ ਕੀ ਇਹ ਤੇਰੀ ਬਰੀਆ ॥'

[ਆਸਾ ਮ: ੫–੩੭੮

ਅਜਿਹੇ ਜੀਵ ਆਪਣਾ ਜੀਵਨ-ਆਦਰਸ਼ 'ਹਰਿ-ਦਰਸ਼ਨ' ਦਾ ਹੀ ਬਣਾ ਲੈਂਦੇ ਹਨ :–

'ਕਰੁਣਾਮੈ[੪] ਕਿਰਪਾਲ [੫]ਕ੍ਰਿਪਾ ਨਿਧਿ
ਜੀਵਨਪਦ[੬] ਨਾਨਕ ਹਰਿ ਦਰਸਨ ॥'

[ਬਿਲਾਵਲ ਮ: ੫–੮੨੮

ਅਤੇ

'ਮਿਲੁ ਜਗਦੀਸ ਮਿਲਨ ਕੀ ਬਰੀਆ ॥

---

੧. ਧੋਖਾ ਹੈ
੨. ਹਰੀ ਦੇ ਸਿਮਰਨ ਬਿਨਾਂ (ਇਹ ਮਾਇਆ) ਕੱਖਾਂ ਦੀ ਅੱਗ, ਬੱਦਲ ਦੀ ਛਾਂ ਅਤੇ ਹੜ੍ਹ ਦੇ ਪਾਣੀ ਵਾਂਗ (ਛੇਤੀ ਹੀ) ਨਾਸ਼ ਹੋ ਜਾਣ ਵਾਲੀ ਹੈ
੩. ਦੇਹੀ
੪. ਦਇਆ ਸਰੂਪ
੫. ਕਿਰਪਾ ਦਾ ਭੰਡਾਰ
੬. ਜੀਵਨ-ਪਦਵੀ

Sri Satguru Jagjit Singh Ji eLibrary NamdhariElibrary@gmail.com

ਚਿਰੰਕਾਲ[1] ਇਹ ਦੇਹ ਸੰਜਰੀਆ[2] ॥'

[ਗਉੜੀ ਮ: ੫–੧੭੬

ਕਈ ਸੱਜਣ ਜਿਨ੍ਹਾਂ ਦੇ ਭਾਗਾਂ ਵਿਚ ਬਿਧਾਤੇ ਨੇ ਧੁਰੋਂ ਲਿਖਿਆ ਹੁੰਦਾ ਹੈ ਉਹ ਆਪਣੇ ਜੀਵਨ ਦੇ ਅਰੰਭ ਤੋਂ ਹੀ ਇਸ ਵੰਨੇ ਆ ਜਾਂਦੇ ਹਨ ਅਤੇ ਕਈ ਜੀਵਨ ਵਿਚ ਚੰਗੀ ਸੰਗਤ ਪ੍ਰਾਪਤ ਹੋ ਜਾਣ ਕਰਕੇ ਸੁਤੇ ਹੀ ਆਪਣਾ ਰਸਤਾ ਬਦਲ ਲੈਂਦੇ ਹਨ ਤੇ ਸਹੀ ਰਸਤੇ ਦੇ ਧਾਰਨੀ ਹੋ ਜਾਂਦੇ ਹਨ, ਅਤੇ ਕਈ ਬਹੁਤੇ ਤਜਰਬੇ ਕਰ ਕੇ ਤੇ ਠੋਕਰਾਂ ਖਾ ਕੇ ਇਸ ਪਾਸੇ ਆਉਂਦੇ ਹਨ। ਧੰਨ ਹਨ ਇਨ੍ਹਾਂ ਵਿਚੋਂ ਉਹ ਪ੍ਰਾਣੀ ਜੋ ਪੂਰਨ ਗੁਰੂ ਨੂੰ ਧਾਰਨ ਕਰਨ ਵਿਚ ਸਫ਼ਲ ਹੋ ਜਾਂਦੇ ਹਨ, ਕਿਉਂਜੋ ਪੂਰੇ ਗੁਰੂ ਤੋਂ ਬਿਨਾਂ ਹਉਮੈਂ ('ਮੈਂ ਹਾਂ' ਦਾ ਭਾਵ) ਦਾ ਅਭਾਵ ਨਹੀਂ ਹੁੰਦਾ :–

'ਬਿਨ ਗੁਰ ਪੂਰੇ ਮੁਕਤਿ ਨ ਪਾਈਐ
............................................. ॥'

[ਭੈਰਉ ਮ: ੫–੧੧੫੧

ਅਤੇ

'ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨ ਸਮਝ ਨਾ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨਾ ਪਾਵੈ ॥'

[ਸਵਈਏ ਮਹਲੇ ਚਉਥੇ ਕੇ–੧੩੯੯

## ਗੁਰਬਾਣੀ ਤੇ ਨਾਮ

ਪੂਰਾ ਗੁਰੂ ਆਪਣੇ ਸਿਖ ਨੂੰ ਮਾਇਆ ਦੇ ਤ੍ਰਿਸ਼ਨਾ-ਜਾਲ ਵਿਚੋਂ ਕਢਣ ਲਈ ਉਪਦੇਸ਼ ਦਿੰਦਾ ਹੈ। ਇਹ ਗੁਰਬਾਣੀ-ਉਪਦੇਸ਼ ਗੁਰਸਿਖ ਦੇ ਹਿਰਦੇ ਵਿਚ ਟਿਕਦਾ ਹੈ ਅਤੇ ਇਸ ਦੇ ਅਮਲ ਵਿਚ ਆਉਣ ਤੇ ਵਾਸ਼ਨਾ ਘਟਦੀ ਹੈ ਤੇ ਮਨ ਮਾਇਆ-ਰੂਪੀ ਮੈਲ ਤੋਂ ਨਿਰਮਲ ਹੁੰਦਾ ਹੈ। ਨਿਰਮਲ ਮਨ ਵਿਚੋਂ ਪ੍ਰਭੂ-ਪਿਆਰ ਦੀ ਇਕ ਧੂਹ ਜਿਹੀ ਉਪਜਦੀ ਹੈ ਜੋ ਮਾਨੋਂ ਨਾਮ ਦੀ ਧੁਨੀ ਹੈ ਤੇ ਪ੍ਰਭੂ-ਹੋਂਦ, ਨਾਮ, ਵਲ ਨੂੰ ਲਿਜਾਂਦੀ ਹੈ। ਗੁਰੂ ਨਿਰਮਲ ਮਨ ਦੇ ਇਸ 'ਪ੍ਰਵਾਹ', 'ਧੁਨੀ',

---

੧. ਦੇਰ ਬਾਅਦ   ੨. ਸੰਚੀ ਗਈ।

Sri Satguru Jagjit Singh Ji eLibrary NamdhariElibrary@gmail.com

ਨੂੰ ਉਪਜਾਉਣ ਤੇ ਸਦੀਵੀ ਬਣਾਉਣ ਲਈ ਅਕਾਲ ਪੁਰਖ ਦਾ ਅੱਖਰੀ ਨਾਮ ਸਿਖ ਨੂੰ ਬਖਸ਼ਦਾ ਹੈ ਜਿਸ ਰਾਹੀਂ ਗੁਰਸਿਖ ਹੁਣ ਆਪਣੇ ਪਿਆਰੇ ਨੂੰ ਨਾਂ ਲੈ ਲੈ ਕੇ ਯਾਦ ਕਰਦਾ ਤੇ ਹਾਕਾਂ ਮਾਰਦਾ ਹੈ। ਗੁਰਸਿਖ ਅੰਦਰ ਪ੍ਰਭੂ-ਪ੍ਰੇਮ ਭਰਪੂਰ ਹੋ ਜਾਣ ਤੇ ਪ੍ਰਭੂ-ਪ੍ਰਗਟ ਹੋ ਜਾਂਦਾ ਹੈ ਤੇ ਉਸ ਦੀ ਹੋਂਦ, ਨਾਮ, ਸਾਰੇ ਛਾ ਜਾਂਦੀ ਹੈ। ਇਉਂ ਗੁਰਬਾਣੀ ਤੇ ਨਾਮ ਦੋ ਵੱਖ ਵੱਖ ਰਤਨ ਹਨ ਭਾਵੇਂ ਗੁਰਬਾਣੀ ਵਿਚ ਨਾਮ ਸਮਾਇਆ ਹੋਇਆ ਹੁੰਦਾ ਹੈ, ਅਤੇ ਨਾਮ ਤੋਂ ਗੁਰਬਾਣੀ ਉਪਜਦੀ ਹੈ। ਗੁਰਬਾਣੀ ਦੀਆਂ ਇਹ ਤੁਕਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ :—

'ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥'

[ ਮਾਰੂ ਮ: ੩-੧੦੬੬

ਅਤੇ

'ਗੁਰਬਾਣੀ ਸੁਣਿ ਮੈਲੁ ਗਵਾਏ ॥
ਸਹਜੇ ਹਰਿ ਨਾਮੁ ਮੰਨਿ ਵਸਾਏ ॥'

[ਧਨਾਸਰੀ ਮ: ੩—੬੬੫

ਅਤੇ

'ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥'

[ਬਿਲਾਵਲ ਮ: ੩—੭੯੭

ਗੁਰਬਾਣੀ ਵਿਚ ਥਾਂ ਪਰ ਥਾਂ ਨਾਮ ਜਪਣ, ਸੁਣਨ ਤੇ ਮੰਨਣ ਦਾ ਉਪਦੇਸ਼ ਹੈ। ਅਸਲ ਵਿਚ ਇਸ ਅੰਦਰ ਨਾਮ ਦੇ ਹੀ ਸੋਹਿਲੇ ਗਾਏ ਗਏ ਹਨ। ਗੁਰੂ, ਗੁਰਬਾਣੀ ਰਾਹੀਂ ਦਸਦਾ ਹੈ ਕਿ ਨਾਮ ਨੂੰ ਫਲੀਭੂਤ ਕਰਨ ਲਈ ਮਨ ਰਾਹੀਂ, ਬਚਨਾਂ ਰਾਹੀਂ ਤੇ ਕਰਮਾਂ ਰਾਹੀਂ ਤਿੰਨੇ ਪ੍ਰਕਾਰ ਨਾਲ ਕਿਵੇਂ ਨਾਮ ਜਪਣਾ ਹੈ ? ਪੂਰਾ ਗੁਰੂ ਨਿਰੀ ਜਾਚ ਹੀ ਨਹੀਂ ਦਸਦਾ ਸਗੋਂ ਆਪਣੀ ਮਿਹਰ-ਦ੍ਰਿਸ਼ਟੀ ਨਾਲ ਗੁਰਸਿਖ ਨੂੰ ਮਾਇਆ ਤੋਂ ਉਪਰ ਵੀ ਚੁਕਦਾ ਹੈ, ਤੇ ਉਸ ਦੀ ਹਉਮੈਂ ਦਾ ਅਭਾਵ ਕਰਨ ਵਿਚ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਹਿਰਦੇ ਵਿਚ ਨਾਮ ਗੁਰੂ ਬਿਨਾਂ ਵਸ ਹੀ ਨਹੀਂ ਸਕਦਾ।

Sri Satguru Jagjit Singh Ji eLibrary NamdhariElibrary@gmail.com

ਅੱਜ ਕਲ੍ਹ ਅੱਖਰੀ ਗੁਰਮੰਤ੍ਰ ਤੋਂ ਤਾਂ ਬਹੁਤ ਸੱਜਣ ਜਾਣੂ ਹਨ ਕਿਉਂਜੋ ਘਰ ਘਰ ਗੁਰੂ ਬਣੇ ਬੈਠੇ ਹਨ ਅਤੇ ਹਰੇਕ ਹੀ ਆਪਣਾ ਮੰਤ੍ਰ ਕੰਨ ਵਿਚ ਫੂਕ ਮਾਰ ਕੇ ਦੇ ਦਿੰਦਾ ਹੈ ਪਰ ਹਿਰਦੇ ਵਿਚ ਨਿਵਾਸ ਕਰਨ ਤੇ ਪ੍ਰਗਟ ਹੋਣ ਵਾਲੇ ਨਾਮ ਬਾਰੇ ਕਿਸੇ ਨੂੰ ਘਟ ਹੀ ਸੋਝੀ ਹੈ।

੨

## ਗੁਪਤ ਨਾਮ

'ਰਸਨਾ ਨਾਮੁ ਸਭੁ ਕੋਈ ਕਹੈ ॥
ਸਤਿਗੁਰੁ ਸੇਵੇ ਤਾਂ ਨਾਮੁ ਲਹੈ ॥'

[ਮਲਾਰ ਮ: ੩-੧੨੬੨

ਅਸਲ ਵਿਚ ਨਾਮ ਤਾਂ ਕੋਈ ਸੂਖਮ ਵਸਤੂ ਹੈ ਜਿਸ ਲਈ ਸੱਚੇ ਸਤਿਗੁਰੂ ਦੀ ਲੋੜ ਪੈਂਦੀ ਹੈ, ਜੋ ਆਪਣੀ ਦ੍ਰਿਸ਼ਟੀ ਨਾਲ ਹਿਰਦੇ ਵਿਚ ਇਸ ਗੁਪਤ ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ। ਉਸ ਨਾਮ ਦੀ ਰੂਪ-ਰੇਖਾ ਕੋਈ ਨਹੀਂ। ਉਹ ਮਾਇਆ ਰਹਿਤ, ਤਿੰਨਾਂ ਗੁਣਾਂ (ਰਜੋ, ਤਮੋ ਅਤੇ ਸਤੋ) ਤੋਂ ਉਤੇ ਦੀ ਸ਼ੈ[1] ਹੈ ਅਤੇ ਉਹ ਦੇਹੀ ਅੰਦਰ ਘਟ ਘਟ ਵਿਚ ਸਮਾਇਆ ਹੋਇਆ ਹੈ :–

'ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥'

[ਮਾਝ ਮ: ੪–੧੨੯

ਅਤੇ

'ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥'

[ਮਾਝ ਮ: ੩-੧੧੨

ਅਤੇ

'ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮ ॥
ਦੇਹੀ ਮਹਿ ਇਸ ਕਾ ਬਿਸ੍ਰਾਮ ॥'

[ਗਉੜੀ ਸੁਖਮਨੀ ਮ: ੫–੨੯੩

ਅਤੇ

'ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥

---

੧. ਵਸਤੂ

Sri Satguru Jagjit Singh Ji eLibrary NamdhariElibrary@gmail.com

ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ
ਪਾਈਐ ਗੁਰ ਕੈ ਹੇਤਿ ਅਪਾਰਿ ॥'

[ ਆਸਾ ਮ: ੩–੪੨੧

ਅੱਖਰੀ ਨਾਮ ਤਾਂ ਇਸ ਨਾਮ ਦਾ ਲਖਾਇਕ ਹੀ ਹੈ। ਗਤੀ ਤਾਂ ਇਸ ਸੂਖਮ ਨਾਮ ਨੂੰ ਪ੍ਰਗਟ ਕੀਤਿਆਂ ਹੀ ਹੋਣੀ ਹੈ। ਇਹ ਨਾਮ ਪਾਰਸ ਕਲਾ ਵਾਲਾ, ਵਾਹਿਗੁਰੂ ਜੀ ਵਿਚ ਅਭੇਦ ਕਰਵਾਉਣਹਾਰ ਹੈ। ਜਿਨ੍ਹਾਂ ਦੇ ਹਿਰਦੇ ਵਿਚ ਇਸ ਨਾਮ ਦਾ ਇਕ ਕਿਣਕਾ ਵੀ ਵਸਿਆ ਹੈ, ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾ ਸਕਦੀ :—

'ਕਿਨਕਾ[1] ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ[2] ਨ ਆਵੈ ॥
ਕਾਂਖੀ[3] ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥'

[ਗਉੜੀ ਸੁਖਮਨੀ ਮ: ੫-੨੬੨

ਉਨ੍ਹਾਂ ਦੇ ਦੁਖ ਦਰਦ ਮੁੱਕ ਜਾਂਦੇ ਹਨ; ਕੋਈ ਚਿੰਤਾ ਨਹੀਂ ਰਹਿੰਦੀ ; ਪੰਜ ਚੋਰ–ਕਾਮ, ਕਰੋਧ, ਲੋਭ, ਮੋਹ ਅਤੇ ਅਹੰਕਾਰ–ਵਸ ਵਿਚ ਆ ਜਾਂਦੇ ਹਨ ; ਹਰਿਨਾਮ ਉਨ੍ਹਾਂ ਦੇ ਕੰਮ ਅਚਿੰਤ ਹੀ ਕਰ ਦਿੰਦਾ ਹੈ। ਉਨ੍ਹਾਂ ਨੂੰ ਕੋਈ ਤੋਟ ਨਹੀਂ ਵਾਪਰਦੀ, ਤ੍ਰਿਸ਼ਨਾਂ ਮੁੱਕ ਜਾਂਦੀ ਹੈ ਅਤੇ ਉਹ ਬੇਪਰਵਾਹ ਤੇ ਰਾਜਿਆਂ ਸਮਾਨ ਹੋ ਜਾਂਦੇ ਹਨ। ਉਨ੍ਹਾਂ ਦੀ ਰੱਖਿਆ ਨਾਮ ਕਰਦਾ ਹੈ। ਉਨ੍ਹਾਂ ਵਿਚ ਕਈ ਕਰੋੜ ਸੈਨਾ ਨਾਲੋਂ ਵੀ ਵੱਧ ਤਾਕਤ ਆ ਜਾਂਦੀ ਹੈ। ਅਜਿਹੇ ਗੁਰਮੁਖ-ਜਨ ਤਿੰਨਾਂ ਲੋਕਾਂ ਦੀ ਸੋਝੀ ਵਾਲੇ ਹੁੰਦੇ ਹਨ ਅਤੇ ਦੁਨੀਆਂ ਵਿਚ ਪ੍ਰਗਟ ਹੋ ਜਾਂਦੇ ਹਨ। ਲੋਕ ਉਨ੍ਹਾਂ ਦੀ ਮੁਹਤਾਜੀ ਕਢਦੇ ਹਨ। ਉਨ੍ਹਾਂ ਦੇ ਹਿਰਦੇ ਦਾ ਦੀਪਕ ਬਲਿਆ ਹੋਇਆ ਹੁੰਦਾ ਹੈ; ਜਿਸ ਕਰਕੇ ਉਨ੍ਹਾਂ ਨੂੰ ਕੋਈ ਭਰਮ-ਅੰਧੇਰਾ ਨਹੀਂ ਹੁੰਦਾ ਅਤੇ ਉਹ ਦੂਜਿਆਂ ਦੇ ਅਨ੍ਹੇਰੇ ਚੁੱਕਣ ਵਿਚ ਸਹਾਇਤਾ ਕਰਦੇ ਹਨ। ਉਹ ਜੀਉਂਦੇ ਹੀ ਮੁਕਤ ਹੁੰਦੇ ਹਨ ਤੇ

---

੧. ਜ਼ੱਰਰਾ, ਥੋੜਾ ਜਿਹਾ ਵੀ ਹਰੀ ਦਾ ਨਾਮ ਜਿਸ ਮਨ ਵਿਚ ਵਸਾ ਦੇਵੇ
੨. ਗਿਣੀ ਨਹੀਂ ਜਾਂਦੀ
੩. ਇੱਛਾ ਕਰਨ ਵਾਲਾ, ਲੋੜਵੰਦ

Sri Satguru Jagjit Singh Ji eLibrary NamdhariElibrary@gmail.com

ਜਨਮ ਮਰਨ ਵਿਚ ਨਹੀਂ ਆਉਂਦੇ। ਉਹ ਗੁਰਮੁਖ ਅਕਾਲ ਪੁਰਖ ਦਾ ਰੂਪ ਹੁੰਦੇ ਹਨ। ਮਨ ਉਨ੍ਹਾਂ ਦਾ ਸ਼ਾਂਤ ਹੁੰਦਾ ਹੈ; ਅਕਾਲ ਪੁਰਖ ਤੇ ਉਨ੍ਹਾਂ ਵਿਚ ਕੋਈ ਫਰਕ ਨਹੀਂ ਹੁੰਦਾ :–

'ਜਿਸ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
ਜਿਸੁ ਨਾਮ ਰਿਦੈ ਤਿਨਿ [1]ਕੋਟਿ ਧਨ ਪਾਇ ॥
ਨਾਮ ਬਿਨਾ ਜਨਮੁ ਬਿਰਥਾ ਜਾਇ ॥ ੧ ॥
ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ[2] ॥
ਸੋ ਵਡਭਾਗੀ [3]ਜਿਸੁ ਗੁਰ ਮਸਤਕਿ ਹਾਥਿ ॥ ੧ ॥ ਰਹਾਉ ॥
ਜਿਸੁ ਨਾਮੁ ਰਿਦੈ ਤਿਸੁ [4]ਕੋਟਿ ਕਈ ਸੈਨਾ ॥
ਜਿਸੁ ਨਾਮੁ ਰਿਦੈ [5]ਤਿਸੁ ਸਹਜ ਸੁਖੈਨਾ ॥
ਜਿਸੁ ਨਾਮੁ ਰਿਦੈ ਸੋ ਸੀਤਲੁ[6] ਹੂਆ ॥
ਨਾਮ ਬਿਨਾ ਧ੍ਰਿਗੁ[7] ਜੀਵਣੁ ਮੂਆ ॥ ੨ ॥
ਜਿਸੁ ਨਾਮੁ ਰਿਦੈ ਸੋ [8]ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ [9]ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉਨਿਧਿ[10] ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩ ॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥
ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥

---

੧. ਕ੍ਰੋੜਾਂ ਕਿਸਮਾਂ ਦੇ ਧਨ
੨. ਪੂੰਜੀ
੩. ਜਿਸ ਦੇ ਮੱਥੇ ਤੇ ਗੁਰੂ ਦਾ ਹੱਥ ਹੈ
੪. ਕਈ ਕਿਲ੍ਹੇ ਤੇ ਫੌਜਾਂ ਹਨ
੫. ਉਸ ਨੂੰ ਸਹਿਜ ਸੁਖ ਪ੍ਰਾਪਤ ਹੈ
੬. ਠੰਢਾ
੭. ਕਹਿੰਦੇ ਹਨ ਸੌ ਵਾਰੀ ਫ਼ਿਟਕਾਰ, ਜਾਂ ਲਾਅਨ੍ਹਤ ਕਹਿਣਾ ਹੋਵੇ ਤਾਂ ਇਕ ਵਾਰ ਧ੍ਰਿਗ ਕਹੀਦਾ ਹੈ
੮. ਜੀਊਂਦਾ ਹੀ ਮੁਕਤ
੯. ਉਸ ਨੂੰ ਸਾਰੀਆਂ ਜਾਚਾਂ ਆਉਂਦੀਆਂ ਹਨ
੧੦. ਨੌ ਨਿਧੀਆਂ, ਨੌ ਖਜ਼ਾਨੇ, ਭਾਵ ਸਭ ਧਨ ਸੰਪਦਾ ਤੋਂ ਹੈ।

Sri Satguru Jagjit Singh Ji eLibrary NamdhariElibrary@gmail.com

ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥
ਨਾਮ ਬਿਨਾ ਮਨਮੁਖ ਗਾਵਾਰਾ ॥ ੪ ॥
ਜਿਸੁ ਨਾਮ ਰਿਦੈ ਤਿਸੁ ਨਿਹਚਲ ਆਸਨੁ ॥
ਜਿਸ ਨਾਮ ਰਿਦੈ ਤਿਸੁ [1]ਤਖਤਿ ਨਿਵਾਸਨੁ ॥
ਜਿਸੁ ਨਾਮ ਰਿਦੈ ਸੋ ਸਾਚਾ ਸਾਹੁ ॥
ਨਾਮ ਹੀਣ ਨਾਹੀ ਪਤਿ ਵੇਸਾਹੁ[2] ॥ ੫ ॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥
ਜਿਸੁ ਨਾਮੁ ਰਿਦੈ ਸੋ ਪੁਰਖ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ[3] ॥ ੬ ॥
ਜਿਸੁ ਨਾਮੁ ਰਿਦੈ ਤਿਸੁ [4]ਪ੍ਰਗਟਿ ਪਹਾਰਾ ॥
ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾ ਫਿਰਿ ਆਵਣ ਜਾਣ ॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥
ਸਾਧ ਸੰਗਤ ਮਹਿ ਲਖੇ ਗੁਪਾਲ ॥
ਆਵਣ ਜਾਣ ਰਹੇ[5] ਸੁਖ ਪਾਇਆ ॥
ਕਹੁ ਨਾਨਕ [6]ਤਤੈ ਤਤੁ ਮਿਲਾਇਆ ॥'

[ਭੈਰਉ ਮ: ੫-੧੧੫੫-੫੬

ਅਤੇ

'ਮਾਈ ਮੈ ਧਨੁ ਪਾਇਓ ਹਰਿਨਾਮੁ ॥
ਮਨੁ ਮੇਰੋ ਧਾਵਨੁ[7] ਤੇ ਛੂਟਿਓ ਕਰ ਬੈਠੋ ਬਿਸਰਾਮ[8] ॥ ਰਹਾਉ ॥

---

੧. ਉਸ ਨੂੰ ਰਾਜ-ਤਖਤ ਉਤੇ ਬੈਠਣਾ ਮਿਲਦਾ ਹੈ
੨. ਇਤਬਾਰ
੩. ਬਹੁਤੀਆਂ
੪. ਪਸਰਿਆ ਹੋਇਆ, ਉਸ ਨੂੰ ਹਰੀ-ਜਗਤ ਵਿਚ ਪਰਤੱਖ ਵਿਆਪਕ ਦਿਸਦਾ ਹੈ ।
੫. ਮੁੱਕ ਗਏ
੬. ਹਰੀਤੱਤ ਵਿਚ ਉਸ ਦਾ ਜੀਵ-ਤੱਤ ਮਿਲ ਜਾਂਦਾ ਹੈ ।
੭. ਭਟਕਣ ਤੋਂ
੮. ਟਿਕਾਉ

Sri Satguru Jagjit Singh Ji eLibrary NamdhariElibrary@gmail.com

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏ [੧]ਪਰਸਿ ਨ ਸਾਕਹਿ ਗਹੀ[੨] ਭਗਤਿ ਭਗਵਾਨ ॥ ੧ ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ[੩] ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥
ਜਾ ਕਉ ਹੋਤ ਦਇਆਲੁ ਕਿਰਪਾਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ[੪] ਕੋਊ ਗੁਰਮੁਖਿ ਪਾਵੈ ॥੩॥'
[ਬਸੰਤ ਮ: ੯–੧੧੮੬

ਅਤੇ

'ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ ਸਮਾਇਆ ॥ਰਹਾਉ॥
ਲਾਥੀ ਭੂਖ ਤ੍ਰਿਸਨ[੫] ਸਭ ਲਾਥੀ ਚਿੰਤਾ ਸਗਲ ਬਿਸਾਰੀ ॥
[੬]ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ[੭] ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰ ਜਉ ਭੇਟਿਓ[੮] ਤਉ ਬਿਸਰੀ ਤਾਤਿ[੯] ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ [੧੦]ਸਚੁ ਭਏ ਬਿਗਾਸਾ ਗੁਰਿ ਨਿਧਾਨੁ[੧੧] ਰਿਦੈ ਲੈ ਰਾਖਿਆ ॥੪॥'
[ਗਉੜੀ ਮਾਲਾ ਮ: ੫–੨੧੫

ਜਿਸ ਦੇ ਹੱਥ ਇਹ ਗੁੱਝਾ ਰਤਨ ਚੜ੍ਹ ਗਿਆ ਹੈ, ਉਸ ਦੀ ਮਹਿਮਾਂ ਨੂੰ ਉਹੋ ਹੀ ਸਮਝਦਾ ਹੈ, ਦੂਜਾ ਇਸ ਦਾ ਅੰਦਾਜ਼ਾ ਨਹੀਂ ਲਾ ਸਕਦਾ :—

'ਨਾਮ ਕੀ ਮਹਿਮਾ ਸੰਤ ਰਿਦ ਵਸੈ ॥

੧. ਛੂਹ ਨਹੀਂ ਸਕਦੇ ੨. ਫੜੀ ਹੈ ੩. ਸਗਲ, ਸਾਰੀ
੪. ਧਨ, ਇਜ ਤਰ੍ਹਾਂ ਦਾ ਧਨ ੫. ਤੇਹ ੬. ਮੱਥੇ ਤੇ ਹੱਥ
੭. ਪੂਰੇ ਰੱਜੇ ਹੋਏ ੮. ਮਿਲਿਆ ੯. ਸਾੜਾ, ਈਰਖਾ
੧੦. ਸੱਚ ਦਾ ਪ੍ਰਕਾਸ਼ ਹੋ ਗਿਆ ੧੧. (ਨਾਮ ਦਾ) ਖਜ਼ਾਨਾ।

Sri Satguru Jagjit Singh Ji eLibrary NamdhariElibrary@gmail.com

ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥'

[ਗਉੜੀ ਸੁਖਮਨੀ ਮ: ੫–੨੬੪

ਇਹ ਉਹ ਅਮੋਲਕ ਵਸਤੂ ਹੈ ਜਿਸ ਦਾ ਮੁੱਲ ਕੋਈ ਨਹੀਂ ਪਾ ਸਕਦਾ ਕਿਉਂਜੋ ਮੁੱਲ ਤਾਂ ਅੰਤਕੀ ਚੀਜ਼ਾਂ ਦਾ ਹੀ ਪੈ ਸਕਦਾ ਹੈ। ਜੋ ਤਿੰਨਾਂ ਗੁਣਾਂ ਤੋਂ ਉਤੇ ਹੈ ਅਤੇ ਵਾਹਿਗੁਰੂ ਦਾ ਆਪਣਾ ਨਿੱਜ ਰੂਪ ਹੈ, ਭਲਾ ਉਸ ਦਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ ?

'ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥'

[ਸ੍ਰੀ ਰਾਗ ਮ: ੫, ਡਖਣਾ–੮੧

ਜੋ ਗੁਰੂ ਦੀ ਸੇਵਾ ਕਰ ਕੇ ਆਪਣੀ ਹਉਮੈਂ ਨੂੰ ਗਵਾਉਂਦੇ ਤੇ ਨਾਮ ਨੂੰ ਲਖ ਲੈਂਦੇ ਹਨ, ਉਹ ਵੀ ਇਸ ਦਾ ਪੂਰਾ ਬਿਆਨ ਨਹੀਂ ਕਰ ਸਕਦੇ ਕਿ ਉਨ੍ਹਾਂ ਨੇ ਕੀ ਲੱਖਿਆ ਹੈ। ਨਾਮ ਦਾ ਰੂਪ ਤਾਂ ਬਣਿਆ ਜਾ ਸਕਦਾ ਹੈ ਪਰ ਉਸ ਤੋਂ ਵਖ ਰਹਿ ਕੇ, ਬੁੱਧੀ ਰਾਹੀਂ ਉਸ ਨੂੰ ਪੂਰਾ ਸਮਝਿਆ ਜਾਂ ਸਮਝਾਇਆ ਨਹੀਂ ਜਾ ਸਕਦਾ; ਫਿਰ ਅਮਿਤ ਦੀ ਥੋੜ੍ਹੀ ਬਹੁਤ ਸਮਝ ਜੋ ਉਨ੍ਹਾਂ ਨੂੰ ਪੈਂਦੀ ਹੈ, ਉਹ ਬੋਲੀ ਦੀ ਪਕੜ ਵਿਚ ਨਹੀਂ ਆਉਂਦੀ ਕਿਉਂਜੋ ਬੋਲੀ ਤਿੰਨਾਂ ਗੁਣਾਂ ਵਿਚਲੀ ਇਕ ਸਥੂਲ ਚੀਜ਼ ਹੈ ਅਤੇ ਨਾਮ ਹੈ ਅਤਿ ਸੂਖਮ, ਤਿਨਾਂ ਗੁਣਾਂ ਤੋਂ ਉੱਤੇ ਜੋ ਬੋਲੀ ਦੀ ਪਕੜ ਵਿਚ ਨਹੀਂ। ਇਸ ਲਈ ਗੁਰੂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿ ਕੇ ਨਾਮ ਵਿਚ ਲੀਨ ਹੋਈਦਾ ਤੇ ਇਸ ਦਾ ਰਸ ਹੀ ਮਾਣੀਦਾ ਹੈ :—

'ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥

[ਸੋਰਠਿ ਮ: ੧–੬੩੫

੩

## ਨਾਮ ਦੀ ਲੋੜ

ਸੰਸਾਰ ਵਿਚ ਕਿਸੇ ਵਿਅਕਤੀ ਨੂੰ ਬੁਲਾਉਣ ਜਾਂ ਉਸ ਨੂੰ ਮਿਲਣ ਲਈ ਨਾਮ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਕਿਸੇ ਚੀਜ਼ ਦੀ ਪ੍ਰਾਪਤੀ ਲਈ ਉਸ ਦਾ ਨਾਂ ਜਾਣਨਾ ਜ਼ਰੂਰੀ ਹੁੰਦਾ ਹੈ। ਜੇ ਉਸ ਵਿਅਕਤੀ ਜਾਂ ਵਸਤੂ ਦਾ ਨਾਉਂ ਨਾ ਆਉਂਦਾ ਹੋਵੇ ਤਾਂ ਫਿਰ ਉਸ ਦੇ ਗੁਣ ਜਾਂ ਲਛਣਾਂ ਦਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਜਿਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦੀ ਸਹਾਇਤਾ ਨਾਲ ਜੀਵ ਉਸ ਤਾਂਈ ਪਹੁੰਚ ਕੇ ਉਸ ਨੂੰ ਪ੍ਰਾਪਤ ਕਰ ਸਕੇ । ਮਾਤਾ ਪਿਤਾ ਆਪਣੇ ਬੱਚੇ ਦਾ ਨਾਂ ਅਜਿਹਾ ਰਖਣ ਦੀ ਕੋਸ਼ਸ਼ ਕਰਦੇ ਹਨ ਜਿਹੜਾ ਉਨ੍ਹਾਂ ਦੇ ਹਿਰਦੇ ਦੀ ਇੱਛਾ ਤੇ ਉਨ੍ਹਾਂ ਦੇ ਆਦਰਸ਼ ਨੂੰ ਪ੍ਰਗਟਾਉਂਦਾ ਹੋਵੇ । ਇਸ ਨਾਲ ਉਨ੍ਹਾਂ ਦਾ ਆਦਰਸ਼ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਰਹਿੰਦਾ ਹੈ । ਭਾਵ ਇਹ ਕਿ ਜਦ ਕਿਸੇ ਪੁਰਸ਼, ਇਸਤਰੀ ਜਾਂ ਵਸਤੂ ਦਾ ਨਾਂ ਲਈਦਾ ਹੈ ਤਾਂ ਉਸ ਦਾ ਆਕਾਰ ਅੱਖਾਂ ਸਾਹਮਣੇ ਆ ਜਾਂਦਾ ਹੈ, ਜਿਸ ਦੁਆਰਾ ਅਸੀਂ ਮਨ ਕਰਕੇ ਉਸ ਵਸਤੂ ਜਾਂ ਵਿਅਕਤੀ ਦੇ ਨੇੜੇ ਹੋ ਜਾਂਦੇ ਹਾਂ ਤੇ ਉਸ ਦੀ ਹੋਂਦ ਨੂੰ ਮਹਿਸੂਸ ਕਰਦੇ ਹਾਂ । ਪਰ ਇਹ ਆਕਾਰ ਤੇ ਹੋਂਦ ਉਹ ਅਸਲ ਆਪ ਨਹੀਂ; ਇਹ ਤਾਂ ਉਸ ਨੂੰ ਪ੍ਰਗਟਾਉਣ ਲਈ ਅੱਖਰੀ ਨਾਮ ਤੋਂ ਕੋਈ ਅਗਲੀ ਸ਼ੈ ਹੈ ਜੋ ਅਸਲ ਰੂਪ ਵਿਚ ਉਸ ਵਿਅਕਤੀ ਜਾਂ ਵਸਤੂ ਨਾਲ ਪੂਰੀ ਤਰ੍ਹਾਂ ਅਭੇਦ ਹੁੰਦੀ ਹੈ, ਪਰ ਉਹ ਨਹੀਂ ਹੁੰਦੀ । ਹੈ ਇਹ ਵੀ ਨਾਮ ਕਿਉਂਜੋ ਇਹ ਉਸ ਦਾ ਨਿਸ਼ਾਨ ਹੈ ਪਰ ਇਹ ਨਾਮ ਅਸਲ ਵਿਚ ਉਸ ਦਾ ਮਿਲਾਵਣਹਾਰ ਹੈ । ਅੱਖਰੀ ਨਾਮ ਸਥੂਲ ਨਾਮ ਹੈ ਅਤੇ ਇਹ ਸਥੂਲ ਨਾਮ ਰਾਹੀਂ ਪ੍ਰਾਪਤ ਹੋਇਆ ਸੂਖਮ ਨਾਮ । ਸੋ ਵਿਅਕਤੀ ਜਾਂ ਵਸਤੂ ਦੀ ਪ੍ਰਾਪਤੀ ਤੋਂ ਪਹਿਲੋਂ ਉਸ ਵਿਅਕਤੀ ਜਾਂ ਵਸਤੂ ਦਾ ਇਹ ਸੂਖਮ ਰੂਪ ਪ੍ਰਾਪਤ ਹੋਣਾ ਲਾਜ਼ਮੀ ਹੈ ।

ਇਸੇ ਤਰ੍ਹਾਂ ਪ੍ਰਭੂ ਨੂੰ ਮਿਲਣ ਲਈ ਵੀ ਉਸ ਦੇ ਨਾਮ ਦੀ ਲੋੜ ਹੈ । ਇਹ ਨਾਮ ਇਸੇ ਤਰ੍ਹਾਂ ਅਖਰੀ ਤੇ ਸੂਖਮ ਦੋਵੇਂ ਕਿਸਮ ਦਾ ਹੈ ਪਰ ਇਥੇ ਇਕ ਗੱਲ ਹੋਰ ਚੇਤੇ ਰਖਣ ਵਾਲੀ ਹੈ ਕਿ ਪਦਾਰਥਕ ਵਸਤਾਂ ਜਿਥੇ ਸਥੂਲ ਹਨ, ਪ੍ਰਭੂ ਜੀ ਸੂਖਮ ਹਨ :

'ਹਰਿ ਜੀ ਸੂਖਮੁ ਅਗਮੁ[੧] ਹੈ ਕਿਤੁ ਬਿਧਿ ਮਿਲਿਆ ਜਾਇ ॥'

[ਸੂਹੀ ਮ: ੩—੭੫੬

ਅਤੇ ਸੂਖਮ ਵੀ ਅਤੀ ਸੂਖਮ ਜਿਸ ਤੋਂ ਪਰੇ ਹੋਰ ਸੂਖਮਤਾ ਹੀ ਨਹੀਂ ਹੈ । ਉਹ ਅਕਾਲ ਮੂਰਤ ਹੈ ਅਰਥਾਤ ਉਹ ਮੂਰਤ ਹੱਦ ਬੰਦੀ ਵਿਚ ਨਹੀਂ, ਸਮੇਂ ਵਿਚ ਨਹੀਂ ਦੇਸ਼ ਤੇ ਕਾਲ ਤੋਂ ਪਰੇ ਹੈ ਤੇ ਹਰ ਥਾਈਂ ਹੈ :—

'ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮ ਪ੍ਰਭੁ ਦਾਤਾ ਰਾਮ ॥'

[ਬਿਹਾਗੜਾ ਮ: ੪—੫੪੧

---

੧. ਮਨ ਬਾਣੀ ਕਰਕੇ ਨ ਜਾਣਿਆ ਜਾਣ ਵਾਲਾ

Sri Satguru Jagjit Singh Ji eLibrary NamdhariElibrary@gmail.com

ਅਤੇ ਉਸ ਸੂਖਮ ਪ੍ਰਭੂ ਦਾ ਮਿਲਾਪ ਵੀ ਘਟ ਵਿਚ ਹੀ ਹੁੰਦਾ ਹੈ; ਘਟ ਵਿਚ ਮਿਲਾਪ ਹੋਣ ਤੇ ਫਿਰ ਬਾਹਰ ਰਵਿਆ ਦਿਸਦਾ ਹੈ–ਪਹਿਲੋਂ ਅੰਦਰ ਹਿਰਦੇ ਵਿਚ, ਨਾਮ ਪ੍ਰਗਟ ਹੋਣ ਨਾਲ ਦਿੱਬ-ਨੇਤ੍ਰ ਪ੍ਰਾਪਤ ਹੋਣਗੇ ਫਿਰ ਉਸ ਦੀ ਜੋਤੀ ਬਾਹਰ ਪਸਰੀ ਦਿਸੇਗੀ ਤੇ ਓਤ-ਪੋਤ ਨਜ਼ਰੀ ਪਵੇਗਾ :—

'ਏਕਮ ਏਕੰਕਾਰ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ[1] ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ, ਦੇਖਿਆ ॥'
[ਬਿਲਾਵਲ ਮ: ੧–੮੩੮

ਪਦਾਰਥਕ ਚੀਜ਼ਾਂ ਦਾ ਸੂਖਮ ਨਾਮ ਵੀ ਮਨ ਵਿਚ ਹੀ ਪ੍ਰਗਟ ਹੁੰਦਾ ਹੈ; ਪਰ ਇਥੇ ਉਹ ਵਿਅਕਤੀ ਵੀ ਮਨ ਵਿਚ ਹੀ ਨਿਵਾਸ ਕਟਦਾ ਹੈ ਜਿਸ ਦਾ ਕਿ ਸੂਖਮ ਨਾਮ ਮਨ ਵਿਚ ਪ੍ਰਗਟ ਹੋਣਾ ਹੈ। ਇਸ ਤਰ੍ਹਾਂ ਪ੍ਰਭੂ ਤੇ ਪ੍ਰਭੂ ਦੇ ਨਾਮ, ਦੋਹਾਂ ਦੇ ਪ੍ਰਗਟ ਹੋਣ ਦਾ ਸਥਾਨ ਇਕੋ ਹੈ। ਇਸੇ ਕਰਕੇ ਜਿਸ ਵੇਲੇ ਵਾਹਿਗੁਰੂ ਜੀ ਦੇ ਅੱਖਰੀ ਨਾਮ ਤੋਂ ਸੂਖਮ ਨਾਮ ਨੇ ਹਿਰਦੇ ਵਿਚ ਪ੍ਰਗਟ ਹੋਣਾ ਹੈ ਤਾਂ ਨਾਮੀ (ਵਾਹਿਗੁਰੂ ਜੀ) ਸੁਤੇ ਹੀ ਉਥੇ ਬਿਰਾਜਮਾਨ ਹੋਣਗੇ ਤੇ ਪਰਤੱਖ ਦਰਸ਼ਨ ਦੇਣਗੇ ਅਤੇ ਸੂਖਮ ਨਾਮ ਦੇ ਪ੍ਰਗਟ ਹੋਣ ਤੋਂ ਬਾਅਦ ਪਦਾਰਥਕ ਵਸਤਾਂ ਵਾਂਙ ਉਸ ਦੀ ਅਸਲ ਵਸਤੂ ਨੂੰ ਬਾਹਰ ਹੋਰ ਢੂੰਡਣ ਦੀ ਲੋੜ ਨਹੀਂ ਪੈਣੀ। ਤਾਂ ਤੇ ਸੂਖਮ ਨਾਮ ਆਪ ਹੀ ਵਾਹਿਗੁਰੂ ਹੈ।

ਗੁਰੂ ਜੀ ਨੇ ਤਦੇ ਹੀ 'ਹਰਿ ਨਾਮੁ' ਨੂੰ 'ਪ੍ਰਭੁ ਅਬਿਗਤੁ ਅਗੋਚਰੁ' ਕਰਕੇ ਆਖਿਆ ਹੈ ਅਤੇ ਦਸਿਆ ਹੈ ਕਿ ਅਸੀਂ ਇਸੇ ਦੀ ਹੀ ਸੇਵਾ ਤੇ ਪੂਜਾ ਕਰਦੇ ਹਾਂ ਅਤੇ ਇਸੇ ਵਿਚ ਹੀ ਸਮਾਉਂਦੇ ਹਾਂ।

੪

## ਸਤਿਨਾਮ

ਪ੍ਰਭੂ ਜੀ ਦੇ ਗੁਣਾਂ ਤੇ ਕਰਮਾਂ ਨੂੰ ਮੁਖ ਰਖ ਕੇ ਉਸ ਦੇ ਅਨੇਕਾਂ ਹੀ ਨਾਮ

---

੧. ਅਹੰਕਾਰ, ਕਲੰਕ

Sri Satguru Jagjit Singh Ji eLibrary NamdhariElibrary@gmail.com

ਰਖੇ ਗਏ ਹਨ। ਪ੍ਰਭੂ ਜੀ ਦੇ ਗੁਣ ਬੇਅੰਤ ਹਨ। ਇਸ ਕਰਕੇ ਉਨ੍ਹਾਂ ਦੇ ਅਧਾਰ ਤੇ ਰਖੇ ਗਏ ਨਾਮ ਜੋ ਚੰਗੀ ਮਤ ਰਖਣ ਵਾਲੇ ਸਿਆਣੇ ਤੇ ਮਹਾਂਪੁਰਸ਼ ਬਿਆਨ ਕਰਦੇ ਹਨ, ਵੀ ਅਨੇਕ ਹਨ। ਪ੍ਰਭੂ ਦੇ ਨਾਮ ਬੇਅੰਤ ਹੋਣ ਕਰਕੇ ਸਾਰੇ ਵਰਣਨ ਕਰਨੇ ਸੰਭਵ ਨਹੀਂ :–

'ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤ ॥ ੧ ॥'
[ਜਾਪੁ ਸਾਹਿਬ

ਦੇਸ਼ ਕਾਲ ਦੀ ਭਿੰਨਤਾ ਕਾਰਣ ਵੱਖ ਵੱਖ ਬੋਲੀਆਂ ਹੋਣ ਕਰਕੇ ਇਹ ਨਾਮ ਵੱਖੋ ਵੱਖ ਹਨ ਅਤੇ ਜਾਤੀ ਭੇਦ ਵੀ ਕਬੂਲਦੇ ਹਨ। ਭਿੰਨ ਭਿੰਨ ਸਮਿਆਂ ਤੇ ਉਨ੍ਹਾਂ ਹੀ ਥਾਵਾਂ ਉਤੇ ਲੋਕਾਂ ਦੇ ਪ੍ਰਿਯ ਨਾਵਾਂ ਵਿਚ ਤਬਦੀਲੀ ਵੀ ਆਉਂਦੀ ਰਹਿੰਦੀ ਹੈ ਅਤੇ ਫਿਰ ਹਰ ਜਗਿਆਸੂ ਦੀ ਆਪਣੀ ਮਾਨਸਿਕ ਬਿਰਤੀ ਅਨੁਸਾਰ ਭਿੰਨ ਭਿੰਨ ਨਾਵਾਂ ਨਾਲ ਖਿਚ ਵੀ ਬਦਲਦੀ ਰਹਿੰਦੀ ਹੈ। ਸਭ ਨਾਮ ਧੰਨ ਹਨ :–

'ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥'
[ਬਸੰਤ ਮ: ੧–੧੧੬੮

ਪਰ ਕੋਈ ਅਜਿਹਾ ਨਾਉਂ ਜੋ ਸਮੁੱਚੇ ਰਬ ਜੀ ਨੂੰ ਪ੍ਰਗਟ ਕਰਦਾ ਹੋਵੇ, ਇਨ੍ਹਾਂ ਇਕ ਅੱਧੀ ਸਿਫਤ ਪ੍ਰਗਟ ਕਰਨ ਵਾਲੇ ਨਾਵਾਂ ਵਿਚੋਂ ਨਹੀਂ ਲਭਦਾ। ਇਹ ਪ੍ਰਭੂ ਦੀ ਉਸਤਤੀ ਤੇ ਉਸ ਦੇ ਗੁਣ ਗਾਇਣ ਕਰਨ ਲਈ ਤਾਂ ਆਪੋ ਆਪਣੀ ਥਾਈਂ ਠੀਕ ਹਨ ਤੇ ਇਨ੍ਹਾਂ ਰਾਹੀਂ ਬਿਰਤੀ ਅਨੁਸਾਰ ਜਗਿਆਸੂ ਨੂੰ ਲੋੜ ਮੁਤਾਬਕ ਆਸਰਾ ਵੀ ਮਿਲਦਾ ਹੈ ਪਰ ਪ੍ਰਭੂ ਦੇ ਸਮੁੱਚੇ ਸਰੂਪ ਨੂੰ ਪੂਰਨ ਤੌਰ ਤੇ ਪ੍ਰਗਟ ਕਰਨ ਅਤੇ ਉਸ ਦਾ ਘਟ ਅੰਦਰ ਪੂਰਾ ਨਿਵਾਸ ਕਰਾਉਣ ਲਈ ਇਨ੍ਹਾਂ ਵਿਚੋਂ ਕੋਈ ਵੀ ਸਮਰਥ ਨਹੀਂ। ਤਾਂ ਫਿਰ ਅਜਿਹਾ ਉਹ ਕਿਹੜਾ ਸਰਬ-ਸਾਂਝਾ ਨਾਮ ਹੈ ਜੋ ਉਕਤ ਅਸਰਾਂ ਤੋਂ ਮੁਕਤ ਹੈ ਅਤੇ ਪ੍ਰਭੂ ਜੀ ਦੇ ਸਮੁੱਚੇ ਸਰੂਪ ਨੂੰ ਵੀ ਪ੍ਰਗਟ ਕਰਦਾ ਹੈ। ਅਜਿਹਾ ਨਾਮ ਉਹ ਸੂਖਮ ਨਾਮ ਹੀ ਹੈ ਜਿਸ ਨੂੰ ਆਪਣੇ ਮਨ ਅੰਦਰ ਪ੍ਰਗਟ ਕਰਨ ਲਈ ਅਸੀਂ ਭਿੰਨ ਭਿੰਨ ਅੱਖਰੀ ਨਾਵਾਂ ਦਾ ਜਾਪ ਕਰਦੇ ਹਾਂ ਅਤੇ ਕਿਉਂ ਜੋ ਇਹ ਸੂਖਮ ਨਾਮ 'ਅਕਾਲ ਮੂਰਤਿ' ਵਾਲੇ ਪ੍ਰਭੂ ਦੇ ਮੁਢਲੇ ਸਰੂਪ ਤੋਂ ਅਨਿੱਖੜ ਹੈ ਇਸ ਲਈ ਇਹ ਉਸ ਦੀ ਹੋਂਦ (ਹੋਣ ਦੇ ਭਾਵ) ਦੇ ਸਰੂਪ ਵਾਲਾ ਹੀ ਹੋ ਸਕਦਾ

Sri Satguru Jagjit Singh Ji eLibrary NamdhariElibrary@gmail.com

ਹੈ । ਜਿਸ ਵੇਲੇ ਰਚਨਾ ਨਹੀਂ ਸੀ ਉਸ ਵੇਲੇ ਪ੍ਰਭੂ ਦੀ ਹੋਂਦ ਤਾਂ ਸੀ । ਇਸ ਹੋਣ ਦੇ ਗੁਣ ਤੇ ਸੂਖਮ ਭਾਵ ਨੂੰ ਸ਼ਬਦ 'ਸਤਿਨਾਮੁ' ਰਾਹੀਂ ਦਰਸਾਇਆ ਗਿਆ ਹੈ । ਇਹ ਰਚਨਾ ਤੋਂ ਵੀ ਪਹਿਲੋਂ ਦਾ ਨਾਮ, ਸਰੂਪ ਹੈ ਜਿਸ ਬਾਰੇ ਗੁਰੂ ਸਾਹਿਬ ਨੇ ਇਉਂ ਦਸ ਪਾਈ ਹੈ:–

'ਕਿਰਤਮ[੧] ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥'
[ਮਾਰੂ ਮ: ੫–੧੦੮੩

ਜਦੋਂ ਰਚਨਾ ਨਹੀਂ ਸੀ ਉਸ ਵੇਲੇ ਰੂਪ-ਰੰਗ ਤੇ ਰੇਖ-ਭੇਖ ਤੋਂ ਨਿਆਰੇ ਅਤੇ ਅਬਨਾਸ਼ੀ ਤੇ ਅਮਰ ਪ੍ਰਭੂ ਨੂੰ ਜਾਣਨ ਲਈ ਸਾਡੇ ਪਾਸ, ਉਸ ਦੇ ਹੋਣ ਦਾ ਭਾਵ, ਜਿਸ ਤੋਂ ਕੋਈ ਇਨਕਾਰੀ ਨਹੀਂ, ਹੀ ਇਕੋ ਇਕ ਗੁਣ ਹੈ, ਅਤੇ ਇਹ ਗੁਣ ਰਚਨਾ ਦੇ ਅੰਤਰਗਤ ਹੁਣ ਵੀ ਮੌਜੂਦ ਹੈ ਤੇ ਰਚਨਾ ਦਾ ਅਧਾਰ-ਰੂਪ ਹੈ ਅਤੇ ਇਹ ਉਸ ਦਾ 'ਹੈ' ਸਰੂਪ ਅਗਾਹਾਂ ਨੂੰ ਵੀ ਸਦਾ ਹੀ ਕਾਇਮ ਰਹੇਗਾ । ਇਸੇ ਤੋਂ ਉਸ ਦਾ ਨਾਮ ਧਰਿਆ ਹੈ 'ਸਤਿਨਾਮ' ਉਸ ਪ੍ਰਭੂ ਦੀ 'ਮੂਰਤਿ' (ਵਿਅਕਤਤਵ) 'ਅਕਾਲ' ਸਰੂਪ ਹੋਣ ਕਰਕੇ ਚੇਤਨ ਹੋਂਦ ਹੀ ਹੈ ਅਤੇ 'ਸਤਿ' ਆਖਣ ਨਾਲ ਉਸ ਦਾ ਨਿੱਜ ਸਰੂਪ ਅਨੁਭਵ ਵਿਚ ਆਉਂਦਾ ਤੇ ਸੂਖਮ ਨਾਮ ਅੰਦਰ ਵਸਦਾ ਹੈ । ਇਸੇ ਲਈ ਸ਼ਬਦ 'ਸਤਿਨਾਮੁ' ਵਾਹਿਗੁਰੂ ਜੀ ਦੇ ਸਰੂਪ ਨੂੰ ਪੂਰੀ ਤਰ੍ਹਾਂ ਪ੍ਰਗਟਾਉਂਦਾ ਹੈ । ਸਤਿਨਾਮ ਦੇ ਅਰਥ-ਭਾਵ, ਗੁਣਾਂ ਤੇ ਲਛਣਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸ ਦੇ ਤਿੰਨ ਅੰਗ ਕੀਤੇ ਹਨ :–

(ੳ) ਸਤਿਨਾਮੁ-ਸਤਿ ਸਰੂਪ:–'ਸਤਿਨਾਮੁ' ਉਹ ਨਾਮ ਹੈ ਜੋ ਸਭ ਤੋਂ ਸ੍ਰੇਸ਼ਟ ਤੇ ਮੁਢਲਾ ਹੈ । 'ਸਤਿ' ਉਸ ਨੂੰ ਕਹੀਦਾ ਹੈ ਜੋ ਕਦੇ ਵੀ ਨਾਸ ਨਾ ਹੋਵੇ ਅਰਥਾਤ ਤਿੰਨਾਂ ਕਾਲਾਂ (ਭੂਤ, ਭਵਿਖਤ ਤੇ ਵਰਤਮਾਨ) ਵਿਚ ਸਦਾ ਹੀ ਕਾਇਮ ਰਹੇ । ਜਪੁਜੀ ਸਾਹਿਬ ਦੇ ਆਰੰਭ ਵਿਚ ਵਾਹਿਗੁਰੂ ਜੀ ਦਾ ਸਰੂਪ ਗੁਰੂ ਨਾਨਕ ਸਾਹਿਬ ਨੇ ਇਉਂ ਦਰਸਾਇਆ ਹੈ :–

'ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'

---

੧. ਅਜਿਹਾ ਨਾਮ ਜੋ ਕਿਸੇ ਕ੍ਰਿਆ ਜਾਂ ਲੱਛਣ ਕਰਕੇ ਬਣਾਇਆ ਗਿਆ ਹੋਵੇ, ਪਰ ਅਸਲ ਨਾ ਹੋਵੇ ।

Sri Satguru Jagjit Singh Ji eLibrary NamdhariElibrary@gmail.com

ਕਿ ਵਾਹਿਗੁਰੂ ਮੁੱਢ ਤੋਂ, ਸਮੇਂ ਦੀ ਰਚਨਾ ਤੋਂ ਵੀ ਪਹਿਲਾਂ ਤੋਂ ਸੱਚੇ ਵਜੂਦ ਜਾਂ ਹੋਂਦ ਵਾਲਾ ਹੈ ; ਉਹ ਜੁਗਾਂ ਦੇ ਆਦਿ ਤੋਂ ਮੌਜੂਦ ਹੈ ; ਹੁਣ ਵੀ ਮੌਜੂਦ ਹੈ ਅਤੇ ਅੱਗੇ ਨੂੰ ਵੀਂ ਹੋਂਦ ਵਾਲਾ (ਕਾਇਮ) ਹੋਵੇਗਾ । ਪ੍ਰਭੂ ਦੇ ਇਸ ਸਰੂਪ-ਲੱਛਣ ਨੂੰ ਮੁਖ ਰਖ ਕੇ ਉਸ ਦਾ ਨਾਂ 'ਸਤਿ' ਹੋਇਆ । ਤਾਂ ਹੀ ਦਸਮ ਪਾਤਸ਼ਾਹ ਜੀ ਨੇ ਵਾਹਿਗੁਰੂ ਜੀ ਦਾ ਸਰੂਪ 'ਸਦੈਵੰ ਸਰੂਪ' ਕਰਕੇ ਦਸਿਆ ਹੈ, ਭਾਵ 'ਸਦਾ ਹੈ' । ਇਸੇ ਸਰੂਪ ਨੂੰ ਪੰਜਵੇਂ ਗੁਰੂ ਜੀ ਆਪਣੀ ਬਾਣੀ ਵਿਚ ਇਉਂ ਚਿਤਰਦੇ ਹਨ :–

'ਸਤਿ ਸਰੂਪ ਰਿਦੈ ਜਿਨ ਮਾਨਿਆ ॥
ਕਰਨ ਕਰਾਵਨ ਤਿਨ ਮੂਲ ਪਛਾਨਿਆ ॥'
[ਗਉੜੀ ਸੁਖਮਨੀ ਮ: ੫–੨੮੫

ਬਸ ਹਿਰਦੇ ਵਿਚ 'ਸਤਿ ਸਰੂਪ ਵਸ ਜਾਣਾ ਹੀ ਵਾਹਿਗੁਰੂ ਜੀ ਦਾ ਸੂਖਮ ਨਾਮ ਪ੍ਰਗਟ ਹੋਣਾ ਹੈ । ਵਾਹਿਗੁਰੂ ਸਦਾ ਇਕਰਸ ਰਹਿੰਦਾ ਹੈ । ਉਹ ਅਜਿਹੀ ਅਸਲੀਅਤ ਜਾਂ ਸਚਾਈ ਹੈ, ਜੋ ਘਟਦੀ ਵਧਦੀ ਜਾਂ ਬਦਲਦੀ ਨਹੀਂ ; ਉਸ ਦਾ ਨਾਂ 'ਹੋਂਦ ਵਾਲਾ' ਹੈ । ਜਿਵੇਂ ਆਮ ਨਾਮ ਲਿਆਂ ਉਸ ਚੀਜ਼ ਦਾ ਆਕਾਰ ਸਾਹਮਣੇ ਆ ਜਾਂਦਾ ਹੈ ਤਿਵੇਂ ਵਾਹਿਗੁਰੂ ਦੀ ਹੋਂਦ ਨੂੰ ਮਹਿਸੂਸ ਕੀਤਿਆਂ ਉਸ ਦੀ ਹੈਤਾ (ਹੋਂਦ) ਪ੍ਰਗਟ ਹੁੰਦੀ ਹੈ ; ਪ੍ਰਭੂ ਜੀ ਨਿਵਾਸ ਕਰਦੇ ਹਨ ।

ਇਸ ਨਾਮ ਦਾ ਸਿਮਰਨ ਵੀ ਵਿਆਪਕ ਰੂਪ ਵਿਚ ਹੋ ਰਿਹਾ ਹੈ । ਵਿਆਪਕ ਰੂਪ ਪ੍ਰਭੂ-ਹੋਂਦ ਦੀ ਸਾਜੀ ਸਭ ਰਚਨਾ-ਗੁਪਤ ਤੇ ਪ੍ਰਗਟ ਸਾਰੀ ਵਾਹਿਗੁਰੂ ਜੀ ਦੀ ਇਸ ਹੋਂਦ ਦਾ ਲਗਾਤਾਰ ਸਿਮਰਨ ਕਰ ਰਹੀ ਹੈ । ਇਸ ਰਚਨਾ ਦਾ ਹਰ ਕਿਣਕਾ, ਸਥੂਲ ਤੇ ਸੂਖਮ, ਆਪਣੇ ਅੰਦਰਲੀ ਚੇਤਨ ਸੱਤਾ ਨਾਲ ਸਬੰਧਤ ਤੇ ਉਸ ਤੇ ਅਧਾਰਤ ਹੈ ਅਤੇ ਹਰ ਸਮੇਂ ਉਸ ਵਲ ਆਕਰਖਤ ਮਾਨੋ ਉਸਦੀ ਯਾਦ ਵਿਚ ਰਹਿੰਦਾ ਹੈ ਤੇ ਉਸ ਦੀ ਸਿਫਤ ਸਲਾਹ ਕਰ ਰਿਹਾ ਹੈ । ਕਿਉਂਜੋ ਉਹ ਇਕ ਵਿਆਪਕ ਨਾਮ, ਪ੍ਰਭੂ-ਹੋਂਦ, ਦੇ ਆਸਰੇ ਖੜਾ ਤੇ ਉਸ ਦੀ ਯਾਦ ਦਾ ਆਨੰਦ ਇਕ ਰਸ ਮਾਣ ਰਿਹਾ ਹੈ ਤੇ ਉਸ ਦਾ ਟੋਰਿਆ ਹੀ ਟੁਰ ਰਿਹਾ ਹੈ, ਉਹ ਸਵੈ-ਕੇਂਦਰਤ ਹੁੰਦਾ ਹੋਇਆ ਵੀ ਵਿਆਪਕ ਪ੍ਰਭੂ-ਹੋਂਦ ਦਾ ਅਨਿਖੱੜ ਅੰਗ ਹੈ, ਸਮੁੰਦਰ ਵਿਚੋਂ ਉਪਜੇ ਅਨੇਕਾਂ ਪਾਣੀ ਦੇ ਬੁਲਬਲਿਆਂ ਵਾਂਗ ਜੋ ਭਿੰਨ ਭਿੰਨ ਰੂਪ ਧਾਰਦੇ ਹੋਏ ਵੀ ਆਪਣੇ ਅਸਲੇ, ਪਾਣੀ, ਦਾ ਰੂਪ ਹੀ ਬਣੇ ਰਹਿੰਦੇ ਹਨ, ਹਰ ਚੀਜ਼ ਉਸ ਚੇਤਨ-ਹੋਂਦ ਦਾ ਪ੍ਰਗਟਾਵਾ

Sri Satguru Jagjit Singh Ji eLibrary NamdhariElibrary@gmail.com

ਕਰਦੀ ਹੈ ਤੇ ਉਸ ਵਲ ਨੂੰ ਧਾ ਰਹੀ ਹੈ :–

'ਸਿਮਰੈ ਧਰਤੀ ਅਰੁ ਆਕਾਸਾ ॥
ਸਿਮਰਹਿ ਚੰਦ ਸੂਰਜ ਗੁਣਤਾਸਾ[੧] ॥
ਪਉਣ ਪਾਣੀ ਬੈਸੰਤਰ[੨] ਸਿਮਰਹਿ ॥
ਸਿਮਰੈ [੩]ਸਗਲ ਉਪਾਰਜਨਾ ॥ ੧ ॥
ਸਿਮਰਹਿ ਖੰਡ ਦੀਪ ਸਭਿ ਲੋਆ ॥
ਸਿਮਰਹਿ ਪਾਤਾਲ ਪੁਰੀਆ [੪]ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ ॥
ਸਿਮਰਹਿ ਸਗਲੇ ਹਰਿ ਜਨਾ ॥ ੨ ॥
ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥
ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖਿ[੫] ਦੈਤ ਸਭਿ ਸਿਮਰਹਿ ॥
ਅਗਨਤੁ ਨ ਜਾਈ ਜਸੁ ਗਨਾ ॥ ੩ ॥
ਸਿਮਰਹਿ ਪਸੁ ਪੰਖੀ ਸਭਿ ਭੂਤਾ[੬] ॥
ਸਿਮਰਹਿ ਬਨ ਪਰਬਤ[੭] ਅਉਧੂਤਾ ॥
[੮]ਲਤਾ ਬਲੀ ਸਾਖ ਸਭ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ ॥ ੪ ॥
ਸਿਮਰਹਿ ਥੂਲ ਸੂਖਮ ਸਭਿ ਜੰਤਾ ॥
ਸਿਮਰਹਿ ਸਿਧ ਸਾਧਿਕ ਹਰਿਮੰਤਾ ॥
ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ
ਸਗਲ ਭਵਨ ਕਾ ਪ੍ਰਭੁ ਧਨਾ[੯] ॥ ੫ ॥

---

੧. ਗੁਣਾਂ ਦੇ ਖਜ਼ਾਨੇ ਨੂੰ
੨. ਅਗ
੩. ਸਾਰੀ ਸ੍ਰਿਸ਼ਟੀ
੪. ਉਸ ਸੱਚੇ ਨੂੰ
੫. ਦੇਵਤਿਆਂ ਦੀ ਇਕ ਕਿਸਮ
੬. ਹਸਤੀਆਂ
੭. ਅਉਧੂਤ (ਨੰਗੇ) ਪਰਬਤ
੮. ਵੇਲ
੯ ਮਾਲਕ

Sri Satguru Jagjit Singh Ji eLibrary NamdhariElibrary@gmail.com

ਸਿਮਰਹਿ ਨਰ ਨਾਰੀ ਆਸਰਮਾ[੧] ।।
ਸਿਮਰਹਿ ਜਾਤਿ ਜੋਤਿ ਸਭ ਵਰਨਾ ।।
ਸਿਮਰਹਿ ਗੁਣੀ ਚਤੁਰ ਸਭਿ ਬੇਤੇ[੨]
ਸਿਮਰਹਿ ਰੈਣੀ[੩] ਅਰ ਦਿਨਾ ।। ੬ ।।
ਸਿਮਰਹਿ ਘੜੀ ਮੂਰਤ[੪] ਪਲ ਨਿਮਖਾ[੫] ।।
ਸਿਮਰੈ ਕਾਲੁ ਅਕਾਲੁ ਸੁਚਿ ਸੋਚਾ[੬] ।।
ਸਿਮਰਹਿ [੭]ਸਉਣ ਸਾਸਤ੍ਰ ਸੰਜੋਗਾ
ਅਲਖੁ ਨ ਲਖੀਐ ਇਕੁ ਖਿਨਾ ।।੭।।
ਕਰਨ ਕਰਾਵਨਹਾਰ ਸੁਆਮੀ ।।
ਸਗਲ ਘਟਾ ਕੇ ਅੰਤਰਜਾਮੀ ।।
ਕਰਿ ਕਿਰਪਾ ਜਿਸੁ ਭਗਤੀ ਲਾਵਹੁ
ਜਨਮੁ ਪਦਾਰਥ ਸੋ ਜਿਨਾ[੮] ।। ੮ ।।

[ਮਾਰੂ ਮ: ੫–੧੦੭੮

ਇਸ ਤਰ੍ਹਾਂ ਕੇਵਲ ਚੇਤਨ ਚੀਜ਼ਾਂ ਹੀ ਉਸ ਵਾਹਿਗੁਰੂ ਜੀ ਨੂੰ ਨਹੀਂ ਸਿਮਰਦੀਆਂ ਸਗੋਂ ਜੜ੍ਹ ਵਸਤੂਆਂ ਅਰਥਾਤ ਧਰਤੀ, ਆਕਾਸ਼, ਚੰਦ, ਸੂਰਜ, ਪਾਤਾਲ, ਪੁਰੀਆਂ ਖਾਣੀਆਂ, ਬਾਣੀਆਂ, ਬਨ, ਪਰਬਤ, ਖੰਡ ਮੰਡਲ ਆਦਿ ਸਭ, ਉਸ ਨੂੰ ਗਾ ਰਹੇ ਹਨ । ਜਪੁਜੀ ਸਾਹਿਬ ਵਿਚ ਸੋ ਦਰੁ ਵਾਲੀ ਪਉੜੀ ਅੰਦਰ ਵੀ ਅਜਿਹਾ ਹੀ ਨਕਸ਼ਾ ਖਿੱਚਿਆ ਗਿਆ ਹੈ :—

'... ... ... ... ... ... ...
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ।।
... ... ... ... ... ... ...

---

੧. ਚਾਰ ਆਸ਼ਰਮ (ਬ੍ਰਹਿਮਚਰਯ, ਗ੍ਰਿਹਸਤ, ਵਾਨਪ੍ਰਸਥ ਅਤੇ ਸਨਿਆਸ) ਦੇ ਲੋਕ
੨. ਜਾਣਨ ਵਾਲੇ ਸਿਆਣੇ
੩. ਰਾਤ
੪. ਮਹੂਰਤ, ਦੋ ਘੜੀ
੫. ਅੱਖ ਦੇ ਫੋਰ ਜਿੰਨਾ ਸਮਾਂ
੬. ਜਨਮ ਮਰਨ ਅਤੇ ਸੁਚ ਸੋਚ
੭. ਸ਼ਗਨ; ਸ਼ਗਨ ਸੰਜੋਗ ਆਦਿ ਦਸਣ ਵਾਲੇ ਸ਼ਾਸਤਰ
੮. ਜਿਤਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
'
... ... ... ... ... ... ...
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
... ... ... ... ... ... ... '

[ਜਪੁਜੀ

ਇਹ ਚੀਜ਼ਾਂ ਬਿਨ ਜਿਹਬਾ ਵਾਹਿਗੁਰੂ ਜੀ ਦਾ ਜਸ ਗਾਇਣ ਕਰਦੀਆਂ ਹਨ। ਜਿਵੇਂ ਕੂੰਜਾਂ ਆਪਣੇ ਬੱਚਿਆਂ ਨੂੰ ਇਕੱਲਿਆਂ ਛੱਡ ਕੇ ਦੂਰ ਉੱਡ ਕੇ ਚਲੀਆਂ ਜਾਂਦੀਆਂ ਹਨ ਤੇ ਦੂਰੋਂ ਬਿਨਾਂ ਜਿਹਬਾ ਸਿਮਰਨ (ਯਾਦ) ਦੁਆਰਾ ਹੀ ਬੱਚਿਆਂ ਨੂੰ ਪਾਲਦੀਆਂ ਹਨ ਇਉਂ ਇਹ ਚੀਜ਼ਾਂ ਉਸ ਦੀ ਹੋਂਦ ਵਿਚ ਪ੍ਰੋਤੀਆਂ ਉਸ ਦੇ ਸਿਮਰਨ ਵਿਚ ਜੀਊਂਦੀਆਂ ਹਨ। ਪ੍ਰਭੂ ਜੀ ਦੀ ਹੋਂਦ ਸਭ ਵਿਚ ਹੈ ਕਿਉਂਜੋ ਉਹ ਰਚਨਾ ਸਾਜ ਕੇ ਆਪ ਵਿਚ ਹੀ ਬੈਠ ਗਏ ਹਨ :—

'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥'

[ਮ: ੨, ਆਸਾ ਦੀ ਵਾਰ–੪੬੩

ਅਤੇ

'ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥'

[ਆਸਾ ਦੀ ਵਾਰ, ਮ: ੧–੪੬੩

ਪਰ ਸਭ ਨੂੰ ਉਸ ਨੇ ਆਪੋ ਆਪਣੀ ਹੋਂਦ ਦਾ ਵਖਰਾ ਅਹਿਸਾਸ ਦੇ ਕੇ ਅੰਦਰ ਹਉਮੈਂ ਪਾ ਦਿਤੀ ਹੈ ਜਿਸ ਕਰਕੇ ਆਪਣੇ ਅਸਲੇ (ਪ੍ਰਭੂ ਹੋਂਦ) ਨਾਲੋਂ, ਹਰੇਕ ਜੀਵ ਮਨ ਜਾਂ ਖਿਆਲ ਕਰਕੇ ਨਿਖੜ ਗਿਆ ਹੈ। ਹੁਣ ਕੁਦਰਤ ਦਾ ਜ਼ੱਰਾ ਜ਼ੱਰਾ ਆਪਣੇ ਅਸਲੇ ਲਈ ਤਾਂਘ ਰਿਹਾ ਹੈ ਅਤੇ ਸਾਜਣ ਵਾਲੇ ਪ੍ਰਭੂ ਦੇ ਹੁਕਮ ਨੂੰ ਮੰਨ ਕੇ ਉਸ ਦੇ ਅੱਗੇ ਸਿਰ ਨਿਵਾ ਕੇ, ਖੁਸ਼ੀ ਖੁਸ਼ੀ ਆਪਣੀ ਚਾਲ ਟੁਰੀ ਜਾ ਰਿਹਾ ਹੈ ਅਤੇ ਉਸ ਪ੍ਰਭੂ ਜੀ ਦੀ ਹੋਂਦ ਨੂੰ ਸਦ ਸਦਾ ਪ੍ਰਗਟਾਈ ਜਾ ਰਿਹਾ ਹੈ :–

Sri Satguru Jagjit Singh Ji eLibrary NamdhariElibrary@gmail.com

'ਭੈ[੧] ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚ ਚਲਹਿ ਲਖ ਦਰੀਆਉ ॥
ਭੈ ਵਿਚਿ [੨]ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ [੩]ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ[੪] ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ[੫] ॥
ਭੈ ਵਿਚਿ [੬]ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ [੭]ਸਿਰਿ ਲੇਖੁ ॥
'ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥'

[ਸਲੋਕ ਮ: ੧, ਆਸਾ ਦੀ ਵਾਰ–੪੬੩

ਇਹ ਸਭ ਹੁਕਮ ਦੀ ਕਾਰ ਵਿਚ ਜੁਟੇ ਹੋਏ ਹਨ । ਇਨ੍ਹਾਂ ਸਭ ਵਿਚ ਇਕ ਸਾਂਝੀ ਲਹਿਰ ਉੱਠ ਰਹੀ ਹੈ ਜੋ ਆਪੇ ਵਿਚ ਲੀਨ ਹੋਣ ਤੇ ਸਰਬ-ਵਿਆਪਕ ਵਿਚ

---

੧. ਕਰਤਾਰ ਦੇ ਹੁਕਮ ਵਿਚ ਬੱਧੇ ਨਿਯਮ ਅਨੁਸਾ

੨. ਅੱਗ ਕਾਰ ਕਰਦੀ ਹੈ

੩. ਬੱਦਲ ਸਿਰ ਭਾਰ ਹੋ ਕੇ ਫਿਰਦਾ ਹੈ ।

੪. ਅੱਡੇ ਰਹਿੰਦੇ ਹਨ ਅਰਥਾਤ ਤਣੇ ਰਹਿੰਦੇ ਹਨ

੫. ਸੂਰਮੇ, ਬਹਾਦਰ

੬. ਜੀਵਾਂ ਦੇ ਪੂਰਾਂ ਦੇ ਪੂਰ ਜੰਮਦੇ ਤੇ ਮਰਦੇ ਰਹਿੰਦੇ ਹਨ

੭. ਸਿਰਾਂ ਉਤੇ ਲੇਖ

Sri Satguru Jagjit Singh Ji eLibrary NamdhariElibrary@gmail.com

ਸਮਾਉਣ ਦੀ ਹੈ। ਇਹ ਲਹਿਰ ਉਨ੍ਹਾਂ ਨੂੰ ਅਡੋਲ[੧] ਚਾਲ ਤੇ ਸੁੰਦਰਤਾ ਬਖਸ਼ਦੀ ਹੈ। ਇਨ੍ਹਾਂ ਵਿਚ ਚੰਚਲ ਸਿਆਣਪ ਨਹੀਂ ਹੈ। ਜਿਥੇ ਵੀ ਰਬ ਜੀ ਨੇ ਇਨ੍ਹਾਂ ਨੂੰ ਟਿਕਾਇਆ ਹੈ, ਉਥੇ ਹੀ ਹੋਂਦ ਦੇ ਲਹਿਰੇ ਦੇ ਰਹੀਆਂ ਹਨ ਜੇ ਇਨ੍ਹਾਂ ਵਿਚ ਰਬ ਜੀ ਦੀ ਹੋਂਦ ਨਾ ਹੁੰਦੀ ਤਾਂ ਇਹ ਸਾਨੂੰ ਨਾ ਹੀ ਇੰਨੀਆਂ ਸੁੰਦਰ ਲਗਦੀਆਂ ਤੇ ਨਾ ਹੀ ਇੰਨੀ ਖਿੱਚ ਪਾਉਂਦੀਆਂ।

ਵਿਆਪਕ ਪ੍ਰਭੂ-ਹੋਂਦ ਵਿਚ ਸਮਾਉਣ ਲਈ ਸਭ ਵਿਚ ਉਠ ਰਹੀ ਇਹ ਸਾਂਝੀ ਤੜਪ, ਸਮਾਈ ਸਮੇਂ ਅਤਿ ਸੁਖ-ਰੂਪ ਧਾਰਦੀ ਹੈ, ਪੂਰਨ ਤ੍ਰਿਪਤ ਹੋ ਕੇ ਪੂਰਨ ਖੇੜੇ ਨੂੰ ਪ੍ਰਾਪਤ ਹੁੰਦੀ ਹੈ। ਮੇਲ-ਮਿਲਾਪ ਦੇ ਸਮੇਂ ਦੀ ਅਤਿ ਪ੍ਰਸੰਨਤਾ, ਖੁਸ਼ੀ ਖੇੜਾ ਤੇ ਵਿਗਾਸ ਦੀ ਧੁਨੀ ਥਰਕਾਂਬੇ (vibrations) ਰਾਹੀਂ ਪ੍ਰਗਟ ਹੁੰਦੀ ਹੈ ਜੋ ਤਨ ਤੇ ਮਨ ਤੋਂ ਉਤੇ ਆਤਮਾ ਦਾ ਗੁਣ ਹੈ। ਜੀਵ ਪ੍ਰਭੂ ਦਾ ਸਿਮਰਨ ਕਰਦੇ ਹਨ, ਉਨ੍ਹਾਂ ਵਿਚ ਵੀ ਇਹੋ ਲੈ ਅਤੇ ਖੁਸ਼ੀ ਪ੍ਰਗਟ ਹੁੰਦੀ ਹੈ। ਇਹ ਇਸ ਤਰ੍ਹਾਂ ਮਾਨੋ ਇਕੋ ਹੀ ਮੰਡਲ ਦੀ ਗੱਲ ਹੈ। ਇਹ ਖੁਸ਼ੀ ਦੀ ਧੁਨੀ, ਲਰਜ਼ਸ਼ ਪ੍ਰਭੂ-ਹੋਂਦ ਤੋਂ ਉਪਜਦੀ ਹੈ ਤੇ ਥਰਕਾਂਬੇ ਦੇ ਰੂਪ ਵਿਚ ਸਮੁਚੀ ਕੁਦਰਤ ਅੰਦਰ ਪਸਰੀ ਹੋਈ ਹੈ। ਜਿਹੜੇ ਜੀਵ ਪ੍ਰਭੂ ਜੀ ਦੇ ਸਿਮਰਨ ਵਿਚ ਇਕਾਗਰਤਾ ਤੇ ਪ੍ਰੇਮ ਪੈਦਾ ਕਰ ਲੈਂਦੇ ਹਨ, ਉਨ੍ਹਾਂ ਨੂੰ ਇਸ ਥਰਕਾਂਬੇ ਦੀ ਅਨੁਭਵਤਾ ਹੁੰਦੀ ਹੈ :—

'ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥

[ਗਉੜੀ ਸੁਖਮਨੀ ਮ: ੫–੨੬੩

---

੧. ਜੇ ਇਹ ਹੁਕਮ ਦੀ ਕਾਰ ਵਿਚ ਇਉਂ ਜੁਟੇ ਹੋਏ ਨਾ ਹੁੰਦੇ ਤਾਂ ਇਹ ਸੰਸਾਰ ਕੁਝ ਹੋਰ ਦਾ ਹੋਰ ਹੀ ਹੁੰਦਾ। ਉਦਾਹਰਣ ਵਜੋਂ ਧਰਤੀ ਅਤੇ ਸੂਰਜ ਦੀ ਹੁਕਮ ਦੀ ਕਾਰ ਵੇਖੋ। ਧਰਤੀ ਸੂਰਜ ਦੇ ਦੁਆਲੇ ਇਕ ਦਿਨ ਵਿਚ ੨੪,੦੦੦ ਮੀਲ ਸਫਰ ਕਰਦੀ ਹੈ। ਜੇ ਉਸ ਦੀ ਰਫਤਾਰ ਵਿਚ ਇਕ ਮੀਲ ਫੀ ਘੰਟੇ ਦਾ ਵੀ ਫਰਕ ਪੈ ਜਾਵੇ ਤਾਂ ਪ੍ਰਿਥਵੀ ਦੇ ਦਿਨ ਰਾਤ ਅੱਗੇ ਪਿਛੇ ਹੋ ਜਾਣਗੇ। ਕਦੇ ਸਾਡਾ ਸੂਰਜ ਕਿਸੇ ਸਮੇਂ ਉਦੇ ਤੇ ਅਸਤ ਹੋਵੇਗਾ ਅਤੇ ਕਦੇ ਕਿਸੇ ਸਮੇਂ। ਇਸੇ ਤਰ੍ਹਾਂ ਸੂਰਜ ਧਰਤੀ ਤੋਂ ਜਿਸ ਫਾਸਲੇ ਤੇ ਹੁਣ ਖੜਾ ਭੈ ਦੀ ਕਾਰ ਕਰ ਰਿਹਾ ਹੈ, ਜੇ ਇਸ ਤੋਂ ਕੇਵਲ ਦੋ ਫੁਟ ਹੇਠਾਂ ਧਰਤੀ ਵਲ ਹੋ ਜਾਏ ਤਾਂ ਭਾਰਤ, ਬਰਮਾਂ ਸਿਆਮ, ਲੰਕਾ, ਜਾਵਾ, ਸਮਾਟਰਾ ਆਦਿ ਦੇਸ਼ਾਂ ਦੀ ਸਾਰੀ ਬਨਸਪਤੀ ਫੂਕੀ ਜਾਵੇ ਅਤੇ ਜੇ ਦੋ ਫੁਟ ਦੁਰੇਡੇ ਹੋ ਜਾਵੇ ਤਾਂ ਯੂਰਪੀਨ ਦੇਸ਼ਾਂ ਜਿਹਾ ਕਿ ਇੰਗਲੈਂਡ, ਫਰਾਂਸ, ਹਾਲੈਂਡ, ਸਵਿਟਜ਼ਰਲੈਂਡ ਆਦਿ ਦੇ ਲੋਕਾਂ ਦਾ ਖੂਨ ਠੰਡ ਨਾਲ ਨਾੜੀਆਂ ਵਿਚ ਹੀ ਜੰਮ ਜਾਏ।

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਅੰਦਰ ਇੰਨੀ ਬਿਹਬਲ ਖੁਸ਼ੀ ਹੁੰਦੀ ਹੈ ਕਿ ਉਨ੍ਹਾਂ ਦਾ ਰੋਮ ਰੋਮ ਉਸ ਖੁਸ਼ੀ ਦਾ ਪ੍ਰਗਟਾ ਕਰ ਰਿਹਾ ਹੁੰਦਾ ਹੈ ਤੇ ਉਸ ਹੋਂਦ ਦੇ ਫ਼ਰਾਟੇ ਮਾਰ ਰਿਹਾ ਹੁੰਦਾ ਹੈ :—

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥'

[ਰਾਮਕਲੀ ਮ: ੧,–੯੪੧

ਸੁਹਾਗਵੰਤ ਇਸਤਰੀ ਵੀ ਇਸ ਥਰਕਾਂਬੇ ਦਾ ਕੁਝ ਰਸ ਉਦੋਂ ਮਾਣਦੀ ਹੈ ਜਦੋਂ ਉਹ ਬਹੁਤ ਚਿਰਾਂ ਦੇ ਵਿਛੋੜੇ ਤੋਂ ਬਾਅਦ ਆਪਣੇ ਦੂਰ ਗਏ ਪਤੀ ਦੇ ਆਉਣ ਦੀ ਖਬਰ ਸੁਣ ਕੇ ਉਸ ਦੀ ਉਡੀਕ ਵਿਚ ਬਾਹਰ ਅੰਦਰ ਖੁਸ਼ੀ ਖੁਸ਼ੀ ਨੱਠੀ ਫਿਰਦੀ ਹੈ ਤੇ ਇਕ ਦਮ ਮੇਲ ਦੁਆਰਾ ਵਿਸਮਾਦ ਵਿਚ ਆ ਜਾਂਦੀ ਹੈ। ਬੋਲਿਆ ਕੁਝ ਜਾਂਦਾ ਨਹੀਂ, ਲੀਨ ਹੋ ਜਾਂਦੀ ਹੈ ਮਾਨੋ ਬਸ ਪਤੀ ਸਾਹਮਣੇ ਪਤੀ ਰੂਪ ਹੀ ਹੋ ਗਈ ਹੈ। ਉਹ ਰਸ, ਥਰਕੰਬਣੀ, ਜੋ ਉਸ ਨੂੰ ਪ੍ਰਾਪਤ ਹੁੰਦੀ ਹੈ, ਉਹ ਵੀ ਬਸ ਇਸੇ ਦਾ ਹੀ ਰੂਪ ਹੈ। ਹਰ ਅਤਿ ਖੁਸ਼ੀ ਤੇ ਅਸਚਰਜਤਾ ਸਮੇਂ ਸਭ ਨਾਲ ਹੀ ਇਹੋ ਹਾਲ ਵਾਪਰਦਾ ਹੈ । ਇਹ ਥਰਕਾਂਬਾ ਇਸ ਪੱਖ ਤੋਂ ਸਰਬ-ਵਿਆਪਕ ਹੈ ਅਤੇ ਇਹ ਰਚਨਾ ਵਿਚ ਸਦਸਦਾ ਹੈ ਤੇ ਰਹੇਗਾ। ਇਸ ਦਾ ਲਕਸ਼ ਹੀ 'ਏਕੇ' ਵਿਚ ਸਮਾ ਦੇਣ ਦਾ ਹੈ। ਇਹ ਅਰੂਪ ਤੇ ਅਗੰਮੀ ਸ਼ੈ ਹੈ, ਜੋ ਅਗੰਮ ਅਗੋਚਰ ਵਾਹਿਗੁਰੂ ਵਿਚ ਜਾ ਨਿਵਾਸ ਕਰਾਉਂਦੀ ਹੈ। ਇਹ ਉਹ ਵਿਆਪਕ ਲਹਿਰ ਜਾਂ ਧੁਨੀ ਹੈ ਜੋ ਏਕੇ ਦਾ ਰੂਪ ਹੁੰਦੀ ਹੈ ਤੇ ਸਾਨੂੰ ਉਸ ਵਿਚ ਸਮਾ ਦਿੰਦੀ ਹੈ। ਇਹ ਸ਼ਬਦ ਜਾਂ ਨਾਮ ਦਾ ਅਤਿ ਨੇੜੇ ਦਾ ਸਰੂਪ ਹੈ ਜਿਸ ਦਾ ਦੂਜਾ ਨਾਂ ਪ੍ਰੇਮ ਹੈ :–

'ਪ੍ਰੇਮ ਪਦਾਰਥ ਨਾਮੁ ਹੈ ਭਾਈ'

[ਸੋਰਠਿ ਮ: ੫–੬੪੦

ਅਤੇ

'ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰਿ ਮੂਰਤਿ ਅਜੋਨਿ ਆਦਿ ਅਸੇਖ ॥
ਦੇਸ ਔਰ ਨਾ ਭੇਸ ਜਾਕਰ ਰੂਪ ਰੇਖ ਨ ਰਾਗ ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥'

[ਜਾਪੁ ਸਾਹਿਬ

ਮਾਤਾ ਦੇ ਗਰਭ ਵਿਚ ਵੀ ਇਹੋ ਨਾਮ, ਲਿਵ ਹੀ ਜਠਰਾਗਨ (ਪੇਟ ਦੀ

Sri Satguru Jagjit Singh Ji eLibrary NamdhariElibrary@gmail.com

ਅੱਗ) ਤੋਂ ਬਚਾਉਂਦੀ ਹੈ । ਉਥੇ ਹੋਰ ਕਿਹੜਾ ਕਿਸੇ ਅੱਖਰੀ ਨਾਮ ਦਾ ਜਾਪ ਹੁੰਦਾ ਹੈ :-

'ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹ ਰਹਿਤਾ ਨਾਮ ਅਧਾਰਿ ।।
ਅਨਦੁ ਕਰੈ ਸਾਸਿ ਸਾਸਿ ਸਮ੍ਾਰੈ ਨਾ ਪੋਹੈ ਅਗਨਾਰਿ ।।'
[ਆਸਾ ਮ: ੫-੩੭੯

ਤਦੇ ਦਸਮ ਪਾਤਸ਼ਾਹ ਜੀ ਨੇ ਪ੍ਰਭੂ ਜੀ ਦੀ ਪ੍ਰਾਪਤੀ ਪ੍ਰੇਮ ਦੁਆਰਾ ਹੀ ਦਰਸਾਈ ਹੈ :-

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ।'
[ਤਵ ਪ੍ਰਸਾਦਿ ਸਵੱਯੇ

ਜਿਵੇਂ ਵਾਹਿਗੁਰੂ ਜੀ ਦੇ ਨਾਮ ਦਾ ਸਰਬ-ਸਾਂਝਾ ਰੂਪ ਹੈ ਤਿਵੇਂ ਹੀ ਉਸ ਦੀ ਬੋਲੀ ਵੀ ਸਰਬ-ਸਾਂਝੀ ਹੈ । ਉਨ੍ਹਾਂ ਦੀ ਬੋਲੀ ਸਾਡੀਆਂ ਸਥੂਲ ਬੋਲੀਆਂ ਵਰਗੀ ਨਹੀਂ ਸਗੋਂ ਭਾਵਾਂ ਤੇ ਅਹਿਸਾਸਾਂ ਦੀ ਬੋਲੀ ਹੈ। ਜਿਵੇਂ ਅਸੀਂ ਦੇਖਦੇ ਹਾਂ ਕਿ ਕਿਸੇ ਸੱਟ ਦੇ ਲਗਣ ਨਾਲ ਦੁਖ ਤਾਂ ਪੰਜਾਬੀ, ਹਿੰਦੁਸਤਾਨੀ, ਅੰਗਰੇਜ਼ ਆਦਿ ਸਾਰਿਆਂ ਨੂੰ ਇਕੋ ਜਿਹਾ ਹੁੰਦਾ ਹੈ ਪਰ ਪੰਜਾਬੀ ਉਸ ਦੁਖ ਨੂੰ ਪੰਜਾਬੀ ਵਿਚ ਅਤੇ ਹਿੰਦੁਸਤਾਨੀ ਉਸੇ ਦੁਖ ਨੂੰ ਹਿੰਦੁਸਤਾਨੀ ਵਿਚ ਤੇ ਅੰਗਰੇਜ਼, ਅੰਗਰੇਜ਼ੀ ਵਿਚ ਪ੍ਰਗਟਾਉਂਦਾ ਹੈ ਅਤੇ ਇਸੇ ਤਰ੍ਹਾਂ ਹੱਸਣ, ਖੇਡਣ, ਰੋਣ, ਪਿਆਰ ਜਾਂ ਨਫਰਤ ਕਰਨ ਆਦਿ ਦੇ ਅਹਿਸਾਸ (feelings) ਸਾਰਿਆਂ ਵਿਚ ਇਕੋ ਤਰ੍ਹਾਂ ਦੇ ਹੁੰਦੇ ਹਨ ਤੇ ਇਨ੍ਹਾਂ ਦੇ ਪ੍ਰਗਟਾ ਆਪੋ ਆਪਣੀਆਂ ਬੋਲੀਆਂ ਵਿਚ ਵੱਖੋ ਵੱਖ ਹਨ ।

ਸੋ ਸਤਿਨਾਮ ਸਰਬ-ਸਾਂਝਾ ਨਾਮ ਹੈ। ਇਹ ਨਾਮ ਹੋਂਦ ਵਾਲਾ ਹੈ ਅਤੇ ਸਭ ਦੇ ਹਿਰਦਿਆਂ ਵਿਚ ਵਸਦਾ ਹੈ-ਭਾਵੇਂ ਉਹ ਸਿਖ, ਹਿੰਦੂ, ਮੁਸਲਮਾਨ, ਈਸਾਈ ਆਦਿ ਕੋਈ ਵੀ ਹੋਵੇ । ਜੋ ਜੋ ਪ੍ਰਾਣੀ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਆਪੋ ਆਪਣੀਆਂ ਬੋਲੀਆਂ ਵਿਚ ਜਪਦੇ ਹਨ, ਜੇ ਉਹ ਪ੍ਰੇਮ ਸਹਿਤ ਆਪਣੇ ਅੰਦਰ ਇਸ ਗੁਪਤ ਤੇ ਸੂਖਮ ਨਾਮ ਨੂੰ ਪ੍ਰਗਟ ਕਰ ਲੈਣ ਤੇ ਉਕਤ ਵਿਆਪਕ ਸਿਮਰਨ ਦੀ ਰੌ ਆਪਣੇ ਅੰਦਰ ਤੋਰ ਲੈਣ ਤਾਂ ਉਹ ਸਭ ਨਾਮ ਦੇ ਅਕੱਥਨੀਯ ਤੇ

Sri Satguru Jagjit Singh Ji eLibrary NamdhariElibrary@gmail.com

ਅਮਿੱਤ ਫਲਾਂ ਨੂੰ ਲੈਣ ਦੇ ਪਾਤਰ ਤੇ ਅਧਿਕਾਰੀ ਬਣ ਜਾਣਗੇ। ਇਸ ਤਰ੍ਹਾਂ ਇਹ 'ਸਤਿਨਾਮੁ' ਮਜ਼ਹਬੀ ਵਿਤਕਰੇ ਤੋਂ ਪਰੇ, ਜਾਤੀ-ਭੇਦ ਤੋਂ ਉੱਪਰ ਅਤੇ ਅਕਾਲ ਪੁਰਖ ਦਾ ਨਿੱਜ-ਰੂਪ ਹੈ।

(ਅ) ਸਤਿਨਾਮੁ-ਸੱਤਾ ਸਰੂਪ :–'ਸਤਿਨਾਮੁ' ਦਾ ਦੂਜਾ ਅਰਥ ਸ਼ਕਤੀ ਵਾਲਾ ਵਜੂਦ ਹੈ। ਇਹ ਤੱਥ ਕੋਈ ਸੁੰਨ ਜਿਹੀ ਫੋਕੀ ਹੋਂਦ ਤਾਂ ਹੈ ਹੀ ਨਹੀਂ। ਇਹ ਤਾਂ ਪ੍ਰਭੂ ਜੀ ਦਾ ਨਿੱਜ-ਰੂਪ ਹੋਣ ਕਰਕੇ ਉਸ ਵਰਗੀ ਹੀ ਸ਼ਕਤੀਸ਼ਾਲੀ ਹੈ। ਜੀਵ-ਜੰਤ, ਖੰਡ-ਬ੍ਰਹਿਮੰਡ ਜੋ ਵੀ ਦ੍ਰਿਸ਼ਟਮਾਨ ਹੈ, ਸਭ ਇਸੇ ਆਸਰੇ ਪ੍ਰਗਟ ਹੈ ਤੇ ਚਲ ਫਿਰ ਰਿਹਾ ਹੈ :—

'ਨਾਮ ਕੇ ਧਾਰੇ[1] ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੇ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥"

[ਗਉੜੀ ਸੁਖਮਨੀ ਮ: ੫–੨੮੪

ਨਾਮ ਪਰਮ ਤੱਤ ਤੋਂ ਹੀ ਸਾਰੀ ਸ੍ਰਿਸ਼ਟੀ ਰਚੀ ਗਈ ਹੈ :—

'ਨਾਮੈ ਹੀ ਤੇ ਸਭੁ ਕਿਛੁ ਹੋਆ
ਬਿਨ ਸਤਿਗੁਰ ਨਾਮੁ ਨ ਜਾਪੈ ॥'

[ਸੂਹੀ ਮ: ੩–੭੫੩

ਇਸ ਪਰਮ ਤੱਤ ਦੀ ਸ਼ਕਤੀ ਦਾ ਅੰਦਾਜ਼ਾ ਨਹੀਂ ਲਗ ਸਕਦਾ ਕਿ ਕਿੰਨੀ ਹੈ।

---

੧. ਆਸਰੇ

Sri Satguru Jagjit Singh Ji eLibrary NamdhariElibrary@gmail.com

ਬਸ ਇੰਨਾ ਹੀ ਕਹਿ ਕੇ ਚੁੱਪ ਰਹਿ ਜਾਈਦਾ ਹੈ ਕਿ ਉਹ ਬੇਅੰਤ ਤੇ ਅਥਾਹ ਹੈ। ਇਹ ਸਾਡੇ ਸਥੂਲ ਨੇਤ੍ਰਾਂ ਰਾਹੀਂ ਵੇਖਣ ਵਿਚ ਵੀ ਨਹੀਂ ਆ ਸਕਦੀ। ਜਿਵੇਂ ਐਟਮ ਤੇ ਉਸ ਦੇ ਬਿਜਲਾਉਣੀਆਂ ਤੇ ਪ੍ਰੋਟੋਨਾਂ ਆਦਿ ਨੂੰ ਕਿਸੇ ਵਿਗਿਆਨੀ ਨੇ ਵੇਖਿਆ ਨਹੀਂ ਹੈ, ਤੇ ਉਹ ਕੇਵਲ ਉਸ ਦੇ ਗੁਣਾਂ, ਲੱਛਣਾਂ ਤੋਂ ਹੀ ਉਸ ਦੀ ਹੋਂਦ ਨੂੰ ਸਿੱਧ ਕਰਦੇ ਹਨ। ਇਸੇ ਤਰ੍ਹਾਂ ਜੋ ਇਨ੍ਹਾਂ ਸਥੂਲ ਤੱਤਾਂ ਨੂੰ ਆਸਰਾ ਦੇਣ ਵਾਲਾ ਸੂਖਮ ਪਰਮ ਤੱਤ, ਪ੍ਰਭੂ ਜੀ ਦੀ ਹੋਂਦ ਹੈ, ਉਹ ਅਦ੍ਰਿਸ਼ਟ ਅਗੋਚਰ ਹੈ ਉਹ ਕੇਵਲ ਆਪਣੇ ਅਨੁਭਵ ਦਾ ਵਿਸ਼ਾ ਹੈ ਅਤੇ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਉਸ ਨੂੰ ਆਪਣੇ ਘਟ ਅੰਦਰ ਪ੍ਰਗਟ ਕਰ ਲਿਆ ਹੈ, ਉਹੋ ਹੀ ਇਸ ਹੋਂਦ (ਵਾਹਿਗੁਰੂ) ਦੀ ਸੱਤਾ ਦਾ ਕੁਝ ਕੁ ਅੰਦਾਜ਼ਾ ਲਾ ਸਕਣ ਦੇ ਸਮਰਥ ਹੁੰਦੇ ਹਨ। ਇਹ ਗੱਲ ਕੇਵਲ ਉਨ੍ਹਾਂ ਦੀ ਹੀ ਸਮਝ ਵਿਚ ਆਉਂਦੀ ਹੈ ਕਿ ਵਾਹਿਗੁਰੂ ਜੀ ਕਿਵੇਂ ਅੱਖ ਦੇ ਫੋਰ ਵਿਚ ਰਚਨਾ ਰਚ ਦਿੰਦੇ ਹਨ ਤੇ ਦੂਜੀ ਪਲਕ ਨਾਸ਼ ਕਰ ਦਿੰਦੇ ਹਨ।

'ਹਰਨ ਭਰਨ ਜਾ ਕਾ ਨੇਤ੍ਰ ਫੋਰੁ।'

[ਗਉੜੀ ਸੁਖਮਨੀ ਮ: ੫–੨੮੪

ਅਤੇ ਕਿਵੇਂ ਉਸ ਦਾ ਇਲਾਹੀ ਹੁਕਮ ਸਭ ਨੂੰ ਚਲਾ ਰਿਹਾ ਹੈ :–

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥'

[ਜਪੁਜੀ

ਇਸੇ ਤਾਕਤ ਨੂੰ ਹੀ ਦਸਮੇਸ਼ ਪਿਤਾ ਜੀ ਨੇ ਅਮਿਣਵੇਂ ਬਲ ਵਾਲੀ ਕਿਹਾ ਹੈ :–

'ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥'

[ਜਾਪ ਸਾਹਿਬ

ਪਰਮ ਤੱਤ ਨਾਮ, ਇਕ ਤੇਜਮਈ ਪ੍ਰਕਾਸ਼ ਹੈ ਜਿਸ ਤੋਂ ਸਭ ਸ੍ਰਿਸ਼ਟੀ ਬਣੀ ਹੈ ਅਤੇ ਜੋ ਪ੍ਰਮਾਤਮਾ ਦਾ ਨਿੱਜ-ਰੂਪ ਹੈ :–

'ਅਵਲਿ ਅਲਹ ਨੂਰੁ[੧] ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

---

੧. ਜੋਤਿ, ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਲੋਗਾ ਭਰਮਿ ਨ ਭੂਲਹੁ ਭਾਈ ॥
[੧]ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ[੨] ਮਾਟੀ ਕੇ ਭਾਂਡੇ ਨ ਕਛੁ ਪੋਚ ਕੁੰਭਾਰੈ[੩] ॥
ਸਭ ਮਹਿ ਸਚਾ ਏਕੋ ਸੋਈ ॥
ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ ੩ ॥

[ਪ੍ਰਭਾਤੀ ਕਬੀਰ ਜੀ–੧੩੪੯

ਤਦੇ ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ :–

ਜਿਮੀ[੪] ਜਮਾਨ[੫] ਕੇ ਬਿਖੈ ਸਮਸਤ[੬] ਏਕ ਜੋਤ ਹੈ ॥
ਨ ਘਾਟ ਹੈ ਨਾ ਬਾਢ[੭] ਹੈ ਨ ਘਾਟ ਬਾਢ ਹੋਤ ਹੈ ॥

[ਅਕਾਲ ਉਸਤਤ, ਪਾ: ੧੦

ਗੁਰੂ ਨਾਨਕ ਸਾਹਿਬ ਜੀ ਦਸਦੇ ਹਨ ਕਿ ਇਹ ਜੋਤ ਸਾਰਿਆਂ ਵਿਚ ਹੈ। ਇਸੇ ਜੋਤ ਦੇ ਚਾਨਣੇ ਕਰਕੇ ਹੀ ਸਾਰਿਆਂ ਵਿਚ ਚਾਨਣਾ ਹੁੰਦਾ ਹੈ, ਜੀਵਨ ਮਿਲਦਾ ਹੈ ਅਤੇ ਇਹ ਜੋਤ ਗੁਰੂ ਦੇ ਉਪਦੇਸ਼ ਦੁਆਰਾ ਪ੍ਰਗਟ ਹੁੰਦੀ ਹੈ :–

'ਸਭਿ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰਸਾਖੀ ਜੋਤਿ ਪਰਗਟੁ ਹੋਇ ॥'

[ਧਨਾਸਰੀ ਮ: ੧–੧੩

ਸਾਡੇ ਮਨ ਇਸੇ ਜੋਤ ਦਾ ਹੀ ਸਰੂਪ ਅਰਥਾਤ ਪ੍ਰਕਾਸ਼-ਰੂਪ ਹਨ :–

'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥'

[ਆਸਾ ਮ: ੩–੪੪੧

---

੧. ਰਬ ਖਲਕਤ ਵਿਚ ਹੈ, ਤੇ ਖਲਕਤ ਰਬ ਵਿਚ ਹੈ, ਅਰਥਾਤ ਸਾਰੇ ਕਰਤਾਰ ਹੀ ਕਰਤਾਰ ਰਮਿਆ ਹੋਇਆ ਹੈ
੨. ਨੁਕਸ
੩. ਘੁਮਿਆਰ, ਘੜਨਹਾਰ (ਵਾਹਿਗੁਰੂ)
੪. ਧਰਤੀ
੫. ਆਸਮਾਨ
੬. ਸਾਰੇ
੭. ਵੱਧ

Sri Satguru Jagjit Singh Ji eLibrary NamdhariElibrary@gmail.com

ਇਹ ਜੋਤ ਜੇ ਸਰੀਰਾਂ ਵਿਚ ਨਾ ਹੋਵੇ ਤਾਂ ਸਰੀਰ ਵਜੂਦ ਵਿਚ ਆ ਹੀ ਨਹੀਂ ਸਕਦੇ :–

'ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥ ਹਰਿ ਜੋਤਿ ਰਖੀ
ਤੁਧੁ ਵਿਚਿ ਤਾ ਤੂ ਜਗਿ ਮਹਿ ਆਇਆ ॥'

[ਰਾਮਕਲੀ ਮ: ੩, ਅਨੰਦ–੯੨੧

ਅਤੇ

'ਜੀਅ ਪ੍ਰਾਨ ਕੀਏ ਜਿਨਿ ਸਾਜਿ ॥
ਮਾਟੀ ਮਹਿ ਜੋਤਿ ਰਖੀ ਨਿਵਾਜਿ ॥'

[ਗੋਂਡ ਮ: ੫–੮੬੨

ਅਤੇ

'ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥'

[ਮਾਰੂ ਮ: ੧–੧੦੩੬

ਭੱਟਾਂ ਦੇ ਸਵੱਯੇ ਮਹਲਾ ਪੰਜਵੇਂ ਵਿਚ, ਭੱਟਾਂ ਨੇ ਗੁਰੂ ਅਰਜਨ ਸਾਹਿਬ ਦਾ ਸਰੂਪ ਇਉਂ ਦਰਸਾਇਆ ਹੈ :–

'ਧਰਨਿ[੧] ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ[੨] ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ ਪਰਤਖੁ ਹਰਿ ॥'†

[ਸਵਈਏ ਮਹਲੇ ਪੰਜਵੇ ਕੇ–੧੪੦੯

੧. ਗੁਰੂ ਹੀ ਧਰਤ, ਆਸਮਾਨ ਅਤੇ ਸਾਰੇ ਜਹਾਨ ਵਿਚ ਹਰੀ ਜੋਤ ਹੋ ਕੇ ਵਰਤ ਰਿਹਾ ਹੈ
੨. ਆਖਦਾ ਹੈ ਮਥੁਰਾ ਭੱਟ

† ਜੋਤ ਸਰੂਪ ਦੀ ਪ੍ਰੋੜ੍ਹਤਾ ਲਈ ਅਜੋਕੇ ਸਮੇਂ ਦਾ ਇਕ ਦ੍ਰਿਸ਼ਟਾਂਤ ਵੀ ਇਥੇ ਦਰਜ ਕਰਨਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ । ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੜਦਿਆਂ, ਦਰਸ਼ਨੀ ਡਿਉਢੀ ਦੇ ਬਾਹਰਵਾਰ ਖੱਬੇ ਹੱਥ ਨੂੰ ਉਪਰ ਜੇਹੇ ਕਰਕੇ ਸਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ :—

ੴ

"ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੁਦਰਤੀ ਚਮਤਕਾਰ – →

Sri Satguru Jagjit Singh Ji eLibrary NamdhariElibrary@gmail.com

ਇਹ ਪ੍ਰਕਾਸ਼ ਪ੍ਰਭੂ ਦਾ ਹੀ ਨੂਰ ਹੈ; ਹੋਂਦ ਦਾ ਹੀ ਧਾਰਿਆ ਹੋਇਆ ਹੈ, ਉਸ ਹੋਂਦ ਦਾ ਹੀ ਨਿਸ਼ਾਨ ਹੈ। ਇਸ ਜੋਤ ਸਰੂਪ ਵਿਚ ਉਸ ਦੀ ਅਸਲ ਹੋਂਦ ਨਿਵਾਸ ਕਰਦੀ ਹੈ ਅਰਥਾਤ ਜੋਤ ਅਤੇ ਹੋਂਦ ਅਨਿੱਖੜ ਹਨ। ਕਈਆਂ ਦਾ ਵਿਚਾਰ ਹੈ ਕਿ 'ਹੋਂਦ' ਦਾ ਕੋਈ ਨਿਸ਼ਾਨ ਨਹੀਂ ਹੈ। ਇਹ ਇਕ ਭੁਲ ਹੀ ਹੈ। ਜਿਥੇ ਪ੍ਰਮਾਤਮਾ ਦੀ ਹੋਂਦ ਹੈ, ਉਥੇ ਅਨ੍ਹੇਰਾ ਨਹੀਂ ਰਹਿ ਸਕਦਾ। ਅਸਲ ਵਿਚ ਅਨ੍ਹੇਰਾ ਇਸ ਪ੍ਰਕਾਸ਼ ਨਾਲ ਹੀ ਚੁਕਿਆ ਜਾਂਦਾ ਹੈ। ਇਹ ਪ੍ਰਕਾਸ਼ ਜੀਵ-ਆਤਮਾ ਦੇ ਵੇਖਣ ਵਿਚ ਉਦੋਂ ਆਉਂਦਾ ਹੈ ਜਦੋਂ ਉਸ ਦਾ ਮਾਇਆ-ਜਾਲ ਟੁਟਦਾ ਹੈ ਤੇ ਉਸ ਨੂੰ ਦਿੱਬ-ਨੇਤਰ ਪ੍ਰਾਪਤ ਹੁੰਦੇ ਹਨ। ਇਨ੍ਹਾਂ ਸਥੂਲ ਨੇਤਰਾਂ ਨਾਲ ਉਸ ਪ੍ਰਕਾਸ਼ ਨੂੰ ਨਹੀਂ ਵੇਖਿਆ ਜਾ ਸਕਦਾ। ਇਸ ਤਰ੍ਹਾਂ ਇਹ ਪ੍ਰਕਾਸ਼ ਤਿੰਨਾਂ ਗੁਣਾਂ ਤੋਂ ਕੋਈ ਉਪਰਲੀ ਵਸਤੂ ਹੈ। ਵਾਹਿਗੁਰੂ ਜੀ ਦੀ ਪੂਰਨ ਹੋਂਦ ਬਣਦੀ ਹੀ ਉਦੋਂ ਹੈ ਜਦੋਂ ਇਹ ਭਾਨ ਉਦੈ ਹੋ ਜਾਂਦਾ ਹੈ। ਇਸ ਭਾਨ ਦੀ ਕ੍ਰੋੜਾਂ ਸੂਰਜਾਂ ਨਾਲੋਂ ਵੀ ਵੱਧ ਰੋਸ਼ਨੀ ਹੈ :–

'ਕੋਟਿ ਸੂਰ ਜਾ ਕੈ ਪਰਗਾਸ ॥'

[ਭੈਰਉ ਕਬੀਰ ਜੀਉ–੧੧੬੨

ਹਾਂ ਜੀ, ਸੂਰਜ ਆਪ ਉਸ ਤੋਂ ਰੋਸ਼ਨੀ ਲੈਂਦੇ ਹਨ ਤਦੇ ਤਾਂ ਦਸਮ ਪਿਤਾ ਜੀ ਨੇ ਕਿਹਾ ਹੈ :–

---

← ਸਭਨਾਂ ਦੀ ਗਯਾਤ ਲਈ ਦੱਸਿਆ ਜਾਂਦਾ ਹੈ ਕਿ ਸ੍ਰੀ ਹਰਿਮੰਦ੍ਰ ਸਾਹਿਬ ਜੀ ਵਿਚ ੩੦ ਅਪ੍ਰੈਲ ੧੯੭੭ ਸਵੇਰ ਦੇ ੪–੩੦ ਵਜੇ ਇਕ ਅਜਬ ਖੇਲ ਵਰਤਿਆ। ਕੋਈ ਚਾਰ ਕੁ ਸੌ ਪ੍ਰੇਮੀ ਸ੍ਰੀ ਹਰਿਮੰਦ੍ਰ ਸਾਹਿਬ ਜੀ ਵਿਚ ਕੀਰਤਨ ਦਾ ਅਨੰਦ ਲੈ ਰਹੇ ਸਨ–ਜਦ ਕੇ ਅਚਨਚੇਤੀ ਹੀ ਬਿਜਲੀ ਦੀ ਲਿਸ਼ਕ ਦਿਸੀ–

ਉਹ ਇੱਕ ਵੱਡੀ ਰੌਸ਼ਨੀ ਦੀ ਸਕਲ ਵਿਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿਚੋਂ ਆਈ ਠੀਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਾਹਮਣੇ ਗੋਲਾ ਜਿਹਾ ਬਣ ਕੇ ਫਟੀ ਅਤੇ ਚਾਨਣ ਹੀ ਚਾਨਣ ਕਰਕੇ ਦਖਣੀ ਦਰਵਾਜ਼ੇ ਥਾਣੀ ਇਕ ਰੋਸ਼ਨੀ ਦੀ ਲੀਕ ਹੋ ਕੇ ਨਿਕਲ ਗਈ–

ਭਾਵੇਂ ਇਸ ਦੇ ਫਟਣ ਸਮੇਂ ਬੜੀ ਭਿਆਨਕ ਤੇ ਜ਼ੋਰ ਦੀ ਅਵਾਜ਼ ਆਈ ਪਰ ਅੰਦ੍ਰ ਬੈਠੇ ਕਿਸੇ ਪ੍ਰੇਮੀ–ਅਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨ ਪੁਜਾ–

ਇਸ ਅਲੌਕਿਕ ਦ੍ਰਿਸ਼ਯ ਨੂੰ ਸਭ ਲੋਕੀ ਸ੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਕੌਤਕ ਦੱਸਦੇ ਹਨ।''

Sri Satguru Jagjit Singh Ji eLibrary NamdhariElibrary@gmail.com

'ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ।।'

[ਜਾਪੁ ਸਾਹਿਬ

ਇਹ ਸੂਰਜ ਰੋਸ਼ਨੀ ਦੇ ਨਾਲ ਤਪਸ਼ ਨਹੀਂ ਦਿੰਦਾ। ਇਸ ਦੀ ਰੋਸ਼ਨੀ ਠੰਢਕ ਦਿੰਦੀ ਹੈ, ਤਪਦਿਆਂ ਨੂੰ ਠਾਰਨਹਾਰ ਹੈ, ਚੰਚਲ ਮਨਾਂ ਨੂੰ ਸ਼ਾਂਤ ਕਰਨ ਵਾਲੀ ਹੈ ਅਤੇ ਚੰਦ ਤੋਂ ਕਿਤੇ ਵੱਧ ਅਨੰਦਦਾਈ ਹੈ। ਦਿੱਬ-ਨੇਤਰ ਵੀ ਇਸ ਜੋਤਨਾ ਨਾਲ ਹੀ ਖੁਲ੍ਹਦੇ ਹਨ, ਨਹੀਂ ਤਾਂ ਅਨ੍ਹੇਰੇ ਵਿਚ ਭਲਾ ਕੀ ਦਿਸਣਾ ਹੋਇਆ। ਤਿੰਨਾਂ ਲੋਕਾਂ ਦੀ ਗੰਮਤਾ ਇਸ ਸਦਕੇ ਹੀ ਸੰਭਵ ਹੈ। ਪੂਰਨ ਚੇਤੰਨਤਾ ਪ੍ਰਾਪਤ ਹੋਣ ਦੀ ਇਹੋ ਹੀ ਨਿਸ਼ਾਨੀ ਹੈ। ਇਸ ਤੋਂ ਬਿਨਾਂ ਪੂਰਨ ਹੋਂਦ ਬਣ ਗਈ ਸਮਝ ਲੈਣਾ, ਇਕ ਭਰਮ ਹੀ ਹੈ। ਇਹ ਤੇਜਮਈ ਪ੍ਰਕਾਸ਼ ਹੀ ਪ੍ਰਭੂ-ਹੋਂਦ ਦਾ ਗਿਆਨ ਹੈ ਜੋ ਮਨ ਦੀਆਂ ਮੈਲਾਂ ਪੂਰੀ ਤਰ੍ਹਾਂ ਕੱਟ ਕੇ ਪ੍ਰਭੂ-ਹੋਂਦ ਤੋਂ ਕੋਰੇ ਹਿਰਦੇ ਨੂੰ ਰੋਸ਼ਨ ਕਰਦਾ ਹੈ। ਇਹ ਸਰੀਰਾਂ ਨਾਲੋਂ ਵੱਖਰੀ ਇਕ ਸੂਖਮ ਵਸਤੂ ਹੈ। ਗੁਰੂ ਜੀ ਇਸ ਦੁਆਰਾ ਅਗਿਆਨਤਾ ਰੂਪੀ ਭਰਮ ਦਾ ਨਾਸ ਹੁੰਦਾ ਇਉਂ ਦਸਦੇ ਹਨ :—

'ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ ।।
ਕਾਟੀ ਬੇਰੀ ਪਗਹ[1] ਤੇ ਗੁਰਿ ਕੀਨੀ ਬੰਦਿ ਖਲਾਸੁ ।।'

[ਮਾਰੂ ਮ: ੫–੧੦੦੨

ਬੰਦ-ਖਲਾਸੀ ਸਹੀ ਅਰਥਾਂ ਵਿਚ ਜੋਤ ਦੇ ਪ੍ਰਗਾਸ ਨਾਲ ਹੀ ਹੁੰਦੀ ਹੈ। ਇਹੋ ਨਾਮ ਦਾ ਪ੍ਰਕਾਸ਼ ਹੈ, ਇਹੋ ਨਾਮ ਹੈ :–

'ਬਸਤੁ ਅਗੋਚਰ ਪਾਈ ।।
ਘਟਿ ਦੀਪਕੁ ਰਹਿਆ ਸਮਾਈ ।।'

[ਸੋਰਠਿ ਕਬੀਰ ਜੀ–੬੫੪

ਪ੍ਰਭੂ ਮੇਲ ਦੀ ਅੰਤਲੀ ਅੱਵਸਥਾ ਜੀਵ ਦੀ ਜੋਤ ਦਾ ਵਿਆਪਕ ਪ੍ਰਭੂ-ਜੋਤ ਨਾਲ ਮਿਲ ਜਾਣਾ ਹੀ ਲਿਖਿਆ ਹੈ :–

---

੧. ਪੈਰਾਂ ਤੋਂ

Sri Satguru Jagjit Singh Ji eLibrary NamdhariElibrary@gmail.com

'ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥'

[ਤੁਖਾਰੀ ਮ: ੧–੧੧੧੧

ਅਤੇ

'ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥'

[ਬਿਲਾਵਲੁ ਮ: ੫–੮੪੬

ਨਿਰੰਕਾਰ ਜੀ ਨੇ ਜੋਤਿ ਰੂਪੀ ਆਪਣਾ ਨਿਜ-ਰੂਪ ਇਕ ਤੋਂ ਅਨੇਕ ਹੋਣ ਸਮੇਂ ਹੀ ਧਾਰਿਆ । ਰਚਨਾ ਤੋਂ ਪਹਿਲੋਂ ਦੀ ਅੱਵਸਥਾ ਦਾ ਵਰਣਨ ਤਾਂ ਗੁਰਬਾਣੀ ਵਿਚ ਇਉਂ ਹੋਇਆ ਹੈ :–

'ਆਪਣਾ ਆਪੁ ਉਪਾਇਓਨੁ ਤਦਹੁ ਹੋਰ ਨ ਕੋਈ ॥
ਮਤਾ[1] ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ ॥
ਤਦਹੁ ਆਕਾਸੁ ਨ ਪਾਤਾਲੁ ਹੈ ਨ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨ ਓਪਤਿ[2] ਹੋਈ ॥
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ।'

[ਪਉੜੀ, ਵਾਰ ਗੂਜਰੀ ਮ: ੩–੫੦੯

ਅਤੇ

'ਜਹ[3] ਨਿਰਮਲ ਪੁਰਖ [4]ਪੁਰਖ ਪਤਿ ਹੋਤਾ ॥
[5]ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥
ਜਹ ਨਿਰੰਜਨ ਨਿਰੰਕਾਰ ਨਿਰਬਾਨ[6] ॥
ਤਹ ਕਉਨ[7] ਕਉ ਮਾਨ ਕਉਨ ਅਭਿਮਾਨ[8] ॥
ਜਹ ਸਰੂਪ ਕੇਵਲ ਜਗਦੀਸ ॥
ਤਹ ਛਲ ਛਿਦ੍ਰ[9] ਲਗਤ ਕਹੁ ਕੀਸ[10] ॥

---

੧. ਸਲਾਹ-ਮਸ਼ਵਰਾ
੨. ਸ੍ਰਿਸ਼ਟੀ, ਰਚਨਾ
੩. ਜਦੋਂ
੪. ਪੁਰਖਾਂ ਦਾ ਪਤੀ, ਸ਼ਰੋਮਣੀ ਪੁਰਖ, ਵਾਹਿਗੁਰੂ
੫. ਤਾਂ ਬਿਨਾਂ ਮੈਲ ਦੇ ਹੁੰਦਾ ਹੋਇਆ ਮੈਲ ਕਿਹੜੀ ਧੋਂਦਾ ਸੀ, ਪਾਪ ਪੁੰਨ ਦਾ ਭਾਵ ਨਹੀਂ ਸੀ
੬. ਨਿਰਲੇਪ
੭. ਕਿਸ ਨੂੰ
੮. ਅਪਮਾਨ
੯. ਪਾਪ
੧੦. ਕਿਸ ਨੂੰ ?

Sri Satguru Jagjit Singh Ji eLibrary NamdhariElibrary@gmail.com

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥
ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥
ਕਰਨ ਕਰਾਵਨ ਕਰਨੈਹਾਰੁ ॥
ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥'

[ਗਉੜੀ ਸੁਖਮਨੀ ਮ:–੨੯੧

ਅਤੇ

ਅਰਬਦ[੧] ਨਰਬਦ[੨] ਧੁੰਧੂਕਾਰਾ ॥ [੩]ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਨਿ[੪] ਨ ਚੰਦੁ ਨ ਸੂਰਜੁ ਸੁੰਨ[੫] ਸਮਾਧਿ ਲਗਾਇਦਾ ॥ ੧ ॥
[੬]ਖਾਣੀ ਨ ਬਾਣੀ ਪਉਣ ਨ ਪਾਣੀ ॥ [੭]ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ[੮] ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥ ੨ ॥
ਨ ਤਦਿ ਸੁਰਗੁ ਮਛੁ[੯] ਪਇਆਲਾ[੧੦] ॥ [੧੧]ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥ ੩ ॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥ ੪ ॥
ਨਾ ਤਦਿ ਜਤੀ ਸਤੀ ਬਨਵਾਸੀ ॥ [੧੨]ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ[੧੩] ਭੇਖੁ ਨ ਕੋਈ ਨਾ ਕੋ ਨਾਥੁ[੧੪] ਕਹਾਇਦਾ ॥ ੫ ॥
ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥

---

੧. ਕਈ ਅਰਬ
੨. (ਨ-ਅਰਬਦ ਅਰਬਾਂ ਤੋਂ ਪਰੇ, ਬੇਅੰਤ । ਬਹੁਤ ਸਮਾਂ ਅਨ੍ਹੇਰਾ ਸੀ
੩. ਉਦੋਂ ਨਾ ਧਰਤੀ ਸੀ ਤੇ ਨਾ ਅਕਾਸ਼ ਸੀ, ਕੇਵਲ ਬੇਅੰਤ ਹੁਕਮ ਹੀ ਵਰਤ ਰਿਹਾ ਸੀ
੪. ਰਾਤ
੫. ਅਫੁਰ ਸਮਾਧੀ
੬. ਨਾ ਉਦੋਂ ਜੀਵਾਂ ਦੀ ਕੋਈ ਖਾਣੀ ਸੀ ਨਾ ਉਨ੍ਹਾਂ ਦੀ ਬੋਲੀ ਸੀ (ਖਾਣੀਆਂ ਚਾਰ ਹਨ ਅੰਡਿਆਂ ਤੋਂ ਪੈਦਾ ਹੋਏ ਜੀਵ,ਜੇਰ ਤੋਂ ਪੈਦਾ ਹੋਏ, ਮੁੜ੍ਹਕੇ ਤੋਂ ਪੈਦਾ ਹੋਏ ਅਤੇ ਧਰਤੀ ਵਿਚੋਂ ਪੈਦਾ ਹੋਏ ਜੀਵ ਤੇ ਬਨਸਪਤੀ)
੭. ਨਾ ਪੈਦਾਇਸ਼ ਨਾ ਮੌਤ
੮. ਸੱਤ
੯. ਮਾਤ ਲੋਕ
੧੦. ਪਾਤਾਲ
੧੧. ਨਾ ਨਰਕ ਸੁਰਗ ਸਨ ਅਤੇ ਨਾ ਹੀ ਖੈ (ਨਾਸ) ਕਰਨ ਵਾਲਾ ਕਾਲ
੧੨. ਉਦੋਂ ਨਾ ਕੋਈ ਔਖੀਆਂ ਕਮਾਈਆਂ ਕਰਨ ਵਾਲੇ ਸਾਧੂ ਸਨ, ਅਤੇ ਨਾ ਸੁਖ-ਰਹਿਣੇ ਭੋਗੀ ਸਨ
੧੩. ਸ਼ੈਵ ਮਤ ਦਾ ਫਿਰਕਾ
੧੪. ਜੋਗੀਆਂ ਦਾ ਗੁਰੂ

Sri Satguru Jagjit Singh Ji eLibrary NamdhariElibrary@gmail.com

ਆਪੇ ਆਪਿ ਉਪਾਏ ਵਿਗਸੈ ਆਪੇ ਕੀਮਤਿ ਪਾਇਦਾ ॥ ੬ ॥
ਨ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸ ਵਜਾਇਦਾ ॥ ੭ ॥
ਕਰਮ ਧਰਮ[1] ਨਹੀ ਮਾਇਆ ਮਾਖੀ[2] ॥ ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥ ੮ ॥
ਨਿੰਦੁ ਬਿੰਦੁ[3] ਨਹੀ ਜੀਉ ਨ ਜਿੰਦੋ ॥ ਨ ਤਦਿ ਗੋਰਖੁ ਨ ਮਾਛਿੰਦੋ ॥
ਨ ਤਦਿ ਗਿਆਨੁ ਧਿਆਨੁ ਕੁਲ ਓਪਤਿ ਨ ਕੋ ਗਣਤ[4] ਗਣਾਇਦਾ ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥
ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥
ਭਾਉ ਨ ਭਗਤੀ ਨ ਸਿਵ ਸਕਤੀ ॥ ਸਾਜਨੁ ਮੀਤੁ [5]ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਇਹੋ ਭਾਇਦਾ ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ[6] ਨਹੀ ਆਸਤ[7] ॥
ਕਹਤਾ ਬਕਤਾ[8] ਆਪਿ ਅਗੋਚਰੁ[9] ਆਪੇ ਅਲਖੁ ਲਖਾਇਦਾ ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ[10] ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥

---

੧. ਕਰਮ ਕਾਂਡ
੨. ਮਾਇਆ ਰੂਪੀ ਮੱਖੀ
੩. ਬਿੰਦਣਾ, ਕਿਸੇ ਨੂੰ ਰੱਦ ਕਰਨਾ। ਨਾ ਨਿੰਦਣਾ ਸੀ, ਨਾ ਬਿੰਦਣਾ ਸੀ
੪. ਕਰਮਾ ਧਰਮਾਂ ਦੀਆਂ ਗਿਣਤੀਆਂ
੫. ਪਿਤਾ ਦਾ (ਵੀਰਜ) ਬੂੰਦ ਅਤੇ ਮਾਤਾ ਦੀ ਰਕਤ (ਜਿਨ੍ਹਾਂ ਦੇ ਮੇਲ ਤੋਂ ਜੀਵ ਬਣਦਾ ਹੈ) ਨਹੀਂ ਸਨ
੬. ਸੂਰਜ ਦਾ ਚੜ੍ਹਨਾ
੭. ਛਿਪਣਾ
੮. ਬੋਲਣ ਵਾਲਾ
੯. ਇੰਦ੍ਰੀਆਂ ਰਾਹੀਂ ਨ ਜਾਣਿਆ ਜਾਣ ਵਾਲਾ
੧੦. ਫੈਲਾ, ਰਚਨਾ; ਰਚਨਾ ਨੂੰ ਬਿਨਾਂ ਕਲਾ ਦੇ ਕਾਇਮ ਰਖਿਆ ਹੋਇਆ ਹੈ

Sri Satguru Jagjit Singh Ji eLibrary NamdhariElibrary@gmail.com

ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥ ੧੬ ॥
[ਮਾਰੂ ਮ: ੧–੧੦੩੫

ਇਸ ਅੱਵਸਥਾ ਬਾਰੇ ਜਦੋਂ ਨਿਰੰਕਾਰ ਆਪਣੇ ਆਪ ਵਿਚ ਹੀ ਸੀ, ਯਥਾ :—

'ਸਾਚਾ ਨਿਰੰਕਾਰੁ ਨਿਜ ਥਾਇ ॥'
[ਸ੍ਰੀ ਰਾਗ ਮ: ੧–੧੪

ਕੋਈ ਕੁਝ ਨਹੀਂ ਕਹਿ ਸਕਦਾ ਕਿ ਉਹ ਕੀ ਸੀ :—

'ਨਿਰਾਧਾਰ ਨਿਰੰਕਾਰੁ ਨ ਅਲ ਖੁ ਲਖਾਇਆ ॥'
[ਵਾਰ ੨੨ ਪਉੜੀ ੧, ਭਾਈ ਗੁਰਦਾਸ ਜੀ

ਗੁਰੂ ਜੀ ਦੀ ਬਖਸ਼ੀ ਹੋਈ ਸੋਝੀ ਰਾਹੀਂ ਇੰਨਾ ਹੀ ਆਖ ਸਕਦੇ ਹਾਂ ਕਿ ਅਕਾਲ ਪੁਰਖ ਦਾ ਪਹਿਲਾ ਸਰੂਪ ਨਿਰੰਕਾਰ ਦਾ ਸੀ। ਇਸ ਤਰ੍ਹਾਂ ਇਸ ਅੱਵਸਥਾ ਵਿਚ ਉਸ ਨੂੰ 'ਹੋਂਦ' ਸਰੂਪ ਦੇਣਾ ਵੀ ਪੂਰੀ ਗੱਲ ਨਹੀਂ ਬਣਦੀ। 'ਹੋਂਦ' ਤਾਂ ਮਨ ਦੇ ਅਹਿਸਾਸ ਵਿਚ ਆਉਣ ਵਾਲੀ ਸ਼ੈ ਹੈ ਜੋ ਅਨੇਕਤਾ ਦੀ ਰਚਨਾ ਤੋਂ ਬਾਅਦ ਦੀ ਗੱਲ ਹੈ। ਜਦੋਂ ਅਸੱਤ ਹੋਇਆ ਨਾਲ ਸੱਤ ਵੀ ਆਖਣ ਤੇ ਸਮਝਣ ਵਿਚ ਆਇਆ ਅਤੇ ਸਤਿ ਵਾਹਿਗੁਰੂ ਦਾ ਮਨ ਦੁਆਰਾ ਅਨੁਭਵ ਵੀ ਹੋਣਾ ਸੰਭਵ ਹੋਇਆ। ਇਸੇ ਤਰ੍ਹਾਂ ਹੀ 'ਇਕ' ਹੈ, ਅਨੇਕਤਾ ਹੋਣ ਤੇ ਹੀ ਇਕ ਆਖਣ ਵਿਚ ਆਉਂਦਾ ਹੈ, ਨਹੀਂ ਤਾਂ ਉਸ ਨੂੰ ਇਕ ਵੀ ਆਖਣਾ ਢੁਕਦਾ ਨਹੀਂ।

ਇਸ ਅੱਵਸਥਾ ਵਿਚੋਂ ਜਦ ਨਿਰੰਕਾਰ ਜੀ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਵਿਚਾਰ ਕੀਤੀ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਏਕੰਕਾਰ ਦਾ ਸਰੂਪ ਦਿਤਾ ਤੇ ਇਸ ਸ਼ਬਦ-ਬ੍ਰਹਮ, ਨਾਮ, 'ਹੋਂਦ', ਦੇ ਰੂਪ ਵਿਚ ਵਿਆਪਕ ਹੋ ਕੇ ਸਭ ਰਚਨਾ ਸਾਜੀ :—

'ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥

Sri Satguru Jagjit Singh Ji eLibrary NamdhariElibrary@gmail.com

'ਆਦਿ ਪੁਰਖੁ ਅਬਿਗਤ ਅਬਿਨਾਸੀ ॥ ਲੋਕ ਚੱਤ੍ਰਦਸ ਜੋਤਿ ਪ੍ਰਕਾਸੀ ॥'

[ਅਕਾਲ ਉਸਤਤਿ, ਪਾ: ੧੦

ਅਤੇ

'ੴਅੰਕਾਰ ਆਦਿ ॥ ਕਥਨੀ ਅਨਾਦਿ ॥'

ਅਤੇ

'ੴਅੰ ਆਦਿ ਰੂਪੇ ॥ ਅਨਾਦਿ ਸਰੂਪੇ ॥'

[ਜਾਪ ਸਾਹਿਬ

ਅਤੇ

'ੴਅੰਕਾਰਿ ਸਭ ਸ੍ਰਿਸਟਿ ਉਪਾਈ ॥'

[ਮਾਰੂ ੩-੧੦੬੧

ਅਤੇ

'ੴਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥

[ਮਾਰੂ ਮ: ੫-੧੦੦੩

| †ਆਸਾ ਦੀ ਵਾਰ ਵਿਚ :- | ਵਾਰਾਂ ਭਾਈ ਗੁਰਦਾਸ ਜੀ ਵਿਚ:- |
|---|---|
| ੧. ਆਪੀਨੈ੍ ਆਪੁ ਸਾਜਿਓ-੧ | ਗੁਰਮੁਖਿ ਏਕੰਕਾਰੁ ਆਪਿ ਉਪਾਇਆ-੧ |
| ਆਪੀਨੈ੍ ਰਚਿਓ ਨਾਉ-ੴ | ੴਅੰਕਾਰਿ ਅਕਾਰੁ ਪਰਗਟੀ ਆਇਆ-ੴ |
| ੨. ਦੁਯੀ ਕੁਦਰਤਿ ਸਾਜੀਐ-ਸ੍ਰਿਸ਼ਟੀ | |
| ਕਰਿ ਆਸਣੁ ਡਿਠੋ ਚਾਉ-ਦ੍ਰਿਸ਼ਟਾ [ਪਉੜੀ-੪੬੩ | |
| | ਪੰਜ ਤਤ ਵਿਸਥਾਰੁ ਚਲਤੁ ਰਚਾਇਆ<br>ਖਾਣੀ ਬਾਣੀ ਚਾਰਿ ਜਗਤੁ ਉਪਾਇਆ } ਸ੍ਰਿਸ਼ਟੀ |
| | [ਵਾਰ ੧੯, ਪਉੜੀ ੧ |

†ਇਹ ਵਿਆਖਿਆ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਪੁਸਤਕ 'ਸੰਥਯਾ' ਸ੍ਰੀ ਗੁਰੂ ਗਰੰਥ ਸਾਹਿਬ' (ਪਹਿਲੀ ਪੋਥੀ) ਵਿਚੋਂ ਪੰਨਾ ੫ ਤੇ ੩੧ ਤੋਂ ਲਈ ਗਈ ਹੈ।

Sri Satguru Jagjit Singh Ji eLibrary NamdhariElibrary@gmail.com

ਅਤੇ

| | |
|---|---|
| *ਵਾਰਾਂ ਭਾਈ ਗੁਰਦਾਸ ਜੀ ਵਿਚ :– | ਜਪੁ ਜੀ ਵਿਚ |
| ਏਕਾ ਏਕੰਕਾਰੁ ਲਿਖਿ ਦੇਖਾਲਿਆ ॥ | ੧ |
| ਊੜਾ ਓਅੰਕਾਰੁ ਪਾਸਿ ਬਹਾਲਿਆ ॥ | ਓ |
| ਸਤਿਨਾਮੁ ਕਰਤਾਰ ਨਿਰਭਉ ਭਾਲਿਆ ॥ | ਸਤਿਨਾਮੁ, ਕਰਤਾ ਪੁਰਖੁ, ਨਿਰਭਉ |
| ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ ॥ | ਨਿਰਵੈਰੁ ਅਕਾਲ ਮੂਰਤਿ ਅਜੂਨੀ |
| ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ ॥ | ਸੈਭੰ |

[ਵਾਰ ੩, ਪਉੜੀ ੧੫

ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ 'ਸੈਭੰ' ਦੇ ਅਰਥ ਇਉਂ ਕੀਤੇ ਹਨ :—

(ਸੈਭੰ)—(ਸੰਸ : ਸ੍ਵਯੰ, ਸ੍ਵ=ਆਪਣਾ ਆਪ, ਆਪਣੇ ਆਪ ।

'ਸ੍ਵ' ਦਾ ਪੰਜਾਬੀ ਰੂਪ ਹੈ = ਸੈ। ਭਾ = ਦੀਪਤੌ, ਭਾ ਦਾ ਅਰਥ ਹੈ ਪ੍ਰਕਾਸ਼। ਭਾ ਦਾ ਹੀ ਬਣਿਆ ਹੈ : ਭੰ = ਪ੍ਰਕਾਸ਼।

ਭਾਈ ਗੁਰਦਾਸ ਜੀ ਦੀ ਉਕਤ ਤੁਕ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ 'ਜੋਤਿ' ਏਕੰਕਾਰ ਦਾ ਹੀ ਸਚਾ ਨਿਸ਼ਾਨ ਹੈ, ਭਾਵ ਅਕਾਲ ਮੂਰਤਿ ਹੈ; ਸਦਾ 'ਸਤਿ' ਸਰੂਪ ਹੈ ਅਤੇ ਇਸ ਦਾ ਪਾਰਾਵਾਰ ਜਾਂ ਅੰਤ ਨਹੀਂ ਪਾਇਆ ਜਾ ਸਕਦਾ । ਇਹ ਨਿਰੰਕਾਰ ਜੀ ਨੇ ਆਪਣੇ ਆਪ ਨੂੰ ਹੀ ਸਾਜਿਆ ਪ੍ਰਗਟਾਇਆ ਹੈ । ਇਸ ਨੂੰ ਆਪਣੀ 'ਹੋਂਦ' ਦਾ ਸਰੂਪ ਦੇ ਕੇ ਆਪਣਾ ਨਿਸ਼ਾਨ ਕਾਇਮ ਕੀਤਾ ਹੈ । ਇਹ ਨਿਰੰਜਨੀ ਜੋਤ ਹੈ ਜੋ ਤਿੰਨਾਂ ਗੁਣਾਂ ਤੋਂ ਪਰੇ ਹੈ। ਇਹ ਨਿਰੰਕਾਰ ਜੀ ਦਾ ਏਕੰਕਾਰ ਰੂਪ ਹੈ ਜੋ ਹੋਂਦ-ਰੂਪ ਹੋ ਕੇ ਸਾਰੇ ਫੈਲਿਆ ਤੇ ਇਕ ਰਸ ਰਹਿੰਦਾ ਹੈ। ਜੋ 'ਹੈ-ਸਰੂਪ' ਸਦਾ 'ਇਕ' ਹੈ, ਕਰਤਾ ਪੁਰਖੁ ਹੈ, ਅਕਾਲ ਮੂਰਤਿ ਹੈ, ਸੈਭੰ ਹੈ ਤੇ ਇਸ ਤਰ੍ਹਾਂ, ਪੂਰਨ ਚੇਤਨ ਹੈ।

ਇਥੇ ਇਕ ਗੱਲ ਨੋਟ ਕਰਨ ਵਾਲੀ ਹੈ। ਨਿਰੰਕਾਰ ਜੀ ਨੇ ਆਪਣੇ ਆਪ ਨੂੰ '੧ਓ' ਦਾ ਸਰੂਪ ਦੇ ਕੇ ਆਪਣੇ ਨਿਰੰਕਾਰ ਦੇ ਸਰੂਪ ਨੂੰ ਗਵਾ ਨਹੀਂ

*ਵੇਖੋ ਪਿਛਲੇ ਪੰਨੇ ਦਾ ਫੁਟ ਨੋਟ

Sri Satguru Jagjit Singh Ji eLibrary NamdhariElibrary@gmail.com

ਲਿਆ ਸਗੋਂ ਉਹ ਓਵੇਂ ਕਿਵੇਂ ਹੈ ਜਿਵੇਂ ਪਹਿਲੋਂ ਸੀ। ਉਸ ਦੇ ਘਟਣ ਵਧਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ; ਘਟਦੀ ਵਧਦੀ ਤਾਂ ਜੇ ਇਹ ਮਿਤ ਵਾਲੀ ਚੀਜ਼ ਹੁੰਦੀ। ਉਹ ਓਵੇਂ ਕਿਵੇਂ ਹੈ। ਇਹ ਤਾਂ ਕਿਹਾ ਹੀ ਨਹੀਂ ਜਾ ਸਕਦਾ ਕਿ ਕਿੰਨਾ ਹੈ। ਉਹ ਬਸ ਉੱਨਾਂ ਹੀ ਹੈ ਜਿੰਨਾ ਹੈ। ਉਸ ਦੇ 'ਏਕੰਕਾਰ' ਦੇ ਸਰੂਪ ਦਾ ਵੀ ਕੋਈ ਲੱਖਣ ਨਹੀਂ ਲਗਦਾ ਉਸ ਦੇ ਬਾਰੇ ਬਸ ਇੰਨਾ ਕਥਨ ਵਿਚ ਆਉਂਦਾ ਹੈ ਕਿ ਉਹ 'ਹੈ' ਤੇ 'ਇਕ' ਹੈ ਤੇ 'ਕਰਤਾ ਪੁਰਖ' ਹੈ। ਬਾਕੀ ਤਾਂ 'ਨੇਤ ਨੇਤ' ਕਹਿ ਕੇ ਗੁਜ਼ਾਰਾ ਹੁੰਦਾ ਹੈ। ਮੂਲ ਮੰਤ੍ਰ ਦਾ ਹੀ ਵਿਸਥਾਰ ਸਾਰਾ ਗੁਰੂ ਗ੍ਰੰਥ ਸਾਹਿਬ ਹੈ। ਜੀਵ-ਦ੍ਰਿਸ਼ਟੀ ਤੋਂ ਜੀਵ ਦਾ ਤਾਂ ਨਿਰੰਕਾਰ ਦੇ ਏਕੰਕਾਰ ਦੇ ਸਰੂਪ ਨਾਲ ਹੀ ਸਬੰਧ ਹੈ :–

'[1]ਏਕ ਨਾਮ ਕੋ ਥੀਓ ਪੂਜਾਰੀ ॥
ਮੋਕਉ ਅਚਰਜੁ ਗੁਰਹਿ ਦਿਖਾਇਓ ॥'

[ਗਉੜੀ ਮ: ੫–੨੦੯

ਨਿਰੰਕਾਰ ਜੀ ਨੇ ਜਿਵੇਂ ਆਪਣਾ ਏਕੰਕਾਰ ਦਾ ਰੂਪ ਪ੍ਰਗਟਾਇਆ ਹੈ, ਤਿਵੇਂ ਉਹ ਹੁਣ ਵੀ ਜਦੋਂ ਚਾਹੁਣ ਆਪਣੇ ਏਕੰਕਾਰ ਦੇ ਰੂਪ ਵਿਚ ਸਭ ਕੁਝ ਸੰਕੋਚ ਕੇ ਪਹਿਲੀ ਹੀ ਗੁਮਨਾਮ ਅੱਵਸਥਾ ਅਖਤਿਆਰ ਕਰ ਸਕਦੇ ਹਨ।

(ੲ) ਸਤਿਨਾਮੁ-ਸਚਾਨਾਮ:–ਸੱਚਾ ਜਾਂ ਖਰਾ ਨਾਮ, ਉਹ ਨਾਮ ਹੈ ਜਿਸ ਦੇ ਜਪਣ ਕਰਕੇ ਗੁਪਤ ਸਤਿਨਾਮ ਜੋ ਅਮੋਲਕ ਰਤਨ ਹੈ, ਪ੍ਰਗਟ ਹੋ ਆਉਂਦਾ ਹੈ। ਇਹ ਉਹ ਬੀਜਣ ਵਾਲਾ ਨਾਮ ਹੈ ਜੋ ਸਰੀਰ ਰੂਪੀ ਧਰਤੀ ਵਿਚ ਬੀਜਿਆ ਜਾਂਦਾ ਹੈ ਅਤੇ ਜਿਸ ਨੂੰ ਮਨ ਬੀਜਦਾ ਹੈ :–

'ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥'

[ਸੋਰਠਿ ਮ: ੧–੫੯੫

੧. ਓਅੰਕਾਰ (ੴ), ਸਤਿਨਾਮੁ। ਹੋਂਦ–ਸਰੂਪੀ ਸ਼ਬਦ-ਬ੍ਰਹਮ ਜਿਸ ਤੋਂ ਰਚਨਾ ਹੋਈ ਤੇ ਜੋ ਰਚਨਾ ਤੋਂ ਪਹਿਲੋਂ ਮੌਜੂਦ ਸੀ—'ਓਅੰਕਾਰ ਆਦਿ ॥ ਕਥਨੀ ਅਨਾਦਿ ॥' ਅਤੇ 'ਓਅੰ ਆਦਿ ਰੂਪੈ ॥''

Sri Satguru Jagjit Singh Ji eLibrary NamdhariElibrary@gmail.com

ਇਹ ਪੂਰੀ ਉਕਤੀ ਜੁਗਤੀ ਨਾਲ ਮਨ ਦੁਆਰਾ ਸਰੀਰ ਵਿਚ ਪ੍ਰੇਮ ਸਹਿਤ ਬੀਜਿਆ ਬਹੁਤ ਫਲਦਾ ਫੁਲਦਾ ਹੈ। ਪਰ ਜੇ ਬੀਜ ਵਿਚ ਹੀ ਕੋਈ ਨੁਕਸ ਹੋਵੇ ਭਾਵ ਖਰਾ ਨਾ ਹੋਵੇ ਤਾਂ ਉਸ ਦੀ ਕਿੰਨੀ ਹੀ ਗੁਡਾਈ ਆਦਿ ਕਰੋ ਉਹ ਵੱਧ ਸੇਵਾ ਲੈ ਕੇ ਵੀ ਨਹੀਂ ਜੰਮਦਾ। ਇਸ ਲਈ ਇਹ ਬੀਜ ਚੰਗੀ ਹੱਟ ਤੋਂ ਲੈਣਾ ਚਾਹੀਦਾ ਹੈ। ਪੂਰੇ ਗੁਰੂ ਤੋਂ ਹੀ ਇਹ ਮੁਰਾਦ ਪੂਰੀ ਹੋ ਸਕਦੀ ਹੈ :–

'ਹਰਿ ਅਉਖਧੁ ਸਭ ਘਟ ਹੈ ਭਾਈ॥
ਗੁਰ ਪੂਰੇ ਬਿਨੁ ਬਿਧਿ ਨ ਬਨਾਈ॥

[ਗਉੜੀ ਬਾਵਨ ਅਖਰੀ ਮ: ੫–੨੫੯

ਗੁਰੂ ਘਰ ਵਿਚ ਇਹ ਨਾਮ 'ਵਾਹਿਗੁਰੂ' ਹੈ :–
ਅਤੇ

'ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥'

[ਵਾਰ ੧੩, ਪਉੜੀ ੨ ਭਾਈ ਗੁਰਦਾਸ ਜੀ

ਇਹ ਗੁਰਮੰਤ੍ਰ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਣ ਵਾਲੇ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਜਪਣ ਹਿਤ ਦਿੰਦੇ ਹਨ। ਅਕਾਲ ਪੁਰਖ ਦੀ ਯਾਦ ਨੂੰ ਲਗਾਤਾਰ ਬਣਾਉਣ ਤੇ ਕਾਇਮ ਰਖਣ ਲਈ ਉਨ੍ਹਾਂ ਨੇ ਉਠਦੇ ਬਹਿੰਦੇ, ਸੌਂਦੇ ਜਾਗਦੇ ਭਾਵ ਹਰ ਸਮੇਂ ਇਸ ਦਾ ਜਾਪ ਕਰਨਾ ਹੁੰਦਾ ਹੈ। ਇਹ ਸ਼ਬਦ ਅਕਾਲ ਪੁਰਖ ਦਾ ਨਾਉਂ ਵੀ ਹੈ ਅਤੇ ਉਸ ਦੀ ਉਸਤਤੀ ਵੀ ਕਰਦਾ ਹੈ। ਉਸਤਤੀ ਦੇ ਰੂਪ ਵਿਚ ਇਹ ਗੁਰੂ ਨੂੰ ਵਾਹੁ ਵਾਹੁ ਕਹਿੰਦਾ ਹੈ। 'ਗੁਰੂ' ਸ਼ਬਦ ਵਿਚ ਗੁਰੂ ਜੀ ਦੇ ਤਿੰਨੇ ਸਰੂਪ—ਨਿਰਗੁਣ, ਸਰਗੁਣ ਤੇ ਗੁਰ ਸ਼ਬਦ–ਆਉਂਦੇ ਹਨ। ਨਿਰਗੁਣ ਉਸ ਦਾ ਓਅੰਕਾਰ ਰੂਪ ਹੈ ਜੋ ਨਿਰੰਜਨੀ ਜੋਤ ਹੈ; ਸਰਗੁਣ ਸਰੂਪ ਦਸੇ ਪਾਤਸ਼ਾਹੀਆਂ ਤੇ ਖਾਲਸਾ ਅਤੇ ਗੁਰ ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਹੈ। ਨਿਰਗੁਣ ਗੁਰੂ ਜਯੋਤੀ ਆਦਿ ਤੋਂ ਹੈ ਤੇ ਸਦ ਸਦਾ ਹੈ ਅਤੇ ਉਸ ਦੀ ਗੁਰਬਾਣੀ, ਗੁਰੂ ਸਾਹਿਬਾਨ ਦੇ ਸਮੇਂ ਤੋਂ ਪਹਿਲਾਂ ਵੀ ਭਗਤਾਂ ਦੇ ਹਿਰਦਿਆਂ ਤੇ ਉਤਰਦੀ ਰਹੀ ਹੈ। ਜਿਵੇਂ ਕਿ ਤਾਰਾ ਰਾਣੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :–

Sri Satguru Jagjit Singh Ji eLibrary NamdhariElibrary@gmail.com

'ਰਾਤੀ ਜਾਏ ਸੁਣੇ ਗੁਰਬਾਣੀ ॥'

ਇਨ੍ਹਾਂ ਸਰੂਪਾਂ ਵਿਚ ਵਾਸਤਵ ਵਿਚ ਕੋਈ ਫਰਕ ਨਹੀਂ;[੧] ਇਹ ਅਕਾਲ ਪੁਰਖ ਦੇ ਨਿੱਜ ਰੂਪ ਹਨ। ਸਿਖ ਦਾ ਤਾਂ ਮੁਖ ਕੰਮ ਗੁਰੂ, ਵਾਹਿਗੁਰੂ ਦੀ ਸਿਫਤ-ਸਲਾਹ ਹੀ ਕਰੀ ਜਾਣਾ ਹੈ :-

'ਜਿਸਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸਾਹੀ ਪਾਤਸਾਹੁ ॥'

[ਜਪੁਜੀ

ਅਤੇ

ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥
ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥
ਗੁਰੁ ਮੇਰਾ ਦੇਉ ਅਲਖ ਅਭੇਉ ॥
ਸਰਬ ਪੂਜ ਚਰਨ ਗੁਰ ਸੇਉ ॥ ੧ ॥
ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥
ਅਨਦਿਨੁ ਜਪਉ ਗੁਰੂ ਗੁਰ ਨਾਉ ॥ ੧ ॥ ਰਹਾਉ ॥
... ... ... ... ... ... ... ... ... ...
ਗੁਰੁ ਪੂਰਾ ਪਾਈਐ ਵਡਭਾਗੀ ॥
ਗੁਰ ਕੀ ਸੇਵਾ ਦੂਖ ਨਾ ਲਾਗੀ ॥
ਗੁਰ ਕਾ ਸਬਦੁ ਨਾ ਮੇਟੈ ਕੋਇ ॥
ਗੁਰ ਨਾਨਕੁ ਨਾਨਕੁ ਹਰਿ ਸੋਇ ॥'

[ਗੋਂਡ ਮ: ੫-੮੬੪

ਇੱਥੇ ਇਹ ਵਿਚਾਰ ਸੁਭਾਵਕ ਹੀ ਉਠੇਗੀ ਕਿ ਕੀ ਪ੍ਰਭੂ ਦਾ ਲਖਾਇਕ ਇਹ ਸ਼ਬਦ ਪ੍ਰਭੂ ਜੀ ਦੇ ਸਮੁਚੇ ਰੂਪ ਦਾ ਲਖਾਇਕ ਹੈ ? ਉੱਤਰ ਆਪਣੇ ਆਪ ਹੀ 'ਹਾਂ' ਵਿਚ ਮਿਲਦਾ ਹੈ। ਇਹ ਸ਼ਬਦ ਤਾਂ ਪ੍ਰਭੂ ਜੀ ਨੂੰ, ਉਸ ਦੀ ਸੱਤਾ (ਜਾਗਦੀ ਜੋਤ) ਗੁਰੂ=ਪਰਕਾਸ਼=(ਵਾਹਿਗੁਰੂ) ਨੂੰ ਪਰਤਖ 'ਹੈ ਸਰੂਪ' ਸਮਝ ਕੇ ਸਿਫਤ ਸਲਾਹ (ਵਾਹੁ ਵਾਹੁ) ਕਰਦਾ ਹੈ ਅਤੇ ਉਸ ਦੇ ਅਸਚਰਜ ਰੂਪ ਦੀ ਪੂਰੀ ਹੋਂਦ ਬਣਾਉਂਦਾ ਹੈ। ਇਸ ਵਾਹੁ ਵਾਹੁ ਸ਼ਬਦ ਦੁਆਰਾ ਜੋ ਪ੍ਰਭੂ ਨੂੰ ਜਪਦੇ ਹਨ ਉਨ੍ਹਾਂ

---

੧. ਵਿਸਥਾਰ ਲਈ ਵੇਖੋ ਕਾਂਡ ਦੂਜਾ 'ਸਤਿਗੁਰ'

Sri Satguru Jagjit Singh Ji eLibrary NamdhariElibrary@gmail.com

ਦੇ ਮਨਾਂ ਤੇ ਪ੍ਰਭੂ-ਹੋਂਦ ਤੋਂ ਇਲਾਵਾ ਵਿਸਮਾਦ ਦੀ ਅੱਵਸਥਾ ਤਾਰੀ ਹੋ ਜਾਂਦੀ ਹੈ ਜੋ ਕਿਸੇ ਹੋਰ ਮੰਤ੍ਰ ਨਾਲ਼ ਆਉਣੀ ਸੰਭਵ ਨਹੀਂ। ਵਾਹਿਗੁਰੂ ਆਪ ਇਕ ਅਸਚਰਜ ਵਿਸ਼ਮਾਦ ਰੂਪ ਹੈ ਜਿਸ ਵਿਚ ਕਿ ਸਿਖ ਨੇ ਲੀਨ ਹੋਣਾ ਹੈ। ਇਹ ਵਿਸਮਾਦੀ ਰਸ, ਨਾਮ–ਅੰਮ੍ਰਿਤ, ਦੀ ਦਾਤ ਜੋ ਗੁਰੂ ਨਾਨਕ ਸਾਹਿਬ ਨੇ ਇਸ ਮਾਤ ਲੋਕ ਵਿਚ ਲਿਆ ਕੇ ਵਰਤਾਈ ਹੈ, ਪਹਿਲੋਂ ਇਸ ਤਰ੍ਹਾਂ ਪ੍ਰਾਪਤ ਨਹੀਂ ਹੋਈ। ਇਹ 'ਅੰਮ੍ਰਿਤ' ਅਤੇ 'ਸਹਜ ਪਦ' ਜੋ ਗੁਰਮਤ ਦੀਆਂ ਵਡੀਆਂ ਬਖਸ਼ਸ਼ਾਂ ਹਨ, ਇਸੇ ਹੀ ਗੁਰ ਮੰਤ੍ਰ ਸਦਕੇ ਪ੍ਰਾਪਤ ਹੁੰਦੇ ਹਨ। ਇਨ੍ਹਾਂ 'ਵਿਸਮਾਦ' ਤੇ 'ਸਹਜ' ਅੱਵਸਥਾਵਾਂ ਬਾਰੇ ਉਹੋ ਗੁਰਮੁਖ ਹੀ ਕੁਝ ਕੁ ਕਹਿ ਸਕਦੇ ਹਨ ਜੋ ਆਪ ਇਨ੍ਹਾਂ ਨੂੰ ਮਾਣਦੇ ਹੋਣ ਕਿਉਂਜੋ ਇਹ ਅਕਥਨੀ ਹਨ। ਭਾਈ ਗੁਰਦਾਸ ਜੀ ਇਉਂ ਲਿਖਦੇ ਹਨ :—

'[1]ਅਬਿਗਤਿ ਗਤਿ ਅਬਿਗਤਿ ਦੀ ਕਿਉ ਅਲਖ ਲਖਾਇ ॥
ਅਕਥ ਕਥਾ ਹੈ ਅਕਥ ਦੀ ਕਿਉਂ ਆਖ ਸੁਣਾਇ ॥
ਅਚਰਜ ਨੋ ਆਚਰਜ ਹੈ ਹੈਰਾਣ ਕਰਾਇ ॥
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਇ ॥
ਵੇਦੁ ਨ ਜਾਣੈ ਭੇਦੁ ਕਿਹੁ ਸੇਸਨਾਗੁ ਨਾ ਪਾਇ ॥
ਵਾਹਿਗੁਰੂ ਸਾਲਾਹਣਾ ਗੁਰੁ ਸਬਦ ਅਲਾਇ ॥'

[ਵਾਰ ੯, ਪਉੜੀ ੧੩

ਗੁਰੂ ਆਪਣੇ ਸਿਖ ਨੂੰ, ਜਾਪ ਲਈ ਕੇਵਲ ਗੁਰਮੰਤ੍ਰ ਹੀ ਨਹੀਂ ਦਿੰਦਾ ਸਗੋਂ ਇਸ ਤੇ ਹਰ ਵੇਲੇ ਆਪਣੀ ਮਿਹਰ-ਦ੍ਰਿਸ਼ਟੀ ਵੀ ਰਖਦਾ ਹੈ ਅਤੇ ਗਿਆਨ, ਸਿਮਰਨ, ਰੱਖਿਅਕ ਆਦਿ ਪੱਖਾਂ ਤੋਂ ਹਰ ਤਰ੍ਹਾਂ ਸਹਾਇਤਾ ਵੀ ਕਰਦਾ ਹੈ।

---

੧, ਈਸ਼ਵਰ ਦੀ ਗਤੀ ਲਖੀ ਜਾਣ ਵਾਲੀ ਨਹੀਂ, ਅਲਖ ਕਿਸ ਤਰ੍ਹਾਂ ਲਖਿਆ ਜਾਵੇ ? ਉਸ ਦੀ ਕਥਾ ਵੀ ਅਕਥ ਹੈ, ਕੀਕੂੰ ਕੋਈ ਆਖ ਸੁਣਾਵੇ। ਅਸਚਰਜ ਤੋਂ ਅਸਚਰਜ ਹੈ, ਕਹਿਣ ਵਾਲੇ ਹੈਰਾਨ ਹਨ ਕਿ ਕਿਸ ਤਰ੍ਹਾਂ ਕਿਹਾ ਜਾਏ। ਉਹ ਵਿਸਮਾਦ ਤੋਂ ਵਿਸਮਾਦ ਹੈ, ਉਸ ਵਿਚ ਭਗਤ ਜਨ ਵਿਸਮਾਦ ਹੋ ਕੇ ਸਮਾ ਗਏ ਹਨ, ਉਸ ਦਾ ਥਹੁ ਕੌਣ ਦਸੇ। ਵੇਦ ਉਸ ਦਾ ਕੁਝ ਭੇਦ ਨਹੀਂ ਜਾਣਦੇ। ਸ਼ੇਸ਼ਨਾਗ ਜੋ ਕਹੀਦਾ ਹੈ ਸੋ ਭੇਦ ਨਹੀਂ ਜਾਣਦਾ, ਫਿਰ ਕਿਸ ਤਰ੍ਹਾਂ ਜਾਣਿਆ ਜਾਵੇ। (ਉੱਤਰ ਹੈ) ਗੁਰ ਸ਼ਬਦ ਦਾ ਅਭਿਆਸ ਕਰੇ (ਕੀਕੂੰ ? )ਗੁਰ ਮੰਤ੍ਰ (ਵਾਹਿਗੁਰੂ) ਦੁਆਰਾ ਸ਼ਲਾਘਾ ਕਰਕੇ।

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਦੇ ਆਪਣੇ ਸਿਖ ਪ੍ਰਤੀ ਪਿਆਰ ਬਾਰੇ ਭਾਈ ਗੁਰਦਾਸ ਜੀ ਇਉਂ ਚਾਨਣਾ ਪਾਉਂਦੇ ਹਨ :—

੧ਅਮਿਓ ਦ੍ਰਿਸ਼ਟ ਕਰ ਕੱਛੂ ਵਾਂਗ ਭਵਜਲ ਵਿਚ ਰੱਖੈ ॥
ਗਿਆਨ ਅੰਸ ਦੇ ਹੰਸ ਵਾਂਗ ਬੁਝ ਭੁੱਖ ਅਭਖੈ ॥
ਸਿਮਰਨ ਕਰਦੇ ਕੂੰਜ ਵਾਂਗ ਉਡ ਲੱਖੇ ਅਲਖੈ ॥
ਮਾਤਾ ਬਾਲਕ ਹੇਤ ਕਰ ਉਹ ਸਾਉ ਨ ਚੱਖੈ ॥
ਸਤਿਗੁਰੁ ਪੁਰਖ ਦਇਆਲ ਹੈ ਗੁਰਸਿੱਖ ਪਰੱਖੈ ॥
ਪੀਰ ਮੁਰੀਦਾਂ ਪਿਰਹੜੀ ਲਖਮੁਲੀ ਅਨਕੱਖੈ ॥'

[ਵਾਰ ੨੭, ਪਉੜੀ ੧੩

ਗੁਰੂ ਉਦਮੁ ਵੀ ਆਪ ਕਰਾਉਂਦਾ ਹੈ ਤੇ ਗੁਰਮੰਤ੍ਰ ਦ੍ਰਿੜ੍ਹ ਕਰਨ ਵਿਚ ਵੀ ਆਪ ਸਹਾਇਤਾ ਦਿੰਦਾ ਹੈ :—

'ਉਦਮ ਕੀਆ ਕਰਾਇਆ ਆਰੰਭ ਰਚਾਇਆ ॥
ਨਾਮੁ ਜਪੇ ਜਪਿ ਜੀਵਣਾ ਗੁਰਿਮੰਤ੍ਰ ਦ੍ਰਿੜਾਇਆ ॥'

[ਆਸਾ ਮ: ੫–੩੯੯

ਉਸ ਦੀ ਹਉਮੈ ਦੀ ਮੈਲ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਲਾਹੁੰਦਾ ਹੈ ਤੇ ਨਾਮ ਦੀ ਥਾਂ ਬਣਾ ਕੇ ਸਮਾਈ ਕਰਾਉਂਦਾ ਹੈ :—

'ਗੁਰਿ ਪੂਰੈ ਹਉਮੈ ਮਲੁ ਧੋਈ ॥
ਕਹੁ ਨਾਨਕ ਮੇਰੀ ਪਰਮਗਤਿ ਹੋਈ ॥'

[ਸੂਹੀ ਮ: ੫–੭੩੬

---

੧. ਗੁਰੂ ਅੰਮ੍ਰਿਤ-ਰੂਪ ਦ੍ਰਿਸ਼ਟੀ ਦੁਆਰਾ ਆਪਣੇ ਸਿੱਖ ਦੀ ਕਛੂ-ਕੁੰਮੀ ਵਾਂਗ ਰਖਿਆ ਤੇ ਪਾਲਣਾ ਕਰਦਾ ਹੈ। ਉਹ ਸੱਤ ਤੇ ਅਸੱਤ ਦਾ ਗਿਆਨ ਦੇ ਕੇ ਹੰਸ ਵਾਂਗ ਪਾਣੀ ਤੇ ਦੁੱਧ ਨੂੰ ਵੱਖ ਕਰਨ ਦੀ ਜਾਚ ਸਿਖਾਉਂਦਾ ਹੈ। ਗੁਰੂ ਜੀ ਕੂੰਜ ਵਾਂਗ ਆਪਣੇ ਸਿਖ ਦੀ ਸਿਮ੍ਰਤੀ ਰਖਦੇ ਤੇ ਪ੍ਰਤਿਪਾਲਣਾ ਕਰਦੇ ਹਨ। ਮਾਤਾ ਪੁੱਤਰ ਨਾਲ ਪਿਆਰ ਕਰਨ ਦੇ ਕਾਰਨ ਸੁਵਾਦਾਂ ਨੂੰ ਨਹੀਂ ਚੱਖਦੀ ਅਰਥਾਤ ਉਸਨੂੰ ਖਿਆਲ ਰਹਿੰਦਾ ਹੈ ਕਿ ਮੇਰਾ ਪੁੱਤਰ ਕਿਤੇ ਔਖਾ ਨਾ ਹੋਵੇ ਤਿਵੇਂ ਗੁਰੂ ਸਿੱਖ ਵੀ ਚਿੰਤਾਂ ਰਖਦਾ ਹੈ। ਗੁਰੂ ਜੀ ਦਿਆਲ-ਮੂਰਤੀ ਹਨ ਤੇ ਸਿਖ ਨੂੰ ਪਰਖ ਲੈਂਦੇ ਹਨ। ਗੁਰੂ ਅਤੇ ਸਿਖ ਦੀ ਪ੍ਰੀਤ ਵੱਡਮੁਲੀ ਹੈ, ਅਤੇ ਹੋਰ ਪ੍ਰੀਤਾਂ ਕੱਖ ਦੇ ਸਮਾਨ ਨਾਸ਼ਵੰਤ ਹਨ।

Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਬਿਨਾਂ ਲੋੜੀਂਦਾ ਸੰਜਮ ਵੀ ਬਖਸ਼ਦਾ ਹੈ :–

'ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨਾ ਥੀਆ ॥'
[ਗਉੜੀ ਬਾਵਨ ਅਖਰੀ ਮ: ੫–੨੫੯

ਇਸ ਤਰ੍ਹਾਂ ਗੁਰੂ ਰਾਮ ਨਾਮ ਦਾ ਸਿਮਰਨ ਕਰਵਾ ਕੇ ਭਉਜਲ ਵਿਚੋਂ ਕੱਢ ਲੈਂਦਾ ਹੈ :–

'ਮਨ ਬਚ ਕ੍ਰਮਿ ਰਾਮਨਾਮੁ ਚਿਤਾਰੀ ॥
ਘੂਮਨ ਘੇਰਿ ਮਹਾ ਅਤਿ ਬਿਖੜੀ
ਗੁਰਮੁਖਿ ਨਾਨਕ ਪਾਰਿ ਉਤਾਰੀ ॥੧॥ ਰਹਾਉ ॥'
[ਰਾਮਕਲੀ ਮ: ੫–੯੧੬

ਨਾਮ ਜਪਦੇ ਜਪਦੇ ਨਾਮ ਨਾਲ ਪਰਚਾ ਪੈ ਜਾਂਦਾ ਹੈ ; ਜਪੇ ਹੋਏ ਨਾਮ ਵਿਚ ਬਰਕਤ ਪੈ ਜਾਂਦੀ ਹੈ ਤੇ ਨਾਮ ਰਸ ਵਾਲਾ ਬਣਦਾ ਜਾਂਦਾ ਹੈ ਅਤੇ ਮਨ ਬਾਹਰ ਧਾਉਣ ਤੋਂ ਹਟ ਕੇ ਆਪਣੇ ਅੰਦਰ ਵਲ ਨੂੰ ਰੁਖ ਕਰ ਲੈਂਦਾ ਹੈ :–

'ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥
ਸਤਿਗੁਰੁ ਸ਼ਬਦ ਦੇਇ ਰਿਦ ਅੰਤਰਿ ਮੁਖ ਅੰਮ੍ਰਿਤ ਨਾਮ ਚੁਆਵੈਗੋ ॥'
[ਕਾਨੜਾ ਮ: ੪–੧੩੧੦

ਜਿਉਂ ਜਿਉਂ ਮਨ ਬਾਹਰ ਤੋਂ ਹਟਣਾ ਸ਼ੁਰੂ ਹੋ ਜਾਂਦਾ ਹੈ ਤਿਉਂ ਤਿਉਂ ਨਾਮ ਰਸ ਵਧਣਾ ਸ਼ੁਰੂ ਹੋ ਜਾਂਦਾ ਹੈ। ਰਸੀਲਾ ਨਾਮ ਜਪਦਿਆਂ ਜਪਦਿਆਂ ਇਸ ਦਾ ਰਸ ਹਿਰਦੇ ਰੂਪੀ ਅੰਤਹਿਕਰਣ ਵਿਚ ਉਤਰਦਾ ਰਹਿੰਦਾ ਹੈ ਤੇ ਹੋਲੀ ਹੋਲੀ ਪ੍ਰੇਮ-ਰਸ ਸਦਕੇ ਨਾਮ ਦਾ ਜਾਪ ਰੋਮ ਰੋਮ ਦੁਆਰਾ ਹੋਣ ਲਗ ਪੈਂਦਾ ਹੈ ਤੇ ਹਰ ਇਕ ਰੋਮ ਜਿਹਬਾ ਦਾ ਕੰਮ ਦੇਣ ਲਗ ਪੈਂਦਾ ਹੈ :–

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ।'
[ਰਾਮਕਲੀ ਮ: ੧, ਸਿਧ ਗੋਸ਼ਟਿ–੯੪੧

ਫਿਰ ਅਗੇ ਇਹ ਨਾਮ ਜਲਾਂ, ਥਲਾਂ, ਪਰਬਤਾਂ ਆਦਿ ਵਿਚ ਰਮਿਆ ਦਿਸਣ ਲਗ ਪੈਂਦਾ ਹੈ। ਹਰ ਪਾਸੇ ਇਹੋ ਧੁਨੀ ਸੁਣਾਈ ਦੇਣ ਲਗ ਪੈਂਦੀ ਹੈ ; ਗੁਰਮਤ ਅਨਹਦ ਸ਼ਬਦ ਗੱਜ ਪੈਂਦਾ ਹੈ। ਹਿਰਦੈ ਵਿਚ ਨਾਮ ਪੂਰਾ ਸਮਾ

Sri Satguru Jagjit Singh Ji eLibrary NamdhariElibrary@gmail.com

ਜਾਣ ਤੇ ਹਿਰਦੇ ਰੂਪੀ ਕੰਵਲ-ਫੁਲ ਪੂਰਾ ਖਿੜ ਜਾਂਦਾ ਹੈ ਅਤੇ ਪੂਰਨ ਖੇੜਾ ਤੇ ਵਿਸਮਾਦ ਬਣ ਜਾਂਦਾ ਹੈ। ਸਭ ਵਿਸਮਾਦ ਹੀ ਵਿਸਮਾਦ ਹੋ ਜਾਂਦਾ ਹੈ। ਉਹ ਕੁਦਰਤ ਤੇ ਕਾਦਰ ਨਾਲ ਇਕਸੁਰ ਹੋ ਕੇ 'ਸਹਜ ਅਵਸਥਾ' ਵਿਚ ਵਿਚਰਨ ਲਗ ਜਾਂਦਾ ਹੈ। ਮੀਆਂ ਮਿੱਠੇ ਜੀ ਦੀ ਸਾਖੀ, ਜੋ ਮੀਆਂ ਮਿੱਠੇ ਤੇ ਗੁਰੂ ਨਾਨਕ ਸਾਹਿਬ ਵਿਚਕਾਰ ਹੋਈ ਵਾਰਤਾਲਾਪ ਸਬੰਧੀ ਹੈ, ਨਾਮ ਦੇ ਇਸ ਪੱਖ ਤੇ ਬਹੁਤ ਰੋਸ਼ਨੀ ਪਾਉਂਦੀ ਹੈ। ਇਸ ਤੋਂ ਗੁਰੂ-ਬਖਸ਼ਸ਼ ਦਾ ਨਮੂਨਾ ਅਤੇ ਰੋਮ ਰੋਮ ਵਾਲੇ ਨਾਮ ਦੀ ਤਸਵੀਰ ਤੇ ਉਸ ਦੇ ਸੁਖਾਂ ਦਾ ਪਤਾ ਚਲਦਾ ਹੈ। *ਸਾਖੀ ਇਉਂ ਹੈ :–

"ਗੁਰੂ ਨਾਨਕ ਜੀ ਮਹਾਰਾਜ ਜਦ ਸਿਆਲਕੋਟ ਵਿਚ ਆਪਣਾ ਕੰਮ ਮੁਕਾ ਕੇ ਦੱਖਣ ਵਾਲੀ ਫੇਰੀ ਨੂੰ ਟੁਰੇ ਤਾਂ ਮਿੱਠਨਕੋਟ ਵਿਚ ਜਾ ਪੁਜੇ। ਇਹ ਸ਼ਹਿਰ ਅਜ ਕਲ ਡੇਹਰਾ ਗਾਜ਼ੀ ਖਾਂ (ਪਾਕਿਸਤਾਨ) ਦੇ ਜ਼ਿਲ੍ਹੇ ਵਿਚ ਹੈ ਅਤੇ ਜਿਹਾ ਕਿ ਨਾਮ ਤੋਂ ਸੱਪਸ਼ਟ ਹੈ ਇਸ ਪਿੰਡ ਦਾ ਨਾਉਂ ਮੁਸਲਮਾਨ 'ਮੀਆਂ ਮਿੱਠਾ' ਜੀ ਤੇ ਪਿਆ। ਗੁਰੂ ਜੀ ਨੇ ਜਾ ਕੇ ਇਸ ਸ਼ਹਿਰ ਵਿਚ ਡੇਰਾ ਲਾਇਆ। 'ਮੀਆਂ ਮਿੱਠੇ' ਜੀ ਨੇ ਗੁਰੂ ਨਾਨਕ ਜੀ ਮਹਾਰਾਜ ਦੀ ਵਡਿਆਈ ਤੇ ਪਰੀ ਪੂਰਨਤਾ ਬਾਬਤ ਬਹੁਤ ਕੁਝ ਸੁਣਿਆ ਹੋਇਆ ਸੀ। ਭਾਵੇਂ ਉਨ੍ਹਾਂ ਦੇ ਆਉਣ ਤੇ ਦਿਲੋਂ ਉਹ ਖੁਸ਼ ਤਾਂ ਹੋਇਆ ਪਰ ਪੀਰ ਹੋ ਕੇ ਵੀ ਅਜੇ ਦਿਲ ਵਿਚ ਈਰਖਾ ਦੀ ਜਵਾਲਾ ਪ੍ਰਜ੍ਵਲਤ ਸੀ। ਆਪਣੇ ਚੇਲਿਆਂ ਨੂੰ ਆਖਣ ਲੱਗਾ ਕਿ ਗੁਰੂ ਨਾਨਕ ਦੇਵ ਜੀ ਚੰਗੇ ਫਕੀਰ ਹਨ, ਪਰ ਜੇ ਕਰ ਮੈਨੂੰ ਮਿਲਣ ਤਾਂ ਉਨ੍ਹਾਂ ਨੂੰ ਇੱਦਾਂ ਨਚੋੜ ਲਵਾਂਗਾ ਜਿਸ ਤਰ੍ਹਾਂ ਨਿੰਬੂ ਨਚੋੜੀਦਾ ਹੈ। ਫਿਰ ਆਖਿਆ ਜੁ ਮੈਂ ਉਨ੍ਹਾਂ ਉਪਰੋਂ ਇਸ ਤਰ੍ਹਾਂ ਮਲਾਈ ਉਤਾਰ ਲਵਾਂਗਾ ਜਿਸ ਤਰ੍ਹਾਂ ਦੁਧ ਉਤੋਂ ਉਤਾਰੀਦੀ ਹੈ। ਗੁਰੂ ਮਹਾਰਾਜ ਸਰਬ-ਸ਼ਕਤੀਮਾਨ ਸਨ, ਘਟ ਘਟ ਕੀ ਜਾਣਨ ਵਾਲੇ ਸਨ। ਜਦ ਮੀਆਂ ਮਿੱਠੇ ਨਾਲ ਗਲ ਬਾਤ ਹੋਈ ਤਾਂ ਗੋਸ਼ਟ 'ਨਬੀ' ਯਾ ਰਸੂਲ ਦੀ ਲੋੜ ਉਪਰ ਚਲੀ। ਗੁਰੂ ਮਹਾਰਾਜ ਨੂੰ ਸਲਾਮ ਕਰ ਕੇ ਮੀਆਂ ਮਿੱਠਾ ਆਖਣ ਲੱਗਾ, "ਹੇ ਨਾਨਕ! ਜੇ ਨਬੀ ਰਸੂਲ (Prophet) ਨੂੰ ਮੰਨੋਂ ਤਾਂ ਤੁਸੀਂ ਦਰਗਾਹ ਵਿਚ ਕਬੂਲ ਹੋਵੋਗੇ।" ਗੁਰੂ

*ਇਹ ਸਾਖੀ 'ਆਤਮ ਦਰਸ਼ਨ' ਕ੍ਰਿਤ ਭਾਈ ਸਾਹਿਬ ਭਾਈ ਸ਼ੇਰ ਸਿੰਘ, ਕਸ਼ਮੀਰ, ਵਿਚੋਂ ਹੈ।

Sri Satguru Jagjit Singh Ji eLibrary NamdhariElibrary@gmail.com

ਮਹਾਰਾਜ਼ ਨੇ ਆਖਿਆ, "ਮੀਆਂ ਮਿੱਠਿਆ! ਵਾਹਿਗੁਰੂ ਦੇ ਦਰਬਾਰ ਵਿਚ ਤਾਂ ਕਰੋੜਾਂ ਰਸੂਲ ਤੇ ਪੈਗੰਬਰ ਹਨ, ਜੇ ਨੀਅਤ ਰਾਸ ਕਰੇਂ ਤਾਂ ਹੀ ਰੱਬ ਨਾਲ ਵਸਲ (ਮੇਲ) ਹੁੰਦਾ ਹੈ।" ਤਾਂ ਮੀਆਂ ਮਿੱਠੇ ਨੇ ਆਖਿਆ, "ਬਿਨ ਤੇਲ ਦੀਵਾ ਕਿਉਂ ਜਲੇ?" ਇਸ ਦਾ ਭਾਵ ਇਹ ਸੀ ਕਿ ਜਦ ਤੋੜੀ ਪੈਗੰਬਰ ਦਾ ਦਿਤਾ ਹੋਇਆ ਭਗਤੀ ਵਾਲਾ ਤੇਲ ਹਿਰਦੇ ਵਿਚ ਨਾ ਹੋਵੇ ਦੀਵਾ ਕਿਸ ਤਰ੍ਹਾਂ ਜਲੇਗਾ। ਗੁਰੂ ਜੀ ਨੇ ਉਤਰ ਦਿਤਾ, ਜੁ ਇਹ ਦਾਤ ਕਿਸੇ ਮਨੁੱਖ ਦੇ ਦਿੱਤਿਆਂ ਨਹੀਂ ਲਭਦੀ,ਇਹ ਤਾਂ ਕਮਾਈ ਕਰਨ ਤੇ ਧੁਰੋਂ ਬਖਸ਼ਿਸ਼ ਹੁੰਦੀ ਹੈ, ਪ੍ਰਮਾਤਮਾ ਦਾ ਭੈ ਮਨ ਵਿਚ ਵਸਾਣ ਨਾਲ ਤੇ ਸੱਚ ਨਾਲ ਪੱਕਾ ਸਬੰਧ ਜੋੜਨ ਨਾਲ ਮਿਲਦੀ ਹੈ:—

"ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥ ਇਹੁ ਤੇਲੁ ਦੀਵਾ ਇਉਂ ਜਲੈ ॥
ਕਰਿ ਚਾਨਣੁ ਸਾਹਿਬੁ ਤਉ ਮਿਲੈ ॥੧॥ ਰਹਾਉ ॥'
[ਸ੍ਰੀ ਰਾਗ ਮ: ੧—੨੫

ਇਸ ਦੇ ਪਿੱਛੋਂ ਚਰਚਾ 'ਨਾਮ' ਦਾ ਚਲਿਆ ਤੇ ਗੁਰੂ ਜੀ ਮਹਾਰਾਜ ਨੇ ਲਲਕਾਰ ਕੇ ਆਖਿਆ, "ਮੀਆਂ ਮਿੱਠਾ! ਸੱਚੇ ਨਾਮ ਬਿਨਾਂ ਮਨੁੱਖ ਬੰਧਨਾਂ ਵਿਚ ਪੈਂਦਾ ਹੈ ਤੇ 'ਨਾਮ' ਬਿਨਾਂ ਉਸ ਦਾ ਛੁਟਕਾਰਾ ਨਹੀਂ।"

'ਨਾਮ' ਦੀ ਚਰਚਾ ਢੇਰ ਚਿਰ ਹੁੰਦੀ ਰਹੀ ਤੇ ਇਹ ਸੁਣ ਕੇ ਮੀਆਂ ਮਿੱਠੇ ਨੇ ਕਿਹਾ, "ਤੁਸੀਂ ਜੋ ਨਾਮ ਦੀ ਇੰਨੀ ਸਿਫਤ ਕਰਦੇ ਹੋ, ਦਸੋ 'ਨਾਮ' ਕੀ ਹੈ?" ਗੁਰੂ ਜੀ ਨੇ ਉਤਰ ਦਿਤਾ, "ਮੀਆਂ ਮਿੱਠਿਆ, ਉਸ ਨਾਮ ਦੀ ਕੀਮਤ ਕਦੇ ਕਿਸੇ ਪਾਈ ਹੈ?" ਮੀਆਂ ਮਿੱਠੇ ਨੇ ਬੇਨਤੀ ਕੀਤੀ ਕਿ ਮਿਹਰ ਕਰੋ, ਮੈਨੂੰ ਖ਼ੈਰ ਬੰਦਗੀ ਦਾ ਪਾਉ ਤੇ ਸਮਝਾਉ। ਗੁਰੂ ਮਹਾਰਾਜ ਨੇ ਆਖਿਆ, "ਇਹ ਸਮਝਣ ਦੀ ਗੱਲ ਨਹੀਂ, ਅਨੁਭਵ ਕਰਨ ਦੀ ਗੱਲ ਹੈ।" ਮੀਆਂ ਮਿੱਠੇ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਜਿਦਾਂ ਹੋ ਸਕੇ ਮੈਨੂੰ ਇਹ ਗੁਪਤ ਵਸਤੂ ਦਸੋ।" ਤਦ ਬਾਬੇ ਨੇ ਆਖਿਆ, "ਮੀਆਂ ਮਿੱਠਿਆ! ਕੰਨ ਧਰ ਕੇ ਸੁਣ, "ਤੈਨੂੰ ਕੁਝ ਸੁਣੀਂਦਾ ਹੈ?" ਮੀਆਂ ਮਿੱਠੇ ਨੇ ਆਖਿਆ, "ਜੀ ਨਹੀਂ!" ਤਾਂ ਬਾਬੇ ਨੇ ਮੀਆਂ ਮਿੱਠੇ ਦੀ ਬਾਂਹ ਪਕੜੀ, ਉਸ ਨੂੰ ਇਕ ਪਾਸੇ ਲੈ ਗਏ ਤੇ ਆਤਮ-ਦ੍ਰਿਸ਼ਟੀ ਦੀ ਦਾਮਨਿਕ-ਜੁਆਲਾ ਉਸ ਉਪਰ ਸੁੱਟ ਕੇ

Sri Satguru Jagjit Singh Ji eLibrary NamdhariElibrary@gmail.com

ਪੁਛਣ ਲਗੇ, "ਮੀਆਂ ਮਿੱਠਿਆ, ਹੁਣ ਤੈਨੂੰ ਕੁਝ ਸੁਣਾਈ ਦਿੰਦਾ ਹੈ ?" ਮੀਆਂ ਮਿੱਠਾ ਉਸ ਵੇਲੇ ਮੀਆਂ ਮਿੱਠਾ ਨਹੀਂ, ਉਹ ਤਾਂ ਗੁਰੂ ਦਾ ਪੱਠਾ (ਪੁੱਤਰ) ਸਿਖ ਬਣ ਚੁਕਾ ਸੀ। ਚਰਨ-ਕਮਲਾਂ ਤੇ ਢਹਿ ਪਿਆ ਤੇ ਅੱਖ ਦੇ ਇਕ ਫੋਰ ਵਿਚ ਬੇਅੰਤ ਜੁਗਾਂ ਦੇ ਆਨੰਦ ਭੋਗ ਆਇਆ। ਜਦ ਬਾਬਾ ਜੀ ਨੇ ਪੁਛਿਆ ਕਿ ਕੁਝ ਸੁਣਾਈ ਦਿੰਦਾ ਹੈ, ਤਾਂ ਆਖਣ ਲੱਗਾ, "ਹੇ ਦੀਨਾ ਨਾਥ, ਪਤਿਤ-ਉਧਾਰਨਹਾਰ ! ਮੈਨੂੰ ਤਾਂ ਇੰਞ ਨਜ਼ਰ ਆਉਂਦਾ ਹੈ ਜੁ ਮੇਰੇ ਰੋਮ ਰੋਮ ਵਿਚ ਅਤੁੱਟ-ਲਹਿਰਾਂ ਵਾਹਿਗੁਰੂ ਦੇ ਨਾਮ ਦੀਆਂ ਵਗ ਰਹੀਆਂ ਹਨ ਤੇ ਅਕਹਿ ਗੀਤ ਗਾਇਨ ਕਰ ਰਹੀਆਂ ਹਨ। ਬਸ ਹੁਣ ਨਬੀ ਤੇ ਰਸੂਲ ਦੀ ਕੋਈ ਲੋੜ ਨਹੀਂ, ਹੁਣ ਤਾਂ ਇਹ ਜਿਊੜਾ ਆਪੇ ਹੀ ਨਬੀ ਤੇ ਰਸੂਲ ਬਣ ਗਿਆ ਹੈ।"

ਬਸ ਇਸ ਤਰ੍ਹਾਂ ਸਾਡਾ ਸਿਮਰਨ ਹੀ ਆਪ ਵਾਹਿਗੁਰੂ ਬਣ ਜਾਂਦਾ ਹੈ। ਇਹ ਕੇਵਲ ਸਾਨੂੰ ਹੀ ਵਾਹਿਗੁਰੂ ਰੂਪ ਨਹੀਂ ਬਣਾਉਂਦਾ ਸਗੋਂ **ਇਸ** ਦੇ ਸਦਕੇ ਸਾਨੂੰ ਹਰ ਵੰਨੇ ਵਾਹਿਗੁਰੂ ਹੀ ਵਾਹਿਗੁਰੂ ਨਦਰੀ ਆਉਂਦਾ ਹੈ :–

'ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹਿ ਨਰਹਰੀ ॥'

[ਰਾਮਕਲੀ ਮ: ੧–੮੭੬

ਇਸ ਤਰ੍ਹਾਂ ਦਿਬ ਦ੍ਰਿਸ਼ਟੀ ਦੇ ਖੁਲ੍ਹਣ ਨਾਲ ਸਦਾ ਮੌਜੂਦ ਵਾਹਿਗੁਰੂ ਪ੍ਰਗਟ ਹੋ ਆਉਂਦਾ ਹੈ। ਇਹੀ ਹੈ ਕਰਾਮਾਤੀ ਨਾਮ, 'ਕਾਮ-ਧੇਨ-ਗਊ' ਤੇ 'ਪਾਰਜਾਤ ਹਰਿ ਹਰਿ ਰੁਖ'। ਇਸ ਪਾਸੋਂ ਜੋ ਕੁਝ ਮੰਗੋ ਪ੍ਰਾਪਤ ਹੁੰਦਾ ਹੈ। ਵਾਹਿਗੁਰੂ ਜੀ ਦੀ ਪੂਰਨ 'ਹੋਂਦ' ਹੁੰਦੀ ਹੈ, ਉਸ ਵਾਂਙ ਹੀ ਅਮਿਤ-ਸ਼ਕਤੀ ਵਾਲਾ ਬਣ ਜਾਈਦਾ ਹੈ। ਇਸ ਤੋਂ ਉਪਰ ਹੋਰ ਕੋਈ ਅਨੰਦ ਨਹੀਂ :–

'ਫਰੀਦਾ ਸਕਰ ਖੰਡੁ ਨਿਵਾਤ[1] ਗੁੜੁ ਮਾਖਿਉ[2] ਮਾਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨਾ ਪੁਜਨਿ ਤੁਧੁ ॥ ੨੭ ॥'

[ਸਲੋਕ ਫਰੀਦ ਜੀ–੧੩੭੯

ਤਦੇ ਹੀ ਤਾਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ :–

---

੧. ਮਿਸ਼ਰੀ          ੨. ਸ਼ਹਿਤ

Sri Satguru Jagjit Singh Ji eLibrary          NamdhariElibrary@gmail.com

'ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦ ਗੁਰੂ ਤੇ ਜਾਣਿਆ ॥'

[ਰਾਮਕਲੀ ਮ: ੩, ਅਨੰਦ–੯੧੭

ਬਸ ਜੀ, 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ' ਵਾਲੀ ਗੱਲ਼ ਹੈ ।

ਅਸੀਂ ਵੇਖ ਲਿਆ ਹੈ ਕਿ 'ਸਤਿਨਾਮੁ' ਦੇ ਤਿੰਨੇ ਅੰਗਾਂ, 'ਸਤਿ ਸਰੂਪ', 'ਸੱਤਾ ਸਰੂਪ' ਤੇ 'ਸੱਚਾ ਨਾਮ' ਦਾ ਆਪਸ ਵਿਚ ਕਿਵੇਂ ਗੂੜ੍ਹਾ ਸਬੰਧ ਹੈ । ਬੀਜਣ ਵਾਲਾ ਖਰਾ ਨਾਮ, ਨਾਮ ਜਾਪ ਦੁਆਰਾ ਨਾਮ ਦੇ 'ਸਤਿ-ਸਰੂਪ' ਤੇ 'ਸੱਤਾ ਸਰੂਪ' ਨੂੰ ਇਉਂ ਪ੍ਰਗਟ ਕਰ ਦਿੰਦਾ ਹੈ ਜਿਵੇਂ ਅਸੀਂ ਸ਼ਰਬਤ ਪੀ ਕੇ ਤੇ ਹਜ਼ਮ ਕਰ ਕੇ ਸਰੀਰ ਵਿਚ ਰਚਾਉਣ ਉਪਰੰਤ ਰਿਸ਼ਟ ਪੁਸ਼ਟ ਹੋ ਜ਼ੋਰਾਵਰ ਬਣ ਬੈਠੀਏ। ਇਸ ਨਾਲ ਅਸੀਂ ਆਪਣੀ ਨਾਰਮਲ ਹਾਲਤ ਵਿਚ ਪਹੁੰਚ ਜਾਂਦੇ ਹਾਂ, ਜੋ ਪੂਰਨ ਖੇੜੇ ਦੀ, ਗਾਉਣ ਦੀ, ਵਾਹੁ ਵਾਹੁ ਕਰਨ ਦੀ, ਆਪੇ ਵਿਚ ਲੀਨ ਹੋਣ ਦੀ, ਸਰਬ-ਵਿਆਪਕ ਵਿਚ ਸਮਾਉਣ ਦੀ, ਤੇ ਸ਼ਕਤੀ-ਸ਼ਾਲੀ ਹੋ ਜਾਣ ਦੀ ਹੈ । ਇਸ ਤਰ੍ਹਾਂ 'ਹੋਂਦ', 'ਪ੍ਰਕਾਸ਼' ਤੇ 'ਅੰਮ੍ਰਿਤ' ਵਾਲਾ ਨਾਮ, ਮਿਲਾਵਣਹਾਰ-ਵਿਚੋਲਾ ਬਣ ਕੇ 'ਸਤਿ' 'ਚਿਤ' 'ਅਨੰਦ' ਸਰੂਪ ਵਾਹਿਗੁਰੂ ਨਾਲ ਮੇਲ ਕਰਾ ਦਿੰਦਾ ਹੈ :–

'ਪੰਜੇ ਬਧੇ ਮਹਾਬਲੀ[1] ਕਰਿ ਸਚਾ ਢੋਆ[2] ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ[3] ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ[4] ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥'

[ਬਸੰਤ ਕੀ ਵਾਰ ਮ: ੫–੧੧੯੩

—o—

੧. ਤਾਕਤਵਰ, ਭਾਵ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਪੰਜੇ ਚੋਰ ਕਾਬੂ ਕਰ ਲਏ

੨. ਆਸਰਾ

੩. ਅਕਾਲ ਪੁਰਖ

੪. ਮੌਤ ਭਾਵ ਮਰਦਾ ਨਹੀਂ

Sri Satguru Jagjit Singh Ji eLibrary NamdhariElibrary@gmail.com

ਕਾਂਡ ਦੂਜਾ

# ਨਾਮ ਦੇ ਰੂਪ

## ੧. ਸਤਿਗੁਰ ਦੀ ਯਾਦ ਜਾਂ ਪ੍ਰੇਮ

ਅਸੀਂ ਸਮੁੱਚੇ ਨਾਮ ਦੀ ਰਤਾ ਕੁ ਝਲਕ ਪਹਿਲੇ ਕਾਂਡ ਵਿਚ ਵੇਖੀ ਹੈ। ਨਾਮ-ਵਸਤੂ ਦੇ ਜ਼ਰਾ ਹੋਰ ਅਗੇਰੇ ਹੋ ਕੇ ਦਰਸ਼ਨ ਕਰਨ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਦੇ ਭਿੰਨ ਭਿੰਨ ਮੁਖ ਰੂਪਾਂ ਦਾ ਵਰਣਨ ਹੋਵੇ। ਸਤਿਗੁਰ ਦੀ ਯਾਦ ਜਾਂ ਪ੍ਰੇਮ ਨਾਮ ਦਾ ਸ਼੍ਰੋਮਣੀ ਰੂਪ ਹੈ। ਸਤਿਗੁਰ ਉਹ ਹੈ ਜਿਸ ਨੇ ਆਪਣੇ ਹਿਰਦੈ ਵਿਚ ਅਕਾਲ ਪੁਰਖ ਨੂੰ ਪ੍ਰਗਟ ਕੀਤਾ ਹੈ, ਜੋ ਨਾਮ ਵਿਚ ਸਦਾ ਰਤਾ ਰਹਿੰਦਾ ਹੈ ਤੇ ਨਾਮ ਤੇ ਨਾਮੀ ਨਾਲ ਅਭੇਦ ਹੁੰਦਾ ਹੈ :—

'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥

[ਗਉੜੀ ਮ: ੫–੨੮੬

ਅਤੇ

'ਰਤਾ ਸਚੁ ਨਾਮ ਤਲਹੀਅਲ[੧] ਸੋ ਗੁਰ ਪਰਮਲ[੨] ਕਹੀਐ ॥'

[ਪ੍ਰਭਾਤੀ ਮ: ੧–੧੩੨੯

ਸਤਿਗੁਰ ਨਾਮ-ਦਾਤਾ ਹੈ, ਉਸ ਦੀ ਮਿਹਰ-ਦ੍ਰਿਸ਼ਟੀ ਨਾਲ ਹੀ ਨਾਮ ਹਿਰਦੇ ਵਿਚ ਵਸਦਾ ਹੈ। ਆਪਣੇ ਨਾਮ-ਦਾਤੇ ਨੂੰ ਯਾਦ ਰਖਣਾ, ਨਾਮ ਨੂੰ ਸਦਾ ਯਾਦ ਕਰਨ ਦੇ ਤੁੱਲ ਹੈ। ਉਸ ਦਾ ਧਿਆਨ ਆਉਂਦੇ ਸਾਰ ਹੀ ਨਾਮ ਅੰਦਰ ਵਸਣ ਲਗਦਾ ਹੈ ਅਤੇ ਨਾਮ ਅੰਦਰ ਵਸਣ ਤੇ ਨਾਮ-ਦਾਤੇ ਦੀ ਯਾਦ ਪਰਪਕ

---

੧. ਥਲੇ ਦਾ ਦਿਲ, ਉਤੋਂ ਉਤੋਂ ਨਹੀਂ, ਜਿਸ ਦਾ ਦਿਲ ਤਹਿ ਤਕ ਸਚੇ ਨਾਮ ਵਿਚ ਰੱਤਾ ਹੈ।

੨. ਚੰਦਨ ਰੂਪ

Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੀ ਹੈ। ਜੀਅੜਾ ਏਲ ਬਲ ਜਾਂਦਾ ਹੈ; ਮਨ 'ਧੰਨ ਸਤਿਗੁਰੂ, ਧੰਨ ਸਤਿਗੁਰੂ', ਕਹਿ ਉਠਦਾ ਹੈ। ਰੋਮ ਰੋਮ ਵਿਚ ਕ੍ਰਿਤੱਗਿਅਤਾ ਆ ਜਾਂਦੀ ਹੈ ਅਤੇ ਮਨ ਨਾਮ ਰਸ ਵਿਚ ਹੋਰ ਖੀਵਾ ਹੋ ਜਾਂਦਾ ਹੈ। ਖੁਸ਼ੀ ਵਿਚ ਇਕ ਵਿਸਮਾਦ ਜਿਹਾ ਛਾ ਜਾਂਦਾ ਹੈ ਅਤੇ ਅੰਦਰਲਾ ਪ੍ਰਕਾਸ਼ ਹੋ ਆਉਂਦਾ ਹੈ। ਦਿਬ ਲੋਇਣ ਖੁਲ੍ਹ ਜਾਂਦੇ ਹਨ ਅਤੇ ਫਿਰ ਦਿਸਣ ਲਗ ਪੈਂਦਾ ਹੈ :—

'ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
'ਓਹੁ ਅਬਿਨਾਸੀ[1] ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥'

[ਸੂਹੀ ਮ: ੪–੭੫੯

*ਸਤਿਗੁਰ ਸਰੀਰ ਨਹੀਂ, ਉਹ ਤਾਂ ਜੋਤ ਰੂਪ ਹੈ। ਭਾਈ ਗੁਰਦਾਸ ਜੀ ਇਸ ਦੀ ਗਵਾਹੀ ਇਉਂ ਭਰਦੇ ਹਨ :—

'[2]ਓਅੰਕਾਰ ਅਕਾਰ ਜਿਸੁ ਸਤਿਗੁਰੁ ਪੁਰਖੁ ਸਿਰੰਦਾ ਸੋਈ ॥
ਇਕ ਕਵਾਉ ਪਸਾਉ ਜਿਸੁ ਸਬਦ ਸੁਰਤਿ ਸਤਿਸੰਗ ਵਿਲੋਈ ॥
ਬ੍ਰਹਮਾ ਬਿਸਨੁ ਮਹੇਸੁ ਮਿਲਿ ਦਸ ਅਵਤਾਰ ਵੀਚਾਰ ਨ ਹੋਈ ॥'

[ਵਾਰ ੪੦, ਪਉੜੀ ੧੨, ਭਾਈ ਗੁਰਦਾਸ ਜੀ

ਅਤੇ

'[3]ਨਿਰੰਕਾਰ ਅਕਾਰੁ ਕਰਿ, ਜੋਤਿ ਸਰੂਪ ਅਨੂਪ ਦਿਖਾਇਆ ॥'

[ਵਾਰ ੧੨, ਪਉੜੀ ੧੭, ਭਾਈ ਗੁਰਦਾਸ ਜੀ

---

੧. ਨਾ ਨਾਸ਼ ਹੋਣ ਵਾਲਾ

* ਈਸਾ ਮਸੀਹ ਜੀ ਨੇ ਵੀ ਬਾਈਬਲ ਵਿਚ ਆਪਣੇ ਪ੍ਰਮਾਤਮਾ ਦਾ ਰੂਪ ਪ੍ਰਕਾਸ਼ (Light) ਹੀ ਦਸਿਆ ਹੈ ਅਤੇ ਨਾਮ ਨੂੰ 'ਲਗੋਸ' (Logos) ਕਰ ਕੇ ਆਖਿਆ ਹੈ ਜੋ ਪ੍ਰਕਾਸ਼ ਰੂਪ ਸਤਿਗੁਰੂ ਹੀ ਹੈ : ਅਤੇ ਆਪਣੇ ਆਪ ਨੂੰ ਉਹੀ ਸਤਿਗੁਰੂ ਦਸਿਆ ਜੋ ਸਰੀਰ ਧਾਰੀ ਹੋ ਕੇ ਸੰਸਾਰ ਵਿਚ ਆਏ।

੨. ਓਅੰਕਾਰ, ਜਿਸ ਦਾ ਆਕਾਰ ਹੈ ਉਹੋ ਹੀ ਸਤਿਗੁਰੁ ਪੁਰਖੁ ਰਚਨਹਾਰਾ ਹੈ। ਉਸ ਨੇ ਹੀ ਇਕ ਕਵਾਉ (ਇਛਾ, ਹੁਕਮ) ਦੁਆਰਾ ਇਹ ਪਸਾਰਾ ਕੀਤਾ ਹੈ ਤੇ ਉਹੋ ਹੀ ਸਤਿਸੰਗ ਵਿਚ ਸ਼ਬਦ ਸੁਰਤ ਦੇ ਰਿੜਕਣ ਦੁਆਰਾ (ਮੇਲਣ ਨਾਲ) ਪ੍ਰਗਟ ਹੁੰਦਾ ਹੈ। ਬ੍ਰਹਮਾ, ਬਿਸ਼ਨ ਅਤੇ ਮਹੇਸ਼ ਸਮੇਤ ਦਸ ਅਵਤਾਰਾਂ ਦੇ, ਉਸ ਓਅੰਕਾਰ ਦਾ ਵਿਚਾਰ ਨਹੀਂ ਕਰ ਸਕੇ।

੩. (ਨਿਰੰਕਾਰ) ਨਿਰਗੁਣ ਪ੍ਰਮਾਤਮਾ ਨੇ ਆਕਾਰ ਪੰਜ ਭੌਤਕ ਦੇਹ ਰਚ ਕੇ ਆਪਣਾ ਜੋਤਮਈ ਅਨੂਪਮ ਰੂਪ ਉਸ ਵਿਖੇ ਪ੍ਰਗਟ ਕੀਤਾ ਹੈ।

Sri Satguru Jagjit Singh Ji eLibrary NamdhariElibrary@gmail.com

ਅਤੇ

‘ [੧]ਸਤਿਗੁਰੁ ਪੂਰਾ ਸਾਹੁ ਹੈ, ਬੇਪਰਵਾਹ ਅਥਾਹੁ ਭੰਡਾਰੇ ॥’
ਲੈ ਲੈ ਮੁਕਰ ਪਾਨਿ ਸਭ ਸਤਿਗੁਰੁ ਦੇਇ ਨ ਦੇਂਦਾ ਹਾਰੇ ॥
ਇਕੁ ਕਵਾਉ ਪਸਾਉ ਕਰਿ, ਓਅੰਕਾਰ ਅਕਾਰ ਸਵਾਰੇ ॥
ਪਾਰਬ੍ਰਹਮ ਸਤਿਗੁਰੁ ਬਲਿਹਾਰੇ ॥’

[ਵਾਰ ੪੦, ਪਉੜੀ ੭, ਭਾਈ ਗੁਰਦਾਸ ਜੀ

ਇਉਂ ਸਤਿਗੁਰ ਤੇ ਨਾਮ ਅਨਿੱਖੜ ਹਨ, ਇਕ ਵਸਤ ਦੇ ਹੀ ਦੋ ਰੂਪ ਹਨ, ਗ੍ਰੰਥ ਸਾਹਿਬ ਨੂੰ ਗੁਰੂ ਗਦੀ ਮਿਲਣ ਨਾਲ ਇਹ ਗਲ ਹੋਰ ਵੀ ਸੱਪਸ਼ਟ ਹੋ ਜਾਂਦੀ ਹੈ :–

‘ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥’

[ਨਟ ਮ: ੪–੯੮੨

ਅਤੇ

‘ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥’

[ਬਿਲਾਵਲ ਮ: ੩–੭੯੭

ਸਤਿਗੁਰੂ ਜੀ ਦੇ ਇਸ ਸਰੂਪ ਨੂੰ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਛਾਪੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ‘ਗੁਰੂ’ ਪਦ ਥੱਲੇ, ਬੜੇ ਸੁੰਦਰ ਸ਼ਬਦਾਂ ਵਿਚ ਵਿਸਥਾਰ ਸਹਿਤ ਜਣਾਇਆ ਗਿਆ ਹੈ । ਇਹ ਸਮੁੱਚਾ ਭਾਵ ਹੇਠਾਂ ਦਰਜ ਕੀਤਾ ਜਾਂਦਾ ਹੈ :–

“੫–(ਗੁਰਮਤ ਵਿਚ) ਗੁਰੂ ਪਦ ਅਕਾਲ ਪੁਰਖ ਲਈ ਹੈ ਜਿਸ ਨੂੰ ਗੁਰੂ ਨਾਨਕ ਜੀ ‘ਮੈਂ ਆਪਣਾ ਗੁਰੁ ਪੂਛਿ ਦੇਖਿਆ’ ਪਤਾ ਦੇ ਕੇ ਦਸਦੇ ਹਨ । ਉਹ ਗੁਰੂ ਪਦ ਜਿਸ ਪਰਮ ਪੂਰਨ ਜਯੋਤ ਵਿਚ ਵਾਹਿਗੁਰੂ ਨੇ ਪ੍ਰਤਿਬਿੰਬਤ ਕੀਤਾ, ਸੋ ਭੀ ਗੁਰੂ । ਇਸ ਦਾ ਪਤਾ ਪੁਰਾਤਨ ਜਨਮ ਸਾਖੀ

---

੧. ਸਤਿਗੁਰੂ (ਗੁਰੂ ਨਾਨਕ) ਪੂਰਾ ਸ਼ਾਹ ਹੈ, ਬੇਪਰਵਾਹ ਤੇ ਨਿਰਲੋਭ ਹੈ ਅਤੇ ਉਸ ਦੇ ਭੰਡਾਰੇ (ਨਾਮ ਦੇ) ਅਥਾਹ (ਅਣ-ਗਿਣਤ) ਭਰੇ ਹੋਏ ਹਨ । ਗਾਹਕ (ਜੀਵ) ਤਾਂ ਲੈ ਲੈ ਕੇ ਸਾਰੇ ਮੁਕਰ ਪੈਂਦੇ ਹਨ (ਭਾਵ ਮਰ ਜਾਂਦੇ ਹਨ ਜਾਂ ਇਕਰਾਰ ਨਹੀਂ ਕਰਦੇ) ਪਰ ਸਤਿਗੁਰੂ ਜੀ ਦੇਈ ਹੀ ਜਾਂਦੇ ਹਨ ਅਤੇ ਦਿੰਦੇ ਹੋਏ ਹਾਰਦੇ ਨਹੀਂ ਹਨ । ਇਕ ਵਾਕ ਤੋਂ ਹੀ ਓਅੰਕਾਰ ਨੇ ਪਸਾਰਾ ਕਰਕੇ ‘ਆਕਾਰ’ (ਆਪਣਾ ਸਰੂਪ) ਧਾਰਨ ਕੀਤਾ ਹੈ । ਉਹੀ ਪਾਰਬ੍ਰਹਮ ਰੂਪ ਸਤਿਗੁਰੂ ਹੈ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ ।

Sri Satguru Jagjit Singh Ji eLibrary NamdhariElibrary@gmail.com

ਵਿਚ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਆਪਣੇ ਉਚਾਰੇ 'ਢਾਡੀ ਸਚੈ ਮਹਲਿ ਖਸਮਿ ਬੁਲਾਇਆ' ਦੀ ਪਉੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਬੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਜਯੋਤਿ ਨਾਲ ਅੰਗਦ ਜੀ ਗੁਰੂ ਤੇ ਭਾਈ ਬੁੱਢਾ ਆਦਿਕ ਅਨੇਕ ਪੂਰਨ ਸਿਖ ਪੈਦਾ ਕੀਤੇ। ਸੋ ਗੁਰੂ ਅੰਗਦ ਤੇ ਉਨ੍ਹਾਂ ਤੋਂ ਅਗੇ ਗੁਰਪਦ ਤੇ ਆਏ ਸਾਰੇ ਗੁਰੂ ਕਹਿਲਾਏ। ਹੁਣ ਦਸਾਂ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਪੰਥ ਵਾਸਤੇ ਇਹ ਪਦ ਰੂੜੀ ਯਾ ਜ਼ਾਤੀ ਸਿਫਤ ਵਾਂਙੂ ਹੈ। ਗੁਰੂ ਪਦ ਦੇ ਆਮ ਅਰਥ ਉਸਤਾਦ ਤੇ ਸਿਖਯਕ ਦੇ ਹਨ, ਪਰ ਜਦ ਇਹ ਪਦ ਦਸਾਂ ਪਾਤਸ਼ਾਹੀਆਂ ਨਾਲ ਵਰਤੀਂਦਾ ਹੈ ਤਦ ਇਸ ਦੇ ਅਰਥ ਉਸਤਾਦ, ਅਵਤਾਰ, ਪੈਗੰਬਰ ਤੋਂ ਉਪਰਲੇ ਦਰਜੇ ਦੇ ਉਸ ਮਹਾਂ-ਸ਼ਕਤੀ ਤੇ ਜਯੋਤੀਮਯ ਸੱਤਯਾ ਦੇ ਹਨ ਜੋ ਵਾਹਿਗੁਰੂ ਦੀ ਆਪਣੀ ਹੈ ਤੇ ਉਸ ਨੇ ਇਨ੍ਹਾਂ ਮਹਾਂ ਪ੍ਰਕਾਸ਼ ਵਾਲੀਆਂ ਪੂਰਨ ਨਿਰਮਲ ਜਯੋਤੀਆਂ ਵਿਚ ਰਖ ਕੇ ਇਨ੍ਹਾਂ ਨੂੰ ਜਗਤ ਦੇ ਗੁਰੂ ਬਣਾ ਕੇ ਘਲਿਆ। ਗੁਰੂ ਨਾਨਕ ਦੇਵ ਜੀ ਦਾ ਗੁਰੂ ਅਕਾਲਪੁਰਖ ਹੈ, ਉਨ੍ਹਾਂ ਆਪ ਬੀ ਦਸਿਆ ਹੈ—'ਅਚੁਤ ਪਾਰਬ੍ਰਹਮ ਪਰਮੇਸਰ ਨਾਨਕ ਗੁਰ ਮਿਲਿਆ ਸੋਈ ਜੀਉ।' ਹੋਰਨਾਂ ਅਵਤਾਰਾਂ ਨੂੰ ਇਨਸਾਨੀ ਰੂਪ ਵਾਲਾ ਗੁਰੂ ਧਾਰਨਾ ਪਿਆ ਹੈ। ਦਸਾਂ ਗੁਰਾਂ ਦੇ ਇਸ ਦਰਜੇ ਯਾ ਪਦ ਦੀ ਗੌਰਵਤਾ ਇਨ੍ਹਾਂ ਦਸਾਂ ਹੀ ਵਿਅਕਤੀਆਂ ਲਈ ਸੰਕੇਤਕ ਮੰਨੀ ਜਾਂਦੀ ਹੈ। ਹੋਰ ਸਿਖਿਆ-ਦਾਤੇ, ਪ੍ਰੇਰਕ, ਸਤਿਸੰਗੀ, ਨਾਮਦਾਤੇ, ਨਾਮ ਰਸ, ਲਿਵ, ਜੀਅ-ਦਾਨ-ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਮੁਖ, ਸੰਤ, ਹਰਿਜਨ, ਭਗਤ, ਸਾਧੂ, ਗੁਰਸਿਖ ਆਦਿ ਕਈ ਨਾਵਾਂ ਨਾਲ ਵੀ ਵਰਣਨ ਹੋਏ ਹਨ। ਐਸੇ ਗੁਰਮੁਖ ਲੋਕ ਗੁਰੂ ਸਾਹਿਬਾਂ ਦੇ ਸਮੇਂ ਬੀ ਹੋਏ ਹਨ ਜਿਨ੍ਹਾਂ ਨੂੰ ਮੰਜੀਆਂ, ਪੰਘੂੜੇ, ਪੀੜ੍ਹੇ, ਪਦਵੀਆਂ ਨਾਲ ਸ਼ਸ਼ੋਭਤ ਕੀਤਾ ਗਿਆ ਸੀ। ਉਹ ਸਾਰੇ ਗੁਰਮੁਖ ਮਹਾਂ ਪੁਰਖ ਗੁਰੂ ਪਦ ਦੀ ਤਾਬਿਆ ਸਿਖਿਆ ਤੇ ਜੀਅ-ਦਾਨ ਦੇਂਦੇ ਸਨ। ਇਸੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੇ ਭਗਤ ਭੱਟ ਆਦਿ ਪੁਰਖ ਮਹਾਂ ਪੁਰਖ ਸਨ, ਜਿਨ੍ਹਾਂ ਦੀ ਬਾਨੀ ਬਾਬਤ ਲਿਖਿਆ ਹੈ—'ਸੁਰ ਨਰ ਤਿਨ ਕੀ ਬਾਣੀ ਗਾਵਹਿ' ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ। ਇਹ ਬਾਣੀ ਪ੍ਰਮਾਣੀਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ, ਪਰ ਇਹ ਸਾਰੇ ਸ੍ਰੀ ਗੁਰੂ ਪਦ ਦੀ

Sri Satguru Jagjit Singh Ji eLibrary NamdhariElibrary@gmail.com

ਤਾਬਿਆ ਸਨ, ਉਨ੍ਹਾਂ ਨੂੰ ਗੁਰਮਤ ਵਿਚ ਭਗਤ ਦਾ ਦਰਜਾ ਦਿਤਾ ਗਿਆ ਹੈ, ਉਨ੍ਹਾਂ ਨੇ ਸਿਖਿਆ, ਜੀਅਦਾਨ ਦਾ ਕੰਮ ਗੁਰੂ ਜਯੋਤ (ਜੋ ਅਰਸ਼ਾਂ ਵਿਚ ਆਦਿ ਤੋਂ ਹੈ) ਦੇ ਤਾਬਿਆ ਕੀਤਾ ਹੈ, ਜੋ ਬਾਣੀ ਉਨ੍ਹਾਂ ਦੀ ਬੀੜ ਵਿਚ ਚੜ੍ਹੀ ਹੈ, ਸੋ ਅਰਸ਼ਾਂ ਦੀ ਜ੍ਯੋਤੀ ਵਲੋਂ ਉਨ੍ਹਾਂ ਤੇ ਉਤਰੀ ਸੀ। ਉਹ ਲੋਕ ਗੁਰੂ ਜਯੋਤ ਦੇਹ ਧਾਰੀ ਹੋ ਜਗਤ ਵਿਚ ਆਉਣ ਤੋਂ ਪਹਿਲਾਂ ਕੰਮ ਕਰਨ ਆਉਂਦੇ ਰਹੇ। ਪ੍ਰਹਿਲਾਦ ਤੇ ਧਰੂ ਆਦਿ ਜਿਨ੍ਹਾਂ ਦੀ ਬਾਣੀ ਨਹੀਂ ਹੈ ਪਰ ਨਾਮ ਤੇ ਜ਼ਿਕਰ ਬਾਣੀ ਵਿਚ ਆਇਆ ਹੈ, ਉਨ੍ਹਾਂ ਤੇ ਬੀ ਗੁਰਬਾਣੀ ਅਰਸ਼ਾਂ ਤੋਂ ਉਤਰਦੀ ਰਹੀ ਹੈ। ਭਾਈ ਗੁਰਦਾਸ ਜੀ ਤਾਰਾ ਰਾਣੀ ਬਾਰੇ ਲਿਖਦੇ ਹਨ—'ਰਾਤੀ ਜਾਇ ਸੁਣੇ ਗੁਰਬਾਣੀ' ਅੰਤ ਵਿਚ ਸਤਿਗੁਰ ਜੀ ਨੇ ਗੁਰਬਾਣੀ ਨੂੰ ਜੋ ਪਹਿਲਾਂ ਭਗਤਾਂ ਨੂੰ ਘਲਦੇ ਰਹੇ ਤੇ ਜੋ ਆਪ ਆ ਕੇ ਸਰੀਰ ਵਿਚ ਹੋ ਕੇ ਆਖੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਿਖ ਕੇ ਬੀੜ ਬੱਧੀ ਤੇ ਗੁਰੂ-ਪਦ ਦਾ ਅਧਿਕਾਰ ਬਾਣੀ ਨੂੰ ਭੀ ਦਿਤਾ।

ਹੁਣ ਬਾਣੀ ਉਪਦੇਸ਼ ਨਾਮ ਦਾਨ ਦੇ ਸਾਰੇ ਅਧਿਕਾਰ ਗੁਰੂ ਗ੍ਰੰਥ ਪੰਥ ਵਿਚ ਹਨ। ਨਾਮ ਰਸੀਏ ਨਾਮ ਲਿਵ ਵਾਲੇ ਗੁਰਸਿਖ ਗੁਰਬਾਣੀ ਅਨੁਕੂਲ ਜਗਤ ਉਧਾਰ ਕਰਨ ਨੂੰ ਸਮਰਥ ਕੀਤੇ ਗਏ ਹਨ। 'ਜਨ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ', ਭਾਵ ਇਹ ਕਿ ਆਪ ਜਪਣਾ ਤੇ ਹੋਰਨਾਂ ਨੂੰ ਜਪਾਣਾ ਨਾਮ ਰਸੀਏ ਸਿਖ ਦੇ ਅਧਿਕਾਰ ਵਿਚ ਹੈ। ਗੁਰਸਿਖ ਜੋ ਨਾਮ ਰਸੀਏ ਹਨ, ਲਿਵ ਤੇ ਸਹਜ ਪਦ ਤੇ ਅਪੜੇ ਹਨ, ਸਫਲ ਫਲ ਸਿਖੀ ਬ੍ਰਿਛ ਦੇ ਹਨ ਜੋ ਰਸ ਰੂਪ ਹਨ ਤੇ ਰਸ ਦਾਤੇ ਹਨ, ਤੇ ਲਿਵਧਾਰੀ ਹੋਣ ਕਰਕੇ ਸਤਿਗੁਰਾਂ ਦੇ ਚਰਨਾਂ ਨਾਲ ਲਗੇ ਗੁਰਮੁਖ ਹਨ, ਇਨ੍ਹਾਂ ਦਾ ਧਰਮ ਹੈ, ਆਪ ਜਪਨਾ ਤੇ ਹੋਰਨਾਂ ਨੂੰ ਜਪਾਣਾ। ਪਰ ਗੁਰੂ ਪਦ ਉਤੇ ਸ੍ਰੀ ਗੁਰੂ ਗ੍ਰੰਥ ਜੀ ਹਨ।''

ਭਾਈ ਨੰਦ ਲਾਲ ਜੀ ਦੇ ਰਹਿਤ-ਨਾਮੇ ਵਿਚ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਬਚਨ ਦਰਜ ਹਨ ਜਿਨ੍ਹਾਂ ਰਾਹੀਂ ਗੁਰੂ ਜੀ ਨੇ ਆਪਣੇ ਸਰੂਪ ਬਾਰੇ ਇਉਂ ਦਸਿਆ ਹੈ :—

'ਤੀਨ ਰੂਪ ਹੈ ਮੋਹ ਕੇ, ਸੁਨੋ ਨੰਦ ਚਿਤ ਲਾਇ ॥
ਨਿਰਗੁਣ ਸਰਗੁਣ ਗੁਰਸ਼ਬਦ, ਕਹੋਂ ਤੋਹਿ ਸਮਝਾਇ ॥'

Sri Satguru Jagjit Singh Ji eLibrary NamdhariElibrary@gmail.com

(੧) ਨਿਰਗੁਣ ਸਰੂਪ ਉਹ ਹੈ ਜੋ ਤਿੰਨਾਂ ਗੁਣਾਂ ਤੋਂ ਪਰੇ ਹੈ ।
(੨) ਸਰਗੁਣ ਸਰੂਪ ਦਸ ਸਤਿਗੁਰੂ ਸਾਹਿਬਾਨ ਤੇ ਖਾਲਸੇ ਦਾ ਹੈ ।
(੩) ਗੁਰਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ ।

ਉਕਤ ਤਿੰਨੇ ਸਰੂਪ ਆਪੋ ਵਿਚ ਓਤਪੋਤ ਹਨ, ਭਿੰਨ ਭਿੰਨ ਨਹੀਂ । ਤੀਜੇ ਦਰਸ਼ਨਾਂ ਸਬੰਧੀ ਗੁਰ ਬਿਲਾਸ ਵਿਚ ਗੁਰੂ ਅਰਜਨ ਸਾਹਿਬ ਜੀ ਦਾ ਉਪਦੇਸ਼ ਜੋ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋਣ ਪੁਰ ਸਭ ਸੰਗਤ ਨੂੰ ਦਿਤਾ ਸੀ, ਉਹ ਇਸ ਪ੍ਰਕਾਰ ਹੈ :—

'ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ ।।
ਬਾਤ ਕਰਨ ਗੁਰ ਸੋਂ ਚਹੈ ਪੜੈ ਗ੍ਰੰਥ ਮਨ ਲਾਇ ।।'

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸੋਂ ਪਾਤਸ਼ਾਹੀਆਂ ਦੀ ਜਾਗਤ ਜੋਤ ਹਨ ਅਤੇ ਇਸ ਸਮੇਂ ਗੱਦੀ 'ਤੇ ਬਿਰਾਜਮਾਨ ਹਨ । ਦੂਜਾ ਸਰਗੁਣ ਸਰੂਪ ਇਸ ਸਮੇਂ ਖਾਲਸਾ ਹੈ ਜਿਸ ਦੀ ਵਧੀਕ ਜਾਣਕਾਰੀ ਅਗਲੇ ਕਾਂਡ ਵਿਚ ਦਿਤੀ ਗਈ ਹੈ । ਭੱਟਾਂ ਨੇ ਗੁਰੂ ਜੀ ਦੇ ਪਹਿਲੇ ਸਰੂਪ ਜੋ ਤਿੰਨਾਂ ਗੁਣਾਂ ਤੋਂ ਉਤੇ ਹੈ, ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪਣੀ ਬਾਣੀ ਵਿਚ ਇਉਂ ਦਸਿਆ ਹੈ :–

' [੧]ਧਰਨਿਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ।।
[੨]ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ।।'
[ਸਵਈਏ ਮਹਲੇ ਪੰਜਵੇਂ ਕੇ–੧੪੦੯

ਉਪ੍ਰੋਕਤ ਵਿਚਾਰ ਤੋਂ ਇਹ ਸਿਧ ਹੋਇਆ ਹੈ ਕਿ ਸਤਿਗੁਰੂ ਜੀ ਆਪ ਹੀ ਓਅੰਕਾਰ ਹਨ ਜਿਨ੍ਹਾਂ ਦਾ ਸਰੂਪ 'ਸਤਿਨਾਮ' ਹੈ । ਅਕਾਲ ਪੁਰਖ, ਸਤਿਗੁਰ ਤੇ ਨਾਮ ਵਿਚ ਕੋਈ ਫਰਕ ਨਹੀਂ; ਵਾਸਤਵ ਵਿਚ ਇਹ ਪ੍ਰਭੂ-ਹੋਂਦ ਦੇ ਹੀ ਲਖਾਇਕ ਹਨ । ਇਸ ਤਰ੍ਹਾਂ ਸਤਿਗੁਰ ਜੀ ਦੀ ਯਾਦ ਜਾਂ ਪ੍ਰੇਮ ਨਾਮ ਦਾ ਰੂਪ ਹੈ । ਉਸ ਨਾਲ ਪ੍ਰੇਮ ਪਾਉਣ ਸਬੰਧੀ ਸ੍ਰੀ ਗੁਰੂ ਰਾਮਦਾਸ ਜੀ ਇਉਂ ਫੁਰਮਾਉਂਦੇ ਹਨ :—

---

੧. ਗੁਰੂ ਹੀ ਧਰਤੀ, ਆਸਮਾਨ ਅਤੇ ਸਾਰੇ ਜਹਾਨ ਵਿਚ ਹਰੀ ਦੀ ਜੋਤ ਰੂਪ ਹੋ ਕੇ ਵਰਤ ਰਿਹਾ ਹੈ

੨. ਆਖਦਾ ਹੈ ਮੱਥਰਾ ਭੱਟ

Sri Satguru Jagjit Singh Ji eLibrary NamdhariElibrary@gmail.com

'ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ[੧] ।।
ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ[੨] ਜਪਾਇਆ ।।
ਸੋ ਸਤਿਗੁਰੁ ਦੇਖਹੁ [੩]ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ।।
ਤਿਸੁ ਸਤਿਗੁਰ ਕੀ ਸਭ ਪਗੀ[੪] ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ।।
ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ[੫] ।।

[ਵਾਰ ਵਡਹੰਸ ਮ: ੪–੫੮੬

ਸਤਿਗੁਰ ਨਾਲ ਪ੍ਰੇਮ ਸਦਾ ਰਹਿਣ ਵਾਲੀ ਵਸਤੂ ਹੈ :–

' [੬]ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ ।।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ ।।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ ।।
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ ।।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ ।।
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੈ ।।੪।।'

[ਵਾਰ ੨੭, ਪਉੜੀ ੪, ਭਾਈ ਗੁਰਦਾਸ ਜੀ

ਸਤਿਗੁਰੂ ਆਪ ਨਾਮ ਵਿਚ ਰੱਤਿਆ ਹੋਣ ਕਰਕੇ ਨਾਮ-ਰੂਪ ਹੋਇਆ ਹੋਇਆ ਹੈ। ਗੁਰਮੁਖ ਹੋ ਕੇ ਦਾਸਾ-ਭਾਵ ਵਿਚ ਜੋ ਵੀ ਉਸ ਦੀ ਸੇਵਾ ਕਰਦਾ ਹੈ, ਉਹੀ

---

੧. ਪੱਕੀ ਤਰ੍ਹਾਂ ਸਮਝਾਇਆ
੨. ਜਗਤ ਦਾ ਮਾਲਕ
੩. ਹਰ ਪਲ
੪. ਪੈਰੀਂ
੫. ਲਭਾਇਆ
੬. ਚਕੋਰ ਦੀ ਪ੍ਰੀਤ ਚੰਦ੍ਰਮਾ ਨਾਲ ਹੈ, ਤਦੇ ਉਹ ਤਾੜੀ ਲਾ ਕੇ ਚੰਦ ਵਲ ਤੱਕਦਾ ਰਹਿੰਦਾ ਹੈ। ਚਕਵੀ ਦਾ ਸੂਰਜ ਨਾਲ ਹੇਤ ਹੈ ਕਿਉਂ ਜੋ ਜਦ ਉਹ ਚੜ੍ਹਦਾ ਹੈ ਤਦ ਚਕਵੀ ਚਕਵਾ ਆਪੋ ਵਿਚ ਮਿਲ ਕੇ ਸੁਖੀ ਹੁੰਦੇ ਹਨ। ਕੰਵਲ ਦੀ ਪ੍ਰੀਤ ਜਲ ਨਾਲ ਜਾਣੀਦੀ ਹੈ, ਕਿਉਂਜੋ ਉਹ ਪਾਣੀ ਨਾਲ ਖਿੜ ਕੇ (ਪ੍ਰਸੰਨ ਹੋ ਕੇ) ਮੂੰਹ ਵਿਖਾਲਦਾ ਹੈ ਅਰਥਾਤ ਪਾਣੀ ਬਾਝ ਕੁਮਲਾ ਜਾਂਦਾ ਹੈ। ਮੋਰ ਅਤੇ ਬਬੀਹੇ ਕਾਲੇ ਬੱਦਲਾਂ ਨੂੰ ਵੇਖ ਕ ਬੋਲਦੇ ਹਨ। ਭਰਤਾ ਨਾਲ ਇਸਤਰੀ ਦਾ ਅਤੇ ਮਾਂ ਨਾਲ ਪੁੱਤਰ ਦਾ ਮੋਹ ਹੁੰਦਾ ਹੈ। ਇਸੇ ਤਰ੍ਹਾਂ ਹੀ ਮੁਰੀਦਾ ਦੀ ਪ੍ਰੀਤ ਪੀਰਾਂ ਨਾਲ ਹੁੰਦੀ ਹੈ। ਦੂਜੀਆਂ ਪ੍ਰੀਤਾਂ ਤਾਂ ਸਰੀਰਾਂ ਨਾਲ ਹੁੰਦੀਆਂ ਹਨ ਪਰ ਪੀਰ ਮੁਰੀਦਾਂ ਦਾ ਪਿਆਰ ਸਦਾ ਹੀ ਕਾਇਮ ਰਹਿਣ ਵਾਲੀ ਚੀਜ਼ ਹੈ।

Sri Satguru Jagjit Singh Ji eLibrary NamdhariElibrary@gmail.com

ਨਾਮ ਸੰਭਾਲ ਲੈਂਦਾ ਹੈ :–

'ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਥੁ[1] ਹੋਇ ॥
ਗੁਰਮੁਖਿ ਹੋਵੈ ਸੋ ਪਾਰਿ ਪਵੈ ਜਿਨਾਂ ਅੰਦਰਿ ਸਚਾ ਸੋਇ ॥
ਨਾਮ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥
ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤ ਹੋਇ ॥੨॥'
[ਮ: ੩, ਵਾਰ ਬਿਹਾਗੜਾ–੫੫੨

ਸਤਿਗੁਰ ਅਉਗਣਾਂ ਨੂੰ ਕੱਟ ਕੇ ਨਿਰਮਲ ਤੇ ਗੁਣਵਾਨ ਬਣਾ ਦਿੰਦਾ ਹੈ ਤਾਂ ਜੋ ਉਸਦਾ ਆਪਣਾ ਨਿਰਮਲ ਸਰੂਪ, ਨਾਮ, ਗੁਰਸਿਖ ਦੇ ਹਿਰਦੇ ਵਿਚ ਟਿਕ ਸਕੇ :–

'[2]ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰੁ ਮਲੀਣਾ ॥
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ ॥
ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ ॥
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ ॥
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ ॥
ਸਤਿਗੁਰੁ ਬੰਦੀ ਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ॥
ਗੁਰਮੁਖਿ ਮਨ ਅਪਤੀਜੁ ਪਤੀਣਾ ॥ ੨੦ ॥'
[ਵਾਰ ੨੬, ਪਉੜੀ ੨੦, ਭਾਈ ਗੁਰਦਾਸ ਜੀ

---

੧. ਜਹਾਜ਼

੨. ਸਤਿਗੁਰੂ ਜੀ ਪਾਰਸ ਹਨ ਜੋ ਆਪਣੇ ਸਪਰਸ਼ ਨਾਲ ਮਲੀਨ ਮਨੂਰ (ਲੋਹੇ ਦੀ ਮੈਲ) ਰੂਪੀ ਮਨ ਨੂੰ ਕੰਚਨ ਵਾਂਗ ਸ਼ੁਧ ਤੇ ਬਹੁਮੁਲਾ ਕਰ ਦਿੰਦੇ ਹਨ। ਸਤਿਗੁਰੂ ਜੀ ਬਾਵਨ ਚੰਦਨ (ਅਸਲ ਚੰਦਨ) ਰੂਪ ਹਨ ਜੋ ਆਪਣੀ ਸ੍ਰੇਸ਼ਟ ਵਾਸ਼ਨਾ ਨਾਲ ਮਨਮੁਖ ਰੂਪੀ ਬਾਂਸ ਨੂੰ ਵੀ ਵਾਸ਼ਨਾ ਦਿੰਦੇ ਹਨ। ਸਤਿਗੁਰੂ ਜੀ ਪੂਰਨ ਕਲਪ ਬ੍ਰਿਛ ਹਨ ਜੋ ਸਿੰਮਲ ਦੇ ਬੂਟੇ ਨਿਆਈਂ ਜੀਵ ਨੂੰ ਆਪਣੀ ਸੰਗਤ ਵਿਖੇ ਲੀਨ ਕਰ ਕੇ ਸ੍ਰੇਸ਼ਟ ਫਲਾਂ ਵਾਲਾ ਕਰ ਦਿੰਦੇ ਹਨ। ਸਤਿਗੁਰੂ ਮਾਨ ਸਰੋਵਰ ਹੋ ਕੇ ਕਾਵਾਂ ਨੂੰ ਹੰਸ ਕਰਦੇ ਹਨ, ਅਤੇ ਜਲ ਪੀਣੇ (ਮਿਥਿਆ ਗ੍ਰਹਿਣ ਕਰਨ ਵਾਲੇ) ਨੂੰ ਦੁੱਧ ਪੀਣਾ (ਤਤ ਵਸਤੂ ਗ੍ਰਹਿਣ ਕਰਨ ਵਾਲਾ) ਕਰ ਦਿੰਦੇ ਹਨ। ਗੁਰੂ ਦਰਿਆ ਰੂਪੀ ਤੀਰਥ ਹੈ ਜੋ ਪਸ਼ੂਆਂ ਪਰੇਤਾਂ ਨੂੰ ਉਨ੍ਹਾਂ ਦੇ ਪਾਪ ਆਦਿ ਧੋ ਕੇ ਚੱਤਰ ਬਣਾ ਦਿੰਦਾ ਹੈ। ਸਤਿਗੁਰੂ ਜੀ ਬੰਦੀ ਛੋੜ ਹਨ ਅਰਥਾਤ ਜਨਮ ਮਰਨ ਦੀ ਫਾਹੀ ਕੱਟ ਦਿੰਦੇ ਹਨ; ਉਦਾਸਾਂ ਤੇ ਉਡੀਕਵਾਨਾਂ ਨੂੰ ਜੀਵਨ ਮੁਕਤ ਕਰ ਦਿੰਦੇ ਹਨ। ਅਪਤੀਜ ਮਨ ਵੀ ਗੁਰਸਿਖਾਂ ਨੂੰ ਮਿਲ ਕੇ ਪਤੀਜ ਅਰਥਾਤ ਸ਼ਾਂਤ ਹੋ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਜਗਿਆਸੂ ਨੂੰ ਨਾਮ ਦਾਤੇ ਦੀ, ਹਮੇਸ਼ਾਂ ਲੋੜ ਰਹਿੰਦੀ ਹੈ। ਜਗਿਆਸੂ ਦਾ ਕੰਮ ਕੇਵਲ ਗੁਰਮੰਤ੍ਰ ਲੈਣ ਨਾਲ ਹੀ ਨਹੀਂ ਸੌਰਦਾ ਸਗੋਂ ਗੁਰਮੰਤ੍ਰ ਦੀ ਕਮਾਈ ਵਿਚ ਵੀ ਉਸ ਨੂੰ ਗੁਰੂ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਗੁਰਮੰਤ੍ਰ ਨੇ ਉੱਨਾਂ ਚਿਰ ਹਿਰਦੇ ਵਿਚ ਨਹੀਂ ਵਸਣਾ ਜਿੰਨਾਂ ਚਿਰ ਜਗਿਆਸੂ ਦੇ ਮਨ ਅੰਦਰ ਪੰਜ ਚੋਰ–ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ–ਨਿਵਾਸ ਕਰਦੇ ਹਨ। ਗੁਰੂ ਨੇ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਇਨ੍ਹਾਂ ਨੂੰ ਮਾਰਨ ਵਿਚ ਸਹਾਇਤਾ ਕਰਨੀ ਹੈ ਤੇ ਜਪ ਹੋ ਰਹੇ ਨਾਮ ਵਿਚ ਰਸ ਪਾਉਣਾ ਹੈ। ਸੋ ਗੁਰੂ ਦੀ ਟੇਕ ਹਰਦਮ ਸਮ੍ਹਾਲਣੀ ਪੈਂਦੀ ਹੈ। ਗੁਰੂ ਤੇ ਸਿਦਕ ਤੇ ਭਰੋਸਾ ਰਖਣਾ ਜ਼ਰੂਰੀ ਹੈ; ਉਸ ਦੇ ਨਾਲ ਪਿਆਰ ਕਰਨ ਨਾਲ ਹੀ ਉਸ ਦਾ ਨਾਮ ਅੰਦਰ ਟਿਕਦਾ ਹੈ, ਨਾਮ ਦਾ ਚਲਣਾ ਗੁਰੂ ਅਕਾਲ ਪੁਰਖ ਨਾਲ ਪਿਆਰ ਦਾ ਹੀ ਚਿੰਨ੍ਹ ਹੈ:–

'ਸਗਲ ਸਿਆਨਪ ਛਾਡਿ ॥ ਕਰਿ ਸੇਵਾ ਸੇਵਕ ਸਾਜਿ[੧] ॥
ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ ਪਾਇ ॥੧॥
[੨]ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥
ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥੧॥ਰਹਾਉ॥
ਦੂਜਾ ਨਹੀ ਜਾਨੈ ਕੋਇ ॥ ਸਤਿਗੁਰੁ ਨਿਰੰਜਨੁ ਸੋਇ ॥
ਮਾਨੁਖ[੩] ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥ ੨ ॥
ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥
ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥ ੩ ॥
ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥
ਸਤਿਗੁਰ ਭਏ ਦਇਆਲ ॥ ਨਾਨਕ ਦਾਸ ਨਿਹਾਲ ॥ ੪ ॥
[ਰਾਮਕਲੀ ਮ: ੫–੮੯੫

ਤਦੇ ਪੰਚ (ਸੰਤ) ਜਨਾ ਦਾ ਧਿਆਨ ਗੁਰੂ ਵਲ ਅਟੁਟ ਲੱਗਾ ਰਹਿੰਦਾ ਹੈ; ਉਨ੍ਹਾਂ ਦਾ ਮਨ ਹੋਰ ਕਿਸੇ ਪਾਸੇ ਨਹੀਂ ਜਾਂਦਾ। ਨਾਮ ਵਿਚ ਲੀਨ ਹੋਣ ਤੇ

---

੧. ਬਣਾ ਕੇ, ਆਪਣੇ ਆਪ ਨੂੰ ਸੇਵਕ ਬਣਾ ਕੇ ਸੇਵਾ ਕਰੋ

੨. ਗੁਰੂ ਨਾਲ ਬਿਰਤੀ ਜੋੜ ਕੇ

੩. ਸਤਿਗੁਰੂ ਨੂੰ ਮਨੁੱਖ ਦਾ ਰੂਪ ਕਰਕੇ ਨਾ ਸਮਝੋ

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਵਿਚ ਅਭੇਦ ਹੋਣ ਦੀ ਇਹੋ ਹੀ ਨਿਸ਼ਾਨੀ ਹੈ। ਅਜਿਹੇ ਗੁਰਮੁਖ ਹੀ ਗੁਰੂ-ਘਰ ਵਿਚ ਪ੍ਰਵਾਨੇ ਤੇ ਸਤਿਕਾਰੇ ਜਾਂਦੇ ਹਨ :—

'ਪੰਚ[੧] ਪਰਵਾਣ ਪੰਚ ਪਰਧਾਨ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕੁ ਧਿਆਨੁ ॥'

[ਜਪੁਜੀ

ਸਤਿਗੁਰੂ ਨਾਲ ਜਿਹੋ ਜਿਹਾ ਕੋਈ ਭਾਉ ਕਰਦਾ ਹੈ ਉਸ ਨੂੰ ਤੇਹੋ ਜਿਹਾ ਹੀ ਫਲ ਪ੍ਰਾਪਤ ਹੁੰਦਾ ਹੈ । ਸਤਿਗੁਰੂ ਤੇ ਜਿੰਨਾਂ ਕੋਈ ਵਿਸ਼ਵਾਸ਼ ਕਰੇਗਾ ਅਤੇ ਉਸ ਨੂੰ ਜਿੰਨੇ ਬਲ ਤੇ ਗੁਣਾਂ ਦਾ ਮਾਲਕ ਸਮਝੇਗਾ, ਉਸੇ ਅਨੁਸਾਰ ਹੀ ਉਸ ਨੂੰ ਨਾਮ-ਰਸ ਮਿਲੇਗਾ । ਸਾਡਾ ਮਨ 'ਜੈਸਾ ਸੇਵੇ ਤੈਸੋ ਹੋਵੈ' ਅਨੁਸਾਰ ਵੱਧ ਤੋਂ ਵੱਧ ਆਪਣੇ ਧੇਯ ਦਾ ਰੂਪ ਹੀ ਬਣ ਸਕਦਾ ਹੈ। ਫਿਰ ਸਤਿਗੁਰ ਦਾ ਮੇਲ ਸ਼ਬਦ ਦੁਆਰਾ ਉਪਦੇਸ਼ ਮੰਨਣ ਨਾਲ ਹੈ। ਜਿੰਨੀ ਮਤ ਉਸ ਦੀ ਗ੍ਰਹਿਣ ਹੋਵੇਗੀ ਉੱਨੀ ਹੀ ਉਸ ਵਿਚ ਸਮਾਈ ਜਾਣੋ :—

'ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥
ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥'

[ਸ੍ਰੀ ਰਾਗ ਮ: ੩–੩੦

ਤਾਂ ਤੇ ਸਤਿਗੁਰੂ ਨੂੰ ਵਾਹਿਗੁਰੂ ਕਰਕੇ ਸਮਝੇ ਤੇ ਫਰਕ ਨ ਕਰੇ।

'ਗੁਰੁ ਗੋਵਿੰਦ ਗੋਵਿੰਦੁ ਗੁਰੂ ਹੈ ਨਾਨਕ ਭੇਦ ਨ ਭਾਈ ॥'

[ਆਸਾ ਮ: ੪–੪੪੨

ਅਤੇ ਉਸ ਨਾਲ ਪ੍ਰੇਮ ਕਰਨਾ ਹੀ ਨਾਮ ਹੈ :—

'ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥'

[ਸੋਰਠਿ ਮ: ੫–੬੪੦

---

੧. ਸੰਤ, ਸ੍ਰੇਸ਼ਟ ਪੁਰਸ਼

Sri Satguru Jagjit Singh Ji eLibrary NamdhariElibrary@gmail.com

## ੨. ਛਾਵ ਰੂਪ

'ਜਹ ਮਹਾ ਭਇਆਨ[੧] ਤਪਤਿ ਬਹੁ ਘਾਮ[੨] ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ[੩] ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ[੪] ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥'
[ਗਉੜੀ ਸੁਖਮਨੀ ਮ: ੫–੨੬੪

ਜਿਵੇਂ ਕੜਕਦੀ ਧੁੱਪ ਵਿਚ ਛਾਂ, ਠੰਢ ਤੇ ਸੀਤਲਤਾ ਪਹੁੰਚਾਂਦੀ ਹੈ ਤਿਵੇਂ ਹੀ ਨਾਮ ਮਾਇਆ ਦੀ ਅਗਨੀ ਵਿਚ ਜਲ ਰਹੇ ਬੰਦਿਆਂ ਲਈ ਸੀਤਲਤਾ ਬਖਸ਼ਦਾ ਹੈ ਅਤੇ ਜਿਸ ਨੂੰ ਇਹ ਠੰਢ ਤੇ ਸੀਤਲਤਾ ਪ੍ਰਾਪਤ ਹੈ, ਉਸ ਦੇ ਹਿਰਦੇ ਅੰਦਰ ਮਾਨੋ ਨਾਮ ਪ੍ਰਗਟ ਹੈ । ਮਾਇਆ ਦੀ ਅਗਨ ਬਹੁਤ ਭਿਆਨਕ ਹੈ ਕਿਉਂਜੋ ਇਹ ਸਿਧੀ ਮਨ ਵਿਚ ਮੱਚਦੀ ਹੈ । ਮਨ ਨੂੰ ਜੋ ਤ੍ਰਿਸ਼ਨਾ ਲਗੀ ਹੋਈ ਹੈ, ਉਹ ਇਸ ਨੂੰ ਟਿਕਣ ਨਹੀਂ ਦਿੰਦੀ । ਕਈ ਵਾਰ ਇਸ ਦੀ ਹਾਲਤ ਇਹੋ ਜਿਹੀ ਹੋ ਜਾਂਦੀ ਹੈ ਕਿ ਉਸ ਦੇ ਸੇਕ ਨਾਲ ਨਾ ਇਹ ਬੈਠ ਸਕਦਾ ਹੈ, ਨਾ ਖਲੋ ਸਕਦਾ ਹੈ, ਨਾ ਤੁਰਨ ਫਿਰਨ ਜੋਗੀ ਹਿੰਮਤ ਹੁੰਦੀ ਹੈ, ਅਤੇ ਨਾ ਹੀ ਕਿਸੇ ਨੂੰ ਆਪਣਾ ਦੁਖ ਹੀ ਖੋਲ੍ਹ ਕੇ ਦਸਣ ਯੋਗ ਹੁੰਦਾ ਹੈ । ਇਹੋ ਜਿਹੀ ਹਾਲਤ ਵਿਚ 'ਹਰਿ ਬਿਨ ਕਉਨ ਸਹਾਈ ਮਨ ਕਾ' ਹੈ ? ਪ੍ਰਭੂ ਆਪਣੇ ਨਾਮ ਦੁਆਰਾ ਹੀ ਆਪਣੇ ਸੇਵਕ ਦੀ ਭਟਕਣਾ ਮਿਟਾਉਂਦਾ ਹੈ :–

''ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥
ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥''
[ਆਸਾ ਮ: ੫–੩੯੯

ਮਨ ਦੀ ਤਪਸ਼ ਨਾ ਚੰਦਨ, ਨਾ ਚਾਨਣੀ ਰਾਤ ਅਤੇ ਨਾ ਹੀ ਸਰਦ ਰੁਤ ਨਾਲ

---

੧. ਭਿਆਨਕ
੨. ਗਰਮੀ, ਹੁਮਸ । ਜਿਸ ਰਸਤੇ ਤੇ ਭਿਆਨਕ ਤਪਸ਼ ਤੇ ਬਹੁਤ ਗਰਮੀ ਹੈ
੩. ਛਾਂ
੪. ਖਿਚਦੀ ਹੈ । ਜਿਥੇ ਪਿਆਸ ਤੇਰਾ ਸਾਹ ਖਿਚਦੀ ਹੈ ।

Sri Satguru Jagjit Singh Ji eLibrary NamdhariElibrary@gmail.com

ਦੂਰ ਹੁੰਦੀ ਹੈ। ਇਸ ਨੂੰ ਤਾਂ ਕੇਵਲ ਨਾਮ ਹੀ ਸ਼ਾਂਤ ਕਰ ਸਕਦਾ ਹੈ :—

'ਚੰਦਨ[੧] ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ[੨] ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿਨਾਮੁ ॥'
[ਜੈਤਸਰੀ ਮ: ੫, ਵਾਰ–੭੦੯

ਜਿਵੇਂ ਪਿਆਸੇ ਲਈ ਪਾਣੀ ਤੇ ਭੁੱਖੇ ਲਈ ਰੋਟੀ ਹੈ, ਇਵੇਂ ਹੀ ਮਨ ਲਈ ਨਾਮ ਹੈ। ਜਦੋਂ ਨਾਮ ਮਨ ਵਿਚ ਟਿਕਦਾ ਹੈ ਤਾਂ ਇਸ ਦੀ ਤ੍ਰਿਪਤੀ ਹੋ ਜਾਂਦੀ ਹੈ :—

'ਹੁਕਮੀ ਵਰਸਣ ਲਾਗੇ ਮੇਹਾ[੩] ॥
ਸਾਜਨ ਸੰਤ ਮਿਲਿ ਨਾਮ ਜਪੇਹਾ ॥
ਸੀਤਲ ਸਾਂਤਿ ਸਹਿਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥'
[ਮਾਝ ਮ: ੫–੧੦੪

ਅਤੇ

'ਅੰਮ੍ਰਿਤ ਰਸਨਾ ਪੀਉ ਪਿਆਰੀ ॥
ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥ ਰਹਾਉ ॥
[ਗਉੜੀ ਗੁਆਰੇਰੀ ਮ: ੫-੧੮੦

ਚਿੰਤਾ ਵੀ ਜੀਵ ਨੂੰ ਤਦੇ ਲਗਦੀ ਹੈ ਜਦੋਂ ਇਹ ਆਪਣੇ ਆਪ ਨੂੰ ਹਉਂ ਕਰਕੇ ਕਰਤਾ ਮੰਨ ਲੈਂਦਾ ਹੈ। ਪਰ ਜਦੋਂ ਨਾਮ ਅੰਦਰ ਟਿਕਦਾ ਹੈ ਤੇ ਪ੍ਰਭੂ-ਹੋਂਦ ਦਾ ਵਾਸਾ ਹੁੰਦਾ ਹੈ ਤਾਂ ਇਸ ਨੂੰ ਆਪੇ ਦੀ ਸੋਝੀ ਪੈਂਦੀ ਹੈ ਕਿ ਮੈਂ ਤਾਂ ਉਸ ਦੀ ਕੱਠ-ਪੁਤਲੀ ਹੀ ਤਾਂ ਹਾਂ ਜੋ ਉਸ ਦੇ ਤੁਰਾਏ ਤੁਰਦੀ ਹਾਂ, ਅਸਲ ਕਰਨਹਾਰ ਤਾਂ ਉਹੀ ਹੈ; ਫਿਰ ਮੈਂ ਤਾਂ ਹੈ ਹੀ ਕੋਈ ਚੀਜ਼ ਨਹੀਂ ਅਸਲ ਵਿਚ ਪ੍ਰਭੂ ਆਪ ਹੀ ਆਪ ਹੈ—

'ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥'
[ਗਉੜੀ ਸੁਖਮਨੀ ਮ: ੫–੨੮੫

---

੧. ਚੰਦਨ ਦੀ ਤਾਸੀਰ ਠੰਢੀ ਗਿਣੀ ਗਈ ਹੈ ੨. ਗਰਮੀ, ਹੁਮਸ
੩. ਮੀਂਹ (ਅੰਮ੍ਰਿਤ, ਨਾਮ ਰੂਪ)

Sri Satguru Jagjit Singh Ji eLibrary NamdhariElibrary@gmail.com

ਗੁਰੂ ਦਾ ਆਸਰਾ ਲੈਣ ਨਾਲ ਪ੍ਰਭੂ ਦੇ ਨਾਮ ਦਾ ਆਧਾਰ ਹੋ ਜਾਂਦਾ ਹੈ ਅਤੇ ਚਿੰਤਾ ਤੇ ਘਬਰਾਹਟ ਮਿਟ ਜਾਂਦੀ ਹੈ :—

'ਅੰਤਰਜਾਮੀ[੧] ਕਰਣੈਹਾਰਾ[੨] ਸੋਈ ਖਸਮੁ ਹਮਾਰਾ ॥
ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮਨਾਮ ਆਧਾਰਾ ॥'
[ਸੋਰਠਿ ਮ: ੫–੬੦੯

ਸੋ ਅੰਮ੍ਰਿਤ-ਨਾਮ ਦੇ ਮਿਲਣ ਦਾ ਚਿੰਨ੍ਹ ਤ੍ਰਿਸ਼ਨਾ ਦਾ ਮੁਕ ਜਾਣਾ ਅਤੇ ਮਨ ਦਾ ਸੀਤਲ ਤੇ ਸ਼ਾਂਤ ਹੋ ਕੇ ਆਪਣੇ ਆਪ ਵਿਚ ਟਿਕ ਜਾਣਾ ਹੈ ਜਿਸ ਨਾਲ ਸਦੀਵੀ ਆਨੰਦ ਬਣ ਜਾਂਦਾ ਹੈ :–

'ਹਰਿ ਰਸੁ ਚਾਖਤ ਧ੍ਰਾਪਿਆ[੩] ਮਨਿ ਰਸੁ ਲੈ ਹਸਨਾ[੪] ॥
[੫]ਬੁਧਿ ਪ੍ਰਗਾਸ ਪ੍ਰਗਟ ਭਈ [੬]ਉਲਟਿ ਕਮਲੁ ਬਿਗਸਨਾ ॥੨॥
ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥
[੭]ਦਹਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥
ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ[੮] ॥
ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥'
[ਬਿਲਾਵਲੁ ਮ: ੫–੮੧੧

## ੩. ਡੰਡੀ[੯] ਰੂਪ

ਜਿਵੇਂ ਅੰਨ੍ਹੇ ਨੂੰ ਆਸਰਾ ਦੇਣ ਲਈ ਉਸ ਦੇ ਹੱਥ ਵਿਚ ਸੋਟੀ ਹੁੰਦੀ ਹੈ, ਇਵੇਂ ਹੀ ਜਗਿਆਸੂਆਂ ਲਈ ਨਾਮ ਹੁੰਦਾ ਹੈ। ਜੀਵਾਂ ਨੂੰ ਨਾਮ ਪੂਰਨ ਅਗਵਾਈ ਦਿੰਦਾ ਹੈ। ਅਗਿਆਨਤਾ ਦੇ ਸਾਰੇ ਬੰਧਨ ਨਾਮ ਆਸਰੇ ਹੀ ਟੁਟ ਜਾਂਦੇ ਹਨ, ਹੋਰ ਕਿਸੇ ਗਿਆਨ ਧਿਆਨ ਦੀ ਲੋੜ ਨਹੀਂ ਪੈਂਦੀ :–

---

੧. ਮਨ ਦੀ ਜਾਣਨ ਵਾਲਾ
੨. ਜੋ ਸਭ ਕੁਝ ਕਰਦਾ ਹੈ
੩. ਰੱਜ ਗਿਆ
੪. ਪ੍ਰਸੰਨ ਹੋਇਆ
੫. ਅਕਲ ਚਾਨਣ ਵਾਲੀ ਹੋ ਕੇ ਜ਼ਾਹਰ ਹੋ ਗਈ
੬. ਹਿਰਦਾ ਰੂਪ ਕੰਵਲ ਮਾਇਆ ਵਲੋਂ ਉਲਟ ਕੇ ਖਿੜ ਗਿਆ
੭. ਮਨ ਦਾ ਦਸਾਂ ਤਰਫਾਂ ਨੂੰ (ਭਾਵ ਸਾਰੇ ਪਾਸੇ) ਨਠਣਾ ਬੰਦ ਹੋ ਗਿਆ
੮. ਭਸਮ, ਸੜ ਕੇ ਸੁਆਹ
੯. ਟੇਕ

Sri Satguru Jagjit Singh Ji eLibrary NamdhariElibrary@gmail.com

'ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥
ਹਰਿ ਕੋ ਨਾਮੁ ਲੈ ਊਤਮ ਧਰਮਾ ॥
ਹਰਿ ਹਰਿ ਕਰਤ ਜਾਤਿ ਕੁਲ ਹਰੀ[੧] ॥
ਸੋ ਹਰਿ ਅੰਧੁਲੇ ਕੀ ਲਾਕਰੀ ॥'

[ਗੋਂਡ ਬਾਣੀ ਨਾਮ ਦੇਉ ਜੀਉ ਕੀ–੮੭੪

ਮੌਤ ਤੋਂ ਬਾਦ ਜਦ ਅਨ੍ਹੇਰੀ ਗਲੀ ਵਿਚੋਂ ਲੰਘਣਾ ਪਵੇਗਾ, ਉਥੇ ਨਾਮ ਦੀ ਰੁਸ਼ਨਾਈ ਨਾਮ ਜਪਣ ਵਾਲੇ ਦੇ ਨਾਲ ਹੋਵੇਗੀ। ਸਰੀਰ ਛਡਣ ਤੋਂ ਬਾਅਦ ਜਿਥੇ ਜਾਣਾ ਹੈ ਉਥੇ ਕੋਈ ਵਾਕਫੀਅਤ ਨਹੀਂ ਹੋਣੀ ਤੇ ਨਾ ਹੀ ਉਥੇ ਕੋਈ ਸਫ਼ਾਰਸ਼ ਚਲਦੀ ਹੈ; ਉਥੇ ਤਾਂ ਕੇਵਲ ਨਾਮ ਹੀ ਮਿੱਤਰ ਹੋ ਕੇ ਸਹਾਇਤਾ ਕਰਦਾ ਹੈ। ਨਾਮ ਅੰਨ੍ਹੇ ਦੀ ਸੋਟੀ ਵਾਂਙ ਪੂਰਾ ਆਸਰਾ ਦੇਵੇਗਾ ਤੇ ਸਹੀ ਸਲਾਮਤ ਹਰ ਥਾਂ ਤੋਂ ਕਢ ਕੇ ਲੈ ਜਾਵੇਗਾ :—

'[੨]ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜਿਆਰਾ[੩] ॥
ਜਹਾ ਪੰਥਿ[੪] ਤੇਰਾ ਕੋ ਨਾ ਸਿਞਾਨੂ[੫] ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ[੬] ॥'

[ਗਉੜੀ ਸੁਖਮਨੀ ਮ: ੫–੨੬੪

ਇਹ ਮਾਇਆ, ਬਿਨਾਂ ਦੰਦਾਂ ਤੋਂ ਹੀ ਆਪਣੇ ਪੰਜਾਂ ਚੋਰਾਂ–ਕਾਮ, ਕ੍ਰੋਧ, ਲੋਭ ਮੋਹ ਅਤੇ ਅਹੰਕਾਰ–ਦੁਆਰਾ ਸਭ ਸੰਸਾਰ ਨੂੰ ਖਾਈ ਜਾ ਰਹੀ ਹੈ। ਕੋਈ ਵਿਰਲਾ ਗੁਰਮੁਖ-ਜਨ ਹੀ ਇਸ ਦੀ ਲਪੇਟ ਤੋਂ ਬਚਦਾ ਹੈ ਅਤੇ ਉਹ ਕੇਵਲ ਨਾਮ ਆਸਰੇ ਹੀ ਬਚਦਾ ਹੈ। ਜਿਵੇਂ ਅੰਨ੍ਹੇ ਨੂੰ ਸੋਟੀ ਬਚਾਉਂਦੀ ਹੈ ਤਿਵੇਂ ਹੀ ਭਗਤ-ਜਨ ਨੂੰ ਨਾਮ ਦੀ ਟੇਕ ਸਹਾਰਾ ਦਿੰਦੀ ਹੈ :—

'ਮਨਹੁ ਨ ਨਾਮੁ ਵਿਸਾਰਿ ਅਹਿਨਿਸਿ[੭] ਧਿਆਈਐ ॥
ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥੧॥

---

੧. ਦੂਰ ਹੋ ਗਈ। ਨੀਚ ਊਚ ਜਾਤ ਜਾਂ ਘਰਾਣੇ ਦਾ ਝਗੜਾ ਮੁਕ ਗਿਆ।
੨. ਜਿਸ ਸਫਰ ਵਿਚ ਬਹੁਤ ਅਨ੍ਹੇਰਾ ਹੈ
੩. ਚਾਨਣਾ ਕਰਨ ਲਈ ਨਾਲ ਹੈ
੪. ਰਸਤੇ ਤੇ
੫. ਵਾਕਫ
੬. ਸਿਆਣਪ ਵਾਲਾ
੭. ਦਿਨ ਰਾਤ

Sri Satguru Jagjit Singh Ji eLibrary NamdhariElibrary@gmail.com

ਮੈ ਅੰਧੁਲੇ ਹਰਿਨਾਮੁ ਲਕੁਟੀ[੧] ਟੋਹਣੀ ॥
ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥'
[ਸੂਹੀ ਮ: ੧–੭੫੨

ਭਗਤ ਜਨਾਂ ਨੂੰ ਜਦੋਂ ਵੀ ਕੋਈ ਔਕੜ ਬਣਦੀ ਹੈ ਜਾਂ ਲੋੜ-ਥੋੜ ਹੁੰਦੀ ਹੈ ਤਾਂ ਉਹ ਨਾਮ ਦਾ ਹੀ ਆਸਰਾ ਲੈਂਦੇ ਹਨ ਅਤੇ ਨਾਮ ਉਨ੍ਹਾਂ ਨੂੰ ਸਭ ਕੁਝ ਦੇਵਣਹਾਰ ਹੈ :–

'ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ[੨] ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥'
[ਰਾਗੁ ਤਿਲੰਗ ਨਾਮਦੇਵ ਜੀ–੭੨੭

ਅਤੇ

'[੩]ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ ॥
ਜਹ ਜਹ ਅਉਸਰੁ[੪] ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ ॥'
[ਗੂਜਰੀ ਮ: ੫–੪੯੯

ਹਰਿਨਾਮ ਸਾਡੇ ਨਾਲ ਗੱਲਾਂ ਕਰਦਾ ਹੈ, ਸਾਨੂੰ ਸਲਾਹਾਂ ਦਿੰਦਾ ਹੈ। ਜਿਵੇਂ ਇਆਣੇ ਬੱਚੇ ਨੂੰ ਮਾਂ ਦਾ, ਮਾਂ ਨੂੰ ਪੁੱਤ ਦਾ ਤੇ ਸੁਹਾਗਣ-ਇਸਤਰੀ ਨੂੰ ਪਤੀ ਦਾ ਸਹਾਰਾ ਹੁੰਦਾ ਹੈ ਤਿਵੇਂ ਹੀ ਨਾਮ ਜਪਣ ਵਾਲੇ ਨੂੰ ਨਾਮ ਦਾ ਸਹਾਰਾ ਹੁੰਦਾ ਹੈ :–

'ਜਿਨ ਕੈ ਹਰਿਨਾਮੁ ਵਸਿਆ ਸਦ ਹਿਰਦੈ ਹਰਿਨਾਮੋ ਤਿਨ ਕੰਉ ਰਖਣਹਾਰਾ॥
ਹਰਿਨਾਮੁ ਪਿਤਾ ਹਰਿਨਾਮੋ ਮਾਤਾ ਹਰਿਨਾਮੁ ਸਖਾਈ ਮਿਤ੍ਰ ਹਮਾਰਾ ॥
ਹਰਿਨਾਵੈ ਨਾਲਿ ਗਲਾ ਹਰਿਨਾਵੈ ਨਾਲਿ ਮਸਲਤਿ[੫] ਹਰਿਨਾਮੁ ਹਮਾਰੀ ਕਰਦਾ ਨਿਤਸਾਰਾ ॥
ਹਰਿਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿਨਾਮੁ ਕੁਲੁ ਹਰਿਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥
[ਪਉੜੀ, ਵਡਹੰਸੁ ਕੀ ਵਾਰ ਮ: ੪–੫੯੨

---

੧. ਲਕੜੀ, ਸੋਟੀ
੨. ਆਸਰਾ, ਅਧਾਰ
੩. ਮਤਾ (ਇਰਾਦਾ), ਮਸੂਰਤ (ਪੰਚਾਇਤੀ ਸਲਾਹ), ਸਿਆਣਪ (ਮਨ ਦੀ), ਕੁਝ ਵੀ ਨਾ ਆਇਆ
੪. ਮੌਕੇ
੫. ਨੇਕ ਸਲਾਹ

Sri Satguru Jagjit Singh Ji eLibrary NamdhariElibrary@gmail.com

ਸੰਤਾਂ ਦਾ ਪ੍ਰਭੂ ਤੇ ਨਾਮ ਨਾਲ ਇਉਂ ਪਿਆਰ ਹੁੰਦਾ ਹੈ ਜਿਵੇਂ ਮੱਛੀ ਨੂੰ ਨੀਰ ਨਾਲ, ਚਾਤ੍ਰਿਕ ਨੂੰ ਸਵਾਂਤੀ ਬੂੰਦ ਨਾਲ, ਹਿਰਨ ਨੂੰ ਸ਼ਬਦ ਨਾਲ ਤੇ ਭੰਵਰੇ ਨੂੰ ਫੁੱਲ ਦੀ ਖੁਸ਼ਬੋ ਨਾਲ ਹੁੰਦਾ ਹੈ। ਕੋਈ ਵੀ ਆਪਣੀਆਂ ਪਿਆਰੀਆਂ ਵਸਤੂਆਂ ਤੋਂ ਬਿਨਾਂ ਨਹੀਂ ਰਹਿ ਸਕਦਾ ਕਿਉਂਜੋ ਉਹ ਉਸ ਲਈ ਆਸਰਾ ਰੂਪ ਅਤੇ ਜੀਵਨ-ਆਧਾਰ ਹੁੰਦੀਆਂ ਹਨ :–

'ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
[1]ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
[2]ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
[3]ਭਵਰ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ[4] ॥'

[ਪਉੜੀ, ਜੈਤਸਰੀ ਵਾਰ ਮ: ੫–੭੦੮

## ੪. ਅੰਮ੍ਰਿਤ–ਰਸ ਰੂਪ

ਨਾਮ ਜਪਦੇ ਜਪਦੇ ਜੋ ਰਸ ਆਉਣ ਲਗ ਜਾਂਦਾ ਹੈ, ਉਹ ਹੀ ਅੰਮ੍ਰਿਤ ਰਸ ਹੁੰਦਾ ਹੈ ਅਰਥਾਤ ਉਸ ਦੇ ਪੀਣ ਨਾਲ ਜੀਵ ਅਮਰ ਹੋ ਜਾਂਦਾ ਹੈ :–

'ਉਚਰਹੁ ਰਾਮਨਾਮੁ ਲਖ ਬਾਰੀ ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥'

[ਗਉੜੀ ਮ: ੫–੧੯੪

ਅੰਮ੍ਰਿਤ ਤੇ ਨਾਮ ਦੋਵੇਂ ਇਕ ਚੀਜ਼ ਹਨ :–

'ਬਾਬੀਹਾ ਏਹੁ ਜਗਤੁ[5] ਹੈ ਮਤ ਕੋ ਭਰਮਿ ਭੁਲਾਇ ॥
ਇਹੁ ਬਾਬੀਹਾ ਪਸੂ ਹੈ ਇਸ ਨੋ ਬੂਝਣੁ[6] ਨਾਹਿ ॥

---

੧. ਮੀਂਹ ਦੀ ਬੂੰਦ ਤੋਂ ਖਾਲੀ, ਵਿਛੜਿਆ ਹੋਇਆ, ਪਪੀਹਾ ਕਿਸ ਤਰ੍ਹਾਂ ਸ਼ਾਂਤ ਹੋ ਸਕਦਾ ਹੈ ?

੨. ਹਿਰਨ ਰਾਗ ਦਾ ਵਿੰਨ੍ਹਿਆ ਹੋਇਆ ਸ਼ਿਕਾਰੀ ਵਲ ਸਿੱਧਾ ਉਠ ਦੌੜਦਾ ਹੈ

੩. ਜਿਵੇਂ ਭੌਰਾ ਫੁਲ ਦੀ ਸੁਗੰਧੀ ਦਾ ਲੋਭ ਰਖਦਾ ਹੈ ਤੇ ਆਪ ਹੀ ਉਸ ਵਿਚ ਬੰਦ ਹੋ ਕੇ ਮੁਕ ਜਾਂਦਾ ਹੈ।

੪. ਤ੍ਰਿਪਤ ਹੁੰਦਾ ਹੈ, ਰੱਜ ਜਾਂਦਾ ਹੈ

੫. ਜਗਤ ਦੇ ਜੀਵ ਜੋ ਪਸ਼ੂ ਹੋ ਰਹੇ ਹਨ

੬. ਸੋਝੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ[1] ਜਾਇ ॥
ਨਾਨਕ ਗੁਰਮੁਖਿ ਜਿਨ ਪੀਆ ਤਿਨ੍ ਬਹੁੜਿ ਨ ਲਾਗੀ ਆਇ ॥'

[ਸਲੋਕ ਮ: ੩, ਵਾਰ ਮਹਲਾ–੧੨੮੩

ਅਤੇ

'ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥'

[ਗਉੜੀ ਸੁਖਮਨੀ ਮ: ੫–੨੯੩

ਇਸੇ ਰਸ ਨੂੰ ਪ੍ਰਾਪਤ ਕਰਨ ਲਈ ਅਸੀਂ ਇਸ ਜਗ ਵਿਚ ਆਏ ਹਾਂ :–

'[2]ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥'

[ਸੋਰਠਿ ਮ: ੧–੫੯੮

ਇਸ ਰਸ ਨੂੰ ਦੇਵਤੇ ਵੀ ਲੋਚਦੇ ਹਨ :–

'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥'

[ਰਾਮਕਲੀ ਮ: ੩, ਅਨੰਦ–੯੧੮

ਇਹ ਅੰਮ੍ਰਿਤ, ਹਰਿ-ਰਸ, ਅਤਿ ਮਿੱਠਾ ਹੈ; ਇਤਨਾ ਮਿੱਠਾ ਹੈ ਕਿ ਇਸ ਦੇ ਮੁਕਾਬਲੇ ਵਿਚ ਅਜਿਹੀ ਕੋਈ ਵੀ ਦੁਨਿਆਵੀ ਚੀਜ਼ ਨਹੀਂ ਜਿਸ ਨਾਲ ਇਸ ਦੀ ਉਪਮਾ ਦੇ ਕੇ ਸਮਝਾਇਆ ਜਾ ਸਕੇ :–

'ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥

[ਸਲੋਕ ਫਰੀਦ ਜੀ–੧੩੭੯

ਇਹ ਰਸ ਅਮਰ ਕਰਨ ਵਾਲਾ ਰਸ ਹੈ ਅਤੇ ਨਾਮ ਦੇ ਅੰਦਰ ਵਸਣ ਤੇ ਹੀ ਮਿਲਦਾ ਹੈ :–

---

੧. ਪਿਆਸ

੨. ਜਿਸ ਜਲ ਦੇ ਖਜ਼ਾਨੇ (ਅੰਮ੍ਰਿਤ ਨਾਮ) ਲਈ ਤੁਸੀਂ ਜਗਤ ਵਿਚ ਪੈਦਾ ਹੋਏ ਹੋ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥
ਸੁਖਦਾਈ ਦੂਖ [੧]ਬਿਡਾਰਨਹਰੀਆ ॥
ਅਵਰਿ ਸਾਦ[੨] ਚਖਿ ਸਗਲੇ ਦੇਖੇ ॥
ਮਨ ਹਰਿਰਸੁ ਸਭ ਤੇ ਮੀਠਾ ਜੀਉ ॥੧॥
ਜੋ ਜੋ ਪੀਵੈ ਸੋ ਤ੍ਰਿਪਤਾਵੈ ॥
ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥
ਨਾਮ ਨਿਧਾਨ ਤਿਸਹਿ ਪਰਾਪਤਿ
ਜਿਸੁ ਸਬਦੁ ਗੁਰੂ ਮਨਿ ਵੂਠਾ[੩] ਜੀਉ ॥੨॥'

[ਮਾਝ ਮ: ੫–੧੦੧

ਇਹ ਨਾਮ-ਰਸ ਲਿਵ ਜਾਂ ਪ੍ਰੇਮ ਦਾ ਰਸ ਹੈ ਜੋ ਮਨ ਓਦੋਂ ਪੀਂਦਾ ਹੈ, ਜਦੋਂ ਕਿ ਉਹ ਨਾਮੀ ਜੀ ਦੇ ਨੇੜੇ ਹੋ ਕੇ ਅਭੇਦ ਹੋ ਜਾਂਦਾ ਹੈ । ਜਿਸ ਵੇਲੇ ਇਹ ਅੰਮ੍ਰਿਤ ਪ੍ਰਾਪਤ ਹੁੰਦਾ ਹੈ ਤਾਂ ਮਾਨੋ ਗੁਪਤ ਨਾਮ ਪ੍ਰਗਟ ਹੋ ਗਿਆ ਅਤੇ ਪ੍ਰਗਟ ਹੋਣ ਤੇ ਨਾਮ ਜਪਣ ਵਾਲੇ ਦੀ ਨਾਮ ਨਾਲ ਲਿਵ ਅਟੁੱਟ ਹੋ ਜਾਂਦੀ ਹੈ, ਜਿਸ ਦੀ ਕਥਾ ਅਕਹਿ ਹੈ :–

'ਤੇਰਾ ਜਨੁ ਰਾਮ [੪]ਰਸਾਇਣਿ ਮਾਤਾ ॥
[੫]ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥੧॥ਰਹਾਉ॥'

[ਦੇਵ ਗੰਧਾਰੀ ਮ: ੫–੫੩੨

ਅਤੇ

' [੬]ਗੁਰਮੁਖਿ ਸੁਖ ਫਲੁ ਪਿਰਮ ਰਸੁ ਕਿਉ ਆਖ ਵਖਾਣੈ ॥
ਸੁਣਿ ਸੁਣਿ ਆਖਣੁ ਆਖਣਾ ਓਹੁ ਸਾਉ ਨ ਜਾਣੈ ॥

---

੧. ਨਾਸ ਕਰਨ ਵਾਲਾ
੨. ਹੋਰ ਸੁਆਦ
੩. ਵਸਿਆ, ਨਿਵਾਸ ਕੀਤਾ
੪. ਉਹ ਦਵਾਈ ਜੋ ਬੁਢੇਪੇ ਤੇ ਉਸ ਦੇ ਦੁਖਾਂ ਨੂੰ ਨੇੜੇ ਨਾ ਆਉਣ ਦੇਵੇ; ਗੁਰੂ ਜੀ ਨਾਮ-ਅੰਮ੍ਰਿਤ ਨੂੰ ਅਸਲੀ ਰਸਾਇਣ ਕਹਿੰਦੇ ਹਨ । ਉਹ ਰਾਮ-ਨਾਮ ਦੇ ਪ੍ਰੇਮ-ਰਸ ਵਿਚ ਮਸਤ ਹੈ
੫. ਪ੍ਰੇਮ ਦੇ ਰਸਾਂ ਦੀ ਨਿਧੀ (ਖਜ਼ਾਨਾ)
੬. ਗੁਰਮੁਖਾਂ ਨੂੰ ਪ੍ਰੇਮ ਦਾ ਰਸ ਪੀ ਕੇ ਜੋ (ਸੁਖ ਫਲ) ਅਨੰਦ ਦੀ ਮਸਤੀ ਹੁੰਦੀ ਹੈ,ਉਸ ਨੂੰ ਆਖ ਕੇ ਕਿਵੇਂ ਬਿਆਨ ਕੀਤਾ ਜਾਵੇ । ਜੋ ਵਿਆਖਿਆਨਾਂ ਨੂੰ ਸੁਣ ਸੁਣ ਕੇ ਬਿਆਨ ਕਰਦਾ ਹੈ,ਉਹ

(ਬਾਕੀ ਅਗਲੇ ਪੰਨੇ ਤੇ)

Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੈ ॥
ਚਾਰਿ ਕਤੇਬਾ ਆਖੀਅਨਿ ਦੀਨ ਮੁਸਲਮਾਣੈ ॥
ਸੇਖਨਾਗੁ ਸਿਮਰਣੁ ਕਰੈ ਸਾਗੀਤ ਸੁਹਾਣੈ ॥
ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ ॥
ਅਕਥ ਕਥਾ ਕਰਿ ਨੇਤ ਨੇਤ ਪੀਲਾਏ ਭਾਣੈ ॥'

[ਵਾਰ ੧੩, ਪ: ੪, ਭਾ: ਗੁਰਦਾਸ ਜੀ

ਅਜਿਹੇ ਨਾਮੀ ਪੁਰਸ਼, ਨਾਮ ਵਿਚ ਗੜੂੰਦ ਅਤੇ ਬੇਪਰਵਾਹ ਹੁੰਦੇ ਹਨ :–

'ਰਸੁ ਅੰਮ੍ਰਿਤ ਨਾਮੁ ਰਸੁ ਅਤਿਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੁਹਾਗਣੀ ਤੁਸਾ ਕਿਉਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥'

[ਸਿਰੀ ਰਾਗੁ ਮ: ੪–੪੧

ਵਾਹਿਗੁਰੂ ਜੀ ਦੀ ਰਸਾਇਣ ਹੀ ਇਹ ਰਸ ਹੈ। ਇਸ ਤੋਂ ਬਿਨਾਂ ਤਾਂ ਨਾਮ ਅਸਲ ਨਾਮ ਹੀ ਨਹੀਂ ਅਤੇ ਇਸ ਰਸ ਨੇ, ਇਸ ਸਰੀਰ ਵਿਚ ਹੀ ਪੈਦਾ ਹੋਣਾ ਹੈ । ਇਸ ਦੀ ਪ੍ਰਾਪਤੀ ਬਾਹਰੋਂ ਨਹੀਂ ਹੋਣੀ । ਇਸ ਸਰੀਰ ਵਿਚ ਅਨੇਕਾਂ ਰਸ ਹਨ, ਜਿਹਬਾ ਰਸ, ਕਾਮ ਰਸ, ਇਤਿ ਆਦਿ ਅਤੇ ਇਨ੍ਹਾਂ ਸਾਰਿਆਂ ਰਸਾਂ ਤੋਂ ਵਧੀਆ ਰਸ, ਨਾਮ-ਅੰਮ੍ਰਿਤ ਰਸ ਹੈ ਕਿਉਂਜੋ ਜਿਥੇ ਉਹ ਕਾਇਆ ਨੂੰ ਗਾਲਦੇ ਹਨ ਉਥੇ ਇਹ ਉਸ ਨੂੰ ਬਣਾਉਂਦਾ ਹੈ। ਜਦੋਂ ਇਹ ਰਸ ਆਉਂਦਾ ਹੈ ਤਾਂ ਦੂਜੇ ਰਸ ਵਿਸਰ ਜਾਂਦੇ ਹਨ । ਪਰ ਇਸ ਦੀ ਪ੍ਰਾਪਤੀ ਗੁਰੂ ਦੀ ਸੇਵਾ

---

(ਪਿਛਲੇ ਪੰਨੇ ਦਾ ਬਾਕੀ)

ਸੁਆਦ ਨਹੀਂ ਜਾਣਦਾ । ਬ੍ਰਹਮਾ, ਬਿਸ਼ਨ ਤੇ ਮਹੇਸ਼ ਮਿਲ ਕੇ (ਚਾਰ) ਵੇਦਾਂ ਤੇ (ਅਠਾਰਾਂ) ਪੁਰਾਣਾਂ ਨੂੰ ਪਏ ਕਥਨ ਕਰਦੇ ਹਨ, ਅਰਥਾਤ ਉਹ ਵੀ ਉਰ੍ਹੇ ਹੀ ਰਹਿ ਗਏ । ਚਾਰ ਕਤੇਬਾਂ (ਤੌਰੇਤ, ਜ਼ੱਬਰੂ, ਅੰਜੀਲ ਅਤੇ ਕੁਰਾਨ) ਮੁਸਲਮਾਨਾਂ ਦੇ ਦੀਨ ਨੂੰ ਹੀ ਆਖਦੀਆਂ ਹਨ, (ਭਾਵ ਉਨ੍ਹਾਂ ਦੇ ਪੜ੍ਹਨਹਾਰੇ ਵੀ ਆਪਣੇ ਦੀਨ ਵਧਾਉਣ ਵਿਖੇ ਫਸੇ ਰਹੇ) ਸ਼ੇਸ਼ਨਾਗ ਵੀ ਸੁਹਣੇ ਸੰਗੀਤਾਂ ਦਾ ਹੀ ਸਿਮਰਣ ਕਰਦਾ ਰਿਹਾ ਅਰਥਾਤ ਪ੍ਰੇਮ-ਰਸ ਦੀ ਕਦਰ ਉਸ ਨੇ ਵੀ ਨਾ ਜਾਤੀ । ਅਣਗਿਣਤ (ਜੋਗੀ ਲੋਕ)ਅਨਹਦ (ਵਾਜਿਆਂ) ਦੇ ਨਾਦ ਨੂੰ ਸੁਣ ਕੇ ਹੈਰਾਨ,ਅਸਚਰਜ ਹੋ ਰਹੇ ਹਨ । ਪਰ ਜਿਨ੍ਹਾਂ ਤੋਂ ਅਕਾਲ ਪੁਰਖ ਨੇਤਿ ਨੇਤਿ, ਬੇਅੰਤ ਬੇਅੰਤ ਕਹਾ ਕੇ ਅਕਥ ਦੀ ਕਥਾ ਕਰਾਉਂਦਾ ਹੈ, ਉਨ੍ਹਾਂ ਨੂੰ ਉਹ ਆਪਣੇ ਭਾਣੇ ਵਿਖੇ ਪ੍ਰੇਮ-ਰਸ ਪਿਆਉਂਦਾ ਹੈ ਤੇ ਉਹੀ ਉਸ ਦੇ ਆਨੰਦ ਨੂੰ ਜਾਣਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਕਰਕੇ, ਉਸ ਦਾ ਹੁਕਮ ਮੰਨ ਕੇ ਤੇ ਨਾਮ ਜਪ ਕੇ ਹੀ ਹੁੰਦੀ ਹੈ :--

'[1]ਕਾਇਆ ਨਗਰ ਮਹਿ ਰਾਮ ਰਸੁ ਊਤਮ ਕਿਉ ਪਾਈਐ ਉਪਦੇਸੁ ਜਨ ਕਹਹੁ ॥
ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥
ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ [2]ਚਾਖਿ ਦਿਖਹੁ ॥
ਗੁਰਮਤਿ ਹਰਿ ਰਸੁ ਮੀਠਾ ਲਾਗਾ [3]ਤਿਨ ਬਿਸਰੇ ਸਭਿ ਬਿਖ ਰਸਹੁ ॥੩॥
[4]ਰਾਮਨਾਮੁ ਰਸੁ ਰਾਮੁ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥
[5]ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥'

[ਬਿਲਾਵਲੁ ਮ: ੪–੮੦੦

ਅਤੇ

'[6]ਰਸਕਿ ਰਸਕਿ ਗੁਨ ਗਾਵਹ ਗੁਰਮਤਿ
ਲਿਵ ਉਨਮਨਿ[7] ਨਾਮਿ ਲਗਾਨ ॥
ਅੰਮ੍ਰਿਤੁ ਰਸੁ ਪੀਆ ਗੁਰਸਬਦੀ
ਹਮ ਨਾਮ ਵਿਟਹੁ ਕੁਰਬਾਨ ॥'

[ਪ੍ਰਭਾਤੀ ਮ: ੪ ਬਿਭਾਸ–੧੩੩੫

---

੧. ਸਰੀਰ ਰੂਪੀ ਸ਼ਹਿਰ ਵਿਚ ਹੀ ਹਰੀ ਦੇ ਪ੍ਰੇਮ ਦਾ ਪਵਿੱਤਰ ਅੰਮ੍ਰਿਤ ਹੈ, ਉਹ ਕਿਸ ਤਰ੍ਹਾਂ ਪ੍ਰਾਪਤ ਕਰੀਏ ? ਹੇ ਹਰੀ ਦੇ ਸੇਵਕੋ ! ਸਾਨੂੰ ਸਿੱਖਿਆ ਦੇ ਕੇ ਦੱਸੋ। ਉੱਤਰ ਹੈ : 'ਸਤਿਗੁਰ ਦੀ ਸੇਵਾ ਕਰ ਕੇ ਹਰੀ ਦੇ ਸਫਲ-ਦਰਸ਼ਨ ਪ੍ਰਾਪਤ ਕਰੋ ਅਤੇ ਉਸ ਨੂੰ ਮਿਲ ਕੇ ਅੰਮ੍ਰਿਤ-ਰਸ ਪੀਓ।

੨. ਚੱਖ ਕੇ ਵੇਖੋ

੩. ਉਨ੍ਹਾਂ ਨੂੰ ਜ਼ਹਿਰੀਲੇ ਸੁਆਦ (ਮਾਇਆ ਦੇ) ਸਭ ਭੁਲ ਜਾਂਦੇ ਹਨ

੪. ਰਾਮ ਨਾਮ ਦਾ ਜੋ ਰਸ ਹੈ ਉਹ ਰਸਾਇਣ ਹੈ–ਰਸਾਇਣ ਪਾਰੇ ਨੂੰ ਮਾਰ ਕੇ ਜਾਂ ਹੋਰਨਾਂ ਚੀਜ਼ਾਂ ਤੋਂ ਬਣਾਈ ਉਹ ਦਵਾ ਹੈ ਜੋ ਬੁਢੇਪੇ ਨੂੰ ਦੂਰ ਰਖਦੀ ਹੈ। ਐਸੀ ਦਵਾਈ ਦੇ ਵਰਤਣ ਨੂੰ ਸੇਵਨਾ ਕਹਿੰਦੇ ਹਾਂ।

੫. ਜ਼ਿੰਦਗੀ ਦੇ ਸਭ ਤੋਂ ਉਤਮ ਚਾਰ ਪਦਾਰਥ ਮੰਨੇ ਗਏ ਹਨ, ਉਹ ਚਾਰੇ ਮਿਲ ਜਾਣਗੇ (ਚਾਰ ਪਦਾਰਥ—ਧਰਮ (ਆਪਣੇ ਨੇਮਾਂ ਵਿਚ ਪੂਰਾ ਹੋਣਾ), ਅਰਥ (ਦੁਨਿਆਵੀ ਸਭ ਲੋੜਾਂ ਦੀ ਪੂਰਨਤਾ) ਕਾਮ (ਕਾਮਯਾਬੀਆਂ), ਮੋਖ (ਮੁਕਤੀ)

੬. ਸੁਆਦ ਲੈ ਲੈ ਕੇ

੭. ਸਹਿਜ ਅਵਸਥਾ ਵਿਚ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਅਤੇ

'ਰਾਮ ਰਸੁ ਪੀਆ ਰੇ ॥
ਜਿਹ ਰਸੁ ਬਿਸਰਿ ਗਏ ਰਸ ਅਉਰ ॥੧॥'
[ਗਉੜੀ ਕਬੀਰ ਜੀ–੩੩੭

ਉਂਞ ਤਾਂ ਇਹ ਹਰਿ-ਰਸ ਵਣਿ ਤ੍ਰਿਣ ਸਾਰੇ ਭਰਪੂਰ ਹੈ ਕਿਉਂਜੋ ਵਿਆਪਕ ਵਾਹਿਗੁਰੂ ਜੀ ਆਪ ਹੀ ਹਰਿ-ਰਸ ਰੂਪ ਹਨ ਪਰ ਸਿਰਫ ਮਨਮੁਖ ਹੋਣ ਕਰਕੇ ਦਿਸਦਾ ਤੇ ਮਿਲਦਾ ਨਹੀਂ :—

'ਇਹੁ ਹਰਿਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰੁ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿਰਸੁ ਹੋਇ ॥
ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ॥
[ਸਿਰੀ ਰਾਗੁ ਮ: ੪–੪੧

ਇਹ ਰਸ ਤਿੰਨਾਂ ਗੁਣਾਂ ਤੋਂ ਉਤੇ ਦਾ ਰਸ ਹੈ ਜਿਸ ਨੂੰ ਮਨ ਆਪਾ-ਭਾਵ ਛਡ ਕੇ ਏਕੇ ਵਿਚ ਟਿਕ ਕੇ ਹੀ ਪੀਂਦਾ ਹੈ । ਜਿਵੇਂ ਸਤਿਨਾਮ, ਵਾਹਿਗੁਰੂ ਜੀ ਦੀ ਹੋਂਦ ਤਿੰਨਾਂ ਗੁਣਾਂ–ਰਜੋ, ਤਮੋ ਤੇ ਸਤੋ–ਤੋਂ ਉਤੇ ਦੀ ਚੀਜ਼ ਹੈ, ਇਵੇਂ ਹੀ ਅੰਮ੍ਰਿਤ ਤਿੰਨਾਂ ਗੁਣਾਂ ਤੋਂ ਪਰੇ ਹੈ । ਇਸ ਨੂੰ ਪੀਣ ਵਾਲਾ ਹੀ ਸਮਝ ਸਕਦਾ ਹੈ ਕਿ ਇਹ ਕੀ ਅਸਚਰਜ ਸ਼ੈ ਹੈ; ਬਸ ਨਾਮ ਆਪ ਹੀ ਅੰਮ੍ਰਿਤ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ ਤੇ ਇਹੋ ਅਸਲ ਨਾਮ ਹੋਣ ਕਰਕੇ ਹਮੇਸ਼ਾ ਲਈ ਤਬੀਅਤ ਲਗ ਜਾਂਦੀ ਹੈ :–

'[1]ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨਾ ਜਾਨੈ ॥
[2]ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥

੧. ਨਾਮ ਵਸਤੂ ਤ੍ਰੈਗੁਣਾਂ ਤੋਂ ਰਹਿਤ ਅਤੇ ਨਿਰਾਲੀ ਹੈ । ਸਾਧਿਕ ਸਿਧ ਵੀ ਇਸ ਦੀ ਕੀਮਤ ਨਹੀਂ ਸਮਝ ਸਕਦੇ

੨. ਸਤਿਗੁਰੂ ਦੇ ਖਜ਼ਾਨੇ ਵਿਚ ਰਤਨਾਂ ਦੀ ਕੋਠੜੀ ਹੈ ਜੋ ਅੰਮ੍ਰਿਤ-ਨਾਮ ਨਾਲ ਭਰਪੂਰ ਹੈ

Sri Satguru Jagjit Singh Ji eLibrary NamdhariElibrary@gmail.com

ਅਚਰਜੁ ਕਿਛ ਕਹਣੁ ਨ ਜਾਈ [1]ਬਸਤੁ ਅਗੋਚਰ ਭਾਈ ।।੧।।ਰਹਾਉ।।
ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ।।
[2]ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ [3]ਤਿਸੁ ਬਣਿ ਆਵੈ ।।੨।।
ਸੋਈ ਜਾਣੈ ਕਰਣੈਹਾਰਾ [4]ਕੀਤਾ ਕਿਆ ਬੇਚਾਰਾ ।।
ਆਪਣੀ ਗਤਿ[5] ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ।।੩।।
ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ [6]ਤ੍ਰਿਪਤਿ ਰਹੇ ਆਘਾਈ ।।
ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ।।੪।।'

[ਰਾਮਕਲੀ ਮ: ੫–੮੮੩

ਸੋ ਨਾਮ ਤੇ ਅੰਮ੍ਰਿਤ ਵੱਖ ਵੱਖ ਨਹੀਂ । ਨਾਮ ਇਕ ਹੈ ਜੋ ਅੰਮ੍ਰਿਤ ਹੈ; ਨਾਮ ਦੋ ਨਹੀਂ, ਨਾਮ ਦਵੈਤ ਨਹੀਂ । ਨਾਮ-ਅੰਮ੍ਰਿਤ ਪੀਣ ਨਾਲ ਆਪੇ ਦੀ ਸੋਝੀ ਪੈਂਦੀ ਹੈ, ਪਰ ਨਾਮ-ਅੰਮ੍ਰਿਤ, ਗੁਰੂ ਕਿਰਪਾ ਤੋਂ ਬਿਨਾਂ ਨਹੀਂ ਪੀਤਾ ਜਾਂਦਾ । ਨਾਮ-ਅੰਮ੍ਰਿਤ, ਉਨ੍ਹਾਂ ਨੂੰ ਪ੍ਰਾਪਤ ਹੈ ਜਿਨ੍ਹਾਂ ਨੂੰ ਨਾਮੀ ਦੀ ਹਜ਼ੂਰੀ ਤੋਂ ਹੀ ਰੰਗ ਪ੍ਰਾਪਤ ਹੋਇਆ ਹੈ । ਅੰਮ੍ਰਿਤ ਆਮ ਪਾਣੀ ਨਹੀਂ, ਉਸ ਵਿਚ ਨਾਮ-ਬਾਣੀ ਦਾ ਰੰਗ ਵੀ ਹੈ। ਅਸਲ ਅੰਮ੍ਰਿਤ ਰਸ ਵੀ ਨਹੀਂ, ਇਹ ਕੇਵਲ ਪ੍ਰੇਮ ਹੈ ਜੋ ਅਨੁਭਵ ਹੀ ਕੀਤਾ ਜਾ ਸਕਦਾ ਹੈ ।

ਇਸ ਮਾਰਗ ਦੇ ਬਹੁਤ ਘਟ ਬੰਦਿਆਂ ਨੂੰ ਹੀ ਏਕੇ ਦਾ ਦਰਸ਼ਨ ਹੋਇਆ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਇਹ ਨਿਰੋਲ ਰਸ ਪ੍ਰਾਪਤ ਨਹੀਂ ਹੋਇਆ । ਏਕੇ ਵਿਚ ਤ੍ਰੈ ਗੁਣ–ਰਜੋ, ਤਮੋ ਤੇ ਸਤੋ–ਵੀ ਪ੍ਰਧਾਨ ਹੋ ਸਕਦੇ ਹਨ, ਪਰ ਅੰਮ੍ਰਿਤ-ਨਾਮ ਵਿਚ ਪੂਰਨ ਸਹਿਜ ਅੱਵਸਥਾ ਹੈ। ਇਹ ਦਾਤ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਅਕਾਲ ਪੁਰਖ ਦੇ ਦਰੋਂ ਪ੍ਰਾਪਤ ਹੋਈ ਹੈ। ਅਕਾਲ ਪੁਰਖ

---

੧. ਇਹ ਨਾਮ ਵਸਤੂ ਮਨ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਕੋਈ ਅਮੋਲਕ ਚੀਜ਼ ਹੈ
੨. ਕਹਿਣ ਕਥਨ ਨਾਲ ਸਮਝ ਨਹੀਂ ਆਉਂਦੀ, ਇਸ ਦਾ ਅਨੁਮਾਨ ਤਾਂ ਵੇਖਿਆਂ ਹੀ ਲਗਦਾ ਹੈ
੩. ਉਸ ਦੀ ਇਸ ਨਾਲ ਬਣ ਆਉਂਦੀ ਹੈ ਭਾਵ ਮੁਆਫ਼ਕ ਆ ਜਾਂਦੀ ਹੈ, ਦਿਲ ਲਗ ਜਾਂਦਾ ਹੈ
੪. ਕੀਤਾ ਹੋਇਆ ਵਿਚਾਰਾ ਕੀ ਜਾਣ ਸਕਦਾ ਹੈ
੫. ਅੱਵਸਥਾ ਤੇ ਅੰਦਾਜ਼ਾ
੬. ਪੂਰੀ ਤਰ੍ਹਾਂ ਰੱਜ ਗਏ ਹਾਂ

Sri Satguru Jagjit Singh Ji eLibrary NamdhariElibrary@gmail.com

ਨੇ ਉਨ੍ਹਾਂ ਪ੍ਰਤੀ ਆਖਿਆ ਸੀ, "ਮੈਂ ਪਰਮੇਸ਼ਰ ਹਾਂ ਜਿਸ ਨੂੰ ਕੋਈ ਵੇਖ ਨਹੀਂ ਸਕਦਾ, ਤੂੰ ਗੁਰ-ਪਰਮੇਸ਼ਰ ਹੈਂ ਜਿਸ ਨੂੰ ਵੇਖਿਆ ਜਾ ਸਕਦਾ ਹੈ। ਜਿਹੜਾ ਕੁਝ, ਨਾਨਕ, ਤੈਨੂੰ ਬਖਸ਼ਿਆ ਹੈ, ਇਸ ਤੋਂ ਪਹਿਲੋਂ ਹੋਰ ਕਿਸੇ ਨੂੰ ਨਹੀਂ ਮਿਲ ਸਕਿਆ।" ਅਗੋਂ ਗੁਰ-ਪਰਮੇਸ਼ਰ ਨੇ ਵੀ ਆਖਿਆ, "ਧੰਨ ਗੁਰੂ, ਵਾਹ ਗੁਰੂ; ਵਾਹ ਵਾਹ ਨਿਰੰਕਾਰ ਹੈ, ਵਾਹ ਵਾਹ ਧੁਨੀ ਹੈ, ਵਾਹ ਵਾਹ ਤੂੰ ਜਗਤ ਮੁਨੀ ਹੈਂ। ਹੁਣ ਵੀ ਵਾਹ ਵਾਹ, ਪਿਛੇ ਵੀ ਵਾਹ ਵਾਹ, ਆਉਂਦਾ ਵੀ ਵਾਹ ਵਾਹ ਹੀ ਹੈ। ਅਸਾਂ ਵਾਹ ਵਾਹ ਤੋਂ ਬਿਨਾਂ ਕੋਈ ਕੁਝ ਕਿਹਾ ਹੀ ਨਹੀਂ ਹੈ। ਤੂੰ ਧੰਨ ਹੈਂ, ਤੂੰ ਧੰਨ ਹੈਂ, ਤੂੰ ਵਾਹੁ ਹੈਂ।' ਇਸ ਵਾਹੁ ਵਾਹੁ ਦਾ ਪ੍ਰਗਟਾਵਾ ਬਾਣੀ ਅੰਦਰ ਗੁਰੂ ਜੀ ਦੇ ਤੀਜੇ ਜਾਮੇਂ ਵਿਚ ਵਧੇਰੇ ਹੋਇਆ ਵੇਖਿਆ ਜਾ ਸਕਦਾ ਹੈ।

(ਗੁਰੂ ਨਾਨਕ ਸਾਹਿਬ ਵਲੋਂ ਜੋ ਚਰਨ-ਪਾਹੁਲ ਪਿਲਾਈ ਜਾਂਦੀ ਸੀ, ਉਸ ਨੂੰ ਵੀ ਅੰਮ੍ਰਿਤ ਕਹੀਦਾ ਹੈ ਜੋ ਅਕਾਲ ਪੁਰਖ ਵਲੋਂ ਲਗੇ ਹੁਕਮ ਅਨੁਸਾਰ ਗੁਰੂ ਜੀ ਪਿਆਉਂਦੇ ਸਨ।)

(ਅ) ਅੰਮ੍ਰਿਤ—ਭੋਜਨ ਰੂਪ

'ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ[1] ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ[2] ॥'

[ਗਉੜੀ ਸੁਖਮਨੀ ਮ: ੫–੨੬੪

ਅਤੇ

'ਹਰਿਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥'

[ਪਉੜੀ, ਵਡਹੰਸੁ ਕੀ ਵਾਰ ਮ: ੪–੫੯੩

ਅਤੇ

'ਜਾ ਕਉ ਆਇਓ ਏਕੁ ਰਸਾ ॥
ਖਾਨ ਪਾਨ ਆਨ ਨਹੀ ਖੁਧਿਆ[3] ਤਾ ਕੈ ਚਿਤਿ ਨ ਬਸਾ ॥'

[ਧਨਾਸਰੀ ਮ: ੫–੬੭੨

---

੧. ਕੋਹ; ਜਿਹੜਾ ਰਸਤਾ ਅਣਗਿਣਤ ਕੋਹ ਲੰਮਾ ਹੈ ੨. ਰਸਤੇ ਲਈ ਖੁਰਾਕ
੩. ਭੁਖ

Sri Satguru Jagjit Singh Ji eLibrary NamdhariElibrary@gmail.com

ਅਤੇ

'ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥'
[ਸਲੋਕ ਵਾਰਾਂ ਤੋਂ ਵਧੀਕ ਮ: ੩–੧੪੧੪

ਜਿਸ ਤਰ੍ਹਾਂ ਸ਼ਹਿਦ ਖਾ ਕੇ ਰੋਟੀ ਤੋਂ ਬਿਨਾਂ ਹੀ ਤ੍ਰਿਪਤੀ ਹੋ ਜਾਂਦੀ ਹੈ, ਤਿਵੇਂ ਹੀ ਨਾਮ ਦੇ ਅੰਦਰ ਟਿਕਣ ਨਾਲ ਬਾਹਰਲੇ ਭੋਜਨ ਦੀ ਲੋੜ ਨਹੀਂ ਰਹਿੰਦੀ। ਮਨ ਤ੍ਰਿਪਤ ਰਹਿੰਦਾ ਹੈ ਤੇ ਭੁੱਖ ਲਗਦੀ ਹੀ ਨਹੀਂ। ਸੁਤੇ ਸਿਧ ਉਸ ਨੂੰ ਜੋ ਮਿਲਦਾ ਹੈ ਪਰਵਾਨ ਹੋ ਜਾਂਦਾ ਹੈ।

ਸਰੀਰ ਵੀ ਬਾਹਰਲੀ ਖੁਰਾਕ ਤੋਂ ਬਿਨਾਂ ਕਾਇਮ ਰਹਿ ਸਕਦਾ ਹੈ, ਕਿਉਂਜੋ ਨਾਮ ਤਕੜੀ ਖੁਰਾਕ ਹੈ। ਨਾਮ ਆਪ ਨਿਰਾਹਾਰ, ਨਿਰਜੁਰ[1] ਤੇ ਸੁਖਦਾਈ ਹੈ ਅਤੇ ਨਾਮ ਜਪਣ ਵਾਲੇ ਵਿਚ ਵੀ ਉਹੀ ਤਾਕਤ ਪੂਰੀ ਤਰ੍ਹਾਂ ਪ੍ਰਗਟ ਹੋ ਜਾਂਦੀ ਹੈ। ਗੁਰੂ ਸਾਹਿਬਾਨ ਨੇ ਇਸ ਵੰਨੇ ਇਕ ਦ੍ਰਿੜ੍ਹ ਇਸ਼ਾਰਾ ਇਉਂ ਕੀਤਾ ਹੈ :—

'ਇਕਿ ਨਿਰੰਕਾਰੀ ਨਾਮ ਆਧਾਰਿ ॥'
[ਮ: ੧, ਵਾਰ ਮਾਝ–੧੪੪

ਜੇ ਸਰੀਰ ਦਾ ਅਧਾਰ ਭੋਜਨ ਹੁੰਦਾ ਤਾਂ ਗੁਰੂ ਮਹਾਰਾਜ ਇਹ ਸੱਪਸ਼ਟ ਪ੍ਰਗਟ ਕਰ ਦਿੰਦੇ। ਉਹ ਤਾਂ ਸਗੋਂ ਸੰਸਾਰੀ ਖਾਣਿਆਂ ਬਾਰੇ ਇਹ ਇਸ਼ਾਰਾ ਦਿੰਦੇ ਹਨ :—

'[2]ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥'
[ਸ਼ਬਦ, ਪਾਤਸ਼ਾਹੀ ੧੦

ਅਲਪ ਖਾਣਾ ਤਾਂ ਨਾਮ ਜਪਣ ਵਲ ਪ੍ਰੇਰਦਾ ਹੈ ਅਤੇ ਜਿਥੇ ਖਾਣਾ ਬਿਲਕੁਲ ਹੀ ਮੁਕ ਗਿਆ ਹੈ ਉਥੇ ਜਾਣੋ ਨਾਮ ਪ੍ਰਗਟ ਹੋ ਗਿਆ ਹੈ। ਪਰ ਅੰਨ ਹੱਠ

---

੧. ਤਾਪ ਰਹਿਤ

੨. ਥੋੜ੍ਹਾ ਖਾਣਾ ਤੇ ਥੋੜ੍ਹੀ ਨੀਂਦ

Sri Satguru Jagjit Singh Ji eLibrary NamdhariElibrary@gmail.com

ਕਰ ਕੇ ਛਡਣਾ ਪਖੰਡ ਦਾ ਰੂਪ ਵੀ ਧਾਰ ਸਕਦਾ ਹੈ :–

'ਛੋਡਹਿ ਅੰਨ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥'

[ਗੋਂਡ, ਕਬੀਰ ਜੀ–੮੭੩

ਪਰ ਨਾਮ ਜਪਣ ਵਾਲਾ ਇਸ ਵਿਸ਼ਵਾਸ਼ ਤੇ ਟੁਰਦਾ ਹੈ ਕਿ :–

'ਨਾਨਕ ਜਿਉਂ ਜਿਉਂ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ[1] ॥'

[ਸਲੋਕ ਮ: ੧, ਵਾਰ ਮਾਝ, ੧੪੪

ਅਜਿਹੇ ਨਾਮੀ ਪੁਰਸ਼ ਜਿਸ ਨੂੰ ਕੇਵਲ ਨਾਮ ਦਾ ਹੀ ਆਧਾਰ ਹੈ ਭਾਵ ਜਿਸ ਨੂੰ ਪਦਾਰਥਕ ਚੀਜ਼ਾਂ ਖਾਣ ਦੀ ਕੋਈ ਲੋੜ ਨਹੀਂ, ਦਾ ਸਰੀਰ ਅਰੋਗ ਤੇ ਦੇਹੀ ਕੰਚਨ ਵਰਗੀ ਹੁੰਦੀ ਹੈ । ਗੁਰੂ ਨਾਨਕ ਸਾਹਿਬ ਕਈ ਕਈ ਦਿਨ ਨਾਮ ਦੇ ਹੀ ਆਧਾਰ ਤੇ ਆਪਣੇ ਆਪ ਨੂੰ ਕਾਇਮ ਰਖਦੇ ਸਨ । ਉਹ ਧੁਰ ਦੀ ਬਾਣੀ ਵਿਚ ਆਪਣੇ ਮਨ ਨੂੰ ਮਿਲਾਂਦੇ ਤੇ ਇਕਸੁਰ ਹੋ ਜਾਂਦੇ ਸਨ । ਇਸ ਤਰ੍ਹਾਂ ਕਿਸੇ ਵਿਸਮਾਦ-ਰੰਗ ਵਿਚ, ਕਿਸੇ ਪਿਆਰ ਦੀ ਰਮਜ਼ ਵਿਚ ਨਿਰਾਹਾਰ ਹੁੰਦੇ ਸਨ । ਉਹ ਇਉਂ ਸਾਡੇ ਜੀਵਨ ਨੂੰ ਕਿਸੇ ਐਸੀ ਪੱਧਰ ਤੇ ਲਿਆ ਖੜਾ ਕਰਦੇ ਹਨ ਜਿਸ ਨਾਲ ਸਾਨੂੰ ਨਾਮ-ਆਧਾਰ ਦੀ ਸਚਾਈ ਸਬੰਧੀ ਸੋਝੀ ਪੈਂਦੀ ਹੈ ਤੇ ਜੀਉ ਬਲਿ ਬਲਿ ਜਾਂਦਾ ਹੈ ਤੇ ਸੁੱਕਾ ਹਰਿਆ ਹੁੰਦਾ ਹੈ । ਇਹ ਗੱਲ ਤਾਂ ਇਉਂ ਸਮਝੋ ਕਿ ਜਿਵੇਂ ਇਕ ਪੰਛੀ ਆਕਾਸ਼ ਦੀ ਖੋਜ ਵਿਚ ਮਸਤ ਹੁੰਦਾ ਜਾਂਦਾ ਹੈ ਤੇ ਉਸ ਨੂੰ ਖ਼ੁਰਾਕ ਦਾ ਖਿਆਲ ਨਹੀਂ ਰਹਿੰਦਾ । ਇਹ ਮਨ ਜਦ ਆਪੇ ਵਿਚ ਮਗਨ ਹੁੰਦਾ ਹੈ, ਤਾਂ ਇਸ ਲਈ ਆਹਾਰ ਦਾ ਸਵਾਲ ਹੀ ਨਹੀਂ ਹੁੰਦਾ ।

## ੫. ਸੁਗੰਧੀ

ਮਨੁੱਖ, ਪੰਛੀ, ਬਿਰਛ, ਪੌਦੇ ਆਦਿ ਸਭ ਵਿਚ ਜੀਵਨ-ਰੌ ਸਾਂਝੀ ਹੈ । ਸਭ ਵਿਕਾਸ ਕਰਦੇ ਹਨ । ਜੋ ਵਿਕਾਸ ਕਰਦੇ ਹਨ ਸੋ ਖਿੜਦੇ ਹਨ ਅਤੇ ਆਲੇ ਦੁਆਲੇ ਨੂੰ ਆਪਣੀ ਸੁਗੰਧੀ ਦਿੰਦੇ ਹਨ । ਇਹ ਉਨ੍ਹਾਂ ਦੀ ਸਾਧਾਰਣ ਹਾਲਤ ਹੈ । ਪਰ ਜਿਨ੍ਹਾਂ ਨੂੰ ਬਾਹਰਲੇ ਕਾਰਨ, ਇਸ ਰੌ ਦੇ ਉਲਟ ਤੋਰ ਦਿੰਦੇ

---

੧. ਗਿਰਾਹੀ, ਰੋਟੀ

Sri Satguru Jagjit Singh Ji eLibrary NamdhariElibrary@gmail.com

ਹਨ ਉਹ ਮੁਰਝਾ ਜਾਂਦੇ ਹਨ। ਯੋਗ ਵਾਤਾਵਰਣ ਅਰਥਾਤ ਹਵਾ, ਪਾਣੀ, ਰੋਸ਼ਨੀ ਆਦਿ ਮਿਲਣ ਤੇ ਹੀ ਇਹ ਸਭ ਵੱਧਦੇ ਫੁਲਦੇ ਹਨ। ਪਰ ਮਨੁੱਖ ਦਾ ਵਿਕਾਸ ਕਈ ਪੱਧਰਾਂ ਤੇ ਹੋ ਰਿਹਾ ਹੈ, ਸਰੀਰਕ, ਦਿਮਾਗ਼ੀ, ਮਾਨਸਕ, ਆਤ-ਮਕ ਇਤਿ ਆਦਿ। ਇਨ੍ਹਾਂ ਵਿਚੋਂ ਉਚਤਮ ਵਿਕਾਸ ਮਨ ਦਾ, ਜੀਵ ਆਤਮਾ ਦਾ ਵਿਕਾਸ ਹੈ। ਮਨ ਦਾ ਬੂਟਾ ਆਮ ਬਿਰਛ ਪੌਦਿਆਂ ਵਾਂਝ ਹੀ ਵਧਦਾ, ਖਿੜਦਾ, ਮਉਲਦਾ ਤੇ ਸੁਗੰਧਤ ਹੁੰਦਾ ਅਤੇ ਮੁਰਝਾਉਂਦਾ ਹੈ। ਨੀਵੇਂ ਖਿਆਲ ਮਨ ਨੂੰ ਨੀਵਾਂ ਕਰ ਦਿੰਦੇ ਹਨ, ਮਨ ਨੂੰ ਖਿੜਨ ਨਹੀਂ ਦਿੰਦੇ ਸਗੋਂ ਨਪੀੜ ਕੇ ਰਖਦੇ ਹਨ ਤੇ ਉਨ੍ਹਾਂ ਵਿਚੋਂ ਪਹਿਲੋਂ ਬਦਬੂ ਬਾਹਰਲਿਆਂ ਨੂੰ ਤੇ ਫਿਰ ਆਪਣੇ ਆਪ ਨੂੰ ਆਉਣ ਲਗ ਜਾਂਦੀ ਹੈ। ਮੰਦੇ ਜੀਵਾਂ ਦੇ ਮੰਦੇ ਖਿਆਲ ਉਨ੍ਹਾਂ ਦੇ ਆਲੇ ਦੁਆਲੇ ਦੇ ਪਰਮਾਣੂਆਂ ਨੂੰ ਵੀ ਆਪਣੇ ਵਾਂਝ ਚਾਰਜ ਕਰ ਦਿੰਦੇ ਹਨ ਜਿਸ ਕਰਕੇ ਉਨ੍ਹਾਂ ਦਾ ਨਿੱਜੀ ਵਾਯੂ-ਮੰਡਲ ਵੀ ਸਦਾ ਭੈੜੀ ਗੰਧ ਵਾਲਾ ਹੀ ਬਣਿਆ ਰਹਿੰਦਾ ਹੈ ਜਿਸ ਦਾ ਅਸਰ ਸੁਤੇ-ਸਿਧ ਹੀ ਉਨ੍ਹਾਂ ਦੇ ਮਨ ਤੇ ਪਰਤਵਾਂ ਪੈਂਦਾ ਰਹਿੰਦਾ ਹੈ। ਅਸਲ ਵਿਚ ਇਹ ਖਿਆਲ ਵੀ ਮਨ-ਰੂਪੀ ਫੁੱਲ ਦੀ ਧੂੜਾ (ਪਰਾਗ) ਹੀ ਹਨ; ਜਿਹੋ ਜਿਹਾ ਮਨ ਤਿਹੋ ਜਿਹੇ ਖਿਆਲ। ਪਰ ਨੇਕ ਜੀਵ ਆਪਣੇ ਮਨ ਨੂੰ ਚੰਗੇ ਵਾਯੂ ਮੰਡਲ ਵਿਚ ਰਖਦੇ ਹਨ ਤੇ ਉਸ ਨੂੰ ਵਧਣ ਫੁਲਣ ਲਈ ਯੋਗ ਵਾਤਾਵਰਨ ਦਿੰਦੇ ਹਨ। ਮਨ ਨੂੰ ਜਿਸ ਵੇਲੇ ਵਾਹਿਗੁਰੂ ਜੀ ਦੀ ਹੋਂਦ ਦਾ ਪਾਣੀ ਮਿਲਦਾ ਹੈ, ਇਹ ਛੇਤੀ ਹੀ ਮਉਲ ਉਠਦਾ ਹੈ। ਇਸ ਦਾ ਹਿਰਦਾ ਕਮਲ ਜੋ ਪੁੱਠਾ ਪਿਆ ਹੋਇਆ ਹੈ, ਮਨ ਦੇ ਅੰਤਰਮੁਖੀ ਹੋਣ ਨਾਲ ਸਿੱਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਜੋ ਮਨ ਪ੍ਰਭੂ-ਹੋਂਦ ਤੋਂ ਅਗਿਆਨੀ ਹੋਣ ਕਰਕੇ ਮਿਚਿਆ ਰਹਿੰਦਾ ਹੈ, ਨਾਮ ਜਪਣ ਨਾਲ ਸਿੱਧਾ ਹੋ ਕੇ ਬਿਗਸਣਾ ਸ਼ੁਰੂ ਹੋ ਜਾਂਦਾ ਹੈ :—

'ਚਿਤਿ ਚਿਤਵਉ ਚਰਣਾਰਬਿੰਦ[1] ਊਧ ਕਵਲ ਬਿਗਸਾਂਤ ॥  
ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ[2] ॥'

[ਗਉੜੀ ਬਾਵਨ ਅਖਰੀ ਮ: ੫–੨੫੪

---

੧. ਚਰਨ ਅਰਬਿੰਦ, ਚਰਨ ਕਮਲ। ਹਰੀ ਦੇ ਚਰਨ ਕਮਲਾਂ ਦਾ ਹਿਰਦੇ ਵਿਚ ਧਿਆਨ ਧਰਦਾ ਹਾਂ ਤਾਂ ਮੇਰਾ ਹਿਰਦਾ, ਜੋ ਅਸਲੀਅਤ ਵਲੋਂ ਮੁੜ ਕੇ ਊਂਧ (ਉਲਟਾ) ਹੋ ਗਿਆ ਸੀ, ਖਿੜ ਜਾਂਦਾ ਹੈ

੨. ਗੁਰੂ ਦੀ ਸਿੱਖਿਆ ਨਾਲ

Sri Satguru Jagjit Singh Ji eLibrary NamdhariElibrary@gmail.com

ਹਿਰਦੇ ਵਿਚ ਨਾਮ ਦੇ ਟਿਕਣ ਨਾਲ ਹਿਰਦੈ-ਕਮਲ ਦੀਆਂ ਸਾਰੀਆਂ ਪੱਤੀਆਂ ਖਿੜ ਜਾਂਦੀਆਂ ਹਨ, ਸੁੱਕੀਆਂ ਹਰੀਆਂ ਹੋ ਜਾਂਦੀਆਂ ਹਨ, ਮਨ ਤੇ ਤਨ ਮਉਲ ਜਾਂਦਾ ਹੈ, ਅਤੇ ਪ੍ਰਭੂ-ਹੋਂਦ ਦੀ ਸੁਗੰਧੀ ਸਾਰੇ ਪਸਰਨ ਲਗ ਜਾਂਦੀ ਹੈ :-

'ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ੧ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ੨ ਗੋਬਿੰਦ ॥
੩ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥ਰਹਾਉ॥
੪ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
੫ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ੬ਮਉਲਿਓ ਅਤਿ ਅਨੂਪ ॥ ੭ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ੮ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ੯ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ੧੦ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥ ੪ ॥'

[ਬਸੰਤੁ ਮ: ੫-੧੧੮੦

ਜਿਵੇਂ ਨਾਮ-ਅੰਮ੍ਰਿਤ ਵਿਚ ਛੱਤੀ ਪਰਕਾਰ ਦੇ ਭੋਜਨ ਆਉਂਦੇ ਹਨ, ਤਿਵੇਂ ਹੀ ਇਸ ਵਿਚ ਸਾਰੀਆਂ ਸੁਗੰਧੀਆਂ ਆ ਜਾਂਦੀਆਂ ਹਨ। ਸਭ

---

੧. ਖੁਸ਼ੀ ਦਾ ਮੌਕਾ
੨. ਮਿਲੇ
੩. ਅੱਜ ਸਾਡੇ ਘਰ ਬਹਾਰ ਲਗੀ ਹੈ, ਕਿਉਂਕਿ ਹੇ ਬੇਅੰਤ ਹਰੀ! ਅਸੀਂ ਤੇਰੇ ਗੁਣ ਗਾਏ ਹਨ।
੪. ਫਗਣ, ਫਗਣ ਦੇ ਮਹੀਨੇ ਦਾ ਉਤਸਵ, ਹੋਲੀ। ਅੱਜ ਤਾਂ ਸਾਡੇ ਫਗਣ ਦੀ ਹੋਲੀ ਬਣੀ ਪਈ ਹੈ
੫. ਸੰਤਾਂ ਦੀ ਸੇਵਾ ਕਰਨੀ ਇਹ ਹੋਲੀ ਬਣਾਈ ਹੈ
੬. ਖਿੜਿਆ ਹੈ ਬਹੁਤ ਸੁਹਣਾ ਹੋ ਕੇ
੭. ਭਾਵ ਦੁਖ ਸੁਖ ਵਿਚ ਇਕੋ ਜਿਹਾ ਰਹਿੰਦਾ ਹੈ
੮. ਵਾਹਿਗੁਰੂ ਜੀ ਮਿਲੇ ਹਨ ਜਿਸ ਕਰਕੇ ਸਦਾ ਬਸੰਤ ਬਣੀ ਹੋਈ ਹੈ
੯. ਮਨ-ਇਛਤ ਫਲ ਦੇਣ ਵਾਲਾ ਰੁਖ, ਜੋ ਮਿਥਿਹਾਸ ਅਨੁਸਾਰ ਬੈਕੁੰਠ ਵਿਚ ਮਿਲਦਾ ਹੈ ਪਰ ਗੁਰਮਤ ਅਨੁਸਾਰ ਨਾਮ-ਅੰਮ੍ਰਿਤ ਨੂੰ ਹੀ 'ਪਾਰਜਾਤ' ਆਖਿਆ ਹੈ, ਯਥਾ 'ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮ ਧੇਨ ਹਰਿ ਹਰਿ ਗੁਣ ਗਾਮ ॥ [ਗਉੜੀ ਸੁਖਮਨੀ ਮ. ੫]
੧੦. ਖਾ ਪੀ ਕੇ ਰੱਜ ਗਏ

Sri Satguru Jagjit Singh Ji eLibrary NamdhariElibrary@gmail.com

ਸੁਗੰਧੀਆਂ ਨੂੰ ਰਲਾ ਕੇ ਮਾਨੋ ਇਨ੍ਹਾਂ ਦੀ ਇਕ ਵੱਖਰੀ ਅਜਬ ਕਿਸਮ ਬਣੀ ਹੁੰਦੀ ਹੈ ਜਿਵੇਂ ਕਿ ਨਵੇਂ ਨਵੇਂ ਖਿੜੇ ਸੁੰਦਰ ਫੁੱਲਾਂ ਦੇ ਨਿਰਮਲ ਜਲ ਵਿਚੋਂ ਆ ਰਹੀ ਖ਼ੁਸ਼ਬੂ, ਤੁਲਸੀ ਚੰਦਨ, ਕਸਤੂਰੀ ਇਤਿ ਆਦਿ ਸਭ ਦੀ ਮਿਲਵੀਂ ਸੁਗੰਧੀ ਦੇਵੇ। ਸ੍ਰੀ ਗੁਰੂ ਰਾਮਦਾਸ ਜੀ ਨੇ ਬਿਲਾਵਲੁ ਰਾਗ ਵਿਚ ਫੁਰਮਾਇਆ ਹੈ ਕਿ ਜਿਵੇਂ ਸਾਰੀ ਬਨਸਪਤੀ ਵਿਚੋਂ ਚੰਦਨ ਸ੍ਰੇਸ਼ਟ ਸੁਗੰਧੀ ਵਾਲਾ ਗਿਣੀਂਦਾ ਹੈ ਤਿਵੇਂ ਨਾਮ-ਅੰਮ੍ਰਿਤ-ਫੱਲ ਦੀ ਸੁਗੰਧੀ ਸਭ ਸੁਗੰਧੀਆਂ ਵਿਚੋਂ ਸ੍ਰੇਸ਼ਟ ਹੈ :—

'ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ
ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥'

[ਬਿਲਾਵਲੁ ਮ: ੪—੮੩੩

ਪਰਮਾਤਮਾ ਦੀ ਸੁਗੰਧੀ ਅਮਿਣਵੀਂ ਹੈ :—

'[1]ਕਿ ਅਚਲੰ ਪ੍ਰਕਾਸ ਹੈ ॥ ਕਿ ਅਮਿਤੋ ਸੁਬਾਸ ਹੈ ॥
ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥'

[ਜਾਪੁ ਸਾਹਿਬ

ਉਹ, ਇਹ ਸੁਗੰਧੀ ਸਾਰੀ ਸ੍ਰਿਸ਼ਟੀ ਨੂੰ ਇਕਸਾਰ ਵੰਡ ਰਿਹਾ ਹੈ ਪਰ ਜਿਨ੍ਹਾਂ ਦੀ ਸੁੰਘਣ-ਸ਼ਕਤੀ ਸ਼ੁਰੂ ਤੋਂ ਹੀ ਕਮਜ਼ੋਰ ਹੁੰਦੀ ਹੈ ਜਾਂ ਬਦਬੂਦਾਰ ਕੰਮ ਕਰਦੇ ਕਰਦੇ ਮਰ ਜਾਂਦੀ ਹੈ, ਉਨ੍ਹਾਂ ਨੂੰ ਇਸ ਦਾ ਪਤਾ ਨਹੀਂ ਲਗਦਾ। ਨਾਮ ਜਪ ਕੇ ਉਨ੍ਹਾਂ ਦੀ ਸੁੰਘਣ-ਸ਼ਕਤੀ ਮੁੜ ਕਾਇਮ ਹੋ ਜਾਂਦੀ ਹੈ :—

'ਸਤਿਗੁਰ ਨਾਮ ਦ੍ਰਿੜਾਏ ਅਤਿ ਮੀਠਾ [2]ਮੈਲਾਗਰ ਮਲਗਾਰੇ ॥
[3]ਨਾਮੈ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥'

[ਨਟ ਮ: ੪—੯੮੧

---

੧. ਹੇ ਪ੍ਰਮਾਤਮਾ! ਤੇਰੀ ਜੋਤ ਸਦਾ ਉਵੇਂ ਦੀ ਉਵੇਂ ਕਾਇਮ ਰਹਿਣ ਵਾਲੀ ਹੈ, ਤੂੰ ਅਮਿਣਵੀਂ ਸੁਗੰਧੀ (ਵਾਸ਼ਨਾ) ਵਾਲਾ ਹੈਂ; ਤੇਰਾ ਰੂਪ ਅਸਚਰਜ ਹੈ, ਤੇਰਾ ਤੇਜ-ਪ੍ਰਤਾਪ ਅਮਿਣਵਾਂ ਹੈ

੨. ਨਾਮ ਜੋ ਚੰਦਨ ਦਾ ਵੀ ਚੰਦਨ ਹੈ ਭਾਵ ਅਤਿ ਠੰਢਾ ਤੇ ਸੁਗੰਧਤ ਹੈ

੩. ਨਾਮ ਕਰਕੇ ਮੇਰੀ ਸੁਰਤ ਦਸ ਦਿਸ਼ਾਂ ਵਲ ਫੈਲੀ ਹੈ, ਭਾਵ ਸਭ ਸੋਝੀ ਹੋਈ ਹੈ ਤੇ ਹਰੀ ਸੁਗੰਧ ਵਾਲੇ ਦੀ ਸੁਗੰਧ ਸਭ ਥਾਂ ਪਸਰੀ ਹੈ

ਮੁਸਕੀ = ਮੁਸ਼ਕ, ਖੁਸ਼ਬੂ ਫੈਲੀ ਹੈ,
ਗੰਧਾਰੇ = ਸੁਗੰਧੀ ਵਾਲੇ ਦੀ

Sri Satguru Jagjit Singh Ji eLibrary NamdhariElibrary@gmail.com

ਪਰ ਇਹ ਸੁਗੰਧੀ ਬਿਆਨ ਕਰਨੀ ਅਸੰਭਵ ਹੈ ਕਿਉਂਜੋ ਇਹ 'ਏਕੇ' ਦੀ ਹੀ ਹੈ ਅਤੇ 'ਏਕੇ' ਦਾ ਹੀ ਰੂਪ ਹੈ; ਆਪ ਨਾਮ ਹੈ, ਅੰਮ੍ਰਿਤ ਹੈ, ਨਾਮ-ਅੰਮ੍ਰਿਤ ਹੈ। ਇਹ ਇਕ ਹੈ, ਦਵੈਤ ਨਹੀਂ। ਇਸ ਦਾ ਅਨੁਮਾਨ ਇਸ ਸੁਗੰਧੀ ਦੀ ਧੂੜਾ, ਪ੍ਰੇਮ, ਸੀਤਲਤਾ, ਖੇੜਾ, ਵਿਸਮਾਦ ਇਤਿ ਆਦਿ, ਜੋ ਇਸ ਦਾ ਹੀ ਰੂਪ ਹਨ, ਰਾਹੀਂ ਹੀ ਕੁਝ ਕੁ ਲਗਦਾ ਹੈ। ਜਿਨ੍ਹਾਂ ਵਿਚ ਇਹ ਸੁਗੰਧੀ ਮਉਲੀ ਹੈ, ਉਨ੍ਹਾਂ ਦੇ ਰੰਗ ਚਲੂਲੇ ਹੋ ਗਏ ਹਨ; ਉਹ ਇਸ ਦੀਆਂ ਠੰਢੀਆਂ ਲਪਟਾਂ ਵਿਚ ਆਪ ਖੀਵੇ ਹੋ ਗਏ ਹਨ, ਮੁਸ਼ਕ ਗਏ ਹਨ ਅਤੇ ਬਾਹਰਲੇ ਆਲੇ-ਦੁਆਲੇ ਨੂੰ ਵੀ ਸੁਗੰਧਿਤ ਕਰ ਰਹੇ ਹਨ :—

> '[1]ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
> [2]ਮਨੁ ਰਾਮਿ ਕਸਵਟੀ ਲਾਇਆ ਕੰਚਨ ਸੋਵਿੰਨਾ ॥
> [3]ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
> ਜਨੁ ਨਾਨਕ ਮੁਸਕਿ ਝਕੋਲਿਆ[4] ਸਭੁ ਜਨਮੁ ਧੰਨੁ ਧੰਨਾ ॥੧॥'
>
> [ਆਸਾ ਮ: ੪, ਛੰਤ–੪੪੮

ਭਗਤ ਜਨ ਤਦੇ ਹੀ ਸਦਾ ਲੋਚਦਾ ਹੈ :—

> 'ਹਰਿ ਚਰਣ ਕਮਲ ਮਕਰੰਦ[5] ਲੋਭਿਤ[6] ਮਨੋ
> ਅਨਦਿਨੋ ਮੋਹਿ ਆਹੀ ਪਿਆਸਾ ॥
> ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ[7] ਕਉ
> ਹੋਇ ਜਾ ਤੇ ਤੇਰੈ ਨਾਮਿ ਵਾਸਾ ॥'
>
> [ਧਨਾਸਰੀ ਮ: ੧–੬੬੩

---

੧. ਹਰੀ-ਨਾਮ ਦੇ ਅੰਮ੍ਰਿਤ ਨਾਲ ਮੇਰੀਆਂ ਅੱਖਾਂ ਭਿੱਜ ਰਹੀਆਂ ਹਨ ਅਤੇ ਮਨ ਪਿਆਰ ਨਾਲ ਰੰਗਿਆ ਹੋਇਆ ਹੈ

੨. ਰਾਮ ਨੇ ਮੇਰੇ ਮਨ ਨੂੰ ਪਰਖਣ ਲਈ ਕਸਵੱਟੀ ਤੇ ਲਾਇਆ ਹੈ ਤੇ ਇਹ ਖਰਾ ਸੋਨਾ ਨਿਕਲਿਆ ਹੈ

੩. ਗੁਰੂ ਦੁਆਰਾ ਮੇਰਾ ਮਨ ਤਨ ਪ੍ਰੇਮ ਵਿਚ ਭਿੱਜ ਕੇ ਗੁਲ–ਲਾਲਾ ਵਰਗੇ ਰੰਗ ਵਾਲਾ (ਭਾਵ ਸੁਰਖ਼) ਹੋ ਗਿਆ ਹੈ

੪. ਸਿੰਚਿਆ। ਦਾਸ ਨਾਨਕ ਨਾਮ ਦੀ ਖੁਸ਼ਬੋ ਨਾਲ ਸੁਗੰਧਤ ਕੀਤਾ ਗਿਆ ਹੈ

੫. ਫੁੱਲਾਂ ਦਾ ਮਿੱਠਾ ਸੁਗੰਧਤ ਰਸ

੬. ਲਲਚਾਉਂਦਾ ਹੈ

੭. ਪਪੀਹਾ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਹਰੀ ਹਰੀ ਘਾਹ ਤੇ ਤ੍ਰੇਲ, ਸਰਹੋਂ ਦੇ ਪੀਲੇ ਫੁੱਲਾਂ ਵਾਲਾ ਖੇਤ, ਸ਼ਨੀਲ ਦੇ ਕਪੜੇ ਉਤੇ ਬਲੌਰ ਜਿਸ ਦਾ ਰੰਗ ਗੁਲਾਬੀ ਤੇ ਪੀਲਾ ਹੋਵੇ, ਜਾਂ ਚੰਬੇਲੀ ਦੇ ਚਮਨ ਵਿਚ ਪਏ ਹੋਏ ਨਿਆਜ਼ਬੋ ਦੇ ਪੱਤੇ, ਜਿਵੇਂ ਪਹਾੜ ਦੀ ਵਾਦੀ ਵਿਚ ਰੰਗ-ਬਰੰਗੇ ਖ਼ੁਸ਼ਬੂਦਾਰ ਫੁੱਲ, ਜਿਵੇਂ ਫ਼ਰਾਂਸ ਦੀ ਰਾਜਧਾਨੀ ਪੈਰਸ ਵਿਚ ਪਈਆਂ ਇਮਾਰਤਾਂ ਜੋ ਰੰਗ-ਬਰੰਗੇ ਗਮਲਿਆਂ ਨਾਲ ਭਰੀਆਂ ਪਈਆਂ ਹੋਣ, ਦੀ ਸੁੰਦਰਤਾ ਅਤੇ ਮਨ-ਮੋਹਣੀਆਂ ਸੁੰਦਰ ਇਸਤਰੀਆਂ ਦੇ ਗੋਟਾ-ਕਿਨਾਰੀ ਵਾਲੇ ਸੁੰਦਰ ਪਹਿਰਾਵੇ ਵਾਲੇ ਕਪੜਿਆਂ ਵਿਚ ਉਨ੍ਹਾਂ ਦਾ ਮਸੂਮਪੁਣਾ ਤੇ ਲੁਕਵਾਂ ਹਾਸਾ ਉਸ ਨਾਮ ਦੀ ਸੁਗੰਧੀ ਦਾ ਚਿੰਨ੍ਹ ਹਨ, ਤਿਵੇਂ ਹੀ ਹਿਰਦੇ ਦੀ ਅਕਹਿ ਖੁਸ਼ੀ, ਖੇੜਾ, ਵਿਸਮਾਦ, ਸੀਤਲਤਾ ਆਦਿ ਉਸ ਨਾਮ ਸੁਗੰਧੀ ਦੀ ਧੂੜਾ ਹਨ ।

ਉਕਤ ਸੁੰਦਰਤਾ ਦਾ ਜੋ ਅਕਸ ਦੁਨਿਆਵੀ ਮਨ ਤੇ ਪੈਂਦਾ ਹੈ, ਉਹ ਕੁਝ ਮਿੰਟਾਂ ਲਈ ਦਿਲ-ਭਰਵੀਂ ਜਿਹੀ ਚਾਹ ਨਾਲ ਨਾਮ ਦੀ ਖੁਸ਼ੀ ਤਾਂ ਦਿੰਦਾ ਹੈ ਪਰ ਇਹ ਸਾਰੀ ਖੁਸ਼ੀ ਨਾਮੀ ਨੂੰ ਪ੍ਰਾਪਤ ਹੋਈ ਸੁਗੰਧੀ ਨਾਲੋਂ ਬਹੁਤ ਘਟੀਆ ਹੈ । ਇਸ ਦਾ ਫ਼ਰਕ ਇਉਂ ਜਾਣੋ ਜਿਵੇਂ ਕੱਚ ਤੇ ਹੀਰੇ ਦਾ ਹੁੰਦਾ ਹੈ । ਜਿਸ ਵੇਲੇ ਨਾਮ-ਸੁਗੰਧੀ ਹਿਰਦੇ ਵਿਚ ਭਾਅ ਮਾਰਦੀ ਹੈ, ਓਦੋਂ ਤਾਂ ਇਹ ਕਹਿ ਉਠਦਾ ਹੈ :—

'ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ[੧] ਰਾਜੁ ਕਮਾਹਿ ॥
ਬਿਨੁ ਸਤਿਗੁਰ ਸੁਖੁ ਨਾ ਪਾਵਹੀ ਫਿਰਿ ਫਿਰਿ ਜੋਨੀ ਪਾਹਿ ॥'
[ਸ੍ਰੀ ਰਾਗੁ ਮ: ੩—੨੬

## ੬. ਖੇੜਾ ਤੇ ਵਿਸਮਾਦ

ਮਨ ਦਾ ਖੇੜਾ ਇਉਂ ਸਮਝੋ ਜਿਵੇਂ ਕਿਸੇ ਅੰਬ ਦੇ ਬੂਟੇ ਨੂੰ ਫਲ ਨਾ ਲਗਣ ਕਾਰਨ, ਉਹ ਆਮ ਜੀਵਾਂ ਨੂੰ ਚੰਗਾ ਨਹੀਂ ਲਗਦਾ ਪਰ ਜਦ ਉਹੀ ਬਿਰਛ ਅੰਬਾਂ ਨਾਲ ਹਰਿਆ ਭਰਿਆ ਹੋ ਜਾਵੇ ਤਾਂ ਸਾਰੇ ਜੀਵ ਖੁਸ਼ ਹੋ ਹੋ ਜਾਂਦੇ ਹਨ । ਇਵੇਂ ਹੀ ਨਾਮ ਦੇ ਜਪਣ ਨਾਲ ਜਿੰਨਾ ਚਿਰ ਮਨ ਨੂੰ ਖੁਸ਼ੀ ਪ੍ਰਾਪਤ ਨਹੀਂ ਹੁੰਦੀ, ਹਿਰਦਾ-ਕਮਲ ਖਿੜਦਾ ਨਹੀਂ, ਮਨ ਵਿਸਮਾਦ ਦੇ ਰੰਗ ਵਿਚ ਨਹੀਂ

੧. ਨੌਂ ਖੰਡਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਜਾਂਦਾ ਮਾਨੋ ਉਸ ਨੂੰ ਅਜੇ ਫੁੱਲ ਨਹੀਂ ਲਗੇ । ਜਦੋਂ ਰਸਨਾ ਦੁਆਰਾ ਜਪਣ ਨਾਲ ਨਾਮ ਹਿਰਦੇ ਵਿਚ ਟਿਕਦਾ ਹੈ ਤਾਂ ਇਸ ਨੂੰ ਇਹ ਖੇੜਾ ਪ੍ਰਾਪਤ ਹੋ ਜਾਂਦਾ ਹੈ :—

'ਹਰਿ ਰਸੁ ਚਾਖਤ ਧ੍ਰਾਪਿਆ[1] ਮਨ ਰਸੁ ਲੈ ਹਸਨਾ[2] ॥
[3]ਬੁਧਿ ਪ੍ਰਗਾਸ ਪ੍ਰਗਟ ਭਈ [4]ਉਲਟਿ ਕਮਲੁ ਬਿਗਸਨਾ ॥'
[ਬਿਲਾਵਲੁ ਮ: ੫–੮੧੧

ਨਾਮ ਦਾ ਇਹ ਖੇੜਾ ਤੇ ਰਸ ਮਨ ਨੂੰ ਅਲਮਸਤ ਬਣਾ ਦਿੰਦਾ ਹੈ ਤੇ ਵਿਸਮਾਦ ਦੀ ਰੰਗਣ ਚਾੜ੍ਹ ਦਿੰਦਾ ਹੈ :—

'ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨਿ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ[5] ॥ ੧ ॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥ ॥ ਰਹਾਉ ॥'
[ਆਸਾ ਮ: ੫–੩੭੭

ਅਤੇ

'ਹਰਿ ਰਸ ਕਾ ਤੂੰ ਚਾਖਹਿ ਸਾਦੁ ਚਾਖਤ ਹੋਇ ਰਹਹਿ ਬਿਸਮਾਦੁ ॥'
[ਗਉੜੀ ਗੁਆਰੇਰੀ ਮ: ੫–੧੮੦

ਵਾਹਿਗੁਰੂ ਜੀ ਆਪ ਵਿਸਮਾਦ-ਰੂਪ ਹਨ ਅਤੇ ਉਨ੍ਹਾਂ ਦੇ ਇਸ ਵਿਸਮਾਦ ਦਾ ਓਦੋਂ ਹੀ ਪਤਾ ਲਗਦਾ ਹੈ ਜਦੋਂ ਨਾਮ ਹਿਰਦੇ ਵਿਚ ਟਿਕ ਜਾਂਦਾ ਹੈ, ਅਤੇ ਨਾਮ ਦੇ ਪ੍ਰਗਟ ਦਰਸ਼ਨ ਹੁੰਦੇ ਹਨ :—

---

੧. ਰੱਜ ਗਿਆ
੨. ਪ੍ਰਸੰਨ ਹੋਣਾ
੩. ਅਕਲ ਚਾਨਣ ਵਾਲੀ ਹੋ ਕੇ ਜ਼ਾਹਰ ਹੋ ਗਈ
੪. ਹਿਰਦਾ ਰੂਪ ਕੰਵਲ ਮਾਇਆ ਵਲੋਂ ਉਲਟ ਕੇ ਖਿੜ ਗਿਆ
੫. ਚਿੰਤਾ

Sri Satguru Jagjit Singh Ji eLibrary NamdhariElibrary@gmail.com

'[1]ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,
ਬੁਧ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ ।
ਸੁਰਤਿ ਮੈ ਨ ਸੁਰਤਿ ਔ, ਧਯਾਨ ਮੈ ਨ ਧਯਾਨ ਰਹਯੋ,
ਗਿਆਨ ਮੈ ਨ ਗਯਾਨ ਰਹਯੋ, ਗਤਿ[2] ਮੈ ਨ ਗਤਿ ਹੈ ।
ਧੀਰਜ ਕੋ ਧੀਰਜ, ਗਰਬ[3] ਕੋ ਗਰਬ ਗਯੋ,
[4]ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ ।
[5]ਅਦਿਭੁਤ ਪਰਮਦਭੁਤ ਬਿਸਮੈ ਬਿਸਮ,
ਅਸਚਰਜੈ ਅਸਚਰਜ ਅਤਿ ਅਤਿ ਹੈ ।'

[ਕਬਿਤ, ਭਾਈ ਗੁਰਦਾਸ ਜੀ

ਵਾਹਿਗੁਰੂ ਜੀ ਪਰੇ ਤੋਂ ਪਰੇ ਹਨ । ਉਨ੍ਹਾਂ ਦਾ ਅੰਤ ਪਾਉਣ ਵਾਲੇ ਹਾਰ ਹੁਟ ਗਏ ਪਰ ਕੁਝ ਥਹੁ ਨਹੀਂ ਪਾ ਸਕੇ । ਉਹ ਇੰਨਾ ਅਸਚਰਜ ਤੇ ਵਿਸਮਾਦ ਰੂਪ ਹੈ ਕਿ ਵਿਸਮਾਦ ਦੀਆਂ ਬਿਰਤੀਆਂ ਮਾਨਣ ਵਾਲੇ ਵੀ ਅੰਤ ਨਹੀਂ ਲੈ ਸਕੇ :—

[6]ਮਹਿਮਾ ਮਹਿ ਮਹਿਕਾਰ ਵਿਚਿ ਮਹਿਮਾ ਲਖ ਨ ਮਹਿਮਾ ਜਾਣੈ ॥

---

੧. ਭਾਵ ਸੁਰਤ ਲਿਵ ਦੀ ਮਸਤੀ ਵਿਚ ਮਸਤ ਹੋ ਗਈ
੨. ਵਿਧੀ, ਰੀਤੀ  ੩. ਅਹੰਕਾਰ
੪. ਸਤਿਗੁਰ ਦੇ ਪ੍ਰੇਮ ਤੋਂ ਬਗੈਰ ਹੋਰ ਕਿਸੇ ਦਾ ਪਿਆਰ ਮਨ ਵਿਚ ਨ ਰਿਹਾ ਅਤੇ ਉਸ ਦਾ ਹੀ ਪਿਆਰ ਆਪਣਾ ਮਾਣ ਹੋ ਗਿਆ (ਰਤਿ = ਪ੍ਰੇਮ)  ੫. ਅਤੀ ਅਸਚਰਜ, ਵਿਸਮਾਦਮਈ
੬. ਧਰਤੀ ਦੀਆਂ ਵਡਿਆਈਆਂ ਦੇ ਫੈਲਾਓ ਵਿਚ ਤਾਂ ਕਈ ਗੁਣੀ ਸਿਆਣੇ ਹਨ ਪਰ ਵਾਹਿਗੁਰੂ ਜੀ ਦੀ ਮਹਿਮਾ ਨੂੰ ਲਖ ਕੇ ਵੀ ਕੋਈ ਉਸ ਦੀ ਮਹਿਮਾ ਰਹਿਣੀ ਨਹੀਂ ਜਾਣਦਾ । ਲੱਖਾਂ ਮਹਾਤਮਾਂ ਪਰਤਾਪ ਪਾ ਕੇ ਆਪ ਮਹਾਤਮਾਂ ਬਣ ਬੈਠੇ ਪਰ ਵਾਹਿਗੁਰੂ ਦੇ ਪਰਤਾਪ ਦਾ ਇਕ ਤਿਲ ਵੀ ਆਖ ਕੇ ਬਿਆਨ ਨਹੀਂ ਕਰ ਸਕੇ । ਦੇਵਤਿਆਂ ਅਤੇ ਰਾਜਿਆਂ ਦੀਆਂ ਲੱਖਾਂ ਉਸਤਤੀਆਂ ਕਰਨ ਵਾਲੇ ਹਨ, ਪਰੰਤੂ ਉਹ ਸਾਰੇ ਪਰਮੇਸ਼ਰ ਦੀ ਪਲ-ਮਾਤਰ ਉਸਤਤੀ ਵਿਚ ਹੀ ਹੈਰਾਨ ਹੋ ਜਾਂਦੇ ਹਨ । ਸ੍ਰਿਸ਼ਟੀ ਦਾ ਅੰਤ ਭਾਲਦੇ ਭਾਲਦੇ ਲੱਖਾਂ ਹੀ ਅਸਚਰਜ ਹੋ ਰਹੇ ਹਨ, ਪਰ ਉਸ ਅਸਚਰਜ ਸ੍ਰਿਸ਼ਟੀ ਦੇ ਕਰਤੇ ਦੀ ਅਸਚਰਜਤਾਈ ਅਸਚਰਜ ਹੀ 'ਚੋਜ ਵਿਡਾਣੀ' ਹੈ । ਲੱਖਾਂ ਵਿਸਮਾਦੀ ਵਿਸਮਾਦ ਵਿਚ ਹਨ, ਵਿਸਮਾਦ ਰੂਪ ਪਰਮੇਸ਼ਰ ਇਨ੍ਹਾਂ ਦੇ ਸਭ ਵਿਸਮਾਦਾਂ ਤੋਂ ਪਰੇ ਹੈ 'ਅਬਿਗਤ' ਪਰਮਾਤਮਾ ਦੀ ਗਤੀ ਨਾ ਜਾਣੀ ਜਾਣ ਵਾਲੀ ਹੈ,ਉਸ ਦੀ ਕਥਾ ਅਕਥੀਨਯ ਹੈ ਪਰ ਲੋਕ ਸੁਣ ਸੁਣਾ ਕੇ ਹੀ ਬਿਆਨ ਕਰਦੇ ਹਨ । ਉਹ ਮੰਨਿਆ-ਪਰਮੰਨਿਆ ਵਾਹਿਗੁਰੂ ਇਨ੍ਹਾਂ ਅਣਗਿਣਤ ਮੰਨੀਆਂ-ਪਰਮੰਨੀਆਂ ਵਿਅਕਤੀਆਂ ਤੋਂ ਪਰੇ ਹੈ ।

Sri Satguru Jagjit Singh Ji eLibrary NamdhariElibrary@gmail.com

ਲਖ ਮਹਾਤਮ ਮਹਾਤਮਾਂ ਤਿਲ ਨ ਮਹਾਤਮੁ ਆਖਿ ਵਖਾਣੈ ॥
ਉਸਤਤਿ ਵਿਚਿ ਲਖ ਉਸਤਤੀ ਪਲ ਉਸਤਤਿ ਅੰਦਰਿ ਹੈਰਾਣੈ ॥
ਅਚਰਜ ਵਿਚਿ ਲਖ ਅਚਰਜਾ ਅਚਰਜ ਅਚਰਜ ਚੋਜ ਵਿਡਾਣੈ ॥
ਵਿਸਮਾਦੀ ਵਿਸਮਾਦ ਲਖ ਵਿਸਮਾਦਹੁ ਵਿਸਮਾਦ ਵਿਹਾਣੈ ॥
ਅਬਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਆਖਾਣ ਵਖਾਣੈ ॥
ਲਖ ਪਰਵਾਣ ਪਰੈ ਪਰਵਾਣੈ ॥੧੯॥'

[ਵਾਰ ੧੯, ਪਉੜੀ ੧੯, ਭਾਈ ਗੁਰਦਾਸ ਜੀ

ਵਾਹਿਗੁਰੂ ਜੀ ਦੇ ਨਾਮ ਦੀ ਇਕਰਸ ਲਗਨ ਵਿਚ ਮਨ ਨੂੰ ਲੀਨ ਕਰਨ ਨਾਲ ਹੀ ਪ੍ਰੇਮ ਦਾ ਅੰਮ੍ਰਿਤ-ਰੂਪ ਪਿਆਲਾ ਪੀਤਾ ਜਾਂਦਾ ਹੈ, ਜਿਸ ਨਾਲ ਵਿਸਮਾਦੀ ਰੰਗ ਦੀ ਪ੍ਰਾਪਤੀ ਹੁੰਦੀ ਹੈ, ਵਿਸਮਾਦੀ ਜੀ ਦੇ ਵਿਸਮਾਦ ਦੀ ਕੁਝ ਝਲਕ ਪੈਂਦੀ ਹੈ :—

'[੧]ਸਬਦ ਸੁਰਤਿ ਲਿਵ ਲੀਣੁ ਹੋਇ ਪਿਰਮ ਪਿਆਲਾ ਅਪਿਉ ਪਿਓਈ ॥
ਮਨਿ ਉਨਮਨਿ ਤਨਿ ਦੁਬਲੇ ਦੇਹ ਬਿਦੇਹ ਸਨੇਹ ਸਥੋਈ ॥
ਗੁਰਮੁਖਿ ਸੁਖ ਫਲ ਅਲਖ ਲਖੋਈ ॥੨੦॥'

[ਵਾਰ ੧੫, ਪਉੜੀ ੨੦, ਭਾਈ ਗੁਰਦਾਸ ਜੀ

ਜੇ ਪਹਿਲੋਂ ਸਰ੍ਹੋਂ ਦੇ ਉਸ ਬੂਟੇ ਨੂੰ ਵੇਖੀਏ ਜਿਸ ਨੂੰ ਅਜੇ ਫੁੱਲ ਨਹੀਂ ਲਗੇ ਅਤੇ ਫਿਰ ਫੁੱਲ ਨਿਕਲੇ ਬੂਟੇ ਦਾ ਦਰਸ਼ਨ ਕੀਤਾ ਜਾਏ ਤਾਂ ਪੀਲੇ ਪੀਲੇ ਫੁੱਲ ਤੱਕ ਕੇ ਮਨ ਨੂੰ ਵਿਸਮਾਦ ਆ ਜਾਂਦਾ ਹੈ। ਇਹ ਪੀਲੇ ਫੁੱਲ ਕਿਵੇਂ ਨਿਕਲੇ ? ਇਸ ਦਾ ਪਤਾ ਨਹੀਂ ਲਗਦਾ ਪਰ ਪੀਲੇ ਫੁੱਲਾਂ ਦੀ ਹੋਂਦ ਸਾਡੇ ਅੱਖਾਂ ਸਾਹਮਣੇ ਹੈ ਜੋ ਸਾਡੇ ਮਨਾਂ ਨੂੰ ਵਿਸਮਾਦ ਕਰ ਰਹੀ ਹੈ ਇਵੇਂ ਹੀ ਵਾਹਿਗੁਰੂ ਸ਼ਬਦ ਦੇ

---

੧. ਗੁਰਮੁਖ ਸ਼ਬਦ ਸੁਰਤ ਦੀ ਇਕਰਸ ਲਗਨ ਵਿਚ ਲੀਨ ਹੋ ਕੇ ਪ੍ਰੇਮ ਦਾ ਅੰਮ੍ਰਿਤ-ਰੂਪ ਪਿਆਲਾ ਪੀਂਦੇ ਹਨ। ਮਨ ਕਰਕੇ ਮਾਇਆ ਤੋਂ ਉੱਚੇ ਅਤੇ ਉਦਾਸ ਰਹਿੰਦੇ ਹਨ। ਤੁਰੀਆ ਪਦ ਵਿਖੇ ਹੋ ਕੇ ਸਰੀਰ ਤੋਂ ਦੁਬਲੇ ਰਹਿੰਦੇ ਹਨ ਕਿਉਂਜੋ ਉਨ੍ਹਾਂ ਨੂੰ ਦੇਹ ਦੀ ਭਾਵਨਾ ਨਹੀਂ ਹੁੰਦੀ ਤੇ ਵਿਦੇਹ ਹੋ ਕੇ ਕਰਤਾਰ ਦੇ ਪ੍ਰੇਮ ਦੇ ਸਾਥੀ ਹੋ ਰਹੇ ਹਨ ਭਾਵ ਸਰੀਰ ਸੁਤੇ ਸਿਧ ਰਹਿੰਦਾ ਹੈ, ਇਸ ਦੇ ਰਸਾਂ ਕਸਾਂ ਵਿਚ ਨਹੀਂ ਲਗਦੇ ਅਤੇ ਮਨ ਤੁਰੀਆ ਪਦ ਵਿਚ ਰਖਦੇ ਹਨ। ਗੁਰਮੁਖਾਂ ਨੂੰ ਸੁਖਫਲ ਅਰਥਾਤ ਅਲਖ ਨਿਰੰਕਾਰ ਦੀ ਲਖਤਾ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਜਪਣ ਦਾ ਕੋਈ ਵਿਸਮਾਦੀ ਰੰਗ ਹੋ ਜਾਂਦਾ ਹੈ ਵਿਸਮਾਦ ਪ੍ਰਭੂ ਪ੍ਰਗਟ ਹੋਣ ਤੇ ਵਿਸਮਾਦੀ ਰੰਗ ਦਾ ਵਰਣਨ ਅਕਹਿ ਹੈ। ਹਰ ਚੀਜ਼ ਵਿਸਮਾਦ ਰੂਪ ਨਜ਼ਰੀ ਪੈਂਦੀ ਹੈ ਗੁਰੂ ਨਾਨਕ ਦੇਵ ਜੀ ਇਸ ਅੱਵਸਥਾ ਬਾਰੇ ਬਾਣੀ ਵਿਚ ਇਉਂ ਇਸ਼ਾਰਾ ਕਰਦੇ ਹਨ :—

'[੧]ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਿਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥

---

੧. (ਕਈ ਤਰ੍ਹਾਂ ਦੇ ਆਪੇ ਹੋ ਰਹੇ, ਗਾਏ ਅਲਾਪੇ ਜਾ ਰਹੇ) ਨਾਦ ਵਿਸਮਾਦ (ਉਤਪਤ ਕਰ ਰਹੇ) ਹਨ, (ਇਸੇ ਤਰ੍ਹਾਂ ਲਿਖੇ ਗਏ ਸ਼ਬਦ) ਵੇਦ (ਆਦਿ) ਵਿਸਮਾਦ ਦਿੰਦੇ ਹਨ। ਜ਼ਿੰਦਗੀ (ਜੀਵਨ ਨੂੰ ਵੇਖ ਕੇ) ਵਿਸਮਾਦ ਛਾਉਂਦਾ ਹੈ, (ਫਿਰ ਜੀਵਨ ਦੇ) ਭੇਦ (ਪ੍ਰਭੇਦ ਮਾਨੁਖ, ਜਾਨਵਰ, ਬਨਸਪਤੀ ਆਦਿ ਦੇਖ ਕੇ) ਵਿਸਮਾਦ ਦਸ਼ਾ ਆਉਂਦੀ ਹੈ। ਫਿਰ ਇਸ ਵਿਚ ਕਈ ਰੂਪ (ਕਈ) ਰੰਗ (ਹਨ, ਜਿਨ੍ਹਾਂ ਨੂੰ ਤੱਕ ਕੇ) ਵਿਸਮਾਦ ਹੁੰਦਾ ਹੈ। (ਫੇਰ ਜੀਵ ਸ਼੍ਰੇਣੀ ਵਿਚੋਂ) ਜਾਨਵਰ ਨੰਗੇ ਫਿਰਦੇ ਹਨ (ਇਹ ਦੇਖ ਕੇ) ਵਿਸਮਾਦ (ਛਾ ਜਾਂਦਾ ਹੈ)। ਪਉਣ (ਇਸ ਦੇ ਵੇਗ ਤੇ ਕੌਤਕ), ਪਾਣੀ (ਇਸ ਦੇ ਪਾਣੀ ਭਾਫ਼, ਬਰਫ਼, ਗੜੇ ਓਸ ਆਦਿ ਰੂਪ ਤੇ ਕੌਤਕ) ਵਿਸਮਾਦ (ਹਾਲਤ ਲਾ ਦਿੰਦੇ ਹਨ)। ਅਗਨੀ (ਕਈ ਤਰ੍ਹਾਂ ਦੀ ਹੈ ਅਰ ਉਨ੍ਹਾਂ ਦੇ ਕੌਤਕ ਤੇ) ਖੇਡਾਂ ਅਦਭੁਤ ਹੋ ਰਹੀਆਂ ਹਨ (ਜਿਨ੍ਹਾਂ ਨੂੰ ਤੱਕ ਕੇ) ਵਿਸਮਾਦ (ਹੁੰਦਾ) ਹੈ। ਧਰਤੀ (ਇਸ ਦਾ ਪੇਹਨ, ਚਾਲ, ਇਸ ਦੀਆਂ ਪੈਦਾਵਾਰਾਂ, ਫਲ ਫੁੱਲ, ਮੇਵੇ ਤੇ ਹੋਰ ਸਾਮਾਨ) ਅਸਚਰਜ ਕਰ ਦਿੰਦੇ ਹਨ ਤੇ (ਇਸ ਦੀਆਂ) ਖਾਣੀਆਂ (ਬੀ ਅਸਚਰਜ ਲਾ ਦੇਂਦੀਆਂ)

[ਬਾਕੀ ਅਗਲੇ ਪੰਨੇ ਤੇ]

Sri Satguru Jagjit Singh Ji eLibrary NamdhariElibrary@gmail.com

ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥'

[ਸਲੋਕ ਮ: ੧, ਆਸਾ ਦੀ ਵਾਰ–੪੬੩

ਵਾਹੁ ਵਾਹੁ ਵਿਸਮਾਦ ਹੈ, ਵਾਹੁ ਵਾਹੁ ਕੋਈ ਰੰਗ ਹੈ । ਵਾਹੁ ਵਾਹੁ ਵਿਚ ਗਿਆ ਮਨ ਵਾਹੁ ਵਾਹੁ ਦਾ ਰੂਪ ਹੁੰਦਾ ਪਿਆਰੇ ਦਾ ਹੋਰ ਹੋਰ ਰੰਗ ਮਾਣਨ ਲਈ ਸਦਾ ਤੁਰਿਆ ਰਹਿੰਦਾ ਹੈ :—

'ਨਾਨਕੁ ਆਖਿ ਨ ਰਾਜੈ ਹਰਿਗੁਣ
ਜਿਉ ਆਖੈ ਤਿਉ ਸੁਖੁ ਪਾਇ ॥'

[ਆਸਾ ਮ: ੪–੩੬੮

ਅਤੇ ਇਸ ਤਰ੍ਹਾਂ ਬਾਰੰਬਾਰ ਵਾਹੁ ਵਾਹੁ ਕਰਦਿਆਂ ਆਪ ਹੀ ਵਿਸਮਾਦ-ਰੂਪ ਬਣ ਜਾਂਦਾ ਹੈ ।

---

(ਪਿਛਲੇ ਪੰਨੇ ਦੀ ਬਾਕੀ)

ਹਨ । (ਜਿਨ੍ਹਾਂ ਨਾਨ੍ਹਾ ਤਰ੍ਹਾਂ ਦੇ) ਸੁਆਦਾਂ ਵਿਚ ਜੀਵ ਲੱਗੇ ਹੋਏ (ਮਗਨ ਹੋ ਰਹੇ ਹਨ, ਇਹ ਦੇਖ ਕੇ ਬੀ) ਅਸਚਰਜ ਹੁੰਦਾ ਹੈ । (ਸੰਸਾਰ ਵਿਚ ਜੀਵਾਂ ਦੇ ਕਿਤੇ) ਸੰਜੋਗ (ਮੇਲੇ ਹੋ ਰਹੇ ਹਨ ਕਿਤੇ) ਵਿਛੋੜੇ ਹੋ ਰਹੇ ਹਨ (ਇਹ ਤੱਕ ਕੇ ਬੀ) ਅਸਚਰਜ ਹੁੰਦਾ ਹੈ । ਭੁੱਖ (ਇਸ ਦਾ ਦੁੱਖ, ਇਸ ਤੋਂ ਪੈਦਾ ਹੋਏ ਪ੍ਰਯਤਨ, ਭਾਲਾਂ, ਕਾਢਾਂ ਤੇ ਘੋਖਾਂ ਦੇਖ ਕੇ) ਅਸਚਰਜ (ਛਾ ਜਾਂਦਾ ਹੈ ਤੇ ਫਿਰ ਜੀਵਾਂ ਦਾ) ਭੋਗਾਂ (ਵਿਚ ਰਚਣਾ, ਭੋਗਾਂ ਦੇ ਰਸ ਤੇ ਫੇਰ ਮਾੜੇ ਫਲ ਫਿਰ ਜੀਵਾਂ ਦਾ ਭੋਗਾਂ ਵਲ ਹੀ ਰੁਖ ਰਹਿਣਾ) ਵਿਸਮਾਦ ਲਾ ਦਿੰਦਾ ਹੈ (ਪਰ ਅਸਲ) ਵਿਜ਼ਮਾਦ (ਵਿਚ ਲੈ ਜਾਣ ਵ ਲੀ ਖੇਡ) ਪਰਮੇਸ਼ਰ ਦੀ ਸਿਫਤ ਤੇ ਸਲਾਹ ਹੈ (ਜਿਸ ਨਾਲ ਸਿਫਤ ਸਾਲਾਹ ਕਰਨੇ ਵਾਲਾ ਪਰਮੇਸ਼ਰ ਨੂੰ ਹਾਜ਼ਰ ਹਜ਼ੂਰ ਵੇਖਣ ਲਗ ਪੈਂਦ ਹੈ, ਪਰ ਇਹ ਬੀ) ਵਿਸਮਾਦ ਹੀ ਹੈ (ਕਿ ਕੋਈ ਐਉਂ ਸਿਫ਼ਤ ਸਲਾਹ ਦੇ ਠੀਕ) ਰਸਤੇ ਪੈ ਗਿਆ ਹੈ (ਕੋਈ ਇਸ ਤੋਂ ਉਲਟ ਉਝੜ =) ਕੁਰਾਹੇ ਪੈ ਗਿਆ ਹੈ । (ਜੋ ਰਾਹੇ ਪਿਆ ਹੈ ਉਸ ਨੂੰ ਸਾਂਈ) ਨੇੜੇ ਜਾਪਦਾ ਹੈ, (ਜੋ ਕੁਰਾਹੇ ਪਿਆ ਹੈ ਉਸ ਨੂੰ) ਦੂਰ (ਜਾਪਦਾ ਹੈ, ਇਹ ਬੀ) ਵਿਜ਼ਮਾਦ ਹੈ । (ਸਿਰ ਵਿਸਮਾਦਾਂ ਦੇ) ਵਿਸਮਾਦ ਹੈ (ਵਾਹਿਗੁਰੂ ਨੂੰ) ਹਾਜ਼ਰ ਹਜ਼ੂਰ ਵੇਖਣਾ । (ਇਉਂ ਸਾਂਈਂ ਦੀ) ਅਸਚਰਜ ਰੂਪਤਾ ਨੂੰ ਵੇਖ ਕੇ ਮੈਂ ਵਿਸਮਾਦ ਹੋ ਰਿਹਾ ਹਾਂ (ਇਸ ਅਚਰਜ ਨੂੰ) ਬੁੱਝ ਸਕਣਾ ਪੂਰੇ ਭਾਗਾਂ ਨਾਲ ਹੁੰਦਾ ਹੈ ।

[ਪੰਜ ਗ੍ਰੰਥੀ ਸਟੀਕ–
ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

Sri Satguru Jagjit Singh Ji eLibrary NamdhariElibrary@gmail.com

ਕਾਂਡ ਤੀਜਾ

# ਅਨਹਦ ਸ਼ਬਦ

ਅਤੇ

# ਸਹਜ ਅਵਸਥਾ

ਅਨਹਦ ਸ਼ਬਦ ਤੇ ਦਸਮ ਦੁਆਰ ਦੋਵੇਂ ਜੋਗੀਆਂ ਦੀ ਬੋਲੀ ਦੇ ਸ਼ਬਦ ਹਨ ਜੋ ਗੁਰੂ ਸਾਹਿਬਾਨ ਨੇ ਤੱਤ ਵਸਤੂ ਦੀ ਪਛਾਣ ਕਰਾਉਣ ਤੇ ਲੋਕਾਂ ਨੂੰ ਟਪਲੇ ਤੋਂ ਬਚਾਉਣ ਲਈ ਵਰਤਣੇ ਜ਼ਰੂਰੀ ਸਮਝੇ ਹਨ । ਜੋਗੀ ਲੋਕ ਪ੍ਰਣਾਯਾਮ ਦੁਆਰਾ ਅਭਿਆਸ ਕਰ ਕੇ ਜਦ ਪ੍ਰਾਣ 'ਸੁਖਮਨਾ' ਵਿਚ ਚਲਾਂਦੇ ਹਨ ਤਦ ਉਨ੍ਹਾਂ ਨੂੰ ਉਨ੍ਹਾਂ ਦਾ ਅਨਹਦ ਸ਼ਬਦ ਜਿਸ ਦੀ ਧੁਨ ਉਨ੍ਹਾਂ ਦੇ ਕਲਪੇ ਅਨੁਸਾਰ, ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਅਤੇ ਵੀਣਾ ਦੀ ਹੈ, ਸੁਣੀਂਦਾ ਹੈ ਤੇ ਉਹ ਇਸ ਵਿਚ ਮਨ ਟਿਕਾਉਂਦੇ ਹਨ ਪਰ ਇਸ ਬਾਰੇ ਕਬੀਰ ਜੀ ਇਉਂ ਟਿੱਪਣੀ ਦਿੰਦੇ ਹਨ :—

'[1]ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹਿ ਨਾਹੀ ॥
[2]ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਨ[3] ਕਤ ਜਾਹੀ ॥੧॥
... ... ... ... ... ... ... ... ... ... ... ... ... ... ... ...'

[ਗਉੜੀ ਕਬੀਰ ਜੀ—੩੩੪

---

੧. ਯੋਗ ਅਭਿਆਸ ਕਰਨ ਵਾਲੇ ਇਕ ਜੋਗੀ ਦੇ ਮਰਨ ਤੇ ਇਹ ਸ਼ਬਦ ਉਚਾਰਿਆ ਗਿਆ ਹੈ । ਕਬੀਰ ਜੀ ਹੈਰਾਨੀ ਵਿਚ ਪੁਛਦੇ ਹਨ ਕਿ ਉਹ ਜੋ ਕੁਝ ਇਥੇ ਸੀ, ਪੰਜ ਤਤ ਦਾ ਪੁਤਲਾ ਤੇ ਉਸ ਦਾ ਇੜਾ, ਪਿੰਗਲਾ, ਸੁਖਮਨਾ ਆਦਿ, ਉਹ ਹੁਣ ਕਿਥੇ ਚਲੇ ਗਏ ? ਪ੍ਰਾਣਾਂ ਦੇ ਠਹਿਰਣ ਦੀ ਮਰਯਾਦਾ ਕਿਵੇਂ ਹੋਵੇਗੀ ਪਹਿਲੋਂ ਇਹ ਗਿਣਤੀ ੧੬ ਮਾਤ੍ਰਾ ਪ੍ਰਾਣ ਚੜ੍ਹਾਉਣਾ, ੩੨ ਮਾਤ੍ਰਾ ਕਰਕੇ ਉਤਾਰਨਾ ਅਤੇ ੬੪ ਮਾਤ੍ਰਾ ਕਰ ਕੇ ਕੁੰਭਕ ਕਰਨਾ ਸੀ ।

੨. 'ਸੁਖਮਨਾ' ਜੋਗੀਆਂ ਦੀ ਮੰਨੀ ਹੋਈ ਇਕ ਸੂਖਮ ਨਾੜੀ ਹੈ ਜੋ ਨੱਕ ਦੇ ਮੁੱਢ ਤੋਂ ਲੈ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤਕ ਜਾਂਦੀ ਹੈ । ਇਸ ਦੇ ਖੱਬੇ ਪਾਸੇ 'ਇੜਾ' ਮੰਨੀ ਗਈ ਹੈ (ਜੋ ਖੱਬੀ ਨਾਸ ਤੋਂ ਲੈ ਕੇ ਪਿੱਠ ਦੀ ਹੁੰਦੀ ਹੋਈ ਦਿਮਾਗ ਤਕ ਜਾਂਦੀ ਹੈ) ਅਤੇ ਸਜੇ ਪਾਸੇ 'ਪਿੰਗਲਾ' ਮੰਨੀ ਜਾਂਦੀ ਹੈ

੩. ਗਿਣਤੀ, ਸ਼ੁਮਾਰ

Sri Satguru Jagjit Singh Ji eLibrary NamdhariElibrary@gmail.com

ਅਰਥਾਤ ਸਰੀਰ ਦੇ ਨਾਸ਼ ਹੋ ਜਾਣ ਤੋਂ ਬਾਅਦ ਪ੍ਰਾਣਾਂ ਦੇ ਚੜ੍ਹਾਉਣ ਤੇ ਉਤਾਰਨ ਦੀ ਮਰਯਾਦਾ ਨੂੰ ਕਾਇਮ ਰਖਣਾ ਸੰਭਵ ਨਹੀਂ। ਇਸ ਤਰ੍ਹਾਂ ਜੋਗੀਆਂ ਦਾ ਅਨਹਦ ਸ਼ਬਦ ਸਰੀਰ ਦੇ ਅੰਤ ਹੋਣ ਨਾਲ ਅੰਤ ਹੋਣ ਵਾਲਾ ਹੈ, ਸਾਰ-ਵਸਤੂ ਨਹੀਂ। ਇਹ ਪਰਮਤਤ ਨਾਲੋਂ ਕਿਤੇ ਸਥੂਲ ਹੈ ਜਿਸ ਕਰ ਕੇ ਇਹ ਇਕ-ਰਸ ਰਹਿਣ ਵਾਲਾ ਨਹੀਂ; ਇਹ ਵਜਦਾ ਵੀ ਪ੍ਰਾਣਾਂ ਦੁਆਰਾ ਹੈ ਇਸ ਲਈ ਸੁਤੰਤਰ ਵੀ ਨਹੀਂ, ਆਹਤ ਹੈ। ਕਈ ਮਹਾਂ ਪੁਰਖ ਅਜ ਕਲ ਜੋਗੀਆਂ ਦੇ ਅਨਹਦ ਸ਼ਬਦ ਨਾਲੋਂ ਵੀ ਸੌਖਾ ਸੁਣੀਨ ਵਾਲਾ ਅਨਹਦ ਸ਼ਬਦ ਕੰਨਾਂ ਨੂੰ ਬੰਦ ਕਰ ਕੇ ਸੁਣਾਉਂਦੇ ਹਨ। ਗੁਰਮਤਿ ਦਾ ਅਨਹਦ ਸ਼ਬਦ ਕੰਨਾਂ ਦੀ ਕੋਈ ਘੂੰ ਘੂੰ ਵੀ ਨਹੀਂ। ਕਈ ਗੁਰਬਾਣੀ ਨੂੰ ਮੰਨਦੇ ਹੋਏ ਵੀ ਪੰਜ ਪ੍ਰਕਾਰ ਦੀਆਂ ਧੁਨੀਆਂ ਵਿਚ ਯਕੀਨ ਰਖਦੇ ਹਨ ਤੇ ਦਸਦੇ ਹਨ ਕਿ ਇਹ ਇਸ ਪ੍ਰਕਾਰ ਦੀਆਂ ਹਨ :—

੧. ਤਤ—ਤਾਰ ਅਤੇ ਤੰਦ ਦੇ ਵਾਜੇ, ਸਤਾਰ, ਰਬਾਬ ਆਦਿ

੨. ਵ੍ਰਿਤ—ਚੰਮ ਨਾਲ ਮੜ੍ਹੇ ਹੋਏ ਵਾਜੇ, ਮ੍ਰਿਦੰਗ, ਢੋਲਕ ਆਦਿ

੩. ਘਨ—ਧਾਤ ਦੇ ਘੰਟਾ, ਛੈਣੇ ਆਦਿ

੪. ਨਾਟ—ਘੜਾ ਆਦਿ, ਜਿਨ੍ਹਾਂ ਦੇ ਪੁਲਾੜ ਵਿਚੋਂ ਹੱਥ ਦੇ ਪ੍ਰਹਾਰ ਨਾਲ ਸੁਰ ਕੱਢੀਦੀ ਹੈ।

੫. ਸੁਖਿਰ–ਫੂਕ ਨਾਲ ਵਜਾਉਣ ਵਾਲੇ ਵਾਜੇ, ਨਫੀਰੀ, ਮੁਰਲੀ ਆਦਿ।

ਉਨ੍ਹਾਂ ਅਨੁਸਾਰ ਗੁਰੂ ਦੇ ਮੰਤ੍ਰ ਦੇ ਜਾਪ ਨਾਲ ਇਹ ਧੁਨੀਆਂ, ਪੰਚ ਸ਼ਬਦ, ਪ੍ਰਾਪਤ ਹੁੰਦੀਆਂ ਹਨ ਤੇ ਇਨ੍ਹਾਂ ਵਿਚ ਧਿਆਨ ਟਿਕਾ ਕੇ ਇਕ ਹੋਰ ਧੁਨੀ ਸੁਣਾਈ ਦਿੰਦੀ ਹੈ ਜੋ ਇਨ੍ਹਾਂ ਦੇ ਮੇਲ ਤੋਂ ਬਣੀ ਹੁੰਦੀ ਹੈ, ਜਿਸ ਵਿਚ ਕਿ ਧਿਆਨ ਟਿਕਾਉਣ ਤੇ ਸਮਾਉਣ ਨਾਲ ਪਰਮਾਤਮਾਂ ਦੀ ਪ੍ਰਾਪਤੀ ਤੇ ਮੇਲ ਹੁੰਦਾ ਹੈ ਤੇ ਇਸ ਨੂੰ ਉਹ ਅਸਲ ਅਨਹਦ ਜਾਂ ਅਨਹਤ ਸ਼ਬਦ ਕਹਿੰਦੇ ਹਨ। ਪਰ ਵਾਸਤਵ ਵਿਚ ਇਹ ਵੀ ਅਸਲ ਅਨਹਦ ਸ਼ਬਦ ਨਹੀਂ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਕਰਕੇ ਮੰਨਣਹਾਰਿਆਂ ਲਈ ਇਹ ਭੁਲੇਖਾ-ਪਾਊ ਕਥਨ ਹੀ ਹੈ ਜਿਸ ਤੋਂ ਉਨ੍ਹਾਂ ਸਦਾ ਸੁਚੇਤ ਰਹਿਣਾ ਹੈ। ਜਿਵੇਂ ਆਸਾ ਦੀ ਵਾਰ ਤੇ ਹੋਰ ਗੁਰਬਾਣੀ ਦੇ ਕੀਰਤਨ ਸਮੇਂ, ਗੁਰਸਿਖ ਗੁਰਬਾਣੀ ਦੇ ਭਾਵ ਤੇ ਪ੍ਰਭੂ-ਹੋਂਦ ਵਿਚ ਟਿਕਦਾ ਹੈ ਤੇ ਬਾਜੇ, ਢੋਲਕੀ, ਛੈਣੇ ਆਦਿ ਦੀਆਂ ਅਵਾਜ਼ਾਂ ਦਾ ਖਿਆਲ ਨਹੀਂ

Sri Satguru Jagjit Singh Ji eLibrary NamdhariElibrary@gmail.com

ਰਖਦਾ, ਤਿਵੇਂ ਹੀ ਨਾਮ-ਅਭਿਆਸੀ ਗੁਰਸਿਖ ਗੁਰਮੰਤ੍ਰ ਦੇ ਜਾਪ ਸਮੇਂ ਕੇਵਲ ਗੁਰਮੰਤ੍ਰ ਦੇ ਜਾਪ ਤੇ ਉਸ ਦੇ ਭਾਵ ਵਲ ਹੀ ਧਿਆਨ ਦਿੰਦਾ ਹੈ ਤੇ ਇਸ ਤਰ੍ਹਾਂ ਅਕਾਲਪੁਰਖ ਦੇ ਸਰੂਪ ਜੋ ਮੂਲ-ਮੰਤ੍ਰ (੧ੴ............ਗੁਰਪ੍ਰਸਾਦਿ) ਅੰਦਰ ਦਰਸਾਇਆ ਹੈ, ਵਿਚ ਟਿਕਦਾ ਹੈ। ਇਸ ਤੋਂ ਬਿਨਾਂ ਜੇ ਕੋਈ ਹੋਰ ਸੰਗੀਤਾਮਕ ਧੁਨੀ ਅੰਤਰਆਤਮੇਂ ਉਤਪੰਨ ਹੁੰਦੀ ਹੈ ਤਾਂ ਉਸ ਤੋਂ ਉਹ ਗੁਰਮੰਤ੍ਰ ਨੂੰ ਹਿਰਦੇ ਵਿਚ ਵਸਾਉਣ ਲਈ, ਗੁਰਬਾਣੀ-ਕੀਰਤਨ ਦੇ ਸਾਜ਼ਾਂ ਵਾਂਗ ਸਹਾਇਤਾ ਲੈਂਦਾ ਹੈ ਪਰ ਗੁਰਸਿਖ ਗੁਰਮੰਤ੍ਰ ਨੂੰ ਛੱਡ ਉਸ ਵਿਚ ਲੀਨ ਨਹੀਂ ਹੋ ਸਕਦਾ :—

'ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥
ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥'

[ਭੈਰਉ ਮ: ੩–੧੧੫੪

ਜੋ ਇਸ ਨੇਮ ਤੇ ਪਹਿਰਾ ਦਿੰਦਾ ਹੈ ਉਹ ਰਨ-ਥਰੂ (run-through) ਰੇਲ-ਗੱਡੀ ਵਾਂਗ, ਕਿਸੇ ਨਿੱਕੇ-ਮੋਟੇ ਸਟੇਸ਼ਨ ਤੇ ਠਹਿਰਨ ਤੋਂ ਬਿਨਾਂ ਸਿੱਧਾ ਆਪਣੀ ਮੰਜ਼ਲ ਤੇ ਜਾ ਪਹੁੰਚੇਗਾ। ਇਹ ਮੰਜ਼ਲ ਹੈ ਪ੍ਰਭੂ ਨਾਲ ਇਕ-ਮਿਕ ਹੋਣਾ, ਉਸ ਦਾ ਰੂਪ ਬਣਨਾ। ਉਹ ਨਿਰੀਆਂ ਧੁਨੀਆਂ ਸੁਣਨ ਵਾਲਾ ਸ੍ਰੋਤਾ ਹੀ ਨਹੀਂ ਰਹੇਗਾ ਸਗੋਂ ਸਰਬ ਵਿਆਪਕ ਪ੍ਰਭੂ-ਹੋਂਦ-ਰੂਪ ਹੋ ਰਹੀ ਧੁਨੀ, ਪ੍ਰਵਾਹ, ਵਿਚ ਸਮਾ ਜਾਏਗਾ, ਉਸ ਦਾ ਰੂਪ ਆਪ ਬਣ ਜਾਏਗਾ।

ਰਸਨਾ ਨਾਲ ਉਚਰ ਹੋ ਰਿਹਾ ਨਾਮ (ਗੁਰਮੰਤ੍ਰ) ਸੁਰਤ ਵਿਚ ਜਾ ਕੇ, ਧੁਨਾਤਮਕ ਰੂਪ ਹੋ ਜਾਂਦਾ ਹੈ। ਭਾਵ ਇਹ ਹੈ ਕਿ ਅਭਿਆਸੀ-ਜਨ ਜਦੋਂ ਨਾਮ ਜਪਦਾ ਜਪਦਾ ਨਾਮ ਵਿਚ ਇੰਨਾ ਟਿਕ ਜਾਂਦਾ ਹੈ ਕਿ ਉਸ ਨੂੰ ਆਪਣੇ ਸਰੀਰ, ਰਸਨਾ ਆਦਿ ਦਾ ਖਿਆਲ ਹੀ ਨਹੀਂ ਰਹਿੰਦਾ ਤਾਂ ਸੁਣ ਹੋ ਰਿਹਾ ਗੁਰ-ਮੰਤਰ ਸਰੀਰਕ ਸੋਝੀ ਨ ਰਹਿਣ ਕਰਕੇ ਨਿਰਾ ਸੁਰਤਿ ਵਿਚ ਹੀ ਸੁਣਾਈ ਦਿੰਦਾ ਹੈ। ਕਿਉਂਜੋ ਇਸ ਅੱਵਸਥਾ ਵਿਚ ਸੁਰਤ ਹੀ ਇਸ ਦਾ ਉਚਾਰਨ ਕਰ ਰਹੀ ਹੁੰਦੀ ਹੈ ਤੇ ਸੁਰਤ ਹੀ ਸਿੱਧਾ ਸੁਣ ਰਹੀ ਹੁੰਦੀ ਹੈ ਇਸ ਲਈ ਇਹ ਧੁਨਾਤਮਕ ਨਾਮ ਅਖਵਾਉਂਦਾ ਹੈ। ਪਰ ਇਸ ਅੱਵਸਥਾ ਵਿਚ ਨਾਮ ਦੀ ਗੁੰਜਾਰ ਰਸਨਾ ਦੀ ਆਵਾਜ਼ ਨਾਲੋਂ ਕਿਤੇ ਵੱਧ ਉੱਚੀ ਸੁਣਾਈ ਦਿੰਦੀ ਹੈ ਅਤੇ ਸੁਰਤਿ ਵਿਚ ਜਪੇ

Sri Satguru Jagjit Singh Ji eLibrary NamdhariElibrary@gmail.com

ਨਾਮ ਦੀ ਆਵਾਜ਼ ਹੀ ਪ੍ਰਭੂ-ਦਰਬਾਰ ਤਕ ਪਹੁੰਚਦੀ ਹੈ। ਗੁਰ-ਮੰਤ੍ਰ ਦਾ ਸੁਰਤ ਵਿਚ ਇਸ ਪ੍ਰਕਾਰ ਸੁਣੇ ਹੋਣ ਨੂੰ ਹੀ 'ਸੁਰਤਿ ਸ਼ਬਦ ਧੁਨ' ਦਾ ਜਾਗਣਾ ਆਖਿਆ ਹੈ। ਗੁਰ ਸ਼ਬਦ ਦੀ ਆਵਾਜ਼ ਦੇ ਨਾਲ ਗੁਰ ਸ਼ਬਦ ਦਾ ਹੋਂਦ-ਰੂਪ ਪ੍ਰਵਾਹ ਵੀ ਨਾਲ ਹੀ ਚਲ ਪੈਂਦਾ ਹੈ। ਇਹ ਸਰਬ ਸਾਂਝੇ ਸ਼ਬਦ-ਬ੍ਰਹਮ ਦਾ ਅਸਲ ਰੂਪ ਹੈ ਜਿਸ ਦੇ ਮਾਣਨ ਦਾ ਗੁਰਬਾਣੀ ਵਿਚ ਥਾਂ ਪਰ ਥਾਂ ਜ਼ਿਕਰ ਆਇਆ ਹੈ :–

'ਸੁਰਤਿ ਸਬਦੁ ਰਿਦ ਅੰਤਰਿ ਜਾਗੀ
ਅਮਿਉ ਝੋਲਿ ਝੋਲਿ ਪੀਜਾ ਹੇ ॥'

[ਮਾਰੂ ਮ: ੫–੧੦੭੪

ਜਦੋਂ ਸੁਰਤ ਵਿਚ ਪੂਰੀ ਤਰ੍ਹਾਂ ਨਾਮ ਸਮਾ ਜਾਂਦਾ ਹੈ ਓਦੋਂ ਸੁਰਤ ਜਿਥੇ ਵੀ ਜਾਂਦੀ ਹੈ ਉਥੇ ਹੀ ਉਸ ਨੂੰ ਪ੍ਰਭੂ-ਨਾਮ ਸੁਣਦਾ ਹੈ ਅਤੇ ਇਹ ਸੁਰਤ ਦਾ ਨਾਮ ਦੁਆਰਾ ਦਹਦਿਸ ਵਜਣਾ ਤੇ ਸ਼ਬਦ ਦਾ ਗੱਜਣਾ ਹੈ :–

'ਨਾਮੈ ਸੁਰਤਿ ਵਜੀ ਹੈ ਦਹਦਿਸਿ
[1]ਹਰਿ ਮੁਸਕੀ ਮੁਸਕ ਗੰਧਾਰੇ ॥'

[ਨਟ ਮ: ੪–੯੮੧

ਇਸ 'ਸੁਰਤਿ ਸ਼ਬਦ ਧੁਨਿ' ਦਾ ਸੁਣਨਾ ਹੀ ਅਨਹਦ ਸ਼ਬਦ ਦਾ ਸੁਣਨਾ ਹੈ ਕਿਉਂਜੋ ਸੁਰਤ ਵਿਚ ਗਿਆ ਨਾਮ, ਹਦ ਵਾਲਾ ਨਾਮ ਨਹੀਂ ਰਹਿੰਦਾ ਸਗੋਂ ਸੁਰਤ ਸਮਾਨ ਅਸੀਮ ਹੋ ਜਾਂਦਾ ਹੈ ਅਤੇ ਇਹ ਸਥੂਲ ਰਗੜ, ਹਤ, ਦਾ ਫਲ ਵੀ ਨਹੀਂ ਹੁੰਦਾ; ਸਗੋਂ ਇਹ ਆਪੇ-ਆਪ ਸਹਿਜ ਸੁਭਾਇ ਹੋ ਰਿਹਾ ਹੁੰਦਾ ਹੈ, ਜਿਸ ਨੂੰ ਅਜਪਾ-ਜਾਪ ਵੀ ਕਹਿੰਦੇ ਹਨ :–

[2]ਖਟੁ ਮਟੁ ਦੇਹੀ ਮਨੁ ਬੈਰਾਗੀ ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰਬਚਨੀ ਸਚਿ ਨਾਮਿ ਪਤੀਣਾ ॥'

[ਰਾਮਕਲੀ ਮ: ੧–੯੦੩

---

੧. ਸੁਗੰਧ ਵਾਲੇ ਪ੍ਰਭੂ ਦੀ ਸੁਗੰਧੀ ਸਭ ਥਾਂ ਪਸਰੀ ਹੈ।
੨. ਛੇ ਚੱਕਰਾਂ ਵਾਲਾ ਦੇਹੀ-ਰੂਪ ਮੱਠ ਹੈ, ਅਤੇ ਉਸ ਵਿਚ ਰਹਿਣ ਵਾਲਾ ਬੈਰਾਗੀ ਮਨ ਹੈ।

Sri Satguru Jagjit Singh Ji eLibrary NamdhariElibrary@gmail.com

ਅਰਥਾਤ ਸਾਡਾ ਸਰੀਰ ਛੇ ਚੱਕਰਾਂ ਵਾਲਾ ਮੱਠ ਹੈ; ਉਸ ਵਿਚ ਰਹਿਣ ਵਾਲਾ ਬੈਰਾਗੀ ਮਨ ਹੈ; ਉਸ ਮਨ ਵਿਚ ਸੁਰਤ-ਸ਼ਬਦ ਦਾ ਪ੍ਰਵਾਹ ਚਲ ਪੈਂਦਾ ਹੈ। ਸੁਰਤਿ ਵਿਚ ਸ਼ਬਦ (ਗੁਰ-ਮੰਤ੍ਰ) ਦਾ ਇਸ ਪ੍ਰਕਾਰ ਵਜਣਾ ਅਨਹਦ ਸ਼ਬਦ ਹੈ ਜਿਸ ਦੇ ਅਨੰਦ ਵਿਚ ਮੇਰਾ ਮਨ ਲੀਨ ਹੁੰਦਾ ਹੈ ਕਿਉਂਜੋ ਇਸ ਤੋਂ ਪ੍ਰਭੂ-ਹੋਂਦ ਝਰਦੀ ਹੈ ਜੋ ਸੀਤਲ ਸੁਭਾ ਵਾਲੀ ਹੈ। ਜਿਸ ਵੇਲੇ ਮਨ ਇਸ ਗੁਰ ਸ਼ਬਦ ਵਿਚ ਟਿਕਦਾ ਹੈ ਤਾਂ ਮਾਨੋ ਪ੍ਰਭੂ-ਹੋਂਦ ਦਾ ਇਕ ਪ੍ਰਵਾਹ ਹੀ ਚਲ ਪੈਂਦਾ ਹੈ ਜੋ ਅੰਤ ਨੂੰ ਸਮੁਚੇ ਪ੍ਰਭੂ-ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਪ੍ਰਵਾਹ ਰੂਪ ਬਣਿਆ ਅਨਹਦ ਸ਼ਬਦ ਕਦੇ ਸੁਣਨੋਂ ਬੰਦ ਨਹੀਂ ਹੁੰਦਾ, ਪਰ ਅਰੰਭ ਵਿਚ ਸ਼ਬਦ ਦੇ ਸੁਰਤ ਵਿਚ ਪ੍ਰਵੇਸ਼ ਸਮੇਂ ਇਹ ਹਟ ਵੀ ਸਕਦਾ ਹੈ ਕਿਉਂਜੋ ਸ਼ਬਦ ਤਾਂ ਹੋਂਦ-ਰੂਪ ਵਿਚ ਸਦੀਵੀ ਹੋ ਰਿਹਾ ਹੈ ਪਰ ਸਾਡੀ ਸੁਰਤ ਦੀ ਫੜਨ ਦੀ ਪੂਰੀ ਤਿਆਰੀ ਨਹੀਂ ਹੋਈ ਹੁੰਦੀ। ਗੁਰੂ ਦੇ ਬਚਨਾਂ ਨੂੰ ਵੀਹ ਵਿਸਵੇ ਮੰਨ ਕੇ ਹੀ ਇਸ ਸਚੇ ਨਾਮ ਵਿਚ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੁੰਦਾ ਹੈ ਤੇ ਸਦਾ ਲਈ ਟਿਕਦਾ ਹੈ ਅਤੇ ਸੁਰਤ ਪੂਰੀ ਤਰ੍ਹਾਂ ਸਬਦਾਕਾਰ ਬਣਦੀ ਹੈ ਅਰਥਾਤ ਗੁਰ ਸ਼ਬਦ-ਭਾਵ ਰੂਪ ਹੁੰਦੀ ਹੈ । ਇਥੇ ਨਾਮ ਸਦਾ ਬੁਲੰਦ ਰਹਿੰਦਾ ਹੈ। ਇਸ ਦੀ ਚਾਲ ਸਦੀਵੀ, ਅਡੋਲ ਤੇ ਸਹਜ-ਪ੍ਰਵਾਹ ਵਾਲੀ ਹੋ ਜਾਂਦੀ ਹੈ,ਪ੍ਰਭੂ-ਜੋਤ ਪ੍ਰਗਟ ਹੁੰਦੀ ਹੈ, ਗੁਰਸਿਖ ਖਾਲਸ ਰੂਪ ਬਣਿਆ ਹੋਇਆ ਪ੍ਰਭੂ-ਹੋਂਦ ਰੂਪੀ ਅਨਹਦ-ਸ਼ਬਦ ਵਿਚ ਸਮਾਇਆ ਰਹਿੰਦਾ ਹੈ; ਇਥੇ ਗੁਰਮੰਤਰ ਤੇ ਮੂਲ-ਮੰਤ੍ਰ ਆਪਣੇ ਅਸਲ, ਮੂਲ-ਰੂਪ ਵਿਚ ਪ੍ਰਗਟ ਹੁੰਦੇ ਹਨ :–

'ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥'

[ਰਾਮਕਲੀ ਮ: ੧, ਸਿਧ ਗੋਸਟਿ–੯੩੮

ਅਤੇ

੧'ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵਿਚਾਰੀ ॥
ਸਿੰਙੀ ਸੁਰਤਿ ਅਨਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥

[ਰਾਮਕਲੀ ਮ: ੧–੯੦੭

---

੧. ਆਪਣਾ ਆਸਣਿ ਥਿਰ ਨਾਰਾਇਣ ਵਿਚ ਹੀ ਰਖੇ; ਉਸੇ ਵਿਚ ਹੀ ਬੈਠਾ ਤੇ ਸਮਾਇਆ ਰਹੇ

Sri Satguru Jagjit Singh Ji eLibrary NamdhariElibrary@gmail.com

ਨਿਰੰਕਾਰ ਰੂਪੀ ਸਮੁੰਦਰ ਵਿਚੋਂ ਜੋ ਇਕ ਤੋਂ ਅਨੇਕ ਹੋਣ ਦੀ ਇੱਛਾ ਉੱਠੀ ਉਹ ਸੀ ਪ੍ਰਭੂ-ਹੁਕਮ ਜਾਂ ਸ਼ਬਦ ਜਿਸ ਨੇ ਰੂਪ ਧਾਰਿਆ ਵਿਆਪਕ ਸ਼ਬਦ-ਬ੍ਰਹਮ, ੧ਓ, ਦਾ ਜੋ ਹੈ ਇਕ ਰਸ ਜੋਤਿ-ਰੂਪ ਵਿਆਪਕ ਪ੍ਰਭੂ-ਹੋਂਦ ਦਾ ਪ੍ਰਵਾਹ ਜੋ ਖੰਡਾਂ ਬ੍ਰਹਮੰਡਾਂ ਵਿਚ ਚੇਤਨ ਨਾਮ-ਰੂਪ ਹੋ ਕੇ ਪਸਰਿਆ ਤੇ ਜੋ ਆਪਣੀ ਹੋਂਦ ਦੀ ਸਵੈ-ਧੁਨੀ ਵਿਚ ਸਦਾ ਸਥਿਰ ਰਹਿੰਦਾ ਹੈ ਅਤੇ ਜਿਸ ਦੇ ਵਸ ਵਿਚ ਹੈ ਰਚਨਾ ਦੀ ਸਿਰਜਣਾ, ਸੰਭਾਲ ਤੇ ਵਿਨਾਸ਼। ਗੁਰੂ ਨਾਨਕ ਸਾਹਿਬ ਇਸ ਸ਼ਬਦ ਦੀ ਸੋਝੀ ਇਉਂ ਦਿੰਦੇ ਹਨ :—

'ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥'

ਅਰਥਾਤ ਇਸ ਸ਼ਬਦ ਦਾ ਵਾਸ ਅੰਤਰੇ ਤੋਂ ਰਹਿਤ ਹੈ, ਇਹ ਅਲਖ ਹੈ ਤੇ ਹਰ ਥਾਂ ਮੌਜੂਦ ਹੈ। ਇਸ ਅਨਹਦ ਸ਼ਬਦ ਨੂੰ ਵਜਾਉਣ ਦੀ ਜੁਗਤੀ ਕਬੀਰ ਜੀ ਇਸ ਪ੍ਰਕਾਰ ਦਸਦੇ ਹਨ :—

'ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥
ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗਰੀ ਬਾਜੀ ॥
ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ॥

[ਗਉੜੀ ਕਬੀਰ ਜੀ—੩੩੪-੩੫

(ਅਰਥਾਤ ਮਨ ਅਤੇ ਪ੍ਰਾਣ ਦੋ ਤੂੰਬੇ ਹਨ ਅਤੇ ਜੋ ਪ੍ਰਭੂ ਜੁਗ ਜੁਗ ਵਿਚ ਵਿਆਪਕ ਹੈ ਉਸ ਨੂੰ ਪਛਾਣਨਾ ਡੰਡੀ ਹੈ। ਇਸ ਤਰ੍ਹਾਂ ਨਾਮ ਜਪਣ ਨਾਲ ਬਿਰਤੀ-ਰੂਪ ਤਾਰ ਥਿਰ ਹੋ ਜਾਵੇਗੀ ਤੇ ਟੁਟੇਗੀ ਨਹੀਂ ਅਤੇ ਇਹ ਬਿਨਾਂ ਹਦ ਤੋਂ ਨਾ-ਹੱਤ ਹੋਣ ਵਾਲਾ ਸ਼ਬਦ ਵੱਜ ਪਏਗਾ ਅਤੇ ਪ੍ਰਭੂ-ਹੋਂਦ ਪ੍ਰਗਟ ਹੋ ਆਵੇਗੀ। ਇਸ ਅਨਹਦ ਸ਼ਬਦ ਨੂੰ ਸੁਣ ਕੇ ਸਾਡਾ ਮਨ ਲੀਨ ਹੋ ਰਿਹਾ ਹੈ; ਹੁਣ ਮਾਇਆ ਵੀ ਨਹੀਂ ਵਿਆਪਦੀ ਤੇ ਮੁੜ ਜਨਮ ਵੀ ਨਹੀਂ ਲੈਣਾ ਪਵੇਗਾ।)

ਇਸ ਅਨਹਦ ਸ਼ਬਦ ਨਾਲ ਦਵੈਤ ਅਤੇ ਹਉਮੈ ਦਾ ਨਾਸ ਹੁੰਦਾ ਹੈ ਤੇ ਏਕੇ ਵਿਚ ਸਮਾਈ ਹੁੰਦੀ ਹੈ। ਇਹ ਅਨਹਦ ਸ਼ਬਦ 'ਏਕੇ' ਤੋਂ ਉਤਪੰਨ ਹੁੰਦਾ ਹੈ ਤੇ

Sri Satguru Jagjit Singh Ji eLibrary NamdhariElibrary@gmail.com

'ਏਕੇ' ਦਾ ਹੀ ਰੂਪ ਹੈ ਅਰਥਾਤ ਜਿਸ ਅੱਵਸਥਾ ਵਿਚ ਇਹ ਪ੍ਰਗਟ ਹੁੰਦਾ ਹੈ ਉਸ ਵਿਚ ਮਾਇਆ ਦੀ ਵਾਸ਼ਨਾ ਨਹੀਂ ਹੁੰਦੀ :–

'ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
ਅਨਹਦ ਸਬਦ ਸੁਹਾਵਣੇ ਪਾਈਐ ਗੁਰ ਵੀਚਾਰ ॥ ੨ ॥
ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
... ... ... ... ... ... ... ... ... ... ... ... ... ... ... ॥'

[ਸਿਰੀ ਰਾਗੁ ਮ: ੧–੨੧

ਅਤੇ

'੧ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ੨ਜਿਤੁ ਘਰਿ ਧਾਰੀਆ ॥
ਪੰਚ ਦੂਤ੩ ਤੁਧੁ ਵਸਿ ਕੀਤੇ ਕਾਲੁ ਕੰਟਕੁ੪ ਮਾਰਿਆ ॥'

[ਰਾਮਕਲੀ ਮ: ੩, ਅਨੰਦੁ–੯੧੭

ਇਸ ਅਨਹਦ ਸ਼ਬਦ ਵਿਚ ਆਨੰਦ ਭਰਪੂਰ ਵਿਸਮਾਦੀ ਰੁਣ-ਝੁਣਕਾਰ ਹੈ ਜੋ ਮਿਲਾਪ, ਖੁਸ਼ੀ ਤੇ ਖੇੜੇ ਦਾ ਚਿੰਨ੍ਹ ਹੈ :—

'ਰੁਣਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥'

[ਰਾਮਕਲੀ ਮ: ੫–੯੨੫

ਅਤੇ

'ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥'

[ਗਉੜੀ ਸੁਖਮਨੀ ਮ: ੫–੨੬੩

ਕਿਉਂਜੋ ਇਹ ਰੁਣ-ਝੁਣਕਾਰ ਰੋਮ-ਰੋਮ ਚੋਂ ਉਤਪੰਨ ਹੋ ਆਉਂਦੀ ਹੈ ਤੇ ਗੁਰਮੰਤ੍ਰ ਦੀ ਗੁੰਜਾਰ ਹਰ ਚੀਜ਼ ਤੇ ਹਰ ਥਾਂ ਤੋਂ ਅਸੀਮ-ਰੂਪ ਵਿਚ ਉਠ ਰਹੀ ਸੁਣਾਈ

---

੧. ਇਥੇ 'ਪੰਚ' ਦਾ ਅਰਥ 'ਸ੍ਰੇਸ਼ਟ' ਦਾ ਹੈ ਜਿਵੇਂ ਜਪੁਜੀ ਸਾਹਿਬ ਵਿਚ 'ਪੰਚਾ ਕਾ ਗੁਰੁ ਏਕ ਧਿਆਨੁ' ਵਿਚ 'ਪੰਚ' ਦਾ ਅਰਥ ਹੈ। ਸੋ ਇਥੇ ਵੀ ਅਨਹਦ ਸ਼ਬਦ ਦਾ ਹੀ ਭਾਵ ਹੈ ਅਤੇ ਜੋਗੀਆਂ ਦੇ ਪੰਜਾਂ ਸ਼ਬਦਾਂ ਵਲ ਇਸ਼ਾਰਾ ਨਹੀਂ ਜੋ ਸਥੂਲ ਹਨ ਤੇ ਪੰਜਾਂ ਚੋਰਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ—ਨੂੰ ਨਾਸ ਕਰਨ ਦੇ ਸਮਰਥ ਨਹੀਂ।

੨. ਜਿਸ ਘਰ (ਹਿਰਦੇ) ਵਿਚ ਤੂੰ ਆਪਣੀ ਕਲਾ (ਸ਼ਕਤੀ) ਵਰਤਾਈ ਹੈ

੩. ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ

੪. ਦੁਖਦਾਈ, ਕੰਡੇ ਵਾਂਙ

Sri Satguru Jagjit Singh Ji eLibrary NamdhariElibrary@gmail.com

ਦਿੰਦੀ ਹੈ ਇਸ ਲਈ ਗੁਰਬਾਣੀ ਵਿਚ ਅਨਹਦ ਸ਼ਬਦ ਵੀ ਅਨੇਕਾਂ ਹੀ ਆਖੇ ਹਨ ਅਤੇ ਇਨ੍ਹਾਂ ਸਾਰਿਆਂ ਦੇ ਆਨੰਦ ਨੂੰ ਮਿਲਾ ਕੇ ਪ੍ਰਾਪਤ ਹੋਣ ਵਾਲੇ ਆਨੰਦ ਤੋਂ ਵੀ ਵਧ ਆਨੰਦ ਅਸਲ ਗੁਰਮਤਿ ਅਨਹਦ ਸ਼ਬਦ, ਜੋ ਆਨੰਦ ਦਾ ਮੂਲ-ਸੋਮਾਂ ਹੈ, ਵਿਚ ਦਸਿਆ ਹੈ ਤਾਂ :—

'ਅਨਿਕ ਅਨਾਹਦ ਆਨੰਦ ਝੁਣਕਾਰ ॥
ਉਆ ਰਸ ਕਾ ਕਛੁ ਅੰਤੁ ਨ ਪਾਰ ॥'

[ਸਾਰਗ ਮ: ੫–੧੨੩੬

ਇਹ ਅਨਹਦ ਝੁਣਕਾਰ ਸਦੀਵੀ ਰਸਮਈ-ਲਹਿਰ ਹੈ। ਇਸ ਦੀ ਆਪਣੀ ਲੈਅ ਹੈ। ਇਹ ਸਰਬ-ਵਿਆਪਕ ਵਿਚ ਸਮਾਉਣ ਤੇ ਲੀਨ ਹੋਣ ਦੀ ਪ੍ਰੇਮ-ਲਹਿਰ ਹੈ ਜੋ ਸਭ ਜਗ੍ਹਾ ਵਿਆਪਕ ਹੈ ਤੇ ਇਕ ਰਸ ਹੈ। ਇਹ ਜਿਥੇ ਪ੍ਰਗਟ ਹੋ ਜਾਂਦੀ ਹੈ, ਠੰਢ, ਸੀਤਲਤਾ ਤੇ ਸ਼ਾਂਤੀ ਦਿੰਦੀ ਹੈ। ਇਹ ਉਹ ਗੁਪਤੀ ਬਾਣੀ ਹੈ ਜਿਸ ਦੇ ਪ੍ਰਗਟ ਹੋਣ ਨਾਲ ਕਲਿਆਣ ਹੋ ਜਾਂਦੀ ਹੈ। ਬਸ ਇਹ ਕੋਈ ਗੁਪਤ ਪ੍ਰੇਮ-ਤਟਾਨਾ ਹੈ, ਅਟੁੱਟ ਜੰਜੀਰ ਹੈ, ਕੋਈ ਗੰਭੀਰਤਾ ਦਾ ਦ੍ਰਿਸ਼ ਹੈ, ਕੋਈ ਅਡੋਲਤਾ ਦਾ ਚਮਤਕਾਰ ਹੈ, ਤਦੇ ਹੀ ਗੁਰੂ ਜੀ ਫੁਰਮਉਂਦੇ ਹਨ :–

'ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥

[ਸਲੋਕ ਮ: ੪–੧੪੨੧

ਅਨਹਦ ਸ਼ਬਦ ਦੀ ਲਹਿਰ ਵਿਚ ਟਿਕਿਆ ਹੋਇਆ ਮਨ, ਪ੍ਰਗਟ ਤੌਰ ਤੇ ਇਉਂ ਅਨੁਭਵ ਕਰਦਾ ਹੈ ਜਿਵੇਂ ਕੋਈ ਸੁਘੜ ਗਾਇਕਾ ਵਿਸਮਾਦੀ ਗੀਤ ਗਾ ਰਹੀ ਹੋਵੇ ਤੇ ਅਤਿ ਦਰਜੇ ਦਾ ਖੇੜਾ ਤੇ ਵਿਸਮਾਦ ਵੰਡ ਰਹੀ ਹੋਵੇ। ਇਥੇ ਨਾ ਮੋਹ ਹੈ, ਨਾ ਲੋਭ ਹੈ, ਨਾ ਪਿਆਰ ਹੈ, ਨਾ ਧਿਰਕਾਰ ਹੈ, ਨਾ ਰੋਣਾ ਹੈ ਨਾ ਹੱਸਣਾ। ਕੀ ਕਹੀਏ ? ਅਨਹਦ ਸ਼ਬਦ ਗੁਪਤ ਹੈ, ਗੁਪਤ ਹੈ, ਬਸ ਗੁਪਤ ਹੈ। ਇਹ ਗੁਪਤ ਰਾਜ਼ (ਭੇਦ) ਜਿਥੇ ਪ੍ਰਗਟ ਹੋ ਆਇਆ ਹੈ, ਉਥੇ ਮਾਨੋ ਕੋਈ ਬਹਾਰ ਹੈ। ਜਿਵੇਂ ਬਸੰਤ ਰੁੱਤ ਵਿਚ ਸਰਹੋਂ ਦੇ ਬਸੰਤੀ ਖੇਤ ਹਨ, ਤਿਵੇਂ ਉਸ ਮਨ ਵਿਚ ਉਠ ਰਹੀ ਅਨਹਦ ਸ਼ਬਦ ਦੀ ਧੁਨੀ ਹੈ, ਗੋਬਿੰਦ ਜੀ ਗੱਜ ਰਹੇ ਹਨ; ਕੋਈ ਖੇੜਾ ਹੈ, ਕੋਈ ਲੈਅ ਹੈ, ਕੋਈ ਰਾਗਮਈ ਤਾਰ ਹੈ, ਲਿਵਲੀਨ ਅਵਸਥਾ ਹੈ, ਸਹਜ ਹੈ, ਜਿਸ ਨੂੰ ਉਥੇ ਪਹੁੰਚੇ ਮਨ ਹੀ

Sri Satguru Jagjit Singh Ji eLibrary NamdhariElibrary@gmail.com

ਜਾਣਦੇ ਹਨ । ਇਸ ਦਾ ਸੁਆਦ ਅਕਥਨੀ ਹੈ । ਇਸ ਦੀ ਸੁਗੰਧੀ ਅਮਿਣਵੀਂ ਤੇ ਆਪਣੀ ਕਿਸਮ ਦੀ ਹੀ ਹੈ । ਖੇੜਾ ਤੇ ਵਿਸਮਾਦ ਅਤਿ ਦਾ ਹੁੰਦਾ ਹੈ। ਸੰਕਲਪ, ਵਿਕਲਪ ਮੁੱਕ ਜਾਂਦੇ ਹਨ। ਇਥੇ ਹੀ ਗੁਪਤ ਇਲਾਹੀ ਆਵਾਜ਼ਾਂ ਲਗਦੀਆਂ ਹਨ ਜੋ ਸਹੀ ਤੇ ਅਟੱਲ ਹੁੰਦੀਆਂ ਹਨ। ਇਸ ਅਨੁਭਵ ਵਾਲੇ ਮਨੁੱਖ ਦੀ ਆਵਾਜ਼ ਸ਼ਕਤੀ-ਸ਼ਾਲੀ ਤੇ ਸੁਣਨ ਵਾਲੇ ਤੇ ਪ੍ਰਭਾਵੀ ਹੁੰਦੀ ਹੈ । ਇਹ ਸਭ ਤੋਂ ਉਪਰ ਦੀ ਅਤਿ ਵਿਸਮਾਦੀ ਅੱਵਸਥਾ ਹੈ । ਇਹ ਸਭ ਧੁਨੀਆਂ ਤੇ ਰਾਗਾਂ ਤੋਂ ਉਤੇ ਦੀ ਗੱਲ ਹੈ । ਇਹ ਵਿਸ਼ੇਸ਼ਤਾ ਕੇਵਲ ਮਨੁੱਖ ਨੂੰ ਹੀ ਪ੍ਰਾਪਤ ਹੈ । ਸਿਮਰਨ ਵਿਚ ਧੁਨੀਆਂ, ਹੁਕਮ ਆਦਿ ਪਏ ਉਠਦੇ ਰਹਿੰਦੇ ਹਨ ਪਰ ਗੁਰਮੁਖ ਸਿਮਰਨ ਰੂਪ ਹੋ ਰਿਹਾ ਹੁੰਦਾ ਹੈ। ਇਸ ਅੱਵਸਥਾ ਦਾ ਸਿਮਰਨ ਵਾਹਿਗੁਰੂ ਹੀ ਬਣਾ ਦਿੰਦਾ ਹੈ। ਦਸਮ ਦੁਆਰ ਵਿਚ ਨਾਮ ਦੇ ਸੁਣਨ, ਨਾਮੀ ਦੇ ਵਿਸਮਾਦ ਰੂਪ ਹੋਣ, ਅੰਮ੍ਰਿਤ ਰਸ ਦੇ ਸਦਾ ਹੀ ਝਿਮ ਝਿਮ ਵਰਸਣ, ਪੂਰਨ ਨਿਰੰਜਨੀ ਜੋਤ ਦੇ ਪ੍ਰਗਟ ਹੋਣ ਤੇ ਸਹਜ ਅੱਵਸਥਾ ਨੂੰ ਪ੍ਰਾਪਤ ਕਰਨ ਬਾਰੇ ਬਾਣੀ ਵਿਚ ਇਉਂ ਆਇਆ ਹੈ :—

'[੧]ਜਬ ਦੇਖਾ ਤਬ ਗਾਵਾ ।। ਤਉ ਜਨ ਧੀਰਜੁ ਪਾਵਾ ।।
[੨]ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿ ਲੇ ਦੇਵਾ ।। ੧ ।। ਰਹਾਉ ।।
[੩]ਜਹ ਝਿਲਮਿਲ ਕਾਰ ਦਿਸੰਤਾ ।। ਤਹ ਅਨਹਦ ਸਬਦ ਬਜੰਤਾ ।।
[੪]ਜੋਤੀ ਜੋਤਿ ਸਮਾਨੀ ।। ਮੈਂ ਗੁਰਪਰਸਾਦੀ ਜਾਨੀ ।।੨।।

---

੧. ਜਦ ਵਾਹਿਗੁਰੂ ਨੂੰ ਦੇਖਦਾ ਹਾਂ, ਤਾਂ ਉਸਦੇ ਗੁਣ ਗਾਉਂਦਾ ਹਾਂ । ਜਦ ਗੁਣ ਗਾਉਂਦਾ ਹਾਂ ਤਦ ਮੈਂ ਜੋ ਦਾਸ ਹਾਂ, ਧੀਰਜ ਪਾਉਂਦਾ ਹਾਂ

੨. ਤਾਂ ਤੇ ਹੇ ਸਤਿਸੰਗੀ ਜਨੋ ! ਸ਼ਬਦ ਧੁਨੀ ਵਿਖੇ ਲਿਵ ਲਗਾਓ, ਪ੍ਰਕਾਸ਼ ਸਰੂਪ ਸਚਾ ਗੁਰੂ (ਨਿਰੰਕਾਰ) ਤੁਹਾਡੀ ਆਤਮਾ ਨੂੰ ਪਰਵਾਨ ਪਾ ਲਵੇਗਾ

੩. ਜਿਥੇ ਝਰਮਲ ਝਰਮਲ ਕਰਦਾ ਪ੍ਰਕਾਸ਼ ਦਿਸਦਾ ਹੈ, ਉਥੇ ਹੀ ਅਨਹਦ ਧੁਨੀ ਭੀ ਵਜ ਰਹੀ ਹੈ

੪. ਉਥੇ (ਅੰਦਰ-ਆਤਮੇ) ਜੋ ਪ੍ਰਕਾਸ਼ ਵਾਲੇ ਹਰੀ ਦੀ ਜੋਤ, ਚਾਨਣਾ, ਨੂਰ ਫੈਲਿਆ ਹੋਇਆ ਹੈ, ਉਸ ਵਿਚ ਸਾਡਾ ਆਤਮਾ ਜਾਂ ਜੋਤ, ਸਮਾ ਜਾਂਦੀ ਹੈ ਅਰਥਾਤ ਉਥੇ ਉਹ ਲਿਵਲੀਨ ਹੋ ਜਾਂਦੀ ਹੈ । ਮੈਂ ਗੁਰੂ ਦੀ ਕਿਰਪਾ ਨਾਲ ਇਉਂ ਅਨੁਭਵ ਕੀਤਾ ਹੈ

Sri Satguru Jagjit Singh Ji eLibrary NamdhariElibrary@gmail.com

[1]ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥
[2]ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਿਹਾ ਭਰਪੂਰਿ ॥੩॥
[3]ਜਹ ਅਨਹਤ ਸੂਰ ਉਜ੍ਯ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥
[4]ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥੪॥'

[ਸੋਰਠਿ ਬਾਣੀ ਭਗਤ ਨਾਮਦੇ ਜੀ ਕੀ–੬੫੬

ਅਤੇ

'ਅਮ੍ਰਿਤਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟ ਹੋਇ ਆਇਆ ॥
ਤਹਿ ਅਨਹਦ ਸਬਦ ਵੰਜਹਿ ਧੁਨਿ ਬਾਣੀ ਸਹਜੇ
ਸਹਜ ਸਮਾਈ ਹੇ ॥'

[ਮਾਰੂ ਸੋਲਹੇ ਮ: ੪–੧੦੬੯

ਕਿਉਂਜੋ ਗੁਰਮਤਿ ਅਨਹਦ ਸ਼ਬਦ ਦਸਵੇਂ ਦੁਆਰ ਵਿਚ ਓਦੋਂ ਵਜਦਾ ਹੈ ਜਦੋਂ ਜੀਵ-ਆਤਮਾ ਨੌਂ ਦੁਆਰਾਂ—੨ ਨਾਸਿਕਾ, ੨ ਨੇਤ੍ਰ, ੨ ਕੰਨ, ਮੁਖ, ਇੰਦ੍ਰੀ ਅਰ ਗੁਦਾ—ਨੂੰ ਵਿਕਾਰਾਂ ਤੋਂ ਰੋਕ ਲੈਂਦਾ ਹੈ ਅਤੇ ਧਾਵਤ ਮਨ ਇਸਥਿਤ ਹੋ ਜਾਂਦਾ ਹੈ,

'ਨਉ ਦਰ ਠਾਕੇ[5] ਧਾਵਤੁ ਰਹਾਏ ॥
ਦਸਵੈ ਨਿਜਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨਰਾਤੀ
ਗੁਰਮਤੀ ਸਬਦੁ ਸੁਣਾਵਣਿਆ ॥'

[ਮਾਝ ਮ: ੩–੧੨੪

---

੧. ਇਹ ਰਤਨ, ਹਿਰਦੇ-ਕਮਲ ਭਾਵ ਮਨ ਵਿਚ ਅਰਥਾਤ ਸੁਰਤਿ ਵਿਚ ਹੈ; ਇਸੇ ਕਰਕੇ ਹਿਰਦੇ ਨੂੰ ਰਤਨ-ਕੋਠੜੀ ਕਿਹਾ ਹੈ, ਉਥੇ ਹੀ ਪ੍ਰਕਾਸ਼ ਲਿਸ਼ਕਾਰੇ ਮਾਰਦਾ ਹੈ

੨. ਇਹ ਨੇੜੇ ਹੀ ਹੈ ਦੂਰ ਨਹੀਂ, ਸਾਡੀ ਆਪਣੀ ਆਤਮਾ ਵਿਖੇ ਹੀ ਪੂਰਿਆ ਹੋਇਆ ਹੈ

੩. ਜਿਥੇ ਹਰੀ ਰੂਪ ਅਮਿੱਟ ਸੂਰਜ ਦਾ ਚਾਨਣਾ ਹੈ ਉਥੇ ਹੀ ਧੂਆਂ ਨਾ ਕਰਨ ਵਾਲਾ (ਛੰਛਾਰਾ = ਛਾਰ ਤੋਂ ਸੁਥਰਾ) ਤੇ ਇਕਰਸ ਰਹਿਣ ਵਾਲਾ ਦੀਵਾ ਲਟ ਲਟ ਬਲਦਾ ਹੈ

੪. ਗੁਰੂ ਦੀ ਕਿਰਪਾ ਨਾਲ ਇਸ ਭੇਦ ਦਾ ਅਨੁਭਵ ਹੋਇਆ ਹੈ ਅਤੇ ਮੈਂ (ਨਾਮ ਦੇਵ) ਸਹਜ-ਪਦ ਵਿਖੇ ਸਮਾ ਗਿਆ ਹਾਂ

੫. ਰੋਕੇ, ਬੰਦ ਕੀਤੇ

Sri Satguru Jagjit Singh Ji eLibrary NamdhariElibrary@gmail.com

ਇਸ ਲਈ ਦਸਵਾਂ ਦੁਆਰਾ ਸਮਝਣਾ ਜ਼ਰੂਰੀ ਹੋ ਗਿਆ ਕਿ ਇਹ ਹੈ ਕਿੱਥੇ ਜਿਸ ਵਿਚ ਕਿ ਅਨਹਦ ਸ਼ਬਦ ਵਜਦਾ ਹੈ, ਅੰਮ੍ਰਿਤ ਰਸ ਚੋਂਦਾ ਹੈ, ਨਿਰੰਜਨੀ ਜੋਤ ਪ੍ਰਗਟ ਹੁੰਦੀ ਹੈ, ਭਾਵ ਜਿਥੇ ਇਹ ਸੱਚੇ ਨਿਸ਼ਾਨ ਨਿਵਾਸ ਰਖਦੇ ਹਨ। ਦਸਮ ਦੁਆਰ ਦੇ ਅਰਥ ਸਿਆਣਿਆਂ ਨੇ 'ਦਿਮਾਗ', ਸਰੀਰ ਦੇ ਦਸ ਛਿਦ੍ਰਾਂ ਵਿਚੋਂ ਦਸਵਾਂ, ਗੁਪਤ ਰੂਪ ਤਾਲੂ ਦਾ ਛਿਦ੍ਰ, ਜਿਸ ਨੂੰ 'ਦਸਮ ਦੁਆਰਾ' ਯਾ 'ਬ੍ਰਹਮਾਂਡ' ਵੀ ਕਹਿੰਦੇ ਹਨ, ਆਦਿ ਦਿਤੇ ਹਨ। ਅਸਲ ਵਿਚ ਗੁਰਮਤ ਸਰੀਰ ਨਾਲ ਸਬੰਧਤ ਇਸ ਦਸਮ ਦੁਆਰ ਤੋਂ ਉਤੇ ਇਕ ਹੋਰ ਦਸਮ ਦੁਆਰ ਦੀ ਸੋਝੀ ਵੀ ਦਿੰਦੀ ਹੈ। ਪਰਮਤਤ ਸਾਰਾ ਹੀ ਦਸਮ ਦੁਆਰ ਹੈ ਤੇ ਇਹ ਦਸਮ ਦੁਆਰ ਹਰ ਥਾਂ ਮੌਜੂਦ ਹੈ, ਨੌਂ ਦੁਆਰੇ ਤਾਂ ਨੌਂ ਇੰਦਰੇ ਹਨ, ਜਿਨ੍ਹਾਂ ਦੇ ਨਾਂ ਪਿਛੇ ਦਿੱਤੇ ਗਏ ਹਨ। ਜੋ ਇਨ੍ਹਾਂ ਨੌਆਂ ਤੋਂ ਉਤੇ ਹੈ, ਉਹ ਹੈ ਦਸਵਾਂ। ਜੋ ਪਰਮਤਤ ਇਨ੍ਹਾਂ ਨੌਂਵਾਂ ਦੁਆਰਾਂ ਰਾਹੀਂ ਵਰਤਦਾ ਹੈ, ਉਹ ਦਸਮ ਹੈ। ਜਿਸ ਦੇ ਦੁਆਰ ਤੇ ਇਹ ਨੌਂ ਹਨ, ਉਹ ਦਸਮ ਹੈ। ਜਿਸ ਵਿਚ ਨਾਭੀ, ਹਿਰਦਾ ਤੇ ਸਰੀਰ ਨਾਲ ਸਬੰਧਤ ਦਸਮ ਦੁਆਰ ਇਕ ਸੁਰ ਹੋ ਕੇ ਸਮਾਈ ਪ੍ਰਾਪਤ ਕਰਦੇ ਹਨ ਉਹ ਵਿਆਪਕ ਚੇਤਨ-ਹੋਂਦ, ਗੁਰਮਤ ਦਾ ਦਸਮ ਦੁਆਰ ਹੈ। ਇਹ ਦਸਮ ਦੁਆਰ ਹਿਰਦੇ ਵਿਚ ਵੀ ਅਨੁਭਵ ਹੋ ਸਕਦਾ ਹੈ। ਜਿਥੇ ਅਨਹਦ ਸ਼ਬਦ ਗੁਪਤ ਤੇ ਪ੍ਰਗਟ ਤੌਰ ਤੇ ਨਿਵਾਸ ਕਰਦਾ ਹੈ ਉਹ ਹੈ ਦਸਮ ਦੁਆਰ।

ਇਹ ਅਨਹਦ ਸ਼ਬਦ ਸਭ ਦਾ ਸਾਂਝਾ ਅਨਹਦ ਸ਼ਬਦ ਹੈ ਅਤੇ ਇਸ ਦੇ ਪ੍ਰਗਟ ਹੋਣ ਦੇ ਅਸਥਾਨ, ਦਸਮ ਦੁਆਰ, ਵਿਚ ਅਪੜਨਾ ਹਰ ਕੋਈ ਲੋਚਦਾ ਹੈ ਚਾਹੇ ਕੋਈ ਕਿਸੇ ਵੀ ਮਜ਼੍ਹਬ, ਜਾਤੀ ਜਾਂ ਦੇਸ਼ ਦਾ ਹੋਵੇ ਤੇ ਚਾਹੇ ਉਹ ਇਸ ਦਾ ਆਪਣੀ ਬੋਲੀ ਵਿਚ ਕੋਈ ਨਾਂ ਧਰ ਲਵੇ ਤੇ ਚਾਹੇ ਉਹ ਇਸ ਦੇ ਝਲਕਾਰਿਆਂ ਨੂੰ ਹੀ ਵੇਖ ਤੇ ਸੁਣ ਕੇ ਇਸ ਦਾ ਅਸਲ ਰੂਪ ਜਾਣ ਕੇ ਅਧਵਾਟੇ ਹੀ ਅਟਕ ਕੇ ਬੈਠ ਜਾਵੇ। 'ਤੂੰ ਹੀ ਤੂੰ' ਦਾ ਭਾਵ ਮੌਲ ਕੇ ਹੀ ਪੂਰਨ ਅਨਹਦ ਸ਼ਬਦ ਦਾ ਰੂਪ ਧਾਰਦਾ ਹੈ ਜਿਸ ਨੂੰ ਅਭਿਆਸੀ ਸੁਰਤ ਆਪੋ ਆਪਣੀ ਬੋਲੀ ਵਿਚ ਅਨੁਵਾਦ ਕਰ ਕੇ ਵਾਹਿਗੁਰੂ, ਰਾਮ, ਓਂਮ, ਸੋਹੰ ਆਦਿ ਸ਼ਬਦਾਂ ਦੀ ਨਿਰੰਤਰ ਧੁਨੀ ਵਿਚ ਸੁਣਦੀ ਹੈ।

## ੨. ਸਹਜ ਅਵਸਥਾ

ਸਹਜ ਅੱਵਸਥਾ ਆਤਮਾ ਦੇ ਟਿਕਾਓ ਵਾਲੀ ਉਹ ਹਾਲਤ ਹੈ ਜੋ ਤਿੰਨਾਂ

Sri Satguru Jagjit Singh Ji eLibrary NamdhariElibrary@gmail.com

ਗੁਣਾਂ ਤੋਂ ਉੱਚੀ ਤੇ ਅਸਲੀ ਗਿਆਨ ਵਾਲੀ ਹੁੰਦੀ ਹੈ। ਉਥੇ ਅੰਮ੍ਰਿਤ-ਨਾਮ ਪ੍ਰਗਟ ਹੋਇਆ ਹੁੰਦਾ ਹੈ ਤੇ ਅਨਹਦ ਸ਼ਬਦ ਦਾ ਪੂਰਨ ਅਨੁਭਵ ਹੁੰਦਾ ਹੈ। ਸਰਬ-ਵਿਆਪਕ ਪ੍ਰਭੂ ਨੂੰ ਹਰ ਥਾਂ ਅਨੁਭਵ ਕਰ ਲੈਣ ਕਾਰਨ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਕਿਸੇ ਵਿਸਮਾਦੀ ਸੁਖ ਵਿਚ ਲੀਨ ਹੁੰਦੀ ਹੈ :—

'[੧]ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ [੨]ਤ੍ਰੈਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ[੩] ਕਿਆ ਕਥੀਐ[੪] ਜਾ ਮੁੰਢਹੁ ਘੁਥਾ[੫] ਜਾਇ ॥
[੬]ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥'

[ਸ੍ਰੀ ਰਾਗੁ ਮ: ੩—੬੮

ਅਤੇ

'[੭]ਜਹ ਝਿਲਮਿਲ ਕਾਰੁ ਦਿਸੰਤਾ ॥ ਤਹ ਅਨਹਦ ਸਬਦ ਬਜੰਤਾ ॥
ਜੋਤੀ ਜੋਤਿ ਸਮਾਨੀ ॥ ਮੈ ਗੁਰਪਰਸਾਦੀ ਜਾਨੀ ॥੨॥
ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥
ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥੩॥
ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥
ਗੁਰਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥'

[ਸੋਰਠਿ ਬਾਣੀ ਭਗਤ ਨਾਮਦੇ ਜੀ ਕੀ—੬੫੭

---

੧. ਰਜੋ, ਤਮੋ ਅਤੇ ਸਤੋ, ਇਹ ਤਿੰਨ ਗੁਣ ਹਨ। ਮਨੁੱਖ ਆਮ ਤੌਰ ਤੇ ਇਨ੍ਹਾਂ ਤਿੰਨਾਂ ਗੁਣਾਂ ਵਾਲੀਆਂ ਹਾਲਤਾਂ ਵਿਚ ਹੁੰਦੇ ਹਨ। ਗੁੱਸੇ, ਅਹੰਕਾਰ, ਈਰਖਾ ਆਦਿ ਵਿਚ ਮਨੁੱਖ ਅਗਿਆਨੀ ਹੈ ਤੇ ਉਹ ਉਸ ਵੇਲੇ ਪੂਰਨ ਅਨ੍ਹੇਰੇ ਵਿਚ ਹੈ ਅਤੇ ਉਸ ਅੰਦਰ ਤਾਮਸ ਗੁਣ ਬਹੁਤਾ ਹੈ। ਕਈਆਂ ਵਿਚ ਖ਼ਾਹਿਸ਼ਾਂ ਦਾ ਬੜਾ ਜ਼ੋਰ ਹੈ ਤੇ ਉਹ ਸੁਖ ਲਈ ਦੌੜਦੇ ਫਿਰਦੇ ਹਨ; ਉਹ ਰਜ ਵਿਚ ਹਨ। ਇਨ੍ਹਾਂ ਦੋਹਾਂ ਤੋਂ ਉਤੇ ਸਤਜ ਹੈ, ਜਦੋਂ ਮਨੁੱਖ ਸੰਸਾਰ ਤੋਂ ਉਪਰਾਮ ਹੋ ਕੇ ਇਕ ਉੱਚੀ ਸ਼ਾਂਤੀ ਆਪਣੇ ਅੰਦਰ ਮਹਿਸੂਸ ਕਰਦਾ ਹੈ ਤੇ ਸੰਸਾਰ ਦੇ ਟੰਟਿਆਂ ਵਿਚ ਨਹੀਂ ਪੈਂਦਾ। ਇਨ੍ਹਾਂ ਤਿੰਨਾਂ ਗੁਣਾਂ ਤੋਂ ਉਤੇ 'ਸਹਜ' ਹੈ ਜਿਸ ਅੱਵਸਥਾ ਵਿਚ ਪਹੁੰਚ ਕੇ ਉਹ ਇਨ੍ਹਾਂ ਗੁਣਾਂ ਦੇ ਅਧੀਨ ਨਹੀਂ ਹੁੰਦਾ, ਸਗੋਂ ਇਨ੍ਹਾਂ ਤੇ ਕਾਬੂ ਪਾ ਲੈਂਦਾ ਹੈ ਅਤੇ ਲੋੜ ਅਨੁਸਾਰ ਆਪਣੇ ਧਰਮ, ਫ਼ਰਜ਼ ਨੂੰ ਪੂਰਾ ਕਰਨ ਲਈ ਹਰਇਕ ਗੁਣ ਦਾ ਯੋਗ ਵਰਤਾਉ ਕਰਦਾ ਹੈ।

੨. ਤਿੰਨਾਂ ਗੁਣਾਂ ਵਿਚ ਅਗਿਆਨਤਾ ਹੈ, ਭਰਮ ਹੈ, ਸਹਿਸਾ ਹੈ

੩. ਵੀਚਾਰਿਆਂ

੪. ਬਿਆਨ ਕਰੀਏ, ਲੈਕਚਰ ਦੇਈਏ

੫. ਭੁਲਾ

੬. ਤਿੰਨਾਂ ਗੁਣਾਂ ਤੋਂ ਉਤੇ ਚੌਥੀ ਅਵਸਥਾ

੭. ਵੇਖੋ ਪੰਨਾ ੮੮ ਦਾ ਫੁਟ ਨੋਟ

Sri Satguru Jagjit Singh Ji eLibrary NamdhariElibrary@gmail.com

ਅਜਿਹੀ ਅੱਵਸਥਾ ਤੋਂ ਉਰੇ ਉਰੇ ਹੀ ਸਹਜ ਸਮਝ ਕੇ ਅਟਕ ਜਾਣਾ ਇਕ ਭਰਮ ਭੁਲਾਵਾ ਹੈ। ਇਸ ਅੱਵਸਥਾ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨਹੀਂ ਵਿਆਪਦੇ। ਇਸ ਅੱਵਸਥਾ ਤੇ ਪੁਜੇ ਅਭਿਆਸੀ ਲਈ ਮਿੱਤਰ ਤੇ ਦੁਸ਼ਮਨ ਇਕ ਸਮਾਨ ਹੁੰਦੇ ਹਨ। ਜੋ ਕੁਝ ਹੋ ਰਿਹਾ ਹੈ ਉਸ ਨੂੰ ਉਹ ਭਾਣਾ ਮੰਨ ਕੇ ਪਰਵਾਨ ਕਰਦਾ ਹੈ। ਉਸ ਨੂੰ ਕੋਈ ਤੌਖਲਾ ਜਾਂ ਦੁਬਿਧਾ ਨਹੀਂ ਹੁੰਦੀ। ਉਸ ਦਾ ਖਾਣ, ਪੀਣ, ਸਉਣਾ ਤੇ ਜਾਗਣਾ ਸਭ ਸਹਿਜ ਵਿਚ ਹੋ ਜਾਂਦਾ ਹੈ ਭਾਵ ਉਸ ਅੰਦਰ ਕੋਈ ਕਾਹਲ ਨਹੀਂ ਹੁੰਦੀ। ਉਹ ਅਬਚਲ ਨਗਰ ਦਾ ਵਾਸੀ ਹੋਣ ਕਰਕੇ ਸਦਾ *'ਹੁਣ' ਵਿਚ ਰਹਿੰਦਾ ਹੈ ਅਤੇ ਆਪਣੇ ਟਿਕਾ ਤੇ ਅੰਦਾਜ਼ ਵਿਚ ਤੱਤ-ਪਰੋਤਾ, ਅਕਾਲ ਰੂਪ ਹੋ ਕੇ ਤੁਰਿਆ ਜਾਂਦਾ ਹੈ। ਇਉਂ ਉਸ ਦੀ ਦੁਬਧਾ ਮਿਟੀ ਹੁੰਦੀ ਹੈ, ਅਨੰਦ ਬਣਿਆ ਹੁੰਦਾ ਹੈ ਤੇ ਪਰਮ-ਅਨੰਦ ਵਾਹਿਗੁਰੂ ਮਿਲਿਆ ਹੁੰਦਾ ਹੈ। ਅਜਿਹੀ ਮਹਾਨ ਸੁਖ ਵਾਲੀ ਥਾਂ ਦਾ ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ। ਇਹ ਜਿਸ ਦਾ ਅਨਭਵ ਹੁੰਦਾ ਹੈ, ਉਹੀ ਜਾਣਦਾ ਹੈ, ਅਸੀਂ ਤਾਂ ਅਜਿਹੇ ਮਹਾਂ ਪੁਰਸ਼ ਦੇ ਵਾਰੇ ਵਾਰੇ ਹੀ ਜਾਂਦੇ ਹਾਂ :—

'ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ[1] ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ[2] ਤਾ ਕੈ ਹੋਇ ॥ ਜਾ ਕਉ ਦਇਆ ਮਇਆ[3] ਪ੍ਰਭ ਸੋਇ ॥ ੧ ॥ ਰਹਾਉ ॥
[4]ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ [5]ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਣਨਾ ਤੇਤਾ ਨਾਮੁ ॥ ਜੇਤਾ ਪੇਖਨੁ[6] ਤੇਤਾ ਧਿਆਨੁ ॥ ੨ ॥
ਸਹਜੇ[7] ਜਾਗਣੁ ਸਹਜੇ ਸੋਇ ॥ [8]ਸਹਜੇ ਹੋਤਾ ਜਾਇ ਸੁ ਹੋਇ ॥

---

*ਭਾਵ ਉਥੇ ਭੂਤ ਅਤੇ ਭਵਿਖ ਅਰਥਾਤ ਕਾਲ ਨਹੀਂ ਹੈ

੧. ਦੂਰ ਕਰੇ, ਤੋੜੇ। ਕਾਮ, ਕ੍ਰੋਧ ਆਦਿ ਪੰਜਾਂ ਦਾ ਸੰਗ ਛਡ ਦੇਵੇ
੨. ਪਕਿਆਈ
੩. ਕਿਰਪਾ
੪. ਸਜਣ ਤੇ ਦੁਸ਼ਮਣ
੫. ਉਹ ਜੋ ਕੁਝ ਬੋਲਦੇ ਹਨ, ਉਹ ਸਭ ਗਿਆਨ ਹੀ ਹੁੰਦਾ ਹੈ
੬. ਵੇਖਣਾ
੭. ਅਡੋਲਤਾ ਤੇ ਸ਼ਾਂਤੀ ਵਿਚ ਹੀ
੮. ਜੋ ਕੁਦਰਤੀ ਤੌਰ ਤੇ ਹੋ ਰਿਹਾ ਹੈ, ਉਸ ਨੂੰ ਉਹ ਠੀਕ ਮੰਨਦੇ ਹਨ

Sri Satguru Jagjit Singh Ji eLibrary NamdhariElibrary@gmail.com

[1]ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥੩॥
ਸਹਜੇ ਭੋਜਨ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ[2] ॥
ਸਹਜੇ ਹੋਆ ਸਾਧੂ ਸੰਗੁ ॥ ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ[3] ॥੪॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ[4] ਤਨ ਕੀ ਨਾਸੀ ॥
ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ[5] ॥੫॥
ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ [6]ਜੀਅ ਕੋ ਦਾਨੁ ॥
[7]ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥
ਸਹਜੇ [8]ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦ ਵਜਾਇਆ ॥
ਸਹਜੇ ਰੁਣਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥
ਸਹਜੇ ਜਾ ਕਉ [9]ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥
[10]ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸੁ ਤਾ ਕੈ ਕੁਰਬਾਣੈ ॥੮॥'
[ਗਉੜੀ ਮ: ੫–੨੩੬-੩੭

ਸਹਜ ਪਦ ਦੇ ਰਸਤੇ ਦੀ ਵੱਡੀ ਰੁਕਾਵਟ ਦੁਬਧਾ ਹੈ। ਜੋ ਦੁਬਧਾ ਮਾਰਨ ਵਿਚ ਸਫਲ ਹੋ ਜਾਂਦਾ ਹੈ, ਆਤਮ ਮੰਡਲ ਦੀਆਂ ਵਡਿਆਈਆਂ ਉਸੇ ਦੇ ਹੱਥ ਚੜ੍ਹਦੀਆਂ ਹਨ। ਦੁਬਧਾ, ਦੁਚਿਤੀ ਜਾਂ ਕਿਸੇ ਗੱਲ ਦਾ ਸਹਿਸਾ ਹੋਣ ਤੇ ਭੈ ਬਣੇ ਰਹਿਣ ਦਾ ਨਾਉਂ ਹੈ। ਕਦੇ ਮਾਇਆ ਵਾਲੇ ਪਾਸੇ ਆਉਣਾ ਤੇ ਕਦੇ ਸਾਈਂ ਵਾਲੇ ਪਾਸੇ ਆਉਣਾ ਇਹ ਇਕ ਵਡੀ ਦੁਚਿਤੀ ਹੈ। ਇਸ ਨਾਲ ਆਤਮਕ ਤਰੱਕੀ ਵਲ ਕਦਮ ਵਧਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ :—

---

੧. ਉਨ੍ਹਾਂ ਦਾ ਸਹਜ ਵਿਚ ਹੀ ਰੋਣਾ ਤੇ ਸਹਜ ਵਿਚ ਹੀ ਹੱਸਣਾ ਹੁੰਦਾ ਹੈ, ਭਾਵ ਜਦੋਂ ਸੰਸਾਰ ਦੇ ਰਸਾਂ ਵਲੋਂ ਉਪਰਾਮ ਹੁੰਦੇ ਹਨ, ਤਾਂ ਕੁਦਰਤੀ ਤੌਰ ਤੇ ਹੀ ਹੁੰਦੇ ਹਨ; ਕੁਦਰਤੀ ਹਦ ਨੂੰ ਟੱਪ ਕੇ ਸੰਸਾਰ ਨੂੰ ਹੀ ਨਹੀਂ ਛਡ ਦਿੰਦੇ। ਇਸੇ ਤਰ੍ਹਾਂ ਕੋਈ ਖੁਸ਼ੀ ਦੇਣ ਵਾਲੀ ਗੱਲ ਹੋਵੇ ਤਾਂ ਟਪ ਕੇ ਉਸ ਵਿਚ ਲੰਪਟ ਨਹੀਂ ਹੁੰਦੇ, ਬਲਕਿ ਸੁਭਾਵਕ ਹੀ ਖੁਸ਼ੀ ਮਾਣਦੇ ਹਨ
੨. ਦੂਰੀ, ਵਖੇਵਾਂ
੩. ਪਰਤੱਖ
੪. ਦੁਚਿਤਾ ਹੋਣ ਦੀ ਹਾਲਤ
੫. ਪਰਮ ਅਨੰਦ ਸਰੂਪ ਵਾਹਿਗੁਰੂ
੬. ਆਤਮਾ ਨੂੰ ਨਾਮ ਦਾਨ ਹਰੀ ਨੇ ਕੀਤਾ
੭. ਇਸ ਸਹਜ ਦੇ ਗਿਆਨ (ਕਥਾ) ਦਾ ਜੋ ਮਨ ਸੁਆਦ ਲੈਂਦਾ ਹੈ
੮. ਟਿਕਾਣਾ, ਮਨ ਅਡੋਲ ਹੋ ਗਿਆ
੯. ਜਿਸ ਦੇ ਕਰਮਾਂ ਵਿਚ, ਭਾਗਾਂ ਵਿਚ ਲਿਖਿਆ ਹੈ
੧੦. ਜਿਸ ਨੂੰ ਸਹਜਪਦ ਪ੍ਰਾਪਤ ਹੋਇਆ ਹੈ

Sri Satguru Jagjit Singh Ji eLibrary NamdhariElibrary@gmail.com

'ਜੋ ਇਸੁ[1] ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਹ ਮਾਰੇ ਤਿਸਹਿ ਵਡਿਆਈ ॥
ਜੋ ਇਸ ਮਾਰੇ ਤਿਸ ਕਾ ਦੁਖੁ ਜਾਈ ॥੧॥

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰ [2]ਰਾਜ ਜੋਗ ਕਮਾਵੈ ॥੧॥ਰਹਾਉ॥

ਜੋ ਇਸ ਮਾਰੇ ਤਿਸ ਕਉ ਭਉ ਨਾਹਿ ॥
ਜੋ ਇਸੁ ਮਾਰੇ ਸੋ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸੁ ਕੀ ਤ੍ਰਿਸਨਾ ਬੁਝੈ ॥
ਜੋ ਇਸੁ ਮਾਰੇ ਸੁ ਦਰਗਹ ਸਿਝੈ[3] ॥੨॥

ਜੋ ਇਸੁ ਮਾਰੇ ਸੋ ਧਨਵੰਤਾ ॥
ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥
ਜੋ ਇਸੁ ਮਾਰੇ ਤਿਸੁ ਹੋਵੈ ਗਤੀ[4] ॥੩॥

ਜੋ ਇਸੁ ਮਾਰੇ ਤਿਸਕਾ ਆਇਆ ਗਨੀ[5] ॥
ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥
ਜੋ ਇਸੁ ਮਾਰੇ ਸੁ ਅਨਦਿਨੁ[6] ਜਾਗਾ[7] ॥੪॥

ਜੋ ਇਸੁ ਮਾਰੇ ਸੁ [8]ਜੀਵਨ ਮੁਕਤਾ ॥

---

੧. ਦੁਬਿਧਾ ਨੂੰ

੨. ਰਾਜ ਕਰਦੇ ਹੋਏ ਜੋਗ ਕਰਨਾ; ਸੰਸਾਰ ਵਿਚ ਰਹਿੰਦੇ ਹੋਏ ਹਰੀ ਨਾਲ ਜੁੜੇ ਰਹਿਣਾ। ਗੁਰਮਤਿ ਵਿਚ ਇਹ ਸਭ ਤੋਂ ਉਤਮ ਮਾਰਗ ਗਿਣਿਆ ਗਿਆ ਹੈ

੩. ਕਾਮਯਾਬ ਹੁੰਦਾ ਹੈ, ਸੁਰਖਰੂ ਹੁੰਦਾ ਹੈ

੪. ਖਲਾਸੀ, ਮੁਕਤੀ

੫. ਗਿਣਤੀ ਵਿਚ ਹੈ, ਭਾਵ ਉਸ ਦਾ ਸੰਸਾਰ ਵਿਚ ਆਇਆ ਸਫਲ ਹੈ

੬. ਦਿਨ ਰਾਤ

੭. ਸੁਚੇਤ ਰਹਿੰਦਾ ਹੈ

੮. ਇਸੇ ਜੀਵਨ ਵਿਚ ਜੀਊਂਦਾ ਮੁਕਤ

Sri Satguru Jagjit Singh Ji eLibrary NamdhariElibrary@gmail.com

ਜੋ ਇਸੁ ਮਾਰੇ ਤਿਸ ਕੀ [੧]ਨਿਰਮਲੁ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ [੨]ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ [੩]ਥਾਇ ਨ ਪਰੈ ॥
ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ[੪] ਨ ਮਿਟੈ ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨ ਨ ਹੋਈ ॥
ਇਸੁ ਮਾਰੀ ਬਿਨੁ ਜੂਠਿ ਨਾ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ[੫] ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾਨਿਧਿ[੬] ॥
ਤਿਸੁ ਭਈ ਖਲਾਸੀ ਹੋਈ [੭]ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥
[ਗਉੜੀ ਮ: ੫-੨੩੭-੩੮

ਸਹਜ ਪਦ ਤੇ ਵਿਚਰ ਰਿਹਾ ਗੁਰਮੁਖ ਕਿਰਤ ਵਿਰਤ ਆਦਿ ਦੇ ਕਰਮ ਕਰਨੋਂ ਹਟ ਨਹੀਂ ਜਾਂਦਾ। ਉਹ ਇਕ ਜਗ੍ਹਾ ਆਸਣ ਜਮਾ ਕੇ ਸਦਾ ਸਮਾਧ ਇਸਥਿਤਿ ਨਹੀਂ ਰਹਿੰਦਾ, ਸਗੋਂ ਉਹ ਤਾਂ ਅਸਲ ਕਰਮ-ਯੋਗੀ ਹੈ। ਉਹ ਆਪਣੇ ਵਿਚੋਂ ਦੁਬਧਾ ਕਢ ਦਿੰਦਾ ਹੈ ਤੇ ਇਸ ਤਰ੍ਹਾਂ ਆਪਣੇ ਅੰਦਾਜ਼ ਵਿਚ ਸਹੀ ਰਾਜ-ਜੋਗ ਕਮਾਉਂਦਾ ਹੈ :—

---

੧. ਜੀਵਨ ਜੁਗਤੀ, ਰਹਿਣੀ ਬਹਿਣੀ ਪਵਿੱਤਰ ਹੁੰਦੀ ਹੈ
੨. ਅਡੋਲ ਧਿਆਨ ਵਾਲਾ
੩. ਕਬੂਲ ਨਹੀਂ ਹੁੰਦਾ ਭਾਵੇਂ ਜਪ ਤਪ ਵਰਗੇ ਕ੍ਰੋੜਾਂ ਕਰਮ ਕਰੇ
੪. ਆਵਾਗਵਨ ਦਾ, ਜਨਮ ਮਰਨ ਦਾ ਚੱਕਰ
੫. ਜਾਣ ਵਾਲਾ, ਨਾਸ ਰੂਪ
੬. ਕ੍ਰਿਪਾ ਦਾ ਖਜ਼ਾਨਾ
੭. ਪੂਰੀ ਸਫਲਤਾ

Sri Satguru Jagjit Singh Ji eLibrary NamdhariElibrary@gmail.com

'ਐਸਾ ਕੋਇ ਜਿ ਦੁਬਿਧਾ ਮਾਰ ਗਵਾਵੈ ॥
ਇਸਹਿ ਮਾਰ ਰਾਜ ਜੋਗੁ ਕਮਾਵੈ ॥'
[ਗਉੜੀ ਮ: ੫–੨੩੭

ਇਹ ਦੁਬਧਾ ਉਹ ਇਸ ਟੇਕ ਆਸਰੇ ਗਵਾਉਂਦਾ ਹੈ :—

'ਅੰਤਰਜਾਮੀ ਕਰਣੈਹਾਰਾ ਸੋਈ ਖਸਮ ਹਮਾਰਾ ॥
ਨਿਰਭਉ ਭਏ ਗੁਰਚਰਣੀ ਲਾਗੇ ਇਕ ਰਾਮਨਾਮ ਆਧਾਰਾ ॥'
[ਸੋਰਠਿ ਮ: ੫–੬੦੯

ਇਹ ਦੁਬਧਾ ਪੂਰਨ ਤੌਰ ਤੇ ਸਹਿਜ ਪਦ ਤੇ ਪਹੁੰਚਿਆਂ ਹੀ ਨਿਕਲਦੀ ਹੈ। ਸਹਿਜ ਤੋਂ ਬਿਨਾਂ ਕੋਈ ਕਰਮ ਧਰਮ ਜਾਂ ਉਪਾ ਇਸ ਨੂੰ ਦੂਰ ਕਰਨ ਵਿਚ ਸਹਾਈ ਨਹੀਂ ਹੁੰਦਾ :—

'ਕਰਮੀ[੧] ਸਹਜੁ ਨ ਊਪਜੈ ਵਿਣੁ ਸਹਜੈ ਸਹਸਾ[੨] ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ[੩] ਰਹੇ ਕਰਮ ਕਮਾਏ ॥
[ਰਾਮਕਲੀ ਮ: ੩, ਅਨੰਦ–੯੧੯

ਹੋਰ ਭਰਮਾਂ ਦਾ ਨਾਸ ਵੀ ਸਹਜ ਨਾਲ ਹੀ ਹੁੰਦਾ ਹੈ :–

'[੪]ਪੂੰਜੀ ਹਿਰਾਨੀ ਬਨਜੁ ਟੂਟ ॥
ਦਹਿਦਿਸ ਟਾਂਡੋ[੫] ਗਇਓ ਫੂਟ ॥
ਕਹਿ ਕਬੀਰ ਮਨ [੬]ਸਰਸੀ ਕਾਜ ॥
ਸਹਜਿ ਸਮਾਨੋ ਤ ਭਰਮ ਭਾਜ ॥੩॥'
[ਬਸੰਤ ਬਾਣੀ ਭਗਤ ਕਬੀਰ ਜੀ–੧੧੯੫

ਜਪ, ਤਪ, ਪਾਠ ਆਦਿ ਸਭ 'ਸਹਜ' ਦੀ ਪ੍ਰਾਪਤੀ ਲਈ ਹੀ ਤਾਂ ਹਨ :–

'ਕਿਆ ਪੜੀਐ ਕਿਆ ਗੁਨੀਐ[੭] ॥
ਕਿਆ ਬੇਦ ਪੁਰਾਨਾਂ ਸੁਨੀਐ ॥

---

੧. ਕਰਮ ਕਾਂਡ, ਜਪਾਂ ਤਪਾਂ ਦੁਆਰਾ
੨. ਸੰਸਾ, ਸ਼ਕ, ਭਰਮ
੩. ਕਿਸੇ ਹੋਰ ਢੰਗ ਨਾਲ
੪. ਸੁਆਸਾਂ ਰੂਪੀ ਪੂੰਜੀ ਨਾਸ ਹੋ ਗਈ
੫. ਕਾਫਲਾ
੬. ਕੰਮ ਸੌਰੇਗਾ
੭. ਵੀਚਾਰੀਏ

Sri Satguru Jagjit Singh Ji eLibrary NamdhariElibrary@gmail.com

ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥'
[ਸੋਰਠਿ ਬਾਣੀ ਭਗਤ ਕਬੀਰ ਜੀ–੬੫੫

ਸਹਜ ਗੁਰੂ ਦੀ ਕਿਰਪਾ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਗੁਰੂ ਦੀ ਕਿਰਪਾ ਹੋਵੇ ਤਾਂ ਉਸ ਦਾ ਹੁਕਮ ਮੰਨ ਹੁੰਦਾ ਹੈ ਤੇ ਬਖਸ਼ਿਆ ਨਾਮ ਜਪ ਹੁੰਦਾ ਹੈ। ਉਸ ਦੀ ਮਿਹਰ-ਦ੍ਰਿਸ਼ਟੀ ਦੁਆਰਾ ਜਦੋਂ ਘਾਲ ਥਾਏਂ ਪੈਂਦੀ ਹੈ ਤਾਂ ਜਪੇ ਨਾਮ ਵਿਚ ਬਰਕਤ ਪੈਂਦੀ ਹੈ ਤੇ ਇਹ ਰਸ ਵਾਲਾ ਹੁੰਦਾ ਹੈ। ਨਾਮ-ਅੰਮ੍ਰਿਤ ਪੀ ਕੇ ਇਹ ਮਨ ਸਦਾ ਲਈ ਸਹਜ ਵਿਚ ਟਿਕਦਾ ਹੈ :–

'ਜਿਹਵਾ ਹਰਿ ਰਸਿ ਰਹੀ ਅਘਾਇ ॥
ਗੁਰਮੁਖਿ ਪੀਵੈ ਸਹਜਿ ਸਮਾਇ ॥ ੧ ॥'
[ਸੂਹੀ ਮ: ੪–੭੩੩

ਅਤੇ

'ਮਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰਪਰਸਾਦੀ ਸਹਜੁ ਉਪਜੈ ਇਹੁ ਸਹਸਾ[੧] ਇਵ ਜਾਇ ॥'
[ਰਾਮਕਲੀ ਮ: ੩ ਅਨੰਦ–੯੧੯

ਗੁਰੂ ਉਸ ਨੂੰ ਇਕ ਅਜਿਹੀ ਸਹਜ ਸਮਾਧਿ ਬਖਸ਼ ਦਿੰਦਾ ਹੈ, ਜੋ ਤੁਰਦਿਆਂ, ਫਿਰਦਿਆਂ, ਬਹਿੰਦਿਆਂ, ਉਠਦਿਆਂ, ਸੌਂਦਿਆਂ, ਜਾਗਦਿਆਂ ਇਕ-ਟੱਕ, ਇਕਰਸ ਤੇ ਨਿਰੰਤਰ, ਬਿਨਾਂ ਕਿਸੇ ਯਤਨ ਤੋਂ ਹੀ ਲਗੀ ਰਹਿੰਦੀ ਹੈ :—

'ਸਭੇ ਸੁਖ ਭਏ ਪ੍ਰਭ ਤੁਠੇ[੨] ॥ ਗੁਰ ਪੂਰੇ ਕੇ ਚਰਣ ਮਨਿ ਵੁਠੇ[੩] ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥'
[ਮਾਝ ਮ: ੫–੧੦੬

ਇਹੋ ਜਿਹੇ ਸੁਖਾਂ ਵਾਲੇ ਸਹਜ ਨੂੰ ਤਾਂ ਹਰ ਕੋਈ ਲੋਚਦਾ ਹੈ ਪਰ

---

੧. ਸੰਸਾ, ਸ਼ੰਕਾ, ਭਰਮ
੨. ਮਿਹਰ ਕਰਨ ਨਾਲ
੩. ਵੱਸੇ

Sri Satguru Jagjit Singh Ji eLibrary NamdhariElibrary@gmail.com

ਸਹਜ ਮਿਲਣ ਦੀ ਆਸ ਤਾਂ ਗੁਰੂ ਦੀ ਸ਼ਰਣੀ ਲਗਿਆਂ ਹੀ ਬੱਝ ਸਕਦੀ ਹੈ। ਗੁਰੂ ਵੀ ਕਿਸੇ ਬੰਦਨ ਦਾ ਮੁਥਾਜ ਨਹੀਂ ਜੋ ਉਹ ਸਾਡੇ ਉਤੇ ਜ਼ਰੂਰ ਹੀ ਕਿਰਪਾ ਕਰੇ। ਇਹ ਗੱਲ ਉਸ ਦੀ ਮਿਹਰ-ਦ੍ਰਿਸ਼ਟੀ ਤੇ ਹੀ ਨਿਰਭਰ ਕਰਦੀ ਹੈ; ਉਸ ਨੇ ਆਪਣੀ ਮਰਜ਼ੀ ਅਨੁਸਾਰ ਹੀ ਕਿਰਪਾ ਕਰਨੀ ਹੈ :-

'ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨਾ ਜਾਇ ॥
ਪੜਿ ਪੜਿ ਪੰਡਿਤ ਜੋਤਕੀ[੧] ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ[੨] ਆਪਣੀ ਕਿਰਪਾ ਕਰੇ ਰਜਾਇ ॥੧॥'

[ਸ੍ਰੀ ਰਾਗੁ ਮ: ੩–੬੮

ਜਿਹੜਾ ਮਨ ਹਰ ਹਾਲਤ ਵਿਚ ਵਾਹਿਗੁਰੂ ਦੀ ਰਜ਼ਾ ਨੂੰ ਮੰਨਦਾ ਹੈ, ਉਹ ਸਹਜ ਦੀ ਹਾਲਤ ਪ੍ਰਾਪਤ ਕਰ ਲੈਂਦਾ ਹੈ। ਜੋ ਮਨ ਆਪਣੀ ਵੱਖਰੀ ਹਉਮੈ ਛਡ ਦਿੰਦਾ ਹੈ, ਉਸ ਵਿਚ ਜੋ ਕੁਝ ਪਿਛੇ ਰਹਿ ਜਾਂਦਾ ਹੈ, ਉਹ ਸਾਰਾ ਮਸਾਲਾ ਸਹਜ ਅੱਵਸਥਾ ਦਾ ਚਿੰਨ੍ਹ ਬਣ ਜਾਂਦਾ ਹੈ। ਅਜੇਹੇ ਜੀਵਨ ਮੁਕਤ ਬੰਦੇ ਹੀ ਉਸ ਸਹਜ ਦਾ ਅਨੁਭਵ ਪ੍ਰਾਪਤ ਕਰ ਸਕਦੇ ਹਨ :-

[੩]ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ[੪] ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ[੫] ॥
ਤੈਸਾ ਸੁਵਰਨੁ[੬] ਤੈਸੀ ਉਸੁ ਮਾਟੀ[੭] ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ[੮] ॥
ਤੈਸਾ ਮਾਨੁ ਤੈਸਾ ਅਭਿਮਾਨੁ[੯] ॥
ਤੈਸਾ ਰੰਕੁ[੧੦] ਤੈਸਾ ਰਾਜਾਨੁ[੧੧] ॥

---

੧. ਜੋਤਸ਼ੀ
੨. ਮਿਲਿਆ
੩. ਪ੍ਰਭ ਕੀ ਆਗਿਆ ਜਿਸ ਨੂੰ ਪਿਆਰੀ ਲਗਦੀ ਹੈ, ਉਹ ਅਸਲ ਵਿਚ 'ਜੀਵਨ-ਮੁਕਤਾ' ਹੈ
੪. ਖੁਸ਼ੀ; ਖੁਸ਼ੀ ਤੇ ਗ਼ਮੀ ਉਸ ਲਈ ਇਕੋ ਜਿਹੀ ਹੁੰਦੀ ਹੈ
੫. ਵਿਛੋੜੇ ਦਾ ਦੁਖ
੬. ਸੋਨਾ
੭. ਮਿੱਟੀ
੮. ਖੱਟੀ, ਕੌੜੀ ਜ਼ਹਿਰ
੯. ਅਪਮਾਨ
੧੦. ਕੰਗਾਲ
੧੧. ਰਾਜਾ

Sri Satguru Jagjit Singh Ji eLibrary NamdhariElibrary@gmail.com

ਜੋ ਵਰਤਾਏ ਸਾਈ ਜੁਗਤਿ[੧] ।।
ਨਾਨਕ ਉਹੁ ਪੁਰਖੁ ਕਹੀਐ ਜੀਵਨ ਮੁਕਤਿ ।।
[ਗਉੜੀ ਸੁਖਮਨੀ ਮ: ੫–੨੭੫

ਸਹਜ ਅਵਸਥਾ ਵਿਚ ਪੁਜੇ ਮਨੁੱਖ ਦਾ ਦਰਸ਼ਨ ਸੁਖਮਨੀ ਸਾਹਿਬ ਵਿਚ ਬ੍ਰਹਮ ਗਿਆਨੀ ਨਮਿਤ ਉਚਾਰੀ ਗਈ ਅਸ਼ਟਪਦੀ ਅੰਦਰ ਕਰਵਾਇਆ ਗਿਆ ਹੈ:–

'ਮਨਿ ਸਾਚਾ ਮੁਖਿ ਸਾਚਾ ਸੋਇ ।।
ਅਵਰੁ ਨ ਪੇਖੈ ਏਕਸੁ ਬਿਨੁ ਕੋਇ ।।
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ।।੧।।'
[ਪੰਨਾ–੨੭੨

ਜਾਂ ਫਿਰ ਨੌਵੇਂ ਪਾਤਸ਼ਾਹ ਦੀ ਬਾਣੀ ਵਿਚੋਂ, ਅਜਿਹੇ ਅਭਿਆਸੀ ਦੀ ਤਸਵੀਰ ਵੇਖੀ ਜਾ ਸਕਦੀ ਹੈ :—

'[੨]ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ।।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।।੧।।ਰਹਾਉ।।
[੩]ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹ ਅਭਿਮਾਨਾ ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।।੧।।
[੪]ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।।
[੫]ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ।।

---

੧. ਯੁਕਤੀ ਪੂਰਬਕ, ਯੋਗ, ਮੁਨਾਸਬ, ਸਹੀ; ਜੋ ਹਰੀ ਵਲੋਂ ਵਰਤਦਾ ਹੈ, ਉਹ ਉਸ ਨੂੰ ਠੀਕ ਸਮਝਦਾ ਹੈ

੨. (ਹਰੀ ਉਸ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ) ਜੋ ਦੁਖ ਵਿਚ ਘਬਰਾਂਦਾ ਨਹੀਂ, ਜਿਸ ਨੂੰ ਸੁਖਾਂ ਨਾਲ ਮੋਹ ਨਹੀਂ ਕੋਈ ਡਰ ਨਹੀਂ ਅਤੇ ਸੋਨੇ ਨੂੰ ਮਿੱਟੀ ਵਾਂਙ ਤੁੱਛ ਸਮਝਦਾ ਹੈ।

੩. ਕਿਸੇ ਦੀ ਨਿੰਦਾ ਬੁਰਾਈ ਨਹੀਂ ਕਰਦਾ, ਖੁਸ਼ਾਮਦ ਨਾਲ ਉਸਤਤ ਨਹੀਂ ਕਰਦਾ, ਜਿਸ ਨੂੰ ਲੋਭ, ਮੋਹ ਤੇ ਅਹੰਕਾਰ ਨਹੀਂ ਹਨ; ਖੁਸ਼ੀ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, ਆਦਰ ਜਾਂ ਨਿਰਾਦਰੀ ਦੀ ਪਰਵਾਹ ਨਹੀਂ ਕਰਦਾ

੪. ਇੱਛਾ ਉਮੈਦ ਸਭ ਛੱਡ ਦਿੰਦਾ ਹੈ, ਸੰਸਾਰ ਤੋਂ ਕੋਈ ਆਸ ਨਹੀਂ ਰਖਦਾ

੫. ਕਾਮ ਤੇ ਕ੍ਰੋਧ ਜਿਸ ਨੂੰ ਛੁਹ ਨਹੀਂ ਸਕਦੇ, ਉਸ ਦੇ ਮਨ ਵਿਚ ਹਰੀ ਆ ਵਸਦਾ ਹੈ

Sri Satguru Jagjit Singh Ji eLibrary NamdhariElibrary@gmail.com

ਗੁਰ ਕਿਰਪਾ ਜਿਹ ਨਰ[1] ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ [2]ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥'
[ਸੋਰਠਿ ਮ: ੯–੬੩੩

ਅਤੇ

'[3]ਹਰਖੁ ਸੋਗੁ ਜਾ ਕੈ ਨਹੀ [4]ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥'
[ਸਲੋਕ ਮ: ੯–੧੪੨੭

ਭਗਤ ਰਵਿਦਾਸ ਜੀ ਜਦੋਂ ਆਪਣੇ ਆਤਮਕ ਸੁਖ ਦਾ ਵਰਣਨ ਕਰਦੇ ਹਨ ਤਾਂ ਮਾਨੋ ਸਹਜ ਅਵਸਥਾ ਦੀ ਪੂਰੀ ਤਸਵੀਰ ਖਿੱਚ ਧਰਦੇ ਹਨ । ਉਹ ਅਜਿਹੀ ਪੁਰੀ ਹੈ ਜਿਥੇ ਕੋਈ ਗ਼ਮ ਨਹੀਂ, ਚਿੰਤਾ ਤੇ ਘਬਰਾਹਟ ਨਹੀਂ; ਟੈਕਸ ਆਦਿ ਦੇਣ ਦਾ ਫਿਕਰ, ਵਪਾਰ ਵਿਚ ਘਾਟਾ ਪੈ ਜਾਣ ਦਾ ਡਰ ਆਦਿ ਕੋਈ ਨਹੀਂ ਹੈ । ਉਥੇ ਸਭ ਇਕੋ ਜਿਹੇ ਹਨ, ਵੱਡਾ ਛੋਟਾ ਕੋਈ ਨਹੀਂ । ਉਥੇ ਪੂਰੀ ਆਜ਼ਾਦੀ ਹੈ :—

'ਬੇਗਮਪੁਰਾ[5] ਸਹਰ ਕੋ ਨਾਉ ॥
ਦੂਖੁ ਅੰਦੋਹੁ[6] ਨਹੀ ਤਿਹ ਠਾਉ ॥
ਨਾਂ ਤਸਵੀਸ[7] ਖਿਰਾਜੁ[8] ਨ ਮਾਲੁ[9] ॥

---

੧. ਮਨੁੱਖ
੨. ਉਹ ਮਨੁਖ ਪ੍ਰਿਥਵੀ ਦੇ ਮਾਲਕ ਹਰੀ ਵਿਚ ਇਸ ਤਰ੍ਹਾਂ ਸਮਾ ਜਾਂਦਾ ਹੈ (ਇਕ ਰੂਪ ਹੋ ਜਾਂਦਾ ਹੈ) ਜਿਸ ਤਰ੍ਹਾਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ
੩. ਖੁਸ਼ੀ ਤੇ ਗ਼ਮੀ
੪. ਦੁਸ਼ਮਣ ਤੇ ਦੋਸਤ ਬਰਾਬਰ ਹਨ
੫. ਉਹ ਪੁਰੀ ਜਿਥੇ ਗ਼ਮ ਨਹੀਂ, ਲੋਕਾਂ ਦੇ ਕਲਪੇ ਹੋਏ ਸਵਰਗ ਦੇ ਮੁਕਾਬਲੇ ਤੇ ਆਤਮਕ ਸੁਖ ਦੀ ਅਵਸਥਾ ਦਾ ਵਰਣਨ ਹੈ
੬. ਚਿੰਤਾ; ਉਸ ਥਾਂ ਤੇ ਗ਼ਮ ਤੇ ਚਿੰਤਾ ਨਹੀਂ ਹੈ
੭. ਘਬਰਾਹਟ, ਸੋਚ
੮. ਕਰ, ਟੈਕਸ
੯. ਨਾ ਉਥੇ ਕਿਸੇ ਕਿਸਮ ਦਾ ਮਾਲ ਲੱਦਣਾ ਜਾਂ ਵਿਹਾਜਣਾ ਪੈਂਦਾ ਹੈ । ਇਸ ਕਰਕੇ ਟੈਕਸ ਆਦਿ ਭਰਨਾ ਨਹੀਂ ਪੈਂਦਾ ਤੇ ਕੋਈ ਘਬਰਾਹਟ ਵੀ ਪੈਦਾ ਨਹੀ ਹੁੰਦੀ

Sri Satguru Jagjit Singh Ji eLibrary NamdhariElibrary@gmail.com

ਖਉਫੁ ਨ ਖਤਾ[੧] ਨ ਤਰਸੁ[੨] ਜਵਾਲੁ[੩] ॥੧॥
[੪]ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
[੫]ਕਾਇਮੁ ਦਾਇਮੁ ਸਦਾ ਪਾਤਸਾਹੀ ॥
[੬]ਦੋਮ ਨ ਸੇਮ ਏਕ ਸੋ ਆਹੀ ॥
[੭]ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ [੮]ਬਸਹਿ ਮਾਮੂਰ ॥੨॥
[੯]ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
[੧੦]ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸੁ ਖਲਾਸ[੧੧] ਚਮਾਰਾ ॥
ਜੋ ਹਮਸਹਰੀ[੧੨] ਸੁ ਮੀਤੁ ਹਮਾਰਾ ॥'

[ਗਉੜੀ ਰਵਿਦਾਸ ਜੀ—੩੪੫

---

੧. ਉਕਾਈ

੩. ਘਾਟਾ; ਮਾਲ ਆਦਿ ਦਾ ਵਪਾਰ ਨਾ ਹੋਣ ਕਰਕੇ ਉਥੇ ਕਿਸੇ ਹਾਕਮ ਦਾ ਡਰ ਨਹੀਂ ਤੇ ਨਾ ਹੀ ਕਿਸੇ ਉਕਾਈ ਦੀ ਚਿੰਤਾ ਹੈ ਅਤੇ ਘਾਟੇ ਤੋਟੇ ਦਾ ਡਰ ਤੌਖਲਾ ਵੀ ਨਹੀਂ

੫. ਸਦਾ ਅਟੱਲ, ਜੁਗੋ ਜੁਗ

੭. ਇਹ ਸ਼ਹਿਰ (ਆਬਾਦਾਨ, ਆਬਾਦੀ ਦੀ ਥਾਂ) ਸਦਾ ਪ੍ਰਸਿਧ ਹੈ, ਅਰਥਾਤ ਇਥੇ ਕਦੇ ਉਜਾੜਾ ਨਹੀਂ ਹੁੰਦਾ (ਸਤਿਜੁਗ, ਦੁਆਪਰ, ਤ੍ਰੇਤਾ ਤੇ ਕਲਿਜੁਗ ਆਦਿ ਸਭ ਸਮਿਆਂ ਵਿਚ ਹੀ ਇਸ ਦੇ ਪੰਧਾਊਆਂ ਦੇ ਵਸਨੀਕਾਂ ਵਿਚ ਸਭ ਤਰ੍ਹਾਂ ਨਾਲ ਉਘਾ ਹੈ)

੯. ਭ ਵ ਅਚਿੰਤ ਆਪਣੀ ਮਰਜ਼ੀ ਨਾਲ ਫਿਰਦੇ ਹਨ

੧੧. ਅਜ਼ਾਦ ਹੋਇਆ ਹੋਇਆ

੨. ਡਰ ਤੌਖ਼ਲਾ

੪. ਹੁਣ ਮੈਨੂੰ ਚੰਗੀ ਵਤਨ-ਗਾਹ (ਥਾਂ ਮਿਲ ਗਈ ਹੈ, ਜਿਥੇ ਸਦਾ ਹੀ ਸੁਖ ਹੈ

੬. ਉਥੇ ਦੂਆ ਤੀਆ ਦਰਜਾ ਕਿਸੇ ਦਾ ਨਹੀਂ ਹੈ, ਸਭ ਇਕੋ ਜਿਹੇ ਹਨ

੮. ਧਨੀ ਤੇ ਮਾਮੂਰ (ਰੱਜੇ ਹੋਏ) ਵਸਦੇ ਹਨ ਅਰਥਾਤ ਗਿਆਨ ਰਾਸ ਨਾਲ ਮਾਲਾ-ਮਾਲ ਲੋਕ (ਗਹਿਮਾਂ ਗਹਿਮ) ਵਸਦੇ ਹਨ

੧੦. ਮਹਿਲ ਦੇ ਵਾਕਫ਼ ਹਨ, ਇਸ ਲਈ ਉਥੇ ਜਾਣੋਂ ਕੋਈ ਉਨ੍ਹਾਂ ਨੂੰ ਰੋਕਦਾ ਨਹੀਂ

੧੨. ਇਕੋ ਸ਼ਹਿਰ ਦੇ ਵਸਣ ਵਾਲਾ, ਸਤਿਸੰਗੀ, ਜਿਹੜਾ ਕੋਈ ਵੀ ਅਸਾਡੇ ਇਸ ਨਗਰ ਦਾ ਵਾਸੀ ਹੈ, ਉਹ ਸਾਡਾ ਮਿੱਤਰ, ਦਿਲਾਂ ਦੀਆਂ ਲੈਣ ਦੇਣ ਵਾਲਾ ਹੈ

Sri Satguru Jagjit Singh Ji eLibrary NamdhariElibrary@gmail.com

ਸਹਜ ਅੱਵਸਥਾ ਕੋਈ ਉਹ ਸੁੰਨ ਅੱਵਸਥਾ ਨਹੀਂ ਜਿਸ ਦਾ ਨਿਸ਼ਾਨਾ ਆਮ ਜਤੀ ਤਪੀ ਤੇ ਸਨਿਆਸੀ ਰਖਦੇ ਹਨ। ਇਹ ਸੁੰਨ ਤੋਂ ਪਰੇ ਦੀ ਅੱਵਸਥਾ ਹੈ। ਗੁਰਮਤ ਅਨੁਸਾਰ ਵਾਹਿਗੁਰੂ ਆਪ ਕਰਤਾ ਪੁਰਖ ਹੈ ਅਤੇ ਉਹ ਰਚਨਾ ਕਰ ਕੇ ਰਚਨਾ ਵਿਚ ਆਪਣਾ ਨਿਵਾਸ ਰਖਦਾ ਹੈ। ਉਸ ਕਰਤੇ ਵਿਚ ਟਿਕਣ ਵਾਲੇ ਹੀ ਇਸ ਸਹਜ ਨੂੰ ਪਰਾਪਤ ਕਰਦੇ ਹਨ। ਗੁਰਮਤ-ਸਹਜ ਇਕ ਅਜਿਹੀ ਸੋਝੀ ਹੈ, ਅਨੁਭਵ ਹੈ, ਜਿਸ ਰਾਹੀਂ ਸੰਸਾਰ ਵਿਚ 'ਆਪੇ ਆਪ' ਦੀ ਹੋ ਰਹੀ ਖੇਡ ਨਜ਼ਰੀ ਪੈਂਦੀ ਹੈ। ਸਭ ਪਾਸੇ ਵਾਹਿਗੁਰੂ ਜੀ ਆਪੇ ਖੇਡ ਰਹੇ ਦਿਸਦੇ ਹਨ। ਸਹਜਪਦ ਤੇ ਵਿਚਰ ਰਿਹਾ ਗੁਰਮੁਖ ਆਪ ਵਾਹਿਗੁਰੂ ਹੀ ਬਣਿਆ ਹੁੰਦਾ ਹੈ। ਹੁਣ ਉਸ ਨੂੰ ਆਮ ਜੀਵਾਂ ਵਾਂਙ ਫੁਰਨੇ ਨਹੀਂ ਉਠਦੇ ਜਿਨ੍ਹਾਂ ਦੀ ਸਹਾਇਤਾ ਨਾਲ ਕਿ ਉਹ ਪ੍ਰੋਗਰਾਮ ਆਦਿ ਬਣਾਉਂਦਾ ਤੇ ਵਿਚਰਦਾ ਸੀ। ਉਹ ਅਫੁਰ ਅੱਵਸਥਾ ਵਿਚ ਹੁੰਦਾ ਹੈ ਅਤੇ ਹੁਣ ਉਸ ਨੂੰ ਨਿਰੰਕਾਰ ਦੇ ਹੁਕਮ ਲਗਦੇ ਹਨ, ਜਿਨ੍ਹਾਂ ਦੀ ਪਾਲਣਾ ਲਈ ਉਹ ਸਦਾ ਤਤਪਰ ਰਹਿੰਦਾ ਹੈ। ਉਹ ਸਦਾ ਹੁਕਮ ਦੀ ਕਾਰ ਵਿਚ ਜੁਟਿਆ ਹੁੰਦਾ ਹੈ। ਇਹ ਹੁਕਮ ਵੀ ਵਾਹਿਗੁਰੂ ਜੀ ਆਪਣੇ ਆਪ ਨੂੰ ਹੀ ਦੇ ਰਹੇ ਹੁੰਦੇ ਹਨ ਅਤੇ ਉਸ ਦੀ ਪਾਲਣਾ ਵੀ ਅਗੇ ਆਪ ਇਵੇਂ ਹੀ ਕਰਵਾ ਰਹੇ ਹੁੰਦੇ ਹਨ। ਇਹ 'ਆਪੇ ਆਪ' ਦੀ ਖੇਡ ਕੋਈ ਅਸਚਰਜ ਜਿਹੀ ਵਿਸਮਾਦੀ ਖੇਡ ਹੈ, ਜੋ ਬਿਆਨ ਤੋਂ ਬਾਹਰ ਹੈ। ਜਿਵੇਂ ਜਗਦੇ ਦੀਵੇ ਦੀ ਬੱਤੀ ਦੇ ਨਾਲ ਇਕ ਹੋਰ ਬੱਤੀ ਲਗ ਜਾਵੇ, ਇਵੇਂ ਹੀ ਮਾਨੋ ਸੁੰਨ ਅੱਵਸਥਾ ਨਾਲ ਸਹਜ ਅਵਸਥਾ ਲਗ ਜਾਂਦੀ ਹੈ। ਜਿਥੇ ਸੁੰਨ ਵਾਲੇ ਇਸ ਸੰਸਾਰ ਵਿਚ ਵਿਚਰਨੋਂ ਡਰਦੇ ਹਨ, ਉਥੇ ਇਸ ਸਹਜ ਅੱਵਸਥਾ ਸਦਕੇ ਖ਼ਾਲਸਾ ਹਰ ਵੇਲੇ ਆਉਣ ਜਾਣ ਲਈ ਤਿਆਰ ਰਹਿੰਦਾ ਹੈ। ਸੁੰਨ ਵਿਚ ਸ੍ਰਿਸ਼ਟੀ ਖਤਮ ਹੋ ਜਾਂਦੀ ਹੈ ਪਰ ਸਹਜ ਵਿਚ ਸ੍ਰਿਸ਼ਟੀ ਰਬ-ਰੂਪ ਬਣ ਕੇ ਕਾਇਮ ਰਹਿੰਦੀ ਹੈ ਅਤੇ ਉਸ ਨੂੰ ਇਸ ਵਿਚ ਆਉਣ ਜਾਣ ਦੀ ਕੋਈ ਘਬਰਾਹਟ ਨਹੀਂ। ਉਹ ਇਸ ਵਿਚ ਇਉਂ ਵਿਚਰਦਾ ਹੈ ਜਿਵੇਂ ਉਹ ਲਾੜੇ ਵਾਂਙ ਜੰਞ ਵਿਚ ਆਇਆ ਹੋਵੇ। ਉਹ ਪੂਰਨ ਖੇੜੇ ਤੇ ਵਿਸਮਾਦ ਵਿਚ ਹੁੰਦਾ ਹੈ।

ਹਾਂ ਜੀ, ਜੋ ਹਿਰਦੇ ਵਿਚ ਵਾਹਿਗੁਰੂ, ਵਾਹਿਗੁਰੂ ਸਦਾ ਕਰਦਾ ਰਹਿੰਦਾ ਹੈ, ਉਸ ਨੂੰ ਇਸ ਅੱਵਸਥਾ ਦੀ ਕੋਈ ਸੋਝੀ ਪੈ ਜਾਂਦੀ ਹੈ। ਵਾਹ ਸਹਜ, ਧੰਨ ਸਹਜ, ਅਦਭੁੱਤ ਸਹਜ, ਵਿਸਮਾਦ ਸਹਜ, ਇਹ ਕੋਈ ਪਗ-

Sri Satguru Jagjit Singh Ji eLibrary NamdhariElibrary@gmail.com

ਡੰਡੀਆਂ ਹਨ, ਜਿਨ੍ਹਾਂ ਦੇ ਵਿਚ ਮਨ ਸੈਰ ਕਰਦਾ ਰਹਿੰਦਾ ਹੈ। ਸਹਜ ਅੱਵਸਥਾ ਵਿਚ ਗਿਆ ਹੋਇਆ ਮਨੁੱਖ ਕਿਸੇ ਲੁਕਵੀਂ ਚੁੱਪ ਵਿਚ ਹੁੰਦਾ ਹੈ, ਜਿਸ ਦੀ ਛੁਹ ਕੇਵਲ ਅਨੁਭਵ ਹੀ ਹੋ ਸਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਕਾਂਡ ਚੌਥਾ

# ਹੁਕਮ ਸਿੱਖੀ ਖਾਲਸਾ

## ੧. ਹੁਕਮ

"ਹੁਕਮ ਉਹ ਮਰਜ਼ੀ ਹੈ ਜੋ ਅਕਾਲ ਪੁਰਖ ਵਿਚ ਨਿਵਾਸ ਰਖਦੀ ਹੈ, ਜੋ ਉਸ ਦੇ ਦੇਸ ਕਾਲ ਰਹਿਤ ਸਰੂਪ ਵਾਂਙੂੰ ਦੇਸ ਕਾਲ ਰਹਿਤ ਹੈ। ਸਾਡੀ ਮਰਜ਼ੀ ਜੋ ਦੇਸ ਕਾਲ ਵਾਲੇ ਹਾਂ ਦੇਸ ਕਾਲ ਵਾਲੀ ਹੈ, ਪਰ ਉਸ ਦੀ ਦੇਸ ਕਾਲ ਰਹਿਤ ਅਦੇਸ ਅਕਾਲਕ ਚੇਤਨ ਸਤਜ ਵਿਚ, ਜੋ ਓਥੋਂ ਦੀ ਆਪਣੀ ਇੱਛਾ ਹੈ, ਉਸ ਨੂੰ ਹੁਕਮ ਕਿਹਾ ਹੈ। ਇਹ ਹੁਕਮ, ਉਸ ਦੇ ਸਰੂਪ ਵਾਂਙੂੰ-ਅਕਹਿ ਆਖਿਆ ਹੈ–'ਹੁਕਮ ਨ ਕਹਿਆ ਜਾਈ।' ਇਹ ਹੁਕਮ ਪਾਰਬ੍ਰਹਮ ਦੀ ਚੇਤਨ ਸੱਤਾ ਦਾ ਉਹ ਰੰਗ ਹੈ ਜਿਸ ਤੋਂ ਜਗਤ ਦੀ ਉਤਪੱਤੀ, ਪਾਲਣਾ ਆਦਿ ਹੁੰਦੀ ਹੈ,'ਹੁਕਮੀ ਹੋਵਨਿ ਆਕਾਰ।' ਇਹ ਹੁਕਮ ਉਸ ਦੀ ਇੱਛਾ, ਕਨੂੰਨ, ਸ਼ਬਦ-ਕਈ ਪਦਾਂ ਨਾਲ ਟੀਕਾ ਹੋ ਸਕਦਾ ਹੈ ਪਰ ਇਹ ਜੋ ਕੁਛ ਹੈ, ਸਾਡੇ ਦੇਸ ਕਾਲ ਵਾਲੀ ਇੱਛਾ, ਕਨੂੰਨ, ਸ਼ਬਦ, ਹੁਕਮ ਨਾਲ ਸਦਰਸਤਾ ਨਹੀਂ ਰਖਦਾ।"*

ਜਿਥੇ ਗੁਰਬਾਣੀ ਵਿਚ ਇਹ ਕਿਹਾ ਹੈ :–

* ਸ੍ਰੀ ਗੁਰ ਗ੍ਰੰਥ ਕੋਸ਼-ਪ੍ਰਕਾਸ਼ਕ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

'ਕੀਤਾ ਪਸਾਉ ਏਕੋ [1]ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥'

[ਜਪੁਜੀ ਸਾਹਿਬ

ਜਾਂ

'ਕਲਾ ਉਪਾਇ ਧਰੀ ਜਿਨਿ ਧਰਣਾ[2] ॥
[3]ਗਗਨੁ ਰਹਾਇਆ ਹੁਕਮੇ ਚਰਣਾ ॥'

[ਮਾਰੂ ਸੋਲਹੇ ਮ: ੫–੧੦੭੧

ਉਥੇ ਇਉਂ ਵੀ ਲਿਖਿਆ ਹੈ :–

'ਏਕੋ ਸਬਦੁ[4] ਏਕੋ ਪ੍ਰਭ ਵਰਤੈ ॥
ਸਭ ਏਕਸੁ ਤੇ ਉਤਪਤਿ[5] ਚਲੈ ॥'

[ਪ੍ਰਭਾਤੀ ਮ: ੩–੧੩੩੪

ਅਤੇ

'ਨਾਮ ਕੇ ਧਾਰੇ[6] ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥'

[ਗਉੜੀ ਸੁਖਮਨੀ ਮ: ੫–੨੮੪

ਤੇ

'ਨਾਮੇ ਹੀ ਤੇ ਸਭੁ ਕਿਛੁ ਹੋਆ.........'

... ... ... ... ... ... ... ... ... ...

[ਸੂਹੀ ਮ: ੩–੭੫੩

ਇਸ ਤਰ੍ਹਾਂ ਵਾਸਤਵ ਵਿਚ ਹੁਕਮ, ਸ਼ਬਦ ਤੇ ਨਾਮ ਤਿੰਨੋ ਇਕ ਹੀ ਅਰਥ-ਭਾਵ ਰਖਦੇ ਹਨ। ਨਿਰੰਕਾਰ ਵਿਚੋਂ ਜੋ ਇਕ ਤੋਂ ਅਨੇਕ ਹੋਣ ਦੀ ਇੱਛਾ ਉੱਠੀ

---

੧. ਹੁਕਮ, ਬਚਨ; ਕਰਤਾਰ ਨੇ ਇਕੋ ਬੋਲ ਜਾਂ ਹੁਕਮ ਨਾਲ ਸਾਰਾ ਸੰਸਾਰ ਬਣਾ ਦਿਤਾ। ਉਸੇ ਹੁਕਮ ਨਾਲ ਹੀ ਰਚਨਾ ਦੀਆਂ ਲੱਖਾਂ ਨਦੀਆਂ ਵਗ ਤੁਰੀਆਂ।

੨. ਧਰਤੀ; ਜਿਸ ਨੇ ਸ਼ਕਤੀ ਪੈਦਾ ਕਰ ਕੇ ਧਰਤੀ ਕਾਇਮ ਕੀਤੀ ਹੈ

੩. ਅਕਾਸ਼ ਨੂੰ ਹੁਕਮ-ਰੂਪ ਚਰਨਾਂ ਤੇ ਟਿਕਾ ਰਖਿਆ ਹੈ

੪. ਸ਼ਬਦ-ਬ੍ਰਹਮ; ਹੁਕਮ

੫. ਉਤਪਤੀ, ਪੈਦਾਇਸ਼

੬. ਆਸਰੇ

Sri Satguru Jagjit Singh Ji eLibrary NamdhariElibrary@gmail.com

ਉਹ ਸੀ ਹੁਕਮ ਜਾਂ ਸ਼ਬਦ ਜਿਸ ਨੇ ਨਿਰੰਕਾਰ ਜੀ ਦਾ ਇਕ ਰੂਪ ਏਕੰਕਾਰ (੧) ਜਾਂ ਸ਼ਬਦ-ਬ੍ਰਹਮ ਦਾ ਤਤਕਾਲ ਬਣਾ ਦਿਤਾ ਤੇ ਜੋ ਏਕੇ ਦੀ ਹੋਂਦ, ਜਾਂ ਨਾਮ-ਰੂਪ ਹੋ ਕੇ ਸਾਰੇ ਇਕਸਾਰ ਪਸਰਿਆ (ੴ) ਤੇ ਜਿਸਨੇ ਰਚਨਾ ਦੀ ਉਤਪਤੀ, ਦੇਖਭਾਲ ਤੇ ਵਿਨਾਸ਼ ਸੰਭਾਲੀ। ਹੁਣ ਰਚਨਾ ਦੇ ਇਨ੍ਹਾਂ ਤਿੰਨਾਂ ਪੱਖਾਂ ਸਬੰਧੀ ਜੋ ਪ੍ਰਭੂ-ਹੁਕਮ ਗੁਪਤ ਜਾਂ ਪ੍ਰਗਟ ਹੁੰਦਾ ਹੈ ਉਹ ਇਸ ਜੋਤਿ-ਰੂਪ-ਨਾਮ ੧ੴ ਵਿਚੋਂ ਹੀ ਲਗਦਾ ਹੈ ਜਿਸ ਦੀ ਪਾਲਣਾ ਹੋਣੀ ਸੁਤੇ ਤੇ ਲਾਜ਼ਮੀ ਹੈ। ਜੋ ਨਿਰੰਕਾਰ ਜੀ ਵਿਚ ਪਹਿਲਾ ਹੁਕਮ ਇਕ ਤੋਂ ਅਨੇਕ ਹੋਣ ਦਾ ਹੋਇਆ ਤੇ ਫਿਰ ਜੋ ਹੁਕਮ ਹੁਣ ਪ੍ਰਭੂ-ਜੋਤਿ, ਨਾਮ, ਵਿਚੋਂ ਲਗਦੇ ਹਨ ਉਹ ਭਿੰਨ ਭਿੰਨ ਨਹੀਂ ਇਕੋ ਪਹਿਲੇ ਦਾ ਹੀ ਰੂਪ ਹਨ। ਇਹ ਹੁਕਮ ਸਭ ਜੀਵਾਂ ਵਿਚ ਵਜਦਾ ਹੈ ਜਿਸ ਅਨੁਸਾਰ ਉਹ ਜਾਣੇ ਜਾਂ ਅਣਜਾਣੇ ਚਲ ਰਹੇ ਹਨ, ਪਰ ਜੀਵਾਂ ਦੀ ਸਾਧਾਰਨ ਦੇਸ ਕਾਲ ਵਾਲੀ ਬੁਧੀ ਇਸ ਹੁਕਮ ਨੂੰ ਸਮਝ ਨਹੀਂ ਸਕਦੀ। ਇਸ ਹੁਕਮ ਨੂੰ ਪਛਾਣਨ ਲਈ ਸਾਨੂੰ ਨਾਮ ਜਾਂ ਸ਼ਬਦ-ਬ੍ਰਹਮ ਨੂੰ ਪਛਾਣਨਾ ਹੋਵੇਗਾ; ਉਸ ਦਾ ਰੂਪ ਬਣਨਾ ਪਵੇਗਾ ਕਿਉਂਜੋ ਇਹ ਹੁਕਮ ਉਪਜਦਾ ਹੀ ਸ਼ਬਦ ਬ੍ਰਹਮ ਵਿਚੋਂ ਹੈ। ਤਦੇ ਫੁਰਮਾਇਆ ਹੈ :-

'ਹੁਕਮੁ ਬੂਝੈ ਸੋਈ ਪਰਵਾਨੁ ॥
ਸਾਚੁ ਸਬਦੁ ਜਾ ਕਾ ਨੀਸਾਨੁ ॥'

[ਆਸਾ ਮ: ੫-੩੮੬

ਪ੍ਰਭੂ ਨਾਮ ਤੋਂ, ਨਾਮ-ਰੂਪੀ ਹੁਕਮ ਦੁਆਰਾ ਜੋ ਕੁਝ ਵੀ ਵਜੂਦ ਵਿਚ ਆਉਂਦਾ ਹੈ ਉਹ ਸੋਨੇ ਤੇ ਸੋਨੇ ਦੇ ਗਹਿਣਿਆਂ ਵਾਂਗ ਸਭ ਨਾਮ-ਰੂਪ ਹੀ ਹੁੰਦਾ ਹੈ ਅਰਥਾਤ ਸਾਰੀ ਰਚਨਾ ਨਾਮ ਦਾ ਰੂਪ ਹੀ ਹੈ। ਗੁਰਬਾਣੀ ਇਸ ਗੱਲ ਦੀ ਪੁਸ਼ਟੀ ਇਸ ਤਰ੍ਹਾਂ ਕਰਦੀ ਹੈ :-

'ਜੇਤਾ ਕੀਤਾ ਤੇਤਾ ਨਾਉ ॥'

[ਜਪੁਜੀ

Sri Satguru Jagjit Singh Ji eLibrary NamdhariElibrary@gmail.com

ਅਤੇ

'ਤੂੰ ਪੇਡੁ ਸਾਖ ਤੇਰੀ ਫੂਲੀ ॥
ਤੂੰ ਸੂਖਮ ਹੋਆ ਅਸਥੂਲੀ ॥
[ਮਾਝ ਮ: ੫–੧੦੨

ਅਤੇ

'ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰ ਹਰੀ ॥'
[ਰਾਮਕਲੀ ਮ: ੧–੮੭੬

ਇਸ ਤਰ੍ਹਾਂ ਹੁਕਮ, ਪ੍ਰਭੂ-ਰਜ਼ਾ, ਦਿਸਦੀ ਤੇ ਅਣਦਿਸਦੀ ਸਭ ਰਚਨਾ ਨੂੰ ਨਾਮ, ਪ੍ਰਭੂ-ਹੋਂਦ ਰੂਪ ਕਰਕੇ ਜਾਣਨਾ ਤੇ ਇਸ ਦਾ ਸਦਾ ਚਿੰਤਨ ਕਰਦੇ ਰਹਿਣਾ ਹੈ। ਤਦੇ ਫੁਰਮਾਇਆ ਹੈ :—

'ਏਕੋ ਨਾਮੁ ਹੁਕਮੁ ਹੈ ਸਤਿਗੁਰ ਦੀਆ ਬੁਝਾਇ ਜੀਉ ॥'
[ਸਿਰੀ ਰਾਗੁ ਮ: ੧–੭੨

ਜਦੋਂ ਮਨੁੱਖੀ ਮਨ ਵਿਚ 'ਏਕੋ ਨਾਮ' ਪ੍ਰਗਟ ਹੋ ਜਾਂਦਾ ਹੈ, ਓਦੋਂ ਹੀ ਪਤਾ ਲਗਦਾ ਹੈ ਕਿ ਇਹ ਹੁਕਮ ਕੀ ਹੈ ?

ਨਾਮ ਵਾਂਗ ਹੁਕਮ ਵੀ 'ਇਕ' ਅਖੰਡ ਇਕਾਈ ਹੈ। ਜਦ ਵਾਹਿਗੁਰੂ ਜੀ ਇਕ ਹਨ ਤਾਂ ਉਨ੍ਹਾਂ ਦਾ ਹੁਕਮ ਵੀ ਇਕ ਹੀ ਹੈ, ਦੋ ਨਹੀਂ ਹੋ ਸਕਦੇ। ਇਹ ਅਕਾਲਪੁਰਖ ਜੀ ਵਿਚ ਨਿਵਾਸ ਰਖਣ ਵਾਲਾ ਹੁਕਮ ਅਕਾਲ ਰੂਪ ਹੈ ; ਉਸ ਵਿਚ ਦ੍ਵੈਤ ਕਿੱਥੇ ?

'ਕੀਤਾ ਪਸਾਉ 'ਏਕੋ' ਕਵਾਉ ॥'

ਸੋ ਜੋ ਨਾਮ ਹੈ, ਉਹੀ ਹੁਕਮ ਹੈ ਅਰਥਾਤ 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ' ਹੀ ਹੁਕਮ ਹੈ ਅਤੇ ਨਾਮ ਵੀ। ਜਿਸ ਨੂੰ ਇਹ ਸੋਝੀ ਮਿਲ ਗਈ ਕਿ ਹੁਕਮ 'ਏਕੋ ਨਾਮ' ਹੈ, ਸਭ ਨਾਮ ਹੈ ਉਹ ਸੁਖੀ ਹੋ ਗਿਆ :—

'ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥
ਗੁਰ ਮਿਲਿ ਹੁਕਮ ਪਛਾਣਿਆ ਤਬ ਹੀ ਤੇ ਸੁਖੀਆ ॥'
[ਆਸਾ ਮ: ੫–੪੦੦

Sri Satguru Jagjit Singh Ji eLibrary NamdhariElibrary@gmail.com

ਇਹ ਤਾਂ ਸਿਆਣੇ ਬੱਚੇ ਦੀ ਹੁਕਮ ਦੀ ਸੋਝੀ ਹੈ। ਇਕ ਅਵਾਣੇ ਬੱਚੇ ਦੀ ਵੀ ਹੁਕਮ ਦੀ ਸੋਝੀ ਹੁੰਦੀ ਹੈ ਜੋ ਇਸ ਦਾ ਛੁਟੇਰਾ ਰੂਪ ਹੈ। ਭਗਤ ਜਨ ਇਹ ਸਮਝਦਾ ਹੈ ਕਿ ਜੋ ਕੁਝ ਵੀ ਇਸ ਸੰਸਾਰ ਵਿਚ ਹੋ ਰਿਹਾ ਹੈ, ਹੁਕਮ ਅੰਦਰ ਹੋ ਰਿਹਾ ਹੈ, ਸਭ ਇਕੋ ਅਕਾਲਪੁਰਖ ਦਾ ਹੁਕਮ ਵਰਤ ਰਿਹਾ ਹੈ। ਦੁਖ ਸੁਖ ਹਰਖ ਸੋਗ, ਜੰਮਣ, ਮਰਨ, ਖੰਡ ਬ੍ਰਹਿਮੰਡ ਸਭ ਉਸ ਦੇ ਹੁਕਮ ਅਨੁਸਾਰ ਹੀ ਵਰਤ ਰਹੇ ਹਨ। ਯਥਾ—'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।' ਇਉਂ ਉਹ ਪ੍ਰਭੂ ਰਜ਼ਾ ਵਿਚ ਪ੍ਰਸੰਨ ਰਹਿੰਦਾ ਹੈ ਤੇ ਭਟਕਦਾ ਨਹੀਂ, ਪਰ ਇਸ ਤੋਂ ਉਹ ਇਹ ਛੋਟ ਵੀ ਨਹੀਂ ਲੈਂਦਾ ਕਿ ਭੈੜੇ ਕਰਮ ਵੀ ਪ੍ਰਭੂ ਕਰਵਾਉਂਦਾ ਹੈ ਤੇ ਬੇਸ਼ਕ ਕੀਤੇ ਜਾਣ ਸਗੋਂ ਉਹ ਪ੍ਰਭੂ ਨੂੰ ਗੁਣਾਂ ਦਾ ਰੂਪ ਹੀ ਸਮਝਦਾ ਹੈ ਤੇ ਉਸ ਦਾ ਰੂਪ ਬਣਨ ਲਈ ਤੇ ਉਸ ਨਾਲ ਮਿਲਣ ਲਈ ਗੁਣ ਗ੍ਰਹਿਣ ਕਰਦਾ ਹੀ ਤੁਰਿਆ ਜਾਂਦਾ ਹੈ ਕਿਉਂਜੋ ਗੁਣੀ ਤੇ ਗੁਣੀ ਦੇ ਗੁਣਾਂ ਨੂੰ ਯਾਦ ਰਖਣ ਨਾਲ ਗੁਣੀ ਤੇ ਗੁਣੀ ਦੇ ਗੁਣ ਦੋਵੇਂ ਹੀ ਸਾਡੇ ਅੰਦਰ ਆ ਜਾਂਦੇ ਹਨ ਇਸ ਲਈ ਸਾਡਾ ਜੀਵਨ-ਮਨੋਰਥ ਪ੍ਰਭੂ ਦੇ ਗੁਣ ਗਾਉਂਦੇ ਰਹਿਣਾ ਹੀ ਹੈ। ਤਦੇ ਉਪਦੇਸ਼ ਹੈ ਕਿ ਜੀਵ ਇਸ ਜਨਮ ਵਿਚ ਕੇਵਲ ਨਾਮ ਜਪਣ ਲਈ ਹੀ ਆਇਆ ਹੈ, ਜਿਸ ਨੂੰ ਗੁਰਮਤਿ ਦੁਆਰਾ ਅਰਥਾਤ ਮਨ ਕਰਕੇ, ਬਚਨਾਂ ਦੁਆਰਾ ਅਤੇ ਕਰਮਾਂ ਰਾਹੀਂ ਜਪ ਕੇ ਉਸ ਨੇ ਵਾਹਿਗੁਰੂ ਜੀ ਨਾਲ ਮਿਲਣਾ ਹੈ ਯਥਾ— 'ਸਿਮਰਿ ਗੋਵਿੰਦ ਮਨਿ ਤਨਿ ਧੁਰਿ ਲਿਖਿਆ', ਅਤੇ ਇਹੋ ਹੁਕਮੀ ਦੀ ਰਜ਼ਾ ਵਿਚ ਚਲਣਾ ਹੈ :—

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ ॥'

ਇਹ ਸੋਝੀ ਇਉਂ ਹੈ ਜਿਵੇਂ ਇਕ ਬੱਚਾ ਬਾਲਪਣ ਵਿਚ ਆਪਣੇ ਮਾਤਾ ਪਿਤਾ ਦੇ ਹੁਕਮਾਂ ਨੂੰ ਮੰਨਦਾ ਹੈ ਤੇ ਸਮਝਦਾ ਹੈ ਕਿ ਸਭ ਕੁਝ ਮਾਤਾ ਪਿਤਾ ਦਾ ਕੀਤਾ ਹੀ ਹੁੰਦਾ ਹੈ ਅਤੇ ਉਸ ਨੇ ਉਨ੍ਹਾਂ ਦਾ ਕਹਿਆ ਮੰਨਣਾ ਹੈ ਪਰ ਜਦ ਉਹ ਵਡਾ ਹੋ ਜਾਂਦਾ ਹੈ ਤਦ ਉਹ ਆਪਣੇ ਮਾਤਾ ਪਿਤਾ ਵਲੋਂ ਮਿਲੇ ਹੁਕਮਾਂ ਨੂੰ ਕੁਝ ਕੁਝ ਸਮਝਣ ਵੀ ਲਗ ਜਾਂਦਾ ਹੈ ਕਿ ਉਨ੍ਹਾਂ ਦੇ ਹੁਕਮਾਂ ਪਿਛੇ ਉਨ੍ਹਾਂ ਦੀ ਕੀ ਮਰਜ਼ੀ ਜਾਂ ਭਾਵ ਹੈ ਅਤੇ ਉਨ੍ਹਾਂ ਹੁਕਮਾਂ ਨੂੰ ਨਾਲੋ ਨਾਲ ਪਹਿਲੇ ਵਾਂਙ ਮੰਨੀ ਵੀ ਜਾਂਦਾ ਹੈ। ਵਾਹਿਗੁਰੂ ਜੀ ਦੇ ਹੁਕਮ ਦੀ ਮਹਿਮਾ ਤਾਂ ਕਹੀ ਨਹੀਂ ਜਾਂਦੀ; ਅਗੰਮ, ਅਗੋਚਰ ਵਾਹਿਗੁਰੂ ਜੀ ਦਾ ਹੁਕਮ ਵੀ ਅਗਾਧ-ਬੋਧ ਹੀ ਹੈ ਯਥਾ—'ਹੁਕਮ

Sri Satguru Jagjit Singh Ji eLibrary NamdhariElibrary@gmail.com

ਨਾ ਕਹਿਆ ਜਾਈ' ਪਰ ਸਤਿਗੁਰੂ ਜੀ ਦੁਆਰਾ ਮਿਲੇ ਸ਼ਬਦ ਰਾਹੀਂ ਨਾਮ ਜਪਦੇ ਜਪਦੇ ਅਤੇ ਉਸ ਦੇ ਹੁਕਮਾਂ ਨੂੰ ਮੰਨਦੇ ਮੰਨਦੇ ਉਸ ਦੀ ਇਸ ਰਜ਼ਾ ਦਾ ਅਨੁਭਵ ਜ਼ਰੂਰ ਹੋ ਜਾਂਦਾ ਹੈ ਕਿ ਸਾਰੇ 'ਏਕੋ ਨਾਮੁ' ਹੈ ਤੇ ਉਸਨੂੰ ਹਰ ਸਮੇਂ ਅਨੁਭਵ ਕਰਦੇ ਰਹਿਣਾ, ਹੁਕਮ ਹੈ ।

ਅਨੇਕਤਾ ਵਿਚ ਗੁਰਮੁਖ ਆਤਮਾਵਾਂ ਅੰਦਰ ਜੋ ਹੁਕਮ ਲਗਦੇ ਹਨ, ਉਨ੍ਹਾਂ ਹੁਕਮਾਂ ਅੰਦਰ ਹੁਕਮ ਇਕੋ ਹੀ ਹੁੰਦਾ ਹੈ ਜੋ ਸਾਰੇ ਨਾਮ ਪਛਾਣਨ ਦਾ ਹੈ ਅਤੇ ਉਨ੍ਹਾਂ ਦੀ ਪਾਲਣਾ ਕਰਨਾ ਆਪਣੇ ਹਿਰਦੇ ਵਿਚ ਨਾਮ ਦਾ ਨਿਵਾਸ ਕਰਾਉਂਦਾ ਹੈ । ਜਿਵੇਂ ਵੱਖ ਵੱਖ ਘੜਿਆਂ ਵਿਚ ਦਿਸਦਾ ਆਕਾਸ਼ ਇਕੋ ਹੁੰਦਾ ਹੈ ਜਾਂ ਵੱਖ ਵੱਖ ਸੋਨੇ ਦੇ ਗਹਿਣਿਆਂ ਵਿਚ ਸੋਨਾ ਇਕੋ ਹੁੰਦਾ ਹੈ, ਇਵੇਂ ਹੀ ਇਹ ਸਮਝੋ । ਜੇ ਕੋਈ ਆਪਣੀ ਆਤਮਾ ਵਿਚ ਲਗੇ ਹੁਕਮ ਜਾਂ ਆਵਾਜ਼ ਦੇ ਉਲਟ ਜਾਵੇ ਤਾਂ ਉਹ ਦ੍ਵੈਤ ਵਿਚ ਆ ਜਾਏਗਾ ਅਤੇ 'ਏਕੇ' ਦਾ ਅਨੁਭਵ ਗਵਾ ਬੈਠੇਗਾ । ਗੁਰੂ ਅਰਜਨ ਦੇਵ ਜੀ ਦਾ ਤੱਤੀ ਤਵੀ ਤੇ ਬੈਠਣਾ, ਸੀਸ ਵਿਚ ਤੱਤੀ ਰੇਤ ਦੇ ਕੜਛੇ ਪਵਾਉਣੇ, ਉਬਲਦੀਆਂ ਦੇਗਾਂ ਵਿਚ ਉਬਲਣਾ, ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਬਣਵਾਉਣਾ ਇਤਿ ਆਦਿ, ਇਹ ਸਭੋ ਕੁਝ 'ਏਕੇ' ਦੇ ਦਰਸ਼ਨ ਕਰਨ ਤੇ ਰੂਪ ਬਣੇ ਰਹਿਣ ਲਈ ਹੀ ਸੀ । ਵਾਹਿਗੁਰੂ ਜੀ ਵਲੋਂ ਲਗੇ ਹੁਕਮ ਅਨੁਸਾਰ ਚਲਣਾ ਇਹ ਏਕੇ ਦੇ ਦਰਸ਼ਨ ਅਤੇ ਇਨ੍ਹਾਂ ਹੁਕਮਾਂ ਅਨੁਸਾਰ ਜੀਵਨ ਢਾਲ ਲੈਣਾ ਏਕੇ ਵਿਚ ਸਮਾਉਣਾ ਹੈ ।

ਵਾਹਿਗੁਰੂ ਜੀ ਦਾ ਇਹ ਹੁਕਮ ਇਕ ਤਾਰ ਜਿਹੀ ਹੈ ਜੋ ਅਰੂਪ-ਰੂਪ ਹੈ ਅਤੇ ਜਿਸ ਦਾ ਆਦਿ ਵੀ ਪਤਾ ਨਹੀਂ ਕਿੱਥੋਂ ਹੁੰਦਾ ਹੈ । ਪਰ ਇੰਨਾਂ ਜ਼ਰੂਰ ਪਤਾ ਲਗਦਾ ਹੈ ਕਿ ਇਹ ਕਿਸੇ ਅਥਾਹ ਸ਼ਕਤੀ ਵਿਚੋਂ ਆਈ ਹੈ ਜਿਸ ਦੀ ਹੋਂਦ ਦੀ ਸੋਝੀ ਹੁਕਮ ਦੀ ਇਹ ਤਾਰ ਕਰਵਾਉਂਦੀ ਹੈ । ਜੀਵਨ ਸਦਾ ਤੋਂ ਅਧੂਰਾ ਹੈ । ਜਦੋਂ ਇਹ ਹੁਕਮ ਲਗਦਾ ਹੈ ਓਦੋਂ ਮਨ ਇਵੇਂ ਹਰਿਆ ਹੋ ਜਾਂਦਾ ਹੈ ਜਿਵੇਂ ਸੁੱਕੀ ਖੇਤੀ ਪਾਣੀ ਨਾਲ ਹਰੀ ਹੋ ਜਾਂਦੀ ਹੈ ਮਾਨੋ ਜਨਮ ਜਨਮ ਦੀ ਮੈਲ ਕਟੀ ਜਾਂਦੀ ਹੈ, ਭਾਵੇਂ ਪਤਾ ਨਹੀਂ ਕਿੰਨੀ ਕੁ ।

ਇਸ ਸ਼ਬਦ-ਹੁਕਮ ਦੀ ਸਹੀ ਸੋਝੀ ਵੀ ਓਦੋਂ ਪੈਂਦੀ ਹੈ ਜਦੋਂ ਮਨ

Sri Satguru Jagjit Singh Ji eLibrary NamdhariElibrary@gmail.com

ਗੁਰੂ ਦੁਆਰਾ ਪੂਰੀ ਤਰ੍ਹਾਂ ਨਿਰਮਲ ਹੋ ਕੇ ਲਿਸ਼ਕ ਜਾਂਦਾ ਹੈ। ਸਤਿਗੁਰ ਜੀ ਦੀ ਬਾਣੀ ਇਸੇ ਹੁਕਮ ਦਾ ਅਸਲ ਸਰੂਪ ਹੈ ਕਿਉਂਜੋ ਇਹ ਪੂਰੇ ਨਿਰਮਲ ਮਨ ਅੰਦਰ ਉਪਜੀ ਹੈ। ਇਸੇ ਲਈ ਜਿਥੇ ਕੋਈ ਨਿਜੀ ਲਗੇ ਹੁਕਮ ਗੁਰਬਾਣੀ ਦੇ ਉਲਟ ਜਾਂਦੇ ਹੋਣ ਉਹ ਸਹੀ ਨਹੀਂ ਮੰਨਣੇ ਚਾਹੀਦੇ ਕਿਉਂਜੋ ਸਾਡੇ ਮਨ ਪੂਰੀ ਤਰ੍ਹਾਂ ਮਾਇਆ ਤੋਂ ਨਿਰਮਲ ਨਹੀਂ ਹੁੰਦੇ। ਪਰ ਸਤਿਗੁਰੂ ਜੀ ਵਿਚ ਵਾਹਿਗੁਰੂ ਜੀ ਆਪ ਹੀ ਬੋਲ ਰਹੇ ਹੁੰਦੇ ਹਨ :—

'ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥'
[ਪਉੜੀ, ਆਸਾ ਕੀ ਵਾਰ ਮ: ੧–੪੬੬

ਅਤੇ

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥
[ਮ: ੪, ਵਾਰ ਗਉੜੀ–੩੦੮

ਵਾਹਿਗੁਰੂ ਜੀ ਦੇ ਆਪਣੇ ਬਚਨ ਹੋਣ ਕਰਕੇ ਹੀ ਗੁਰਬਾਣੀ ਪ੍ਰਭੂ-ਹੋਂਦ ਨੂੰ ਦ੍ਰਿੜ ਕਰਵਾਉਂਦੀ ਹੈ ਤੇ ਇਸ ਨੂੰ ਪੜ੍ਹਨ ਤੇ ਗਾਉਣ ਦਾ ਹੁਕਮ ਹੈ :—

'ਹੁਕਮ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ'
[ਰਾਮਕਲੀ ਮ: ੩, ਅਨੰਦ–੯੧੮

ਇਸ ਨੂੰ ਪ੍ਰੇਮ ਨਾਲ ਗਾਇਣ ਕਰਨਾ, ਵਾਹਿਗੁਰੂ ਜੀ ਦੀ ਹੋਂਦ ਦਾ ਮੰਨਣਾ ਹੈ ਤੇ ਇਸ ਦੇ ਭਾਵ ਨੂੰ ਮਹਿਸੂਸ ਕਰਨਾ ਇਸ ਦਾ ਸਹੀ ਗਾਉਣਾ ਹੈ। ਇਸ ਤਰ੍ਹਾਂ ਇਹ ਗਾਵਣਹਾਰੇ ਨੂੰ ਆਪਣਾ ਰੂਪ ਬਣਾ ਕੇ ਆਪਣੇ ਅਸਲ ਰੂਪ, ਜੋਤਿ-ਸਰੂਪ ਵਿਚ ਸਮਾ ਲੈਂਦੀ ਹੈ :—

'ਇਹ ਬਾਣੀ ਮਹਾਪੁਰਖ ਕੀ ਨਿਜ ਘਰਿ ਵਾਸਾ ਹੋਇ ॥'
[ਰਾਮਕਲੀ ਮ: ੧, ਦਖਣੀ ਓਅੰਕਾਰ–੯੩੫

ਗੁਰੂ ਘਰ ਵਿਚ ਹੁਕਮ ਪਰਵਾਨ ਹੈ। ਹੁਕਮ ਵੀ ਇਕੋ ਨਾਮ ਜਪਣ ਤੇ ਜਪਾਉਣ ਅਤੇ ਗੁਰਬਾਣੀ ਪੜ੍ਹਨ ਤੇ ਪੜ੍ਹਾਉਣ ਦਾ ਹੀ ਹੈ। ਗੁਰਮਤਿ ਵਿਚ

Sri Satguru Jagjit Singh Ji eLibrary NamdhariElibrary@gmail.com

ਨਾਮ ਜਪਣਾ ਤੇ ਜਪਾਉਣਾ ਕੀ ਹੈ ? ਮਨ ਉਤੇ ਨਾਮੀ ਦੀ ਯਾਦ ਬੈਠੀ ਰਹੇ ; ਰਸਨਾ ਕਰਕੇ ਵੀ ਜੋ ਜਾਪ ਹੋਵੇ, ਉਹ ਉਤਸ਼ਾਹ ਵਾਲਾ ਹੋਵੇ; ਹਿਰਦੇ ਵਿਚ ਨਾਮੀ ਦੀ ਯਾਦ ਸਿੰਜਰਦੀ ਹੋਵੇ; ਰਜ਼ਾ ਵਿਚ ਤੁਰੇ ਰਹਿਣਾ ਉਸ ਦੀ ਕਾਰ ਹੋਵੇ । ਇਉਂ ਹੁਕਮ ਦੀ ਕਾਰ ਵਿਚ ਤੁਰੇ ਰਹਿਣਾ ਉਚੇਰਾ ਨਾਮ ਜਪਣਾ ਹੈ । ਜਾਪ, ਸਿਮਰਨ ਤੇ ਗੁਰਬਾਣੀ ਦਾ ਪਾਠ ਇਸ ਨੂੰ ਪੱਕਿਆਂ ਕਰਦਾ ਹੈ। ਹੁਕਮ ਦੀ ਕਾਰ ਕਰਨੀ ਹੀ ਨਾਮ ਜਪਾਉਣਾ ਹੈ ਅਰਥਾਤ ਉਹ ਜਿੱਥੇ ਜਾਂਦਾ ਹੈ, ਵਾਹਿਗੁਰੂ ਜੀ ਦੀ ਹੋਂਦ ਵੰਡਦਾ ਹੈ ; ਉਸ ਨੂੰ ਵੇਖ ਕੇ ਕਰਤਾਰ ਚਿੱਤ ਆਉਂਦਾ ਹੈ ; ਉਸ ਦੇ ਦਰਸ਼ਨ 'ਏਕੋ' ਦੇ ਦਰਸ਼ਨ ਹੁੰਦੇ ਹਨ ; ਉਹ ਆਪ ਕਿਸੇ ਮਜੀਠੀ ਰੰਗ ਵਿਚ ਹੁੰਦਾ ਹੈ ਤੇ ਮਿਲਣ ਵਾਲਿਆਂ ਉਤੇ ਸੁਭਾਵਕ ਹੀ ਰੰਗ ਚਾੜ੍ਹਦਾ ਹੈ; ਉਹ ਹੁਕਮ ਰਾਹੀਂ ਹੁਕਮੀ ਨਾਲ ਜੁੜਿਆ ਰਹਿੰਦਾ ਹੈ ਤੇ ਉਸਨੂੰ ਵੇਖਿਆਂ ਦੂਜਿਆਂ ਅੰਦਰ ਹੁਕਮ ਮੰਨਣ ਦਾ ਚਾਅ ਪੈਦਾ ਹੁੰਦਾ ਹੈ ਅਤੇ ਉਹ ਸਭ ਨਾਮ ਵਿਚ ਜੁੜਦੇ ਹਨ । ਫਿਰ ਨਾਮ ਜਪਣ ਵਿਚ ਲੋੜੀਂਦਾ ਦਾਸਾ-ਭਾਵ ਵੀ ਹੁਕਮ ਮੰਨਣ ਦੇ ਭਾਵ ਦੁਆਰਾ ਹੀ ਪੈਦਾ ਹੋ ਸਕਦਾ ਹੈ । ਇਸ ਤਰ੍ਹਾਂ ਨਾਮ ਜਪਣ ਦਾ ਢੰਗ ਵੀ ਮਨ ਕਰਕੇ ਜਪਣਾ, ਬਚਨਾਂ ਦੁਆਰਾ ਜਪਣਾ ਅਤੇ ਕਰਮਾਂ ਰਾਹੀਂ ਜਪਣਾ ਦੱਸਿਆ ਗਿਆ ਹੈ, ਤਦੇ ਹੀ ਜਪਿਆ ਨਾਮ ਫਲੀ ਭੂਤ ਹੁੰਦਾ ਹੈ :–

'ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥
ਸਰਬ ਫਲਾ ਸੋਈ ਜਨੁ ਪਾਏ ॥'

[ਸੂਹੀ ਮ: ੫–੭੬੦

ਜੋ ਗੁਰਸਿਖ 'ਇਕ' ਵੇਖਣ ਦਾ ਯਤਨ ਨਹੀਂ ਕਰਦੇ ਅਤੇ ਨਾਮ ਜਪਣ ਦੇ ਅਮਲੀ ਪਹਿਲੂ ਨੂੰ ਅੱਖੋਂ ਓਹਲੇ ਕਰਦੇ ਹਨ, ਉਹ ਪੂਰਾ ਹੁਕਮ ਨਹੀਂ ਮੰਨਦੇ ਤੇ ਉਨ੍ਹਾਂ ਦਾ ਨਾਮ ਜਪਿਆ ਥਾਇੰ ਨਹੀਂ ਪੈਂਦਾ :—

'ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥'

[ਧਨਾਸਰੀ ਮ: ੪–੬੬੯

Sri Satguru Jagjit Singh Ji eLibrary NamdhariElibrary@gmail.com

ਉਸ ਦੇ ਹੁਕਮ ਵਿਚ ਜੀਵਨ ਨੂੰ ਢਾਲਣਾ ਅਤੇ ਹਰ ਸਮੇਂ ਉਸ ਦੇ ਹੁਕਮ ਦੀ ਪਾਲਣਾ ਲਈ ਤਤਪਰ ਰਹਿਣਾ, ਉਸ ਦੇ ਹੁਕਮ ਵਿਚ ਜਾਗਣਾ, ਉਸ ਦੇ ਹੁਕਮ ਵਿਚ ਹੀ ਸੌਣਾ, ਹੁਕਮ ਵਿਚ ਕਾਰ ਵਿਹਾਰ ਕਰਨਾ, ਹੁਕਮ ਵਿਚ ਬੋਲਣਾ, ਉਸ ਦੇ ਹੁਕਮ ਵਿਚ ਨਾਮ ਜਪਣਾ ਤੇ ਜਪਾਉਣਾ, ਆਤਮਾ ਦਾ ਇਕ ਅਜਿਹਾ ਟਿਕਾਉ ਦੇ ਜਾਂਦਾ ਹੈ ਜਿਸ ਨੂੰ ਗੁਰਮਤਿ ਬੋਲੀ ਵਿਚ 'ਸਹਜ' ਆਖਦੇ ਹਨ। ਹੁਕਮ ਮੰਨਣ ਜਿਹਾ ਕੋਈ ਸੁਖ ਨਹੀਂ, ਖੇੜਾ ਨਹੀਂ। ਹੁਕਮ ਮੰਨਣ ਵਾਲਾ ਉਸ ਸੁਹਾਗਣ ਇਸਤਰੀ ਵਰਗਾ ਹੈ ਜੋ ਕਦੇ ਡੋਲਦੀ ਨਹੀਂ, ਜਿਸ ਨੂੰ ਕੋਈ ਦੁਖ ਨਹੀਂ, ਚਿੰਤਾ ਨਹੀਂ, ਬੰਧਨ ਨਹੀਂ, ਕਿਉਂਜੋ ਇਸ ਦੇ ਸਿਰ ਤੇ ਵੀ ਪ੍ਰਭੂ-ਕੰਤ ਹੁੰਦਾ ਹੈ। ਹਾਂ ਜੀ, ਉਹ ਤਾਂ ਸੁਖ ਤੋਂ ਵੀ ਉਤੇ ਸਦੀਵੀ ਅਨੰਦ (ਤੁਰੀਆ ਪਦ) ਵਿਚ ਹੁੰਦਾ ਹੈ ਜਿਥੇ ਮਾਇਆਵੀ ਸੁਖ ਦੁਖ ਅਸਰ ਨਹੀਂ ਕਰਦੇ। ਉਸ ਦਾ ਕਿਸੇ ਨਾਲ ਵੈਰ ਵਿਰੋਧ ਵੀ ਨਹੀਂ ਹੁੰਦਾ :—

'ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥

[ਆਸਾ ਮ: ੫—੪੦੦

ਸਤਿਗੁਰੂ ਜੀ ਦਾ ਘਰ ਬਹੁਤ ਵੱਡਾ ਹੈ। ਸਤਿਗੁਰ ਦੀ ਨਜ਼ਰ ਵਿਚ ਸਭ ਇਕ ਹਨ, ਸਦਾ ਤੋਂ ਇਕ ਹਨ, ਕਦੇ ਦੋ ਨਹੀਂ ਹੋਏ। ਫਰਕ ਕੇਵਲ ਵੇਖਣ ਵੇਖਣ ਵਿਚ ਹੈ। ਗੁਰੂਆਂ ਦੇ ਘਰ ਵਿਚ ਸਮਾਨਤਾ ਹੈ, ਦੋ (ਦ੍ਵੈਤ) ਤ੍ਰੈ (ਤਿੰਨ ਗੁਣ) ਨਹੀਂ। ਕੋਈ ਸਹਜ ਹੈ ਜਿਥੇ ਗਿਆ ਜੀਵ ਮੁੜ ਮਾਇਆ ਦਾ ਅਸਰ ਨਹੀਂ ਕਬੂਲਦਾ। ਉਹ ਸਹਜ ਬਿਆਨ ਨਹੀਂ ਹੁੰਦਾ, ਉਸ ਨੂੰ ਤਾਂ ਕੇਵਲ ਅਨੁਭਵ ਕਰਨ ਵਾਲਾ ਹੀ ਜਾਣਦਾ ਹੈ :—

'ਜਾ ਕੈ ਸਹਜੁ ਭਇਆ ਸੋ ਜਾਣੈ ॥
ਨਾਨਕ ਦਾਸੁ ਤਾ ਕੈ ਕੁਰਬਾਣੈ ॥'

[ਗਉੜੀ ਮ: ੫—੨੩੭

ਸਹਜ 'ਅੱਵਸਥਾ' ਵਿਚ ਜੀਵ ਦਿਲਗੀਰ ਤੇ ਉਦਾਸ ਨਹੀਂ ਹੁੰਦਾ, ਕਿਉਂਕੇ ਜੋ ਉਦਾਸ ਹੋ ਗਿਆ, ਉਹ ਤਾਂ ਆਪਣੇ ਅਸਲੇ ਨਾਲੋਂ ਟੁਟ ਗਿਆ। ਪਰ ਜਿਸ

Sri Satguru Jagjit Singh Ji eLibrary NamdhariElibrary@gmail.com

ਹੁਕਮ ਦੇ ਮੰਨਣ ਨਾਲ ਏਕੇ ਦੀ ਸੋਝੀ ਪੈਂਦੀ ਹੈ, ਨਾਮ ਅੰਦਰ ਵਸਦਾ ਹੈ ਤੇ ਇਹ ਸਹਜ ਅੱਵਸਥਾ ਪ੍ਰਾਪਤ ਹੁੰਦੀ ਹੈ, ਉਸ ਹੁਕਮ ਨੂੰ ਸਾਰੇ ਪ੍ਰਾਣੀ ਨਹੀਂ ਮੰਨ ਸਕਦੇ। ਕੋਈ ਭਾਗਾਂ ਵਾਲੇ ਗੁਰਮੁਖ ਹੀ, ਗੁਰੂ ਕਿਰਪਾ ਸਦਕੇ, ਉਸ ਦੇ ਪਾਤਰ ਬਣਦੇ ਹਨ :—

'ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥
ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰ ॥
ਹੁਕਮੁ ਭੀ ਤਿਨਾ ਮਨਾਇਸੀ ਜਿਨ ਕਉ ਨਦਰਿ ਕਰੇਇ ॥
ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥'

[ਸਲੋਕ ਮ: ੩, ਗੂਜਰੀ ਕੀ ਵਾਰ–੫੧੦

ਕੋਈ ਨਿਰਮਲ ਮਨ ਹੀ ਸਤਿਗੁਰ ਦੀ ਅਜਿਹੀ ਸੇਵਾ ਕਰ ਸਕਦਾ ਹੈ :—

'ਸਤਿਗੁਰ ਕੀ ਸੇਵਾ ਨਿਰਮਲੀ
ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥੧॥'

[ਸਲੋਕ ਮ: ੪, ਵਾਰ ਗਉੜੀ–੩੦੪

ਸਤਿਗੁਰ ਦੀ ਸੇਵਾ ਕਰਨੀ ਹੋਵੇ ਤਾਂ ਤਨ, ਮਨ, ਅਤੇ ਧਨ ਗੁਰੂ ਦੇ ਅਰਪਨ ਕਰ ਕੇ ਉਸ ਦਾ ਹੁਕਮ ਮੰਨੇ :—

'ਨਾਨਕ ਐਸੇ ਸਤਿਗੁਰ ਕੀ
ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥
ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥'

[ਰਾਗ ਗੂਜਰੀ ਮ: ੩–੪੯੦

ਅਤੇ

'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥'

[ਰਾਮਕਲੀ ਮ: ੩, ਅਨੰਦ–੯੧੮

ਹੁਕਮ ਮੰਨਣਾ 'ਇਕ' ਨਾਲ ਪ੍ਰੀਤੀ ਦੀ ਨਿਸ਼ਾਨੀ ਹੈ, ਨਾਮ ਉਨ੍ਹਾਂ ਦੇ ਪੱਲੇ ਪੈਂਦਾ ਹੈ ਜੋ ਹੁਕਮ ਮੰਨ ਕੇ ਪ੍ਰੀਤ ਪਾਲਦੇ ਹਨ :—

Sri Satguru Jagjit Singh Ji eLibrary NamdhariElibrary@gmail.com

'ਹੁਕਮੁ ਜਿਨਾ ਨੋ ਮਨਾਇਆ ॥
ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ਜੀਉ ॥

[ਸਿਰੀ ਰਾਗੁ ਮ: ੧–੭੨

ਜਿਹੜੇ ਹੁਕਮ ਨੂੰ ਇਸ ਤਰ੍ਹਾਂ ਪਛਾਣ ਲੈਂਦੇ ਹਨ, ਅਸਲ ਅਰਥਾਂ ਵਿਚ ਬੰਦੇ ਤਾਂ ਉਹੀ ਹਨ ਕਿਉਂਜੋ ਉਹੋ ਹੀ ਇਕ ਨਾਮ ਨੂੰ ਜਾਣਦੇ ਤੇ ਪਛਾਣਦੇ ਹਨ। ਜਿਸ ਸੁਹਾਗਣ ਇਸਤਰੀ ਨੂੰ ਕਿਸੇ ਹੋਰ ਦੀ ਝਾਕ ਨਹੀਂ ਹੁੰਦੀ, ਪਤੀ ਦਾ ਹੁਕਮ ਵੀ ਓਹੀ ਖੁਸ਼ੀ ਖੁਸ਼ੀ ਮੰਨਦੀ ਹੈ :—

'ਸਭ ਮਹਿ ਸਚਾ ਏਕੋ ਸੋਈ
ਤਿਸ ਕਾ ਕੀਆ ਸਭੁ ਕਿਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ
ਬੰਦਾ ਕਹੀਐ ਸੋਈ ॥'

[ਪ੍ਰਭਾਤੀ ਕਬੀਰ ਜੀ–੧੩੫੦

ਸੋ ਗੁਰੂ ਘਰ ਵਿਚ ਹੁਕਮ ਪ੍ਰਧਾਨ ਹੈ। ਇਹ ਵਾਹਿਗੁਰੂ ਨੂੰ 'ਕਰਤਾ ਪੁਰਖ' ਮੰਨਣ ਵਾਲਿਆਂ ਦਾ ਘਰ ਹੈ, ਸਾਖੀ ਪੁਰਖ ਮੰਨਣ ਵਾਲਿਆਂ ਦਾ ਘਰ ਨਹੀਂ ਜੋ ਕਰਮ ਪ੍ਰਧਾਨ ਹੋ ਜਾਣ। ਹੁਕਮ ਕਿਉਂ ਪਾਲਣਾ ਚਾਹੀਦਾ ਹੈ, ਇਹ ਸੌਦਾ–ਬਾਜ਼ੀ ਇਥੇ ਨਹੀਂ। ਹੁਕਮ ਸਾਹਮਣੇ 'ਜੀ', 'ਹਾਂ ਜੀ' ਹੈ, ਨਾ ਨੁੱਕਰ ਨਹੀਂ। ਇਥੇ ਤਾਂ ਉਨ੍ਹਾਂ ਨੂੰ ਥਾਂ ਹੈ ਜਿਨ੍ਹਾਂ ਨੇ ਪ੍ਰੇਮ ਦੀ ਖੇਡ ਖੇਡਣ ਲਈ ਸਿਰ ਤਲੀ ਤੇ ਧਰਿਆ ਹੋਇਆ ਹੈ। ਇਸ ਘਰ ਵਿਚ ਕੇਵਲ ਇਹੋ ਹੀ ਜਾਚ ਸਿਖਾਈ ਜਾਂਦੀ ਹੈ। ਜੋ ਹੁਕਮ ਮੰਨਦਾ ਹੈ, ਉਸ ਨੂੰ ਲਾਲਸਾ ਨਹੀਂ ਹੁੰਦੀ। ਅਜਿਹੇ ਗੁਰਮੁਖਾਂ ਕੋਲੋਂ ਫਿਰ ਦਸਮ ਪਾਤਸ਼ਾਹ ਕੁਝ ਵੀ ਲਕੋ ਕੇ ਨਹੀਂ ਰਖਦੇ :—

'[1]ਮੋ ਗ੍ਰਿਹਿ ਮੈ ਤਨ ਤੇ ਮਨ ਤੇ

੧. ਮੇਰੇ ਘਰ ਵਿਚ (ਪੈਰਾਂ ਤੋਂ ਸਿਰ ਤਕ ਸਾਰਾ ਤਨ, ਮਨ ਤੇ ਧਨ) ਜੋ ਕੁਝ ਵੀ ਹੈ, ਸਭ ਕੁਝ ਇਨ੍ਹਾਂ ਦਾ ਹੀ ਹੈ

Sri Satguru Jagjit Singh Ji eLibrary NamdhariElibrary@gmail.com

ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ।।'

[ਗਿਆਨ ਪ੍ਰਬੋਧ, ਪਾਤਸ਼ਾਹੀ ੧੦

## ੨. ਸਿਖੀ

ਵਾਹਿਗੁਰੂ ਜੀ ਨੇ ਜੀਵ ਦੀ ਦੂਈ ਨੂੰ ਦੂਰ ਕਰ ਕੇ ਆਪਣੇ ਨਾਲ ਮੇਲ ਲੈਣ ਲਈ ਸ਼ਰਤ ਇਹ ਲਾਈ ਹੈ ਕਿ ਉਹ ਸਤਿਗੁਰੂ ਨੂੰ ਧਾਰਨ ਕਰੇ ਜਿਸ ਵਿਚ ਵਾਹਿਗੁਰੂ ਜੀ ਨੇ ਆਪਣਾ ਆਪ ਰਖਿਆ ਹੋਇਆ ਹੈ :—

'ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ।।
ਸਤਿਗੁਰ ਵਿਚ ਆਪੁ ਰਖਿਓਨੁ ।।
ਕਰਿ ਪਰਗਟੁ ਆਖਿ ਸੁਣਾਇਆ ।।'

[ਪਉੜੀ, ਆਸਾ ਕੀ ਵਾਰ ਮ: ੧–੪੬੬

ਸਤਿਗੁਰ ਤੇ ਅਕਾਲਪੁਰਖ ਦੇ ਹੁਕਮਾਂ ਵਿਚ ਕੋਈ ਫਰਕ ਨਹੀਂ ਕਿਉਂ ਜੋ ਸਤਿਗੁਰੂ ਦੇ ਹਿਰਦੇ ਵਿਚ ਅਕਾਲਪੁਰਖ ਜੀ ਆਪ ਨਿਵਾਸ ਕਰਦੇ ਹਨ ਤੇ ਸਤਿਗੁਰੂ ਜੀ ਅਕਾਲਪੁਰਖ ਦੇ ਬਚਨਾਂ ਤੋਂ ਬਿਨਾਂ ਆਪਣੇ ਕੋਲੋਂ ਹਉਮੈਂ—ਆਧਾਰਤ ਕੁਝ ਨਹੀਂ ਕਹਿੰਦੇ। ਉਹ ਤਾਂ ਆਪ ਭਗਵੰਤ ਰੂਪ ਹਨ। ਇਸ ਤਰ੍ਹਾਂ ਉਨ੍ਹਾਂ ਦਾ ਦਰਸਾਇਆ ਮਾਰਗ ਵੀ ਵਾਹਿਗੁਰੂ ਜੀ ਦੇ ਹੁਕਮ ਦੇ ਮਾਰਗ ਨਾਲੋਂ ਭਿੰਨ ਨਹੀਂ ਹੋ ਸਕਦਾ ; ਮਾਰਗ ਇਕੋ ਹੈ :—

'ਗੁਰੂ ਸਿਖੁ ਸਿਖੁ ਗੁਰੂ ਹੈ
ਏਕੋ ਗੁਰ ਉਪਦੇਸੁ ਚਲਾਏ ।।'

[ਆਸਾ ਮ: ੪–੪

ਤਾਂ ਤੇ ਗੁਰੂ ਸਾਹਿਬ ਦਾ ਮਾਰਗ ਵੀ ਉਸ ਅਕਾਲ ਪੁਰਖ ਦਾ 'ਇਕੋ ਹੁਕਮ' ਦ੍ਰਿੜ ਕਰਾਉਣ ਦਾ ਹੀ ਹੈ :—

'ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ।।'

[ਸਿਰੀ ਰਾਗੁ ਮ: ੧–੭੨

Sri Satguru Jagjit Singh Ji eLibrary NamdhariElibrary@gmail.com

ਸਿਖ ਲਈ ਆਪਣੇ ਆਪ ਨੂੰ ਇਸ ਏਕੇ ਦੇ ਦਰਸ਼ਨ ਕਰਨ ਯੋਗ ਬਣਾਉਣਾ ਅਰਥਾਤ ਆਪਣੇ ਅੰਦਰ 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ' ਦਾ ਅਨੁਭਵ ਪੈਦਾ ਕਰਨਾ ਅਤੇ ਇਹ ਸੋਝੀ ਪੈਦਾ ਕਰਨ ਲਈ ਜਤਨ ਕਰਨਾ, ਸਿੱਖੀ ਹੈ। ਇਹ ਹੁਕਮ ਦ੍ਰਿੜ੍ਹ ਕਰਾਉਣ ਵਾਸਤੇ ਹੀ ਗੁਰੂ ਜੀ ਤਨ, ਮਨ ਤੇ ਧਨ, ਗੁਰੂ ਹਵਾਲੇ ਕਰਨ ਲਈ ਕਹਿੰਦੇ ਹਨ। ਤਨ, ਮਨ ਤੇ ਧਨ ਗੁਰੂ ਨੂੰ ਅਰਪੇ ਬਿਨਾਂ ਕੋਈ ਤਰੱਕੀ ਹੋ ਹੀ ਨਹੀਂ ਸਕਦੀ, ਹੋਰਵੇਂ ਜੀਵ ਦੀ ਹਉਮੈਂ, ਮੈਂ ਹਾਂ ਦਾ ਭਾਵ ਦੂਰ ਹੀ ਨਹੀਂ ਹੁੰਦਾ। ਇਸ ਲਈ ਇਹ ਸ਼ਰਤ ਧੁਰੋਂ ਹੀ ਲਗੀ ਆਈ ਹੈ ਅਤੇ ਸਿਖ ਗੁਰੂ ਸਾਹਿਬਾਨ ਨੇ ਆਪ ਵੀ ਇਸ ਸ਼ਰਤ ਦੀ ਪੂਰੀ ਪਾਲਣਾ ਕੀਤੀ ਹੈ। ਇਸ ਲਈ ਜੋ ਆਪਣਾ ਤਨ, ਮਨ ਤੇ ਧਨ ਆਪਣੇ ਕੋਲ ਸੰਭਾਲੀ ਰਖਦੇ ਹਨ, ਅਰਥਾਤ ਆਪਣੀ ਹਉਮੈਂ ਦੀ ਪਕੜ ਨੂੰ ਛਡ ਕੇ ਪ੍ਰਭੂ ਰਜ਼ਾ ਵਿਚ ਤੁਰਨ ਲਈ ਅਜੇ ਤਿਆਰ ਨਹੀਂ ਹੋਏ ਉਹ ਪਤੀ-ਪਰਮੇਸ਼ਰ ਦਾ ਰਸ ਨਹੀਂ ਮਾਣ ਸਕਦੇ। ਪਤੀ-ਪਰਮੇਸ਼ਰ ਦਾ ਮਿਲਾਪ ਤਾਂ ਉਸੇ ਜੀਵ-ਇਸਤਰੀ ਨੂੰ ਨਸੀਬ ਹੈ ਜੋ ਸੁਹਾਗਣ ਇਸਤਰੀ ਵਾਂਙ ਆਪਣਾ ਆਪ ਪਤੀ ਦੇ ਅਰਪਣ ਕਰਦੀ ਹੈ ਤੇ ਉਸ ਦੇ ਹੁਕਮ ਨੂੰ ਖੁਸ਼ੀ ਨਾਲ ਮੰਨਦੀ ਹੈ :—

'ਤਿਆਗੇ ਮਨ ਕੀ ਮਤੜੀ[1] ਵਿਸਾਰੇਂ [2]ਦੂਜਾ ਭਾਉ ਜੀਓ ॥
ਇਉ ਪਾਵਹਿ ਹਰਿ ਦਰਸਾਵੜਾ ਨਹਿ ਲਗੈ ਤਤੀ ਵਾਉ ਜੀਉ ॥

[ਸੂਹੀ ਮ: ੫–੭੬

ਅਤੇ

'ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥
ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥

[ਸਲੋਕ ਮ: ੩, ਗੂਜਰੀ ਕੀ ਵਾਰ–੫੧੦

ਅਤੇ

'ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ ॥
ਭਾਣਾ ਮੰਨੇ ਮੰਨੀਐ[3] ਆਪਣਾ ਭਾਣਾ ਆਪਿ ਮਨਾਵੈ ॥'

[ਵਾਰ ੨੯, ਪਉੜੀ ੧੩, ਭਾਈ ਗੁਰਦਾਸ ਜੀ

---

੧. ਮੱਤ ੨. ਮਾਇਆ ਦਾ ਪਿਆਰ
੩. ਮੰਨੀਦਾ ਹੈ, ਸਤਿਕਾਰਿਆ ਜਾਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਜੀ ਨੇ ਉਸ ਦੀ ਅਜਿਹੀ ਚਾਕਰੀ ਕਰਨ ਦਾ ਇਵਜ਼ਾਨਾ (ਤਨਖਾਹ) ਪਹਿਲੋਂ ਹੀ ਦੇ ਰਖਿਆ ਹੈ। ਇਸ ਜਹਾਨ ਵਿਚ ਚਾਕਰੀ ਕਮਾਉਣ ਲਈ ਜਦੋਂ ਸਾਨੂੰ ਭੇਜਿਆ ਗਿਆ ਤਾਂ ਰਿਜ਼ਕ ਪਹਿਲੋਂ ਹੀ ਨਾਲ ਲਿਖ ਦਿਤਾ ਅਤੇ ਹੋਰ ਅਨੇਕ ਪ੍ਰਕਾਰ ਦੇ ਸੁਖ ਸਾਨੂੰ ਦੇ ਦਿਤੇ। ਇਹ ਸੁਖ ਕੇਵਲ਼ ਆਪਣੇ ਨਾਲ ਜੋੜਨ ਲਈ ਹੀ ਦਿਤੇ ਹਨ। ਇਹ ਨਾਮ ਦਾ ਅੰਗ ਹਨ ਤੇ ਉਸੇ ਰੂਪ ਵਿਚ ਹੀ ਇਨ੍ਹਾਂ ਦੀ ਵਰਤੋਂ ਹੋਣੀ ਲੋੜੀਂਦੀ ਹੈ :—

'ਪਹਿਲੋ ਦੇ ਤੈਂ ਰਿਜਕੁ ਸਮਾਹਾ ॥
ਪਿਛੋ ਦੇ ਤੈਂ ਜੰਤ ਉਪਾਹਾ ॥'

[ਮਾਝ ਮ: ੫–੧੩੦

ਅਤੇ

'ਜਿਨਿ ਜੀਉ[1] ਦੀਆ ਸੁ [2]ਰਿਜਕੁ ਅੰਬਰਾਵੈ ॥
[3]ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰ ਬੰਦਗਿ ਛਾਡਿ ਮੈ ਮੇਰਾ ॥
ਹਿਰਦੈ ਨਾਮ ਸਮਾਰਿ[4] ਸਵੇਰਾ ॥ ੨ ॥'

[ਸੂਹੀ ਬਾਣੀ ਰਵਿਦਾਸ ਜੀਉ–੭੯੪

ਇਹੋ ਜਿਹੇ ਚਾਕਰ ਦੀ ਤਸਵੀਰ ਭਾਈ ਗੁਰਦਾਸ ਜੀ ਇਉਂ ਖਿਚਦੇ ਹਨ :—

'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।

---

੧. ਜਿੰਦ
੨. ਰੋਜ਼ੀ, ਨਿਤ ਦਾ ਭੋਜਨ ਪਹੁੰਚਾਉਂਦਾ ਹੈ
੩. ਹਰੀ ਸਭ ਸਰੀਰਾਂ ਦੇ ਅੰਦਰ ਹੀ ਬੈਠਾ ਹੱਟੀ ਚਲਾ ਰਿਹਾ ਹੈ
੪. ਸਿਮਰ, ਸੰਮਾਲ

Sri Satguru Jagjit Singh Ji eLibrary NamdhariElibrary@gmail.com

ਦਰ ਦਰਵੇਸ ਰਸੀਦੁ ਪਿਰਮ ਰਸ ਭੇਵਣਾ ।
ਚੰਦ ਮੁਮਾਰਖ ਈਦ ਪੁਗ ਖਲੋਵਣਾ ।੧੯।'
[ਵਾਰ ੩, ਪਉੜੀ ੧੯, ਭਾਈ ਗੁਰਦਾਸ ਜੀ

ਜੋ ਚੇਲਾ ਬਣ ਕੇ ਤਨ, ਮਨ ਅਤੇ ਧਨ ਦੇ ਦਿੰਦਾ ਹੈ, ਉਹ ਅਸਲ ਅਰਥਾਂ ਵਿਚ ਸੰਸਾਰ ਚੋਂ ਮਰ ਜਾਂਦਾ ਹੈ । ਉਹ ਭਰਮ ਤੇ ਡਰ ਨੂੰ ਦੂਰ ਕਰ ਕੇ ਸੰਤੋਖ ਅਤੇ ਸਚ ਪੁਰ ਸ਼ਹੀਦ ਹੁੰਦਾ ਹੈ । ਉਹ ਮੁਲ ਖਰੀਦਿਆ ਗੁਲਾਮ ਹੁੰਦਾ ਹੈ ਅਤੇ ਹਰ ਵੇਲੇ ਆਪਣੇ ਮਾਲਕ ਦੀ ਟਹਿਲ ਵਿਚ ਜੁਟਿਆ ਰਹਿੰਦਾ ਹੈ ਉਹ ਆਪਣੇ ਸਰੀਰ ਦੀ ਨਾ ਭੁੱਖ ਤੇ ਨਾ ਹੀ ਨੀਂਦ ਦੀ ਪਰਵਾਹ ਕਰਦਾ ਹੈ ਅਤੇ ਨਾ ਹੀ ਸੌਣ ਤੇ ਖਾਣ ਦੀ । ਤਾਜ਼ਾ ਆਟਾ ਪੀਹੇ, ਪਾਣੀ ਢੋਵੇ, ਗੁਰੂ ਦੇ ਚਰਨ ਮਲ ਕੇ ਧੋਵੇ ਤੇ ਪੱਖਾ ਝੱਲੇ, ਇਹ ਉਸ ਦੀ ਕਾਰ ਹੁੰਦੀ ਹੈ । ਸੇਵਕ ਗੰਭੀਰ ਹੋਵੇ, ਨਾ ਉਹ ਹੱਸੇ ਤੇ ਨਾ ਰੋਵੇ, ਭਾਵ ਗੁਰੂ ਦਾ ਭਾਣਾ ਮੰਨੇ ਅਤੇ ਜੇ ਉਹ ਝਿੜਕਿਆ ਜਾਏ ਤਾਂ ਮਿੱਠਾ ਕਰ ਕੇ ਮੰਨੇ ਤੇ ਜੇ ਉਹ ਬਖਸ਼ਿਆ ਜਾਏ ਤਾਂ ਵੀ ਉਸੇ ਦੀ ਵਡਿਆਈ ਸਮਝੇ । ਇਸ ਪ੍ਰਕਾਰ ਜੋ ਦਰ ਦਾ ਦਰਵੇਸ਼ ਹੋ ਕੇ ਪਹੁੰਚੇ ਉਹ ਪਿਰੀ ਦੇ ਰਸ, ਪ੍ਰੇਮ, ਵਿਚ ਭਿਜੇਗਾ । ਉਸ ਨੂੰ ਈਦ ਦੇ ਚੰਦ ਵਾਂਙੂ ਵਧਾਈਆਂ ਮਿਲਣਗੀਆਂ ਅਤੇ ਉਹ ਪੁੰਨਿਆ ਦੇ ਚੰਦ ਵਾਂਙੂ ਪੂਰਨ ਹੋ ਜਾਏਗਾ ਭਾਵ ਪੁੱਗ ਖਲੋਏਗਾ :--

ਗੁਰੂ ਨਾਨਕ ਸਾਹਿਬ ਆਪਣੇ ਆਪ ਨੂੰ ਵੀ ਅਕਾਲਪੁਰਖ ਦਾ ਇਹੋ ਜਿਹਾ ਗੋਲਾ ਹੀ ਦਰਸਾਉਂਦੇ ਹਨ :--

'ਮੁਲ ਖਰੀਦੀ ਲਾਲਾ[੧] ਗੋਲਾ[੨] [੩]ਮੇਰਾ ਨਾਉ ਸਭਾਗਾ ॥
[੪]ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
ਤੇਰੇ ਲਾਲੇ ਕਿਆ ਚਤੁਰਾਈ ॥
ਸਾਹਿਬ ਕਾ [੫]ਹੁਕਮੁ ਨ ਕਰਣਾ ਜਾਈ ॥੧॥ਰਹਾਉ॥

੧. ਗੁਲਾਮ, ਸੇਵਕ
੨. ਗੁਲਾਮ, ਦਾਸ
੩. ਤੇਰਾ ਸੇਵਕ ਹੋ ਕੇ ਮੈਂ ਸੁਭਾਗਾ ਹਾਂ
੪. ਗੁਰੂ ਦੇ ਉਪਦੇਸ਼ ਦੁਆਰਾ ਹੱਟੀ ਹੱਟੀ ਵਿਕਿਆ ਹਾਂ, ਭਾਵ ਆਪਣੇ ਆਪ ਨੂੰ ਸੇਵਕ ਬਣਾਇਆ ਹੈ
੫. ਮੈਥੋਂ ਤੇਰਾ ਹੁਕਮ ਚੰਗੀ ਤਰ੍ਹਾਂ ਮੰਨਿਆ ਨਹੀਂ ਜਾਂਦਾ

Sri Satguru Jagjit Singh Ji eLibrary NamdhariElibrary@gmail.com

[1]ਮਾਂ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
[2]ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
[3]ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥
ਪੱਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥ ੩ ॥
[4]ਲੂਣ ਹਰਾਮੀ ਨਾਨਕ ਲਾਲਾ ਬਖਸਿਹਿ ਤੁਧੁ ਵਡਿਆਈ ॥
ਆਦਿ ਜੁਗਾਦਿ ਦਇਆਪਤਿ[5] ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥'

[ਮਾਰੂ ਮ: ੧–੯੯੧

ਅਰਥਾਤ, ਮੈਂ ਤਾਂ ਹਰੀ ਮਾਲਕ ਦਾ ਸਰੇ-ਬਜ਼ਾਰ ਮੁਲ-ਖਰੀਦਿਆ ਗੁਲਾਮ ਹਾਂ ਜਿਸ ਦੀ ਜ਼ਿੰਦਗੀ ਦਾ ਮਨੋਰਥ ਕੇਵਲ ਸੇਵਾ ਕਰਨੀ ਹੀ ਹੈ। ਚਾਅ ਤਾਂ ਇਹੋ ਹੈ ਕਿ ਸੇਵਾ ਕਰੀ ਜਾਵਾਂ, ਪਰ ਸਮਰੱਥਾ ਨਾ ਹੋਣ ਕਰਕੇ ਪੂਰੀ ਤਰ੍ਹਾਂ ਸੇਵਾ ਨਹੀਂ ਹੁੰਦੀ। ਮਾਲਕ ਆਪ ਹੀ ਆਪਣੀ ਵਡਿਆਈ ਅਨੁਸਾਰ ਮੇਰੀਆਂ ਊਣਤਾਈਆਂ ਬਖਸ਼ ਦੇਵੇ, ਨਹੀਂ ਤਾਂ ਮੈਂ ਨਕਾਰਾ ਹੀ ਸਾਬਤ ਹੋਵਾਂਗਾ।

ਕਿੰਨੀ ਮਨ ਦੀ ਗਰੀਬੀ ਹੈ! ਇਹ ਕੇਵਲ ਚਾਕਰਾਂ ਵਿਚ ਹੀ ਹੁੰਦੀ ਹੈ, ਮਾਲਕਾਂ ਵਿਚ ਨਹੀਂ। ਅਸਲ ਵਿਚ ਆਪਣੀ ਬਿਰਤੀ ਦਾ ਬਚਾ ਵੀ ਤਦੇ ਹੀ ਹੈ ਜੇ ਇਹ ਗਰੀਬੀ ਹੋਵੇ, ਨਹੀਂ ਤਾਂ ਜੀਵ ਦਵੈਤ ਵਿਚ ਆ ਜਾਂਦਾ ਹੈ ਅਤੇ ਪਤੀ-ਪਰਮਾਤਮਾ ਨਾਲੋਂ ਵਿਛੜ ਜਾਂਦਾ ਹੈ। ਇਕ ਦੇ ਦਰਸ਼ਨ ਕਰਨ ਦੀ ਲਾਲਸਾ ਹੀ ਗਰੀਬੀ ਅੰਦਰ ਲਿਆਉਂਦੀ ਹੈ ਅਤੇ ਪੂਰਨ ਗਰੀਬੀ ਏਕੇ ਦੇ

---

੧. ਭਾਵ ਮੇਰੀ ਰਗ ਰਗ ਵਿਚ ਤੇਰਾ ਸੇਵਕ-ਪੁਣਾ ਸਮਾਇਆ ਹੋਇਆ ਹੈ, ਅਗੋਂ ਪਿਛੋਂ ਮੇਰਾ ਸਾਰਾ ਸਬੰਧ ਤੇਰੇ ਸੇਵਕ ਵਾਲਾ ਹੈ

੨. ਭਾਵ ਤੇਰੀ ਸੇਵਾ ਕਰਨ ਵਾਲੇ ਘਰਾਣੇ ਵਿਚੋਂ ਹਾਂ। ਇਹ ਸੇਵਕ ਹੋਣ ਦਾ ਕੰਮ ਮੇਰਾ ਖਾਨਦਾਨੀ ਪੇਸ਼ਾ ਹੈ (ਇਨ੍ਹਾਂ ਤੁਕਾਂ ਵਿਚ ਮਾਲਕ ਦਾ ਪੂਰਾ ਪੂਰਾ ਗੁਲਾਮ ਹੋਣਾ ਦੱਸਿਆ ਹੈ, ਜਿਵੇਂ ਉਸ ਵੇਲੇ ਪਾਤਸ਼ਾਹਾਂ ਤੇ ਅਮੀਰਾਂ ਪਾਸ ਕਈਆਂ ਪੀੜ੍ਹੀਆਂ ਤੋਂ ਚਲੇ ਆਉਂਦੇ ਗੁਲਾਮ ਹੁੰਦੇ ਸਨ, ਜਿਨ੍ਹਾਂ ਦਾ ਕੰਮ ਬਿਨਾਂ ਸੇਵਾ ਕਰਨ ਤੋਂ ਹੋਰ ਕੁਝ ਨਹੀਂ ਸੀ ਹੁੰਦਾ ਅਤੇ ਜਿਨ੍ਹਾਂ ਦਾ ਆਪਣਾ ਅਧਿਕਾਰ ਜਾਂ ਮਲ-ਕੀਅਤ ਵੀ ਕੁਝ ਨਹੀਂ ਸੀ ਹੁੰਦੀ

੩. ਹੇ ਮਾਲਕ! ਜੇ ਤੂੰ ਪੀਵੇਂ ਤਾਂ ਪਾਣੀ ਲੈ ਆਵਾਂ, ਭਾਵ ਜੋ ਕੰਮ ਤੈਨੂੰ ਮਨਜ਼ੂਰ ਹੋਵੇ, ਉਹੋ ਕਰਾਂ

੪. ਮੈਂ ਨਿਮਕ-ਹਰਾਮ ਗੁਲਾਮ ਹਾਂ, ਜੇ ਤੂੰ ਮੇਰੇ ਔਗੁਣ ਬਖਸ਼ ਦੇਵੇਂ ਤਾਂ ਇਸ ਵਿਚ ਤੇਰੀ ਬਜ਼ੁਰਗੀ ਹੈ

੫. ਦਇਆ ਦਾ ਮਾਲਕ, ਦਇਆ ਸਰੂਪ

Sri Satguru Jagjit Singh Ji eLibrary NamdhariElibrary@gmail.com

ਪੂਰਨ ਤੌਰ ਤੇ ਅਨੁਭਵ ਹੋਣ ਤੇ ਹੀ ਅੰਦਰ ਟਿਕਦੀ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :—

'[੧]ਗਰੀਬੀ ਗਦਾ ਹਮਾਰੀ ।।
ਖੰਨਾ ਸਗਲ ਰੇਨੁ ਛਾਰੀ ।।
ਇਸ ਆਗੈ ਕੋ ਨ ਟਿਕੈ ਵੇਕਾਰੀ ।।
ਗੁਰ ਪੂਰੇ ਇਹ ਗਲ ਸਾਰੀ ।।'

[ਸੋਰਠਿ ਮ: ੫–੬੨੮

ਸੋ ਗੁਰਸਿਖ ਦਾ ਮੋਟਾ ਲੱਛਣ ਇਹ ਹੈ :—

'ਬੋਲਹਿ ਸਾਚੁ ਮਿਥਿਆ ਨਹੀ ਰਾਈ[੨] ।।
ਚਾਲਹਿ ਗੁਰਮੁਖਿ[੩] ਹੁਕਮਿ ਰਜਾਈ ।।
ਰਹਹਿ ਅਤੀਤੁ[੪] ਸਚੇ ਸਰਣਾਈ ।।
... ... ... ... ... ... ... ... ... ... ...
ਸਤਿਗੁਰ ਦੇਖਿਆ ਦੀਖਿਆ[੫] ਲੀਨੀ ।।
ਮਨੁ ਤਨੁ ਅਰਪਿਓ [੬]ਅੰਤਰਗਤਿ ਕੀਨੀ ।।

[ਗਉੜੀ ਮ: ੧–੨੨੭

ਅਤੇ

'[੭]ਗੁਰ ਸਿਖੀ ਦਾ ਕਰਮੁ ਏਹੁ
ਗੁਰ ਫੁਰਮਾਏ ਗੁਰਸਿਖ ਕਰਣਾ ।।

---

੧. ਨਿੰਮ੍ਰਤਾ ਸਾਡੀ ਗੁਰਜ ਹੈ, ਅਤੇ ਸਾਡਾ ਖੰਡਾ ਸਾਰਿਆਂ ਦੀ ਚਰਨ-ਧੂੜ ਹੋਣਾ ਹੈ। ਇਸ ਹਥਿਆਰ ਅਗੇ ਕੋਈ ਪਾਪੀ ਠਹਿਰ ਨਹੀਂ ਸਕਦਾ, ਪੂਰੇ ਗੁਰੂ ਨੇ ਇਹ ਮਤ ਦਿਤੀ ਹੈ। (ਸਾਰੀ = ਸਮਝੀ, ਸਮਝਾਈ)

੨. ਰਾਈ ਭਰ, ਰਤਾ ਵੀ

੩. ਉਹ ਧਰਮੀ ਪੁਰਸ਼ ਜੋ ਗੁਰੂ ਵਲ ਮੂੰਹ ਕਰ ਕੇ ਚਲਦਾ ਹੈ, ਭਾਵ ਆਪਣੀ ਜ਼ਿੰਦਗੀ ਦੀ ਡੋਰ ਗੁਰੂ ਹੱਥ ਫੜਾ ਕੇ ਚਲਦਾ ਹੈ

੪. ਵਿਰੱਕਤ, ਨਿਰਲੇਪ

੫. ਸਿੱਖਿਆ

੬. ਅੰਦਰਵਾਰ ਕਰ ਲਈ (ਦੀਖਿਆ); ਭਾਵ ਗੁਰੂ ਦੀ ਸਿਖਿਆ ਦਿਲ ਦੇ ਅੰਦਰ ਬਿਠਾ ਲਈ (ਤਨ, ਮਨ ਦੇ ਕੇ)

੭. ਗੁਰਸਿਖੀ ਦਾ ਕਰਮ ਇਹੋ ਹੈ ਕਿ ਜੋ ਗੁਰੂ ਬਚਨ ਕਰਨ, ਸਿਖ ਉਨ੍ਹਾਂ ਨੂੰ ਮੰਨੇ। ਗੁਰੂ ਦਾ ਬਚਨ ਹਰੇਕ ਨਹੀਂ ਮੰਨ ਸਕਦਾ

Sri Satguru Jagjit Singh Ji eLibrary NamdhariElibrary@gmail.com

ਗੁਰ ਕਿਰਪਾ ਗੁਰੁਸਿਖ ਗੁਰੁ ਸਰਣਾ ॥'

[ਵਾਰ ੨੯, ਪਉੜੀ ੧੦, ਭਾਈ ਗੁਰਦਾਸ ਜੀ

ਇਹ ਗੱਲ ਹੋਰਨਾਂ ਅਵਤਾਰਾਂ ਦੀ ਸਮਝ ਵਿਚ ਨਹੀਂ ਆਈ, ਜੋ ਇਕ ਵੇਖਣ ਤੇ ਪੂਰਨ ਗਰੀਬੀ ਧਾਰਨ ਦੀ ਥਾਂ ਆਪਣਾ ਨਾਮ ਜਪਾਉਣ ਲਗ ਪਏ। ਇਹ ਸਿੱਖੀ, ਭਾਵ ਅਕਾਲਪੁਰਖ ਦੇ ਹੁਕਮ ਮੰਨਣ ਦਾ ਸੁਭਾਉ, ਅਰਥਾਤ ਇਹ 'ਏਕੇ' ਦੇ ਦਰਸ਼ਨ, ਗੁਰੂ ਨਾਨਕ ਸਾਹਿਬ ਤੇ ਹੋਰ ਦੂਜੇ ਸਿਖ ਗੁਰੂ ਸਾਹਿਬਾਨ ਨੂੰ ਹੀ ਪ੍ਰਾਪਤ ਸਨ, ਅਤੇ ਉਨ੍ਹਾਂ ਨੇ ਜਾਨਾਂ ਦੇ ਕੇ ਇਸ ਸਬਕ ਨੂੰ ਪਕਾਇਆ। ਇਹ ਸਬਕ ਆਪ ਇਸ ਤਰ੍ਹਾਂ ਚੇਤੇ ਕੀਤਾ ਤੇ ਦੂਜਿਆਂ ਨੂੰ ਕਰਵਾਇਆ, ਆਪ ਜਪਿਆ ਤੇ ਦੂਜਿਆਂ ਨੂੰ ਜਪਾਇਆ ਕਿ ਇਸ ਦੀ ਹੋਰ ਮਸਾਲ ਤਵਾਰੀਖ ਵਿਚ ਮਿਲਣੀ ਹੀ ਔਖੀ ਹੋ ਗਈ ਹੈ। ਗੁਰੂ ਸਾਹਿਬਾਨ ਨੇ ਆਪ ਇਸ ਸਿੱਖੀ ਦੇ ਬੂਟੇ ਨੂੰ, 'ਏਕੇ' ਦੇ ਪ੍ਰਕਾਸ਼ ਨੂੰ, ਇਸ 'ਸੱਚ ਨਿਸ਼ਾਨ' ਨੂੰ ਸੂਰਬੀਰਤਾ ਨਾਲ ਕੁਰਬਾਨੀ ਦੇ ਕੇ ਕਾਇਮ ਕੀਤਾ ਹੈ।

ਪੂਰਨ ਆਗਿਆਕਾਰ ਸੇਵਕ ਦੀ ਰਹਿਣੀ-ਬਹਿਣੀ ਦਾ ਨਮੂਨਾ ਸਾਨੂੰ ਗੁਰੂ ਪੰਜਵੇਂ ਪਾਤਸ਼ਾਹ ਮਾਰੂ ਰਾਗ ਵਿਚ ਦਿੰਦੇ ਹਨ। ਹਾਂ ਜੀ, ਇਹ ਉਨ੍ਹਾਂ ਦੇ ਆਪਣੇ ਜੀਵਨ ਦੀ ਝਲਕ ਹੈ, ਜਿਨ੍ਹਾਂ ਨੇ ਤੱਤੀਆਂ ਤਵੀਆਂ ਤੇ ਬੈਠ ਕੇ ਆਪਣੇ ਪਾਇਆਂ ਪੂਰਨਿਆਂ ਤੇ ਚਲਣ ਦਾ ਸਬਕ ਝਿਉਂ ਦਿਤਾ ਹੈ :—

'ਮਾਨ ਮੋਹ ਅਰੁ ਲੋਭ ਵਿਕਾਰਾ ਬੀਓ[੧] ਚੀਤਿ ਨ ਘਾਲਿਓ[੨] ॥
ਨਾਮੁ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ[੩] ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ [੪]ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥

---

੧. ਦੂਜੇ ਨੂੰ; ਹਰੀ ਤੋਂ ਬਿਨਾਂ ਕਿਸੇ ਦੂਜੇ ਨੂੰ ਦਿਲ ਵਿਚ ਨਹੀਂ ਲਿਆਂਦਾ
੨. ਪਾਇਆ
੩. ਸੌਦਾ (ਨਾਮ ਦਾ)
੪. ਜਾਣ ਵੇਲੇ ਵੀ ਉਸ ਨੂੰ ਦਿਲ ਵਿਚ ਰਖਿਆ

Sri Satguru Jagjit Singh Ji eLibrary NamdhariElibrary@gmail.com

[1]ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ[2] ਨਹੀਂ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬੁ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ [3]ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥'

[ਮਾਰੂ ਮ: ੫–੧੦੦੦

ਨੌਵੇਂ ਪਾਤਸ਼ਾਹ ਦੀ ਸ਼ਹੀਦੀ, ਦਸਵੇਂ ਪਾਤਸ਼ਾਹ ਦਾ ਖਾਲਸਾ ਪੰਥ ਲਈ ਸਰਬੰਸ ਵਾਰਨਾ, ਅਨੇਕਾਂ ਗੁਰਸਿਖਾਂ ਦੀਆਂ ਕੁਰਬਾਨੀਆਂ, ਜਿਵੇਂ ਕਿ ਬੰਦ ਬੰਦ ਕਟਵਾਉਣੇ, ਚਰਖੜੀਆਂ ਤੇ ਚੜ੍ਹਨਾ, ਉਬਲਦੀਆਂ ਦੇਗਾਂ ਵਿਚ ਉਬਲਣਾ, ਖੋਪਰੀਆਂ ਲੁਹਾਉਣੀਆਂ ਪਰ ਸੀ ਨਾ ਉਚਾਰਨੀ, ਭਾਣਾ ਮਿੱਠਾ ਕਰ ਕੇ ਮੰਨਣਾ ਆਦਿ ਆਗਿਆਕਾਰ ਹੋਣ ਦੀਆਂ ਉਦਾਹਰਣਾਂ ਹਨ। ਇਹ ਗੁਰਮੁਖ 'ਏਕੇ' ਦੇ ਕਿਸੇ ਟਿਕਾ ਵਿਚ ਸਨ ਅਤੇ ਇਨ੍ਹਾਂ ਆਪਣੇ ਅਣਖੀਲੇ ਅੰਦਾਜ਼ ਵਿਚ ਕੁਰਬਾਨੀਆਂ ਕੀਤੀਆਂ। ਇਹ ਸਹਜਪਦ ਵਿਚ ਵਿਚਰਨ ਵਾਲੀਆਂ ਰੂਹਾਂ ਸਨ, ਜਿਨ੍ਹਾਂ ਨੇ ਆਪਣੇ ਅੰਦਟਲੇ ਟਿਕਾ ਨੂੰ ਹਿਲਣ ਨਹੀਂ ਦਿਤਾ ਤੇ ਜੋ ਨੱਠ ਨੱਠ ਕੁਰਬਾਨੀ ਦੇਣ ਲਈ ਪੇਸ਼ ਹੁੰਦੀਆਂ ਰਹੀਆਂ। ਹਾਂ ਜੀ,

'ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
[1]ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥'

ਗੁਰੂ ਦਸਮ ਪਾਤਸ਼ਾਹ ਜੀ ਲਈ ਤਾਂ ਰਾਜ, ਜੰਗ, ਸੁਲਹ, ਦੁਖ, ਸੁਖ ਸਭ ਸਮਾਨ ਸਨ। ਕੋਈ ਹੁਕਮ ਸੀ ਜੋ ਦਰਗਾਹ ਤੋਂ ਪ੍ਰਾਪਤ ਹੁੰਦਾ ਸੀ, ਜਿਸ ਅੱਗੇ ਸੀਸ ਨਿਵਾ ਕੇ ਤੁਰੇ ਰਹਿੰਦੇ ਸਨ।

---

੧. ਜੇ ਉਸ ਨੇ ਘਰ ਵਿਚ ਰਖਿਆ ਤਾਂ ਉਥੇ ਹੀ ਪੂਰਨ ਅਨੰਦ ਜਾਤਾ ਅਤੇ ਜੇ ਉਸ ਆਖਿਆ, ਉਠੋ, ਤਾਂ ਮੈਂ ਉਥੇ ਹੀ ਦੌੜ ਗਿਆ। ('ਸਹਜ-ਅਨੰਦ' ਆਤਮ ਟਿਕਾਉ ਦਾ ਸੁਖ, ਸਭ ਤੋਂ ਵਡਾ ਪੂਰਨ ਅਨੰਦ ਜੋ ਗੁਰਮਤ ਦੁਆਰਾ ਪ੍ਰਾਪਤ ਹੁੰਦਾ ਹੈ)

੨. ਖਸ਼ੀ

੩. ਹਲਤ ਪਲਤ, ਲੋਕ ਪ੍ਰਲੋਕ

Sri Satguru Jagjit Singh Ji eLibrary NamdhariElibrary@gmail.com

ਹੁਕਮ ਮੰਨਣ ਦੀ ਕਾਰ ਅਤਿ ਔਖੀ ਕਾਰ ਹੈ। ਆਪਣੀ ਮਰਜ਼ੀ ਮੁਤਾਬਕ ਪਰਉਪਕਾਰ ਅਤੇ ਨੇਕੀਆਂ ਕਰਨੀਆਂ ਕੁਝ ਹੋਰ ਗੱਲ ਹੈ ਪਰ ਕਿਸੇ ਦੀ ਮਰਜ਼ੀ ਮੁਤਾਬਕ ਕਾਰ ਕਰਨੀ ਅਤਿ ਕਠਨ ਹੈ, ਜੀਊਂਦੇ ਮਰਨਾ ਪੈਂਦਾ ਹੈ। ਕਿਸੇ ਸਮੇਂ ਵੀ ਹੁਕਮ ਦਾ ਸੱਦਾ ਪੈ ਸਕਦਾ ਹੈ ਜਿਸ ਕਰਕੇ ਆਪਣਾ ਪ੍ਰੋਗਰਾਮ ਹੀ ਕੋਈ ਨਹੀਂ ਰਹਿ ਸਕਦਾ ਤੇ ਇਸ ਸੰਸਾਰ ਵਿਚ ਮਹਿਮਾਨ ਵਾਂਙੂ ਹੀ ਦਿਨ ਬਤੀਤ ਹੁੰਦੇ ਹਨ। ਆਪਣਾ ਸੁਆਦ ਕੋਈ ਨਹੀਂ ਰਹਿੰਦਾ। ਸਵੈ-ਕੇਂਦਰਤ ਜਪੀ ਤਪੀ ਸੰਨਿਆਸੀ ਆਦਿ ਆਪਣੀ ਮਰਜ਼ੀ ਮੁਤਾਬਕ ਖਾ, ਪੀ ਜਾਂ ਸੌਂ ਤਾਂ ਸਕਦੇ ਹਨ, ਪਰ ਇਥੇ ਉਹ ਵੀ ਨਹੀਂ। ਆਪਣਾ ਕੋਈ ਦੁਸ਼ਮਣ ਜਾਂ ਮਿੱਤਰ ਵੀ ਨਹੀਂ ਰਹਿ ਜਾਂਦਾ ਕਿਉਂਜੋ ਸਭ ਵਿਹਾਰ ਮਾਲਕ ਮੁਤਾਬਕ ਹੁੰਦਾ ਹੈ। ਇਸੇ ਕਰਕੇ ਸਿੱਖੀ ਖੰਡੇ ਦੀ ਧਾਰ ਨਾਲੋਂ ਵੀ ਤਿੱਖੀ ਆਖੀ ਗਈ ਹੈ :—

'[1]ਗੁਰ ਸਿਖੀ ਬਾਰੀਕ ਹੈ ਸਿਲ ਚਟਣ ਫਿਕੀ।
ਤਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ।
ਭੂਹ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।
ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।
ਦੂਆ ਤੀਆ ਵੀਸਰੈ ਸਣ ਕਕਾ ਕਿਕੀ।
ਸਭੇ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ।੨।'

[ਵਾਰ ੯, ਪਉੜੀ ੨, ਭਾਈ ਗੁਰਦਾਸ ਜੀ

ਪਰ ਗੁਰੂ ਪਿਆਰਿਆਂ ਨੂੰ ਸਿਖੀ ਵਿਚ ਅਨੰਦ ਆਉਂਦਾ ਹੈ। ਉਹ ਇਸ ਦੀ ਸਿੱਕ ਵਿਚ ਸੁਖ ਸਮਝਦੇ ਹਨ। ਉਨ੍ਹਾਂ ਨੂੰ ਇਸ ਘਾਲ ਸਦਕੇ 'ਸਹਜ' ਅਰਥਾਤ ਆਤਮਾ ਦਾ ਇਕ ਪੂਰਨ ਟਿਕਾਉ ਮਿਲ ਜਾਂਦਾ ਹੈ। ਉਨ੍ਹਾਂ ਦੇ ਮਨ ਦੀ ਤ੍ਰਿਸ਼ਨਾ

---

੧. ਗੁਰਸਿਖੀ ਬਹੁਤ ਬ੍ਰੀਕ ਹੈ, ਇਹ ਪਹਿਲੋਂ ਅਲੂਣੀ ਸਿਲ ਦੇ ਚੱਟਣ ਵਾਂਙ ਫਿਕੀ ਹੈ। ਇਹ ਖੰਡੇ ਦੀ ਧਾਰ ਵਾਂਗੂੰ ਤਿੱਖੀ ਅਤੇ ਵਾਲ ਨ ਲੋਂ ਵੀ ਨਿੱਕੀ ਹੈ। ਭੂਤ ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਵਿਖੇ ਇਸ ਸਿੱਖੀ ਦੇ ਬਰਾਬਰ ਜੇ ਕੁਝ ਮੇਚੀਏ ਤਾਂ ਮਿਚ ਨਹੀਂ ਸਕਦਾ। ਇਸ ਸਿਖੀ ਦੇ ਘਰ ਵਿਚ ਦਵੈਤ ਨਾਸ ਹੁੰਦੀ ਹੈ ਤੇ 'ਇਕੋ ਇਕ' ਹੋ ਜਾਈਦਾ ਹੈ। ਦਵੈਤ ਤੇ ਤਿੰਨ ਗੁਣ ਅਤੇ ਹੋਰ ਨੀਵੇਂ ਝੇੜੇ, ਕਦ, ਕਾਹਨੂੰ, ਕਿੱਥੇ, ਕੀ ਆਦਿ, ਸਾਰੇ ਵਿਸਰ ਜਾਂਦੇ ਹਨ। ਸਿਖੀ ਦੀ ਇਕੋ ਸਿੱਕ ਵਿਚ ਸੁਖ ਹੈ, ਜਿਸ ਲਈ ਹੋਰ ਸਭ ਸਿਕਾਂ ਨੂੰ ਦੂਰ ਕਰਨ ਦੀ ਲੋੜ ਹੈ।

Sri Satguru Jagjit Singh Ji eLibrary NamdhariElibrary@gmail.com

ਮੁਕ ਜਾਂਦੀ ਹੈ, ਭਟਕਣ ਬੰਦ ਹੋ ਜਾਂਦੀ ਹੈ ਅਤੇ ਆਪਣੇ ਨਿੱਜ ਘਰ ਵਿਚ ਨਿਵਾਸ ਹੋ ਜਾਂਦਾ ਹੈ :—

'[1]ਗੁਰਮੁਖਿ ਸਚਾ ਪੰਥ ਹੈ
ਸਿਖੁ ਸਹਜ ਘਰਿ ਜਾਇ ਖਲੋਵੈ ॥'
[ਵਾਰ ੨੯, ਪਉੜੀ ੯, ਭਾਈ ਗੁਰਦਾਸ ਜੀ

ਅਸਲ ਵਿਚ ਹੁਕਮ ਤਾਂ ਸਭ ਥਾਈਂ ਉਸੇ ਵਾਹਿਗੁਰੂ ਦਾ ਹੀ ਚਲਦਾ ਹੈ ਪਰ ਗੁਰਸਿਖ ਉਸ ਨੂੰ ਪ੍ਰਗਟ ਤੌਰ ਤੇ ਖੁਸ਼ੀ ਨਾਲ ਮੰਨ ਲੈਂਦੇ ਹਨ ਜਦੋਂ ਕਿ ਦੂਜੇ ਉਸ ਵਾਹਿਗੁਰੂ ਦੇ ਹੁਕਮ ਨੂੰ ਅਗਿਆਨਤਾ ਵਿਚ ਰੋਂਦੇ ਕੁਰਲਾਉਂਦੇ ਮੰਨਦੇ ਹਨ । ਤਨ, ਮਨ ਤੇ ਧਨ ਤਾਂ ਵਾਹਿਗੁਰੂ ਜੀ ਦਾ ਪਹਿਲੋਂ ਹੀ ਹੈ ਕਿਉਂਜੋ ਉਸ ਦੇ ਹੁਕਮ ਬਿਨਾਂ ਕੁਝ ਹੁੰਦਾ ਹੀ ਨਹੀਂ ਅਰਥਾਤ ਉਸ ਦਾ ਭੇਜਿਆ ਜੀਵ ਆ ਗਿਆ ਹੈ ਤੇ ਉਸ ਦੇ ਸੱਦਣ ਤੇ ਉਸ ਨੇ ਉਠ ਜਾਣਾ ਹੈ; ਫਿਰ ਦੁਖ ਸੁਖ ਵੀ ਲਿਖੇ ਅਨੁਸਾਰ ਹੀ ਪ੍ਰਾਪਤ ਹੋਣੇ ਹਨ, ਯਥਾ—'ਮਿਰਤੁ[2] ਦੂਖ ਸੂਖ ਲਿਖਿ ਪਾਇ ਤਿਲੁ ਨਹੀ ਬਧਹਿ ਘਟਹਿ ਨ ਘਟਾਇ ॥' ਸੰਗੀ ਸਾਥੀ, ਰਿਸ਼ਤੇਦਾਰ ਇਤਿ ਆਦਿ, ਸਭ ਉਸ ਦੇ ਹੁਕਮ ਅਨੁਸਾਰ ਹੀ ਪ੍ਰਾਪਤ ਹੋਏ ਹਨ ਤੇ ਤੁਰ ਜਾਣੇ ਹਨ, ਇਸ ਜੀਵ ਨੂੰ ਤਾਂ ਕਿਸੇ ਨੇ ਪੁਛਣਾ ਵੀ ਨਹੀਂ ਜੇ ਵਾਸਤਵ ਵਿਚ ਇਹ ਸਭ ਕੁਝ ਪਹਿਲੋਂ ਹੀ ਵਾਹਿਗੁਰੂ ਜੀ ਦਾ ਹੈ ਤਾਂ ਕਿਉਂ ਨਾ ਸੂਰਮਿਆਂ ਵਾਂਙੂ ਉਸੇ ਨੂੰ ਇਹ ਸਭ ਕੁਝ ਸਉਂਪ ਕੇ ਕੋਈ ਉਚੇਰਾ ਜੀਵਨ ਗ੍ਰਹਿਣ ਕੀਤਾ ਜਾਵੇ ਜੋ ਕਲਿਆਣਕਾਰੀ ਹੋਵੇ ; ਨਹੀਂ ਤਾਂ ਜਨਮ ਮਰਨ ਦੇ ਗੇੜ ਵਿਚ ਤਾਂ ਇਹ ਜੀਵ ਪਿਆ ਹੋਇਆ ਹੀ ਹੈ ।

ਉਹ ਵਡਭਾਗੀ ਜੀਵ ਹਨ ਜੋ ਗੁਰੂ ਦੀ ਸ਼ਰਨ ਆਉਂਦੇ ਹਨ, ਗੁਰ ਮਰਿਆਦਾ ਅਨੁਸਾਰ ਪੰਜਾਂ ਪਿਆਰਿਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੇਸ਼ ਹੁੰਦੇ ਤੇ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਆਪਣਾ ਨਾਮ ਗੁਰੂ ਦੀ ਲਿਸਟ ਵਿਚ ਦਰਜ ਕਰਵਾਉਂਦੇ ਹਨ ਅਤੇ ਫਿਰ ਜੋ ਪੰਜਾਂ ਪਿਆਰਿਆਂ ਵਲੋਂ

---

੧. ਗੁਰਮੁਖਾਂ ਦਾ ਰਸਤਾ ਸੱਚਾ ਹੈ, ਕਿਉਂਜੋ ਜਿਹੜਾ ਸਿਖ ਇਸ ਰਸਤੇ ਤੇ ਚਲਦਾ ਹੈ, ਉਹ ਸਹਜਪਦ ਵਿਚ ਪਹੁੰਚ ਜਾਂਦਾ ਹੈ

੨. ਮੌਤ

Sri Satguru Jagjit Singh Ji eLibrary NamdhariElibrary@gmail.com

ਗੁਰੂ ਦੀ ਦੀਖਿਆ ਦੁਹਰਾਈ ਜਾਂਦੀ ਹੈ ਜਾਂ ਮਿਲਦੀ ਹੈ, ਉਸ ਨੂੰ ਧਾਰਨ ਕਰਦੇ ਹਨ। ਗੁਰੂ-ਦੀਖਿਆ ਵਿਚ ਕਕਾਰਾਂ ਦੀ ਬਾਹਰਲੀ ਰਹਿਤ ਅਤੇ ਗੁਰਮੰਤਰ*, ਮੂਲ ਮੰਤਰ** ਤੇ ਪੰਜ ਬਾਣੀਆਂ ਅਤੇ ਹੋਰ ਉਪਦੇਸ਼ਾਂ ਦੀ ਅੰਦਰਲੀ ਰਹਿਤ ਜੋ ਪੰਜਾਂ ਪਿਆਰਿਆਂ ਦੁਆਰਾ ਝੋਲੀ ਪੈਂਦੀ ਹੈ, ਦੋਵੇਂ ਆਉਂਦੀਆਂ ਹਨ ਅਤੇ ਉਹ ਦੋਹਾਂ ਤੇ ਇਕਸਾਰ ਪਹਿਰਾ ਦਿੰਦੇ ਹਨ। ਇਸ ਤਰ੍ਹਾਂ ਉਹ ਵਾਹਿਗੁਰੂ ਜੀ ਦਾ ਮਨ ਕਰਕੇ, ਬਚਨਾਂ ਦੁਆਰਾ ਸਿਮਰਨ ਕਰਦੇ ਹਨ :—

'[1]ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ
ਸਰਬ ਫਲਾ ਸੋਈ ਜਨੁ ਪਾਏ ॥'

[ਸੂਹੀ ਮ: ੫–੭੬੦

ਗੁਰੂ ਰਾਮਦਾਸ ਜੀ ਨਾਮ ਜਪਣ ਤੇ ਬਾਣੀ ਪੜ੍ਹਨ ਸਬੰਧੀ ਗੁਰਸਿਖ ਪ੍ਰਤੀ ਇਹ ਹੁਕਮ ਦਿੰਦੇ ਹਨ :—

'ਗੁਰ ਸਤਿਗੁਰ ਕਾ ਜੋ ਸਿਖ ਅਖਾਏ
ਸੁ ਭਲਕੇ[2] ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨ ਕਰੇ ਅੰਮ੍ਰਿਤਸਰਿ[3] ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪ ਜਾਪੈ
ਸਭਿ ਕਿਲਵਿਖ[4] ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ॥
ਬਹਿਦਿਆ ਉਠਦਿਆ ਹਰਿਨਾਮੁ ਧਿਆਵੈ ॥

---

* ਗੁਰ ਮੰਤਰ–'ਵਾਹਿਗੁਰੂ'

** ਮੂਲ ਮੰਤਰ—ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।

੧. ਮਨ, ਬਚਨ ਅਤੇ ਕਰਮਾਂ ਕਰਕੇ; ਖਿਆਲ ਬੋਲ ਅਤੇ ਅਮਲਾਂ ਰਾਹੀਂ

੨. ਸਵੇਰੇ, ਅੰਮ੍ਰਿਤ ਵੇਲੇ

੩. ਸਤਿਸੰਗਤ ਵਿਚ, ਜੋ ਅੰਮ੍ਰਿਤ ਦਾ ਸਰੋਵਰ ਹੈ

੪. ਪਾਪ

Sri Satguru Jagjit Singh Ji eLibrary NamdhariElibrary@gmail.com

[1]ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰ ਸਿਖ ਗੁਰੂ ਮੰਨ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ ॥
ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'
[ਮਹਲਾ ੪, ਵਾਰ ਗਉੜੀ–੩੦੫-੬

ਨਾਮ ਨਾਲ ਇਹ ਪਿਆਰ ਸਤਿ ਸੰਗਤ ਵਿਚ ਜਾ ਕੇ ਬਹੁਤ ਪਕਦਾ ਹੈ ਕਿਉਂਜੋ ਉਥੇ ਗੁਰੂ ਦੇ ਪਿਆਰ ਵਾਲਿਆਂ ਸਿਖਾਂ ਦੀਆਂ ਜੀਵਨ-ਛੋਹਾਂ ਮਿਲਦੀਆਂ ਹਨ। ਤਦੇ ਹੀ ਸਿਖਾਂ ਨੂੰ ਗੁਰ-ਉਪਦੇਸ਼ ਸਤਿਸੰਗ ਵਿਚ ਬੈਠ ਕੇ ਸੁਣਨ ਦਾ ਹੁਕਮ ਹੈ। ਉਥੇ ਬੈਠ ਕੇ ਕੀਤੀ ਸ਼ਬਦ ਦੀ ਘਾਲ ਵਧੇਰੇ ਰੰਗ ਚਾੜ੍ਹਦੀ ਹੈ :—

'[2]ਗੁਰੁਸਿਖੀ ਦਾ ਸਿਖਣਾ
ਸਬਦਿ ਸੁਰਤਿ ਸਤਿਸੰਗਤਿ ਸਿਖੈ।
... ... ... ... ... ...
[3]ਸਾਧ ਸੰਗਤਿ ਗੁਰ ਸਬਦੁ ਸੁਣਿ
ਨਾਮ ਦਾਨੁ ਇਸਨਾਨੁ ਸਰਿਖੈ ॥੨॥'
[ਵਾਰ ੨੮, ਪਉੜੀ ੫, ਭਾਈ ਗੁਰਦਾਸ ਜੀ

ਗੁਰਸਿਖ ਨੂੰ ਆਪਣੇ ਗੁਰੂ ਦੇ ਉਪਦੇਸ਼ ਸੁਣ ਕੇ ਖੁਸ਼ੀ ਹੁੰਦੀ ਹੈ ਅਤੇ ਉਸ ਦਾ ਮਨ ਖਿੜਦਾ ਹੈ। ਉਹ ਉਪਦੇਸ਼ ਮਨ ਤੇ ਤਨ ਕਰਕੇ ਮੰਨਦਾ ਹੈ ਅਤੇ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ :—

'ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ [4]ਸਿਖੀ ਕੰਨੇ ॥

---

੧. ਜੋ ਸੁਆਸ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ ਹਰਦਮ ਯਾਦ ਕਰਦਾ ਹੈ
੨. ਸਤਿਸੰਗ ਵਿਚ ਸ਼ਬਦ ਸੁਰਤ ਦੀ ਪ੍ਰੀਤ ਨੂੰ ਸਿਖਣਾ ਗੁਰਸਿਖੀ ਦਾ ਸਿਖਣਾ ਹੈ
੩. ਸਤਿਸੰਗਤ ਵਿਖੇ ਗੁਰ ਸ਼ਬਦ ਨੂੰ ਸੁਣ ਕੇ ਨਾਮ, ਦਾਨ, ਇਸ਼ਨਾਨ ਸੇਵੇ ਅਰਥਾਤ ਕਮਾਵੇ
੪. ਸਿਖਾਂ ਨੇ ਕੰਨਾਂ ਨਾਲ

Sri Satguru Jagjit Singh Ji eLibrary NamdhariElibrary@gmail.com

ਜਿਨ ਸਤਿਗੁਰ ਕਾ ਭਾਣਾ ਮੰਨਿਆ
ਤਿਨ [1]ਚੜੀ ਚਵਗਣਿ ਵੰਨੇ ॥
ਇਹ ਚਾਲ ਨਿਰਾਲੀ ਗੁਰਮੁਖੀ
ਗੁਰ ਦੀਖਿਆ[2] ਸੁਣਿ ਮਨੁ ਭਿੰਨੇ[3] ॥'

[ਗਉੜੀ ਕੀ ਵਾਰ, ਪਉੜੀ ੪–੩੧੪

ਜੋ ਸਿਖ, ਅੰਮ੍ਰਿਤਧਾਰੀ ਤਾਂ ਹੋ ਜਾਂਦੇ ਹਨ ਪਰ ਗੁਰੂ ਦਾ ਹੁਕਮ ਨਹੀਂ ਮੰਨਦੇ, ਉਨ੍ਹਾਂ ਸਬੰਧੀ ਗੁਰੂ ਜੀ ਨੇ ਕਿਹਾ ਹੈ ਕਿ ਉਹ ਸਾਡੇ ਨਾਲ ਮਿਲ ਨਹੀਂ ਸਕਦੇ। ਅਜਿਹੇ ਸਿਖ ਗੁਰੂ ਅਤੇ ਅਕਾਲ ਪੁਰਖ ਤੋਂ ਵਿਛੜ ਕੇ ਸੱਟਾਂ ਹੀ ਖਾਣਗੇ :—

' [4]ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ
ਵਿਛੁੜਿ ਚੋਟਾ ਖਾਵੈ ॥'

[ਸੋਰਠਿ ਮ: ੩–੬੦੧

ਜਿਉਂ ਜਿਉਂ ਗੁਰਸਿਖ ਦਾ ਮਨ, ਨਾਮ ਜਪਦਾ ਹੈ ਉਸ ਦਾ ਪ੍ਰਭਾਵ ਉਸ ਦੇ ਚਿਹਰੇ, ਸਰੀਰ ਅਤੇ ਆਲੇ ਦੁਆਲੇ ਅਰਥਾਤ ਸਾਰੇ ਸੰਸਾਰ ਤੇ ਪੈਂਦਾ ਹੈ। ਇਕ ਸਮਾਂ ਅਜਿਹਾ ਆ ਜਾਂਦਾ ਹੈ ਜਦੋਂ ਇਹੀ ਮਨ ਪ੍ਰਫੁਲਤ, ਤੇ ਅਡੋਲ ਹੋ ਕੇ ਸਦੀਵੀ ਖੇੜੇ ਵਿਚ ਚਲਾ ਜਾਂਦਾ ਹੈ। ਅਜਿਹੇ ਮਨ ਵਿਚ ਵਾਹਿਗੁਰੂ ਪ੍ਰਗਟ ਹੁੰਦਾ ਹੈ, ਜੋ ਨਿਰਸੰਦੇਹ, ਉਸ ਦੇ ਸਾਰੇ ਅੰਗਾਂ, ਸਾਰੇ ਕਰਮਾਂ, ਸਾਰੀਆਂ ਹਰਕਤਾਂ ਵਿਚੋਂ ਦੀ ਆਪਣੀ ਹੋਂਦ ਦੇ ਫਰਾਟੇ ਮਾਰਦਾ ਹੈ। ਐਸੇ ਮਨ ਦਾ ਨਾਮ ਖਾਲਸਾ, ਬ੍ਰਹਮ ਗਿਆਨੀ, ਸਾਧ, ਸੰਤ, ਸਿਖ ਪੈ ਗਿਆ ਹੈ। ਉਹ ਪੂਰਨ ਸਹਜ ਵਿਚ ਹੁੰਦਾ ਹੈ ਅਤੇ ਮਾਇਆ ਦਾ ਅਸਰ ਬਿਲਕੁਲ ਨਹੀਂ ਕਬੂਲਦਾ। ਕਈ ਜੁਗ

---

੧. ਚੌਗਣ ਵੰਨ (ਰੰਗ) ਚੜ੍ਹਿਆ
੨. ਗੁਰ ਉਪਦੇਸ
੩. ਭਿੱਜਦਾ ਹੈ
੪. ਓਹੀ (ਚੰਗਾ) ਸਿਖ ਹੈ ਅਤੇ ਸਾਡਾ (ਸੱਚਾ) ਮਿਤ੍ਰ ਤੇ ਰਿਸ਼ਤੇਦਾਰ ਹੈ ਜਿਹੜਾ ਗੁਰੂ ਦੀ ਰਜ਼ਾ ਵਿਚ ਚਲਦਾ ਹੈ। ਜੋ ਆਪਣੀ ਮਰਜ਼ੀ ਉੱਤੇ ਚਲਦਾ ਹੈ, ਉਹ ਹਰੀ ਤੋਂ ਵਿਛੜ ਕੇ ਦੁਖ ਪਾਉਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਸਿਮਰਨ ਕਰਨ ਨਾਲ ਅਜਿਹਾ ਸਿਖ ਬਣਦਾ ਹੈ ਜਿਸ ਦਾ ਨਾਂ ਗੁਰੂ ਪਿਆ ਹੈ। ਗੁਰਮਤਿ ਵਿਚ ਅਜਿਹਾ ਸਿਖ ਸੰਤ-ਸਿਪਾਹੀ ਹੈ, ਉਹ ਸਿਖੀ ਦੀ ਸੰਭਾਲ ਵੀ ਕਰਦਾ ਹੈ ਅਤੇ ਜਦੋਂ ਹੋਰ ਸਾਧਨ ਖਤਮ ਹੋ ਜਾਣ ਤਾਂ ਇਸ ਦੀ ਰਾਖੀ ਲਈ ਸ਼ਸਤਰ ਨੂੰ ਵੀ ਸੂਤ ਲੈਂਦਾ ਹੈ :—

'[1]ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਸ਼ਮਸ਼ੀਰਿ ਦਸਤ।'

[ਜ਼ਫਰਨਾਮਹ, ਪਾ: ੧੦

ਪਰ ਅਜਿਹੇ ਸਮੇਂ ਵੀ ਆਪਣੇ ਅੰਦਰ ਉਹ ਦਵੈਤ ਪੈਦਾ ਨਹੀਂ ਕਰਦਾ। ਉਹ 'ਇਕੇ' ਵਿਚ ਹੀ ਹੁੰਦਾ ਹੈ ਤੇ 'ਇਕੇ' ਦੀ ਹੀ ਖੇਡ ਖੇਡਦਾ ਹੈ। ਗੁਰੂ ਕਾ ਸਿਖ ਨਾ ਕਿਸੇ ਕੋਲੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ :—

'[2]ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥'

[ਸਲੋਕ ਮ: ੯–੧੪੨੭

ਉਸ ਦੇ ਮਨ ਅੰਦਰ ਅਤੀ ਨਿੰਮਰਤਾ ਹੁੰਦੀ ਹੈ ਅਤੇ ਉਹ ਪਰਉਪਕਾਰ ਨੂੰ ਸਦਾ ਲੋਚਦਾ ਰਹਿੰਦਾ ਹੈ। ਅਜਿਹੀ ਨਿੰਮਰਤਾ ਤੇ ਪਰਉਪਕਾਰ ਦੀ ਤਸਵੀਰ ਭਾਈ ਗੁਰਦਾਸ ਜੀ ਇਉਂ ਪੇਸ਼ ਕਰਦੇ ਹਨ :—

'[3]ਧਰਤੀ ਪੈਰਾ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।

---

੧. ਜਦੋਂ (ਨੀਤੀ ਦੇ) ਹੋਰ ਸਾਰੇ ਚਾਰਿਆਂ ਤੋਂ ਗਲ ਲੰਘ ਜਾਏ ਤਾਂ ਤਲਵਾਰ ਤੇ ਹੱਥ ਧਰਨਾ (ਭਾਵ ਲੜਨਾ) ਯੋਗ ਹੈ

੨. ਕਿਸੇ ਨੂੰ ਭੈ ਨਹੀਂ ਦਿੰਦਾ ਅਤੇ ਨਾ ਹੀ ਹੋਰ ਕਿਸੇ ਦਾ ਭੈ ਮੰਨਦਾ ਹੈ

੩. ਧਰਤੀ ਪੈਰਾਂ ਹੇਠਾਂ ਰਹਿੰਦੀ ਹੈ ਅਤੇ ਪਾਣੀ ਉਸ ਤੋਂ ਨੀਵੀਂ ਥਾਂ, ਉਸ ਦੇ ਹੇਠ, ਵਸਦਾ ਹੈ। ਪਾਣੀ ਨੀਵੀਂ ਥਾਂ ਵਲ ਨੂੰ ਜਾਂਦਾ ਹੈ; ਪ੍ਰਾਣੀਆਂ ਦੀ ਮੈਲ ਲਾਹ ਕੇ ਉਨ੍ਹਾਂ ਨੂੰ ਨਿਰਮਲ ਅਤੇ ਸੁਧ ਕਰਦਾ ਹੈ। ਫੇਰ ਉਹ ਇਕ ਰੰਗ ਹੁੰਦੇ ਹੋਏ ਬਹੁਰੰਗੀ ਹੋ ਜਾਂਦਾ ਹੈ ਪਰ ਸਭਨਾਂ ਸਕਲਾਂ ਤੇ ਬਰਤਨਾਂ ਵਿਚ ਇਕੋ ਜੇਹਾ ਜਾਣੀਦਾ ਹੈ। ਜੇ ਧੁੱਪ ਹੋਵੇ ਤਾਂ ਤੱਤਾ ਅਤੇ ਛਾਂ ਹੋਵੇ ਤਾਂ ਠੰਢਾ ਹੁੰਦਾ ਹੈ ਅਤੇ ਇਸ ਤਰ੍ਹਾਂ ਜਿਹੋ ਜਿਹਾ ਹਾਣੀ ਹੋਵੇ ਤਿਹੋ ਜਿਹਾ ਵਰਤਦਾ ਹੈ। ਗੱਲ ਕੀ ਉਹ ਤਪਣ ਅਤੇ ਸੀਤਲ ਹੋਣ ਵਿਚ ਪਰ–ਉਪਕਾਰ ਵਿਖੇ ਹੀ ਲਗਦਾ ਹੈ। ਤੱਤਾ ਹੁੰਦਾ ਵੀ ਅੱਗ ਬੁਝਾ ਦਿੰਦਾ ਹੈ; ਉਹ→

Sri Satguru Jagjit Singh Ji eLibrary NamdhariElibrary@gmail.com

ਪਾਣੀ ਚਲੈ ਨਿਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।
ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ।
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ।
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੇ ਬਿਲਮੁ ਨ ਆਣੀ।
ਗੁਰ ਸਿਖੀ ਦੀ ਏਹ ਨਿਸਾਣੀ।

[ਵਾਰ ੨੯, ਪਉੜੀ ੧੩, ਭਾਈ ਗੁਰਦਾਸ ਜੀ

ਗੁਰਸਿਖਾਂ ਨਾਲ ਪਿਆਰ ਕਰਨਾ ਗੁਰੂ ਨਾਲ ਪਿਆਰ ਕਰਨਾ ਹੈ ਕਿਉਂਜੋ ਗੁਰਸਿਖ ਗੁਰੂ ਦਾ ਹੀ ਰੂਪ ਹੁੰਦਾ ਹੈ। ਸਿਖੀ-ਪਿਆਰ ਦਾ ਪ੍ਰਗਟਾ ਇਵੇਂ ਹੀ ਕਰਨਾ ਦਸਿਆ ਹੈ। ਗੁਰਸਿਖੀ ਦੀ ਪੂਜਾ ਗੁਰਸਿਖ ਦੀ ਪੂਜਾ ਹੈ। ਇਸ ਤੇ ਗੁਰੂ ਬਹੁਤ ਪ੍ਰਸੰਨ ਹੁੰਦਾ ਹੈ ਤੇ ਅੰਮ੍ਰਿਤ-ਰਸ ਦੀ ਦਾਤ ਦਿੰਦਾ ਹੈ :—

'ਗੁਰ ਸਿਖੀ ਦਾ ਪੂਜਣਾ ਗੁਰ ਸਿਖ ਪੂਜ ਪਿਰਮ ਰਸ ਭੋਵੈ[੧] ॥'

[ਵਾਰ ੨੯, ਪਉੜੀ ੯, ਭਾਈ ਗੁਰਦਾਸ ਜੀ

ਅਤੇ

' [੨]ਮੈ ਬਧੀ ਸਚੁ ਧਰਮਸਾਲ ਹੈ ॥ [੩]ਗੁਰੁਸਿਖਾ ਲਹਦਾ ਭਾਲਿਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥'

[ਸਿਰੀ ਰਾਗੁ ਮ: ੫–੭੩

---

← ਅਸਲ ਵਿਚ ਠੰਢਾ ਹੀ ਹੈ, ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ (ਅਰਥਾਤ ਜੇ ਉਹ ਅੱਗ ਦਾ ਤੱਤੇ ਹੋਣ ਦਾ ਸੁਭਾ ਰਖਦਾ ਹੁੰਦਾ ਤਾਂ ਅੱਗ ਬੁਝ ਨਹੀਂ ਸੀ ਸਕਦੀ) ਗੁਰ ਸਿਖਾਂ ਦੀ ਵੀ ਇਹੋ ਨਿਸ਼ਾਨੀ ਹੈ। ਉਹ ਪਾਣੀ ਵਾਂਙ ਕਿਸੇ ਵੀ ਹਾਲਤ ਵਿਚ ਹੋਣ, ਪਰਉਪਕਾਰ ਕਰਨੋਂ ਆਲਸ ਨਹੀਂ ਕਰਦੇ। ਸਭ ਨੂੰ ਏਕੋ ਦੀ ਛੁਹ ਦਿੰਦੇ ਹਨ, ਨਿਰਮਲ ਕਰਦੇ ਹਨ ਪਰ ਹਉਂ ਨਹੀਂ ਕਰਦੇ, ਸਾਰਿਆਂ ਦੀ ਰੇਣ ਬਣ ਕੇ ਰਹਿੰਦੇ ਹਨ||

੧. ਭਿਉਣਾ, ਤਰ ਕਰਨਾ
੨. ਮੈਂ ਸੱਚ ਰੂਪ ਧਰਮ-ਸ਼ਾਲਾ (ਧਰਮ ਕਮਾਉਣ ਦੀ ਥਾਂ) ਕਾਇਮ ਕੀਤੀ ਹੈ
੩. ਗੁਰਸਿਖਾਂ ਨੂੰ ਟੋਲ ਟੋਲ ਕੇ ਲਭਦਾ ਹਾਂ (ਉਸ ਧਰਮ ਦੇ ਕੇਂਦਰ ਵਿਚ ਇਕੱਠੇ ਕਰਨ ਲਈ)

Sri Satguru Jagjit Singh Ji eLibrary NamdhariElibrary@gmail.com

ਅਤੇ

'ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥
ਮੀਨੇ[1] ਪ੍ਰੀਤਿ ਭਈ ਜਲਿ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥'
[ਗਉੜੀ ਗੁਆਰੇਰੀ ਮ: ੪–੧੬੪

ਗੁਰਸਿਖ ਮਾਨ-ਅਪਮਾਨ ਵਿਚ ਨਹੀਂ ਫਸਦਾ। ਜੋ ਮਾਨ-ਅਪਮਾਨ ਵਿਖੇ ਆਉਂਦਾ ਹੈ ਤੇ ਹੱਥੀਂ ਸੇਵਾ ਨਹੀਂ ਕਰਦਾ ਜਾਂ ਆਪਣੇ ਆਪ ਨੂੰ ਵਡਾ ਸਮਝਦਾ ਹੈ, ਉਸ ਸਬੰਧੀ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਸਾਡਾ ਸਿਖ ਹੀ ਨਹੀਂ:–

'ਮਾਨ ਅਭਿਮਾਨ[2] ਮੰਧੇ ਸੋ ਸੇਵਕੁ ਨਾਹੀ॥
[3]ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥'
[ਸਿਰੀ ਰਾਗੁ ਮ: ੫–੫੧

ਗੁਰਸਿਖ ਮਨੋ ਨਿਸ਼ਕਾਮ ਹੁੰਦਾ ਹੈ। ਉਸ ਦੀ ਆਪਣੀ ਕੋਈ ਮੰਗ ਨਹੀਂ ਹੁੰਦੀ। ਦੂਜੇ ਭਾਵ ਤੋਂ ਉਹ ਸੰਕੋਚ ਕਰਦਾ ਹੈ ਅਤੇ ਜੋ ਗੁਰੂ ਆਪ ਤ੍ਰੁਠ ਕੇ ਦਿੰਦਾ ਹੈ, ਉਹ ਲੈਂਦਾ ਹੈ :—

'ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰ ਸਿਖੁ ਮੰਗੈ।
ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੈ ਟੰਗੈ।
ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ।
ਲਖ ਪਾਰਸ ਲਖ ਪਾਰਜਾਤ ਹਥ ਨ ਛੁਹਦਾ ਫਲ ਨ ਅਭੰਗੈ।
ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ।
ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ।
ਗੁਰ ਸਿਖ ਦੂਜੇ ਭਾਵਹੁ ਸੰਗੈ ।੨।'
[ਵਾਰ ੨੯, ਪਉੜੀ ੨, ਭਾਈ ਗੁਰਦਾਸ ਜੀ

---

੧. ਮੱਛੀ

੨. ਅਪਮਾਨ। ਜੋ ਵਡਿਆਈ ਦੀ ਖਾਹਿਸ਼ ਜਾਂ ਨਿਰਾਦਰੀ ਦਾ ਡਰ ਰਖਦਾ ਹੈ, ਉਹ ਸੇਵਕ ਨਹੀਂ ਹੈ

੩. ਤੱਤ-ਦਰਸੀ ਅਤੇ ਸਮਦਰਸੀ। ਅਸਲੀਅਤ ਨੂੰ ਵੇਖਣ ਵਾਲਾ ਅਤੇ ਸਭ ਨੂੰ ਇਕ ਨਜ਼ਰ ਨਾਲ ਵੇਖਣ ਵਾਲਾ ਕ੍ਰੋੜਾਂ ਵਿਚੋਂ ਕਿਤੇ ਇਕ ਹੈ

Sri Satguru Jagjit Singh Ji eLibrary NamdhariElibrary@gmail.com

ਭਾਵ ਅਰਥ ਇਹ ਕਿ ਚਾਰ ਪਦਾਰਥ—ਧਰਮ, ਅਰਥ, ਕਾਮ ਤੇ ਮੋਖ—ਸਤਿਗੁਰੂ ਜੀ ਤਾਂ ਦਿੰਦੇ ਹਨ ਪਰੰਤੂ ਗੁਰਸਿਖ ਨਹੀਂ ਮੰਗਦਾ। ਅੱਠ ਸਿੱਧੀਆਂ ਨੌਂ ਨਿਧਾਂ, ਅਠਾਰਾਂ ਰਿਧੀਆਂ, ਗੁਰਸਿਖ ਲੋੜ ਵੇਲੇ ਵੀ ਨਹੀਂ ਮੰਗਦਾ (ਅਥਵਾ 'ਢਾਕੇ ਟੰਗੈ', ਪਿਛੇ ਨਹੀਂ ਟੰਗਦਾ ਭਾਵ ਪੱਲੇ ਨਹੀਂ ਬੰਨ੍ਹਦਾ)। ਗੁਰਸਿਖ ਨੂੰ ਲੱਖਾਂ ਕਾਮਧੇਨਾਂ ਤੇ ਲਖਮੀਆਂ ਕਈ ਸ੍ਰੇਸ਼ਟ ਢੰਗਾਂ ਨਾਲ ਵੀ ਮੋਹਤ ਨਹੀਂ ਕਰ ਸਕਦੀਆਂ। ਲੱਖਾਂ ਪਾਰਸਾਂ, ਲਖਾਂ ਕਲਪ ਬਿਰਛਾਂ ਦੇ 'ਅਭੰਗ' (ਸੁੰਦਰ) ਫਲਾਂ ਨੂੰ ਉਹ ਹੱਥ ਤਕ ਨਹੀਂ ਲਾਉਂਦਾ (ਅਥਵਾ ਉਹ ਜਾਣਦਾ ਹੈ ਕਿ ਇਨ੍ਹਾਂ ਦਾ ਫਲ ਅਭੰਗ ਨਹੀਂ ਹੈ ਭਾਵ ਕੁਮਲਾ ਜਾਂਦਾ ਹੈ)। ਜੋ ਤੰਤ, ਮੰਤ, ਆਦਿਕ ਲੱਖਾਂ ਪਾਖੰਡ ਕਰਦੇ ਹਨ ਉਹ ਬਾਜ਼ੀਗਰ, ਬਜ਼ਾਰੀ ਠੱਗ (ਬੇਸ਼ਰਮ) ਹਨ। ਪੀਰਾਂ ਦੀ ਮੁਰੀਦੀ ਬਹੁਤ ਹੀ ਔਖੀ ਹੈ; ਇਸ ਅੰਗਣ ਦੇ ਅੰਗ ਇਕ ਪਾਸੇ ਨਹੀਂ ਹਨ ਭਾਵ ਪੇਚ ਵਿਖੇ ਪੇਚ ਹਨ। ਗੁਰੂ ਦਾ ਸਿਖ ਦੂਜੇ ਭਾਵ ਤੋਂ ਸੰਗਦਾ ਹੈ।

ਇਸੇ ਕਰਕੇ ਗੁਰਸਿਖਾਂ ਵਿਚ ਵੱਡੇ ਛੋਟੇ ਦਾ ਦਰਜਾ ਨਹੀਂ ਹੁੰਦਾ। ਬਹੁਤੀਆਂ ਉਚੀਆਂ ਬਿਰਤੀਆਂ ਵਾਲੇ ਸਿੰਘ ਵੀ ਗੁਰੂ ਦੀ ਨਿਗ੍ਹਾ ਵਿਚ ਉਹੀ ਦਰਜਾ ਰਖਦੇ ਹਨ ਜੋ ਇਕ ਸਾਧਾਰਨ ਤਿਆਰ-ਬਰ-ਤਿਆਰ ਸਿਖ ਦਾ ਦਰਜਾ ਹੈ। ਉਚੀਆਂ ਅੱਵਸਥਾਵਾਂ ਤਾਂ ਗੁਰੂ ਦੀਆਂ ਦਾਤਾਂ ਹਨ ਜੋ ਕਿਸੇ ਘਾਲ ਕਰਕੇ ਨਹੀਂ ਮਿਲਦੀਆਂ ਸਗੋਂ ਗੁਰੂ ਦੀ ਕ੍ਰਿਪਾ ਸਦਕੇ ਹੀ ਕੇਵਲ ਮਿਲਦੀਆਂ ਹਨ। ਪਿਰੀ-ਪਿਆਰ ਜੋ ਸਿਖੀ ਦਾ ਸਭ ਤੋਂ ਵੱਡਾ ਫਲ ਹੈ, ਉਸ ਸਬੰਧੀ ਗੁਰੂ ਸਾਹਿਬ ਫੁਰਮਾਉਂਦੇ ਹਨ :—

'ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥'

[ਸਲੋਕ ਮ: ੪—੧੪੨੨

ਅਤੇ

'ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ'।'

[ਵਡਹੰਸੁ ਮ: ੧—੫੬੬

ਜੋ ਸਿਖ ਆਪਣੇ ਆਪ ਨੂੰ ਵੱਡਾ ਸਮਝਦਾ ਹੈ, ਉਹ ਮਾਨੋਂ ਅਜੇ ਗੁਰਸਿਖੀ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹੋਇਆ। ਗੁਰਸਿਖ ਤਾਂ ਸਦਾ ਗੁਰੂ ਅੱਗੇ ਰਹਿਮ ਦੀ ਅਪੀਲ ਹੀ ਕਰਦਾ ਰਹਿੰਦਾ ਹੈ। ਬਖਸ਼ਸ਼ ਮੰਗਣੀ ਅਤੇ ਬਖਸ਼ਸ਼ ਤੇ ਟਿਕਣਾ,

Sri Satguru Jagjit Singh Ji eLibrary 	NamdhariElibrary@gmail.com

ਇਹ ਗੁਰਸਿਖ ਦਾ ਜਪ-ਤਪ ਹੈ। ਇਉਂ ਸ਼ਰਨ ਆਉਣ ਨਾਲ ਗੁਰਸਿਖ ਗੁਰੂ ਸਦਕੇ ਹੀ (ਸਿਖੀ ਦੁਆਰਾ) ਬਿਨਾਂ ਕਿਸੇ ਖਾਸ ਘਾਲ ਤੋਂ ਇਸ ਦੁੱਤਰ ਸੰਸਾਰ ਨੂੰ ਤਰ ਜਾਂਦਾ ਹੈ :—

'ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥
ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥
ਦੁਖ ਸੁਖ ਕਰਤ ਜਨਮਿ ਫੁਨਿ[1] ਮੂਆ
ਚਰਨ ਕਮਲ ਗੁਰਿ ਆਸ੍ਰਮੁ[2] ਦੀਆ ॥ ੩ ॥
ਅਗਨਿ ਸਾਗਰ ਬੂਡਤ ਸੰਸਾਰਾ ॥
ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ[3] ॥੪॥'

[ਬਿਲਾਵਲੁ ਮ: ੫—੮੦੪

ਗੁਰਸਿਖ ਦਾ ਗੁਰੂ ਹਰ ਥਾਂ ਭਰਪੂਰ ਹੈ। ਗੁਰੂ ਦਰਿਆਉ ਹੈ ਅਤੇ ਸਿਖ ਉਸ ਵਿਚ ਮੀਨ ਵਾਂਙ ਰਹਿੰਦਾ ਹੈ ਅਰਥਾਤ ਉਸ ਦਾ ਗੁਰੂ ਨਾਲ ਅਤੁੱਟ ਪਿਆਰ ਹੁੰਦਾ ਹੈ ਜਿਸ ਕਰਕੇ ਉਹ ਗੁਰੂ ਬਿਨਾਂ ਰਹਿ ਹੀ ਨਹੀਂ ਸਕਦਾ। ਇਉਂ ਗੁਰੂ ਉਸ ਦਾ ਜੀਵਨ ਆਧਾਰ ਹੈ। ਗੁਰੂ ਨੂੰ ਵੇਖ ਵੇਖ ਕੇ ਉਹ ਵਿਗਸਦਾ ਹੈ; ਗੁਰੂ ਝਿੜਕੇ ਤਾਂ ਵੀ ਗੁੱਸਾ ਨਹੀਂ ਕਰਦਾ ਸਗੋਂ ਝਿੜਕ ਨੂੰ ਆਪਣੇ ਭਲੇ ਲਈ ਸਮਝਦਾ ਹੈ ; ਸੁਖ ਦੁਖ ਦੋਵੇਂ ਉਸ ਦੀ ਕਿਰਪਾ ਸਮਝਦਾ ਹੈ। ਜੋ ਖਾਣ ਨੂੰ ਮਿਲਦਾ ਉਸ ਤੇ ਪ੍ਰਸੰਨ ਰਹਿੰਦਾ ਹੈ ; ਥੋੜ੍ਹੀ ਵਸਤ ਨੂੰ ਵੀ ਗੁਰੂ ਦੀ ਦਾਤ ਸਮਝਦਾ ਹੈ। ਗੁਰੂ ਕਿਰਪਾ ਸਦਕੇ ਹੀ ਉਸ ਨੂੰ ਨਿੰਦਿਆ ਉਸਤਤ ਦਾ ਖਿਆਲ ਨਹੀਂ ਆਉਂਦਾ। ਜੀਵ ਗੁਰੂ ਨੂੰ ਮਿਲਣ ਲਈ ਅਨੇਕਾਂ ਉਪਾਵ ਕਰਦਾ ਹੈ ਪਰ ਗੁਰੂ ਨੂੰ ਜਿਹੜਾ ਉਪਾ ਭਾਉਂਦਾ ਹੈ, ਉਸੇ ਨੂੰ ਹੀ ਥਾਇੰ ਪਾਉਂਦਾ ਹੈ। ਇਸੇ ਕਰਕੇ ਗੁਰਸਿਖ 'ਦਇਆ ਕਰਹੁ ਮੇਰੇ ਸਾਈਂ' ਹੀ ਪੁਕਾਰਦਾ ਰਹਿੰਦਾ ਹੈ :—

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ

---

੧. ਮੁੜ ਮੁੜ। ਦੁਖ ਸੁਖ ਕਰਦਿਆਂ ਮੁੜ ਮੁੜ ਜੰਮਦਾ ਤੇ ਮਰਦਾ ਸੀ ; ਹੁਣ ਗੁਰੂ ਨੇ ਚਰਨ ਕੰਵਲਾਂ ਦਾ ਟਿਕਾਣਾ ਦਿਤਾ ਹੈ

੨. ਬਿਸ੍ਰਾਮ, ਟਿਕਾਣੇ ਦੀ ਥਾਂ

੩. ਤਾਰ ਦਿਤਾ

Sri Satguru Jagjit Singh Ji eLibrary NamdhariElibrary@gmail.com

[1]ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥
ਜੇ ਸੁਖੁ ਦੇਹਿ ਤਾ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭ ਅਰਪੀ[2]
ਵਿਚਿ ਅਗਨੀ ਆਪੁ ਜਲਾਈ ॥ ੪ ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ ॥ ੬ ॥
ਅਖੀ ਕਾਢਿ ਧਰੀ ਚਰਣਾ ਤਲਿ
ਸਭ ਧਰਤੀ ਫਿਰਿ ਮਤ[3] ਪਾਈ ॥੭॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ ॥੮॥
ਜੇ ਲੋਕ ਸਲਾਹੇ ਤਾ ਤੇਰੀ ਉਪਮਾ
ਜੇ ਨਿੰਦੈ ਤ ਛੋਡਿ ਨ ਜਾਈ ॥੯॥
[4]ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ
ਤੁਧੁ ਵਿਸਰਿਐ ਮਰਿ ਜਾਈ ॥੧੦॥
ਵਾਰਿ ਵਾਰਿ ਜਾਈ ਗੁਰੁ ਊਪਰਿ ਪੈ ਪੈਰੀ
ਸੰਤ ਮਨਾਈ ॥੧੧॥

---

੧. ਮੈਂ ਉਸ ਅੱਗੇ ਆਪਣੇ ਆਪ ਨੂੰ ਵੇਚ ਦੇਵਾਂ। (ਕਿਸ ਵਾਸਤੇ ?) ਹਰੀ ਦਾ ਦਰਸ਼ਨ ਕਰਨ ਲਈ

੨. ਅਰਪਨ ਕਰਾਂ, ਪੇਸ਼ ਕਰਾਂ

੩. ਮਤੇ, ਸ਼ਾਇਦ; ਸਾਰੀ ਧਰਤੀ ਫਿਰਾਂ, ਮਤੇ ਮੇਰਾ ਮਾਲਕ ਮਿਲ ਹੀ ਪਵੇ

੪. ਜੇ ਤੇਰੇ ਨਾਲ ਬਣੀ ਰਹੇ, ਤਾਂ ਕੋਈ ਕੁਝ ਪਿਆ ਕਹੇ (ਮੈਨੂੰ ਪ੍ਰਵਾਹ ਨਹੀਂ)

Sri Satguru Jagjit Singh Ji eLibrary NamdhariElibrary@gmail.com

ਨਾਨਕੁ ਵਿਚਾਰਾ ਭਇਆ ਦਿਵਾਨਾ
ਹਰਿ ਤਉ ਦਰਸਨ ਕੈ ਤਾਈ ॥੧੨॥
[1]ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ
ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ
ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲੁ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨ ਮਰਿ ਜਾਈ ॥੧੫॥
ਜਿਉ ਧਰਤੀ [2]ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰ ਮਿਲਿ ਬਿਗਸਾਈ[3] ॥੧੬॥
[4]ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ
ਬਿਨਉ ਬੁਲਾਈ ॥੭॥

... ... ... ... ... ... ... ...

ਸਿਮਰਿ ਸਿਮਰਿ ਸਿਮਰਿ ਗੁਰ ਅਪੁਨਾ
[5]ਸੋਇਆ ਮਨੁ ਜਾਗਾਈ ॥੨੩॥
ਇਕੁ ਦਾਨੁ ਮੰਗੈ ਨਾਨਕੁ ਵੇਚਾਰਾ
ਹਰਿ ਦਾਸਨਿ ਦਾਸੁ ਕਰਾਈ ॥੨੪॥
ਜੇ ਗੁਰੁ ਝਿੜਕੇ ਤਾ ਮੀਠਾ ਲਾਗੈ
ਜੇ ਬਖਸੇ ਤਾ ਗੁਰੁ ਵਡਿਆਈ ॥੨੫॥
[6]ਗੁਰਮੁਖਿ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ॥੨੬॥

---

੧. ਜ਼ੋਰ ਦੀ ਹਵਾ; ਜਾਂ ਮੀਂਹ ਵਸਦਾ ਹੋਵੇ

੨. ਮੀਂਹ ਪੈਣ ਨਾਲ ਸੁਹਣੀ ਲਗਦੀ ਹੈ

੩. ਖੁਸ਼ ਹੁੰਦਾ ਹੈ

੪. ਤੇਰੇ ਸੇਵਕ ਦਾ ਵੀ ਸੇਵਕ ਹੋ ਕੇ ਮੈਂ ਚੱਲਾਂ

੫. ਮਾਇਆ ਦੀ ਲੋਰ ਵਿਚ ਸੁੱਤਾ ਹੋਇਆ ਮਨ

੬. ਗੁਰਮੁਖ ਜੋ ਕੁਝ ਬੋਲਦੇ ਹਨ, ਉਹ ਪਰਵਾਨ ਕਰਦਾ ਹੈ

Sri Satguru Jagjit Singh Ji eLibrary NamdhariElibrary@gmail.com

ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ
ਜਾਈ ॥੨੭॥
ਸਭੁ ਦਿਨਸੁਰੈਣਿ[1] ਦੇਖਉ ਗੁਰੁ ਅਪੁਨਾ ॥
[2]ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥
ਅਨੇਕ ਉਪਾਵ ਕਰੀ ਗੁਰ ਕਾਰਣਿ
ਗੁਰ ਭਾਵੈ ਸੋ ਥਾਇ ਪਾਈ ॥ ੨੯ ॥
ਰੈਣਿ ਦਿਨਸੁ ਗੁਰੁ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ ॥ ੩੦ ॥
[3]ਨਾਨਕ ਕਾ ਜੀਓ ਪਿੰਡੁ ਗੁਰੂ ਹੈ
ਗੁਰੁ ਮਿਲਿ [4]ਤ੍ਰਿਪਤਿ ਅਘਾਈ ॥ ੩੧ ॥
ਨਾਨਕ ਕਾ ਪ੍ਰਭੁ [5]ਪੂਰਿ ਰਹਿਓ ਹੈ
ਜਤ ਕਤ ਤਤ ਗੋਸਾਈ ॥ ੩੨ ॥
[ਸੂਹੀ ਮ: ੪–੭੫੭-੫੮

## ੩. ਖਾਲਸਾ

ਜਦੋਂ ਸਿੱਖ ਨੂੰ ਵਾਹਿਗੁਰੂ ਜੀ ਦੇ ਹੁਕਮ—'ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ'—ਦੀ ਪੂਰੀ ਸੋਝੀ ਆ ਜਾਂਦੀ ਹੈ ਤਾਂ ਉਸ ਨੂੰ ਸਭ ਪਾਸੇ ਆਤਮ-ਪਸਾਰਾ ਹੀ ਦ੍ਰਿਸ਼ਟੀ ਆਉਂਦਾ ਹੈ ਅਤੇ ਉਹ ਆਪੇ-ਆਪ ਦੀ ਖੇਡ ਵਰਤਦੀ ਅਨੁਭਵ ਕਰਦਾ ਹੈ। ਉਸ ਦੇ ਅੰਦਰ ਦੂਈ ਦੀ ਅਣਹੋਂਦ ਹੋ ਜਾਂਦੀ ਹੈ ਤੇ ਕੇਵਲ ਇਕ ਅਕਾਲ ਤੇ ਨਿਰੰਜਨੀ ਜੋਤ ਹੀ ਰਹਿ ਜਾਂਦੀ ਹੈ, ਜੋ ਸਰੀਰ ਅੰਦਰ ਤੇ ਬਾਹਰ ਇਕਸਾਰ ਵਰਤਦੀ ਹੁੰਦੀ ਹੈ। ਉਦੋਂ ਸਿਖ ਪੂਰੀ

---

੧. ਦਿਨ-ਰਾਤ, ਹਮੇਸ਼ਾ

੨. ਆਪਣੀਆਂ ਅੱਖਾਂ ਵਿਚ ਗੁਰੂ ਦੇ ਚਰਨ ਧਰਾਵਾਂ, ਭਾਵ ਆਪਣੀਆਂ ਅੱਖਾਂ ਗੁਰੂ ਦੇ ਚਰਨਾਂ ਵਿਚ ਲਾਈ ਰੱਖਾਂ ; ਹਮੇਸ਼ਾਂ ਚਰਨਾਂ ਵਿਚ ਹੀ ਧਿਆਨ ਜੋੜੀ ਰਖਾਂ

੩. ਭਾਵ ਗੁਰੂ ਹੈ ਤਾਂ ਸਾਡਾ ਤਨ ਮਨ ਹੈ, ਨਹੀਂ ਤਾਂ ਕੁਝ ਨਹੀਂ ਉਸੇ ਦੇ ਅਧਾਰ ਤੇ ਸਰੀਰ ਚਲਦਾ ਤੇ ਜਿੰਦ-ਜਾਨ ਕਾਇਮ ਹੈ

੪. ਰੱਜ ਜਾਂਦਾ ਹਾਂ (ਪੀ ਕੇ 'ਤ੍ਰਿਪਤੀ' ਤੇ ਖਾ ਕੇ 'ਅਘਾਉਣਾ')

੫. ਸਭ ਥਾਈਂ ਮੌਜੂਦ

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਸ਼ੁੱਧ, ਨਿਰੋਲ ਤੇ ਖਾਲਸ ਹੋ ਜਾਣ ਕਰਕੇ ਖਾਲਸਾ ਅਖਵਾਉਂਦਾ ਹੈ :—

'ਏਕੋ ਕਉ ਸਚੁ[੧] ਏਕਾ ਜਾਣੈ
ਹਉਮੈ ਦੂਜਾ ਦੂਰ ਕੀਆ ॥.........
ਨਾਨਕ ਤਾ ਕਉ ਮਿਲੈ ਵਡਾਈ
ਆਪੁ[੨] ਪਛਾਣੈ ਸਰਬ ਜੀਆ ॥'

[ਰਾਮਕਲੀ ਮ: ੧, ਸਿਧ ਗੋਸਟਿ–੯੪੦

ਇਹ ਨਿਰੰਜਨੀ ਜੋਤ ਹੀ ਖਾਲਸਾ ਹੈ; ਇਹੋ ਹੀ ਗੁਰੂ ਗੋਬਿੰਦ ਸਿੰਘ ਜੀ ਹਨ। ਸਭ ਥਾਈਂ ਇਹੋ ਹੀ ਗੁਪਤ ਪ੍ਰਗਟ ਹੈ; ਪਰ ਜਿਥੇ ਇਹ ਪ੍ਰਗਟ ਨਹੀਂ ਹੈ, ਉਹ ਖਾਲਸਾ ਨਹੀਂ ਹੈ :—

'ਜਾਗ੍ਰਤ ਜੋਤਿ ਜਪੈ ਨਿਸਬਾਸੁਰ[੩]
ਏਕ ਬਿਨਾਂ ਮਨ ਨੈਕ[੪] ਨ ਆਨੈ ॥
[੫]ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
[੬]ਤੀਰਥ ਦਾਨ ਦਇਆ ਤਪ ਸੰਜਮੁ
ਏਕ ਬਿਨਾਂ ਨਹਿ ਏਕ ਪਛਾਨੈ ॥
[੭]ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ ॥'

[ਅਕਾਲ ਉਸਤਤ–੩੩ ਸਵੱਯੇ, ਪਾ: ੧੦

---

੧ ਨਿਸਚੇ ਕਰਕੇ
੨. ਆਪਣੇ ਆਪ ਨੂੰ
੩. ਰਾਤ ਦਿਨ
੪. ਜ਼ਰਾ ਭਰ ਵੀ
੫. ਵਾਹਿਗੁਰੂ ਦੀ ਜਾਗਤ ਜੋਤ ਨਾਲ ਪੂਰਨ ਪ੍ਰੇਮ ਬਣਿਆ ਹੋਵੇ। ਉਹ ਵਾਹਿਗੁਰੂ ਜੀ ਨੂੰ ਛਡ ਕੇ ਬ੍ਰਤ ਆਦਿ ਨਾ ਰਖੇ ਅਤੇ ਮੜ੍ਹੀਆਂ ਮਸਾਣਾਂ ਨੂੰ ਨਾ ਪੂਜੇ
੬. ਇਸ ਤਰ੍ਹਾਂ ਇਕ ਦੀ ਟੇਕ ਛਡ ਕੇ ਹੋਰ ਕਰਮ ਕਾਂਡਾਂ, ਜਿਵੇਂ ਤੀਰਥ, ਦਾਨ, ਦਇਆ, ਸੰਜਮ ਆਦਿ ਹਨ, ਦੀ ਟੇਕ ਵੀ ਨਾ ਰਖੇ
੭. ਜਿਸ ਹਿਰਦੇ ਵਿਚ ਪੂਰਨ ਨਿਰੰਜਨੀ ਜੋਤ ਦਾ ਪ੍ਰਕਾਸ਼ ਹੋ ਜਾਵੇ, ਉਸ ਨੂੰ ਹੀ ਖਾਲਸਾ ਸਮਝੋ, ਨਹੀਂ ਤਾਂ ਉਹ ਨਿ–ਖਾਲਸ ਹੈ

Sri Satguru Jagjit Singh Ji eLibrary NamdhariElibrary@gmail.com

ਇਹ ਖਾਲਸਾਈ ਜੋਤ ਸਰਬ-ਵਿਆਪਕ ਹੈ; ਹਰ ਥਾਂ ਸਮਾਨ ਰੂਪ ਵਿਚ ਸਮਾ ਰਹੀ ਹੈ :—

'ਜਿਮੀ ਜਮਾਨ[੧] ਕੇ ਬਿਖੈ ਸਮਸਤ[੨] ਏਕ ਜੋਤ ਹੈ ॥
ਨ ਘਾਟ ਹੈ ਨ ਬਾਢ[੩] ਹੈ ਨ ਘਾਟ ਬਾਢ ਹੋਤ ਹੈ ॥'
[ਅਕਾਲ ਉਸਤਤ, ਪਾ: ੧੦

ਅਤੇ ਇਹ ਜਾਗਤ ਜੋਤ ਅਦੁੱਤੀ ਤੇ ਸਦੀਵੀ ਹੈ :—

'[੪]ਦਾਮਨੀ ਪ੍ਰਕਾਸੇ ਉਨਤਨ ਨਾਸੇ ॥
ਜੋਤਿ ਪ੍ਰਕਾਸੇ ਅਤੁਲ[੫] ਬਲੇ ॥'
[ਅਕਾਲ ਉਸਤਤ, ਪਾ: ੧੦

ਪਰ ਇਸ ਗੁਰੂ ਖਾਲਸਾ-ਜੋਤ ਦੀ ਘਿਓ-ਬੱਤੀ ਗੁਰੂ ਗ੍ਰੰਥ ਸਾਹਿਬ ਹੈ ਜੋ ਗੁਰ-ਗੱਦੀ ਤੇ ਬਿਰਾਜਮਾਨ ਹਨ। ਇਹ ਦੋਵੇਂ ਇਕ ਤੇ ਸਦੀਵੀ ਹਨ। ਗੁਰੂ ਜੋਤ ਨਾਲ ਖਾਲਸੇ ਦੀ ਪੂਰੀ ਪ੍ਰੇਮ-ਪ੍ਰਤੀਤੀ ਸੱਜੀ ਹੋਈ ਹੈ। ਉਹ ਉਸ ਤੋਂ ਬਿਨਾਂ ਕਿਸੇ ਗੋਰ, ਮੜ੍ਹੀ ਜਾਂ ਮੱਠ ਨੂੰ ਨਹੀਂ ਮੰਨਦਾ। ਉਸ ਨੂੰ ਉਸੇ ਦਾ ਹੀ ਆਸਰਾ ਤੇ ਟੇਕ ਹੈ ਤੇ ਉਸੇ ਦਾ ਹੀ ਉਹ ਰੂਪ ਹੋ ਰਿਹਾ ਹੈ। ਉਹ ਵਾਹਿਗੁਰੂ ਜਪ ਜਪ ਕੇ ਵਾਹਿਗੁਰੂ ਹੋ ਰਿਹਾ ਹੈ :—

ਇਸ ਅਰੂਪ-ਰੂਪ ਮਨ ਵਾਲੇ ਖਾਲਸੇ ਨੂੰ ਬਾਹਰੀ ਰੂਪ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਇਕੋ ਹੀ ਬਖਸ਼ਿਆ ਹੈ :—

'[੬]ਨਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼।

---

੧. ਅਸਮਾਨ
੨. ਸਾਰੇ
੩. ਵੱਧ; ਉਹ ਜੋਤ ਧਰਤੀ ਅਤੇ ਅਸਮਾਨ ਵਿਚ ਇਕਸਾਰ ਵਿਆਪਕ ਹੈ, ਨਾ ਉਹ ਘਟ ਹੈ ਤੇ ਨਾ ਵਧ
੪. ਬਿਜਲੀ ਵਰਗੀ ਤੇਜ਼ੀ ਰੋਸ਼ਨੀ ਹੈ ਉਚੀਆਂ ਤੇ ਲੰਮੀਆਂ ਨਾਸਾਂ ਹਨ
੫. ਅਦੁੱਤੀ, ਅਮਿੱਤ
੬. ਪੰਜ ਕੱਕੇ ਸਿਖੀ ਦਾ ਨਿਸ਼ਾਨ ਹਨ ਜੋ ਰਖਣੇ ਲਾਜ਼ਮੀ ਹਨ, ਮੁਆਫ਼ੀ ਨਹੀਂ। ਇਹ ਹਨ—ਕੜਾ, ਕਿਰਪਾਨ, ਕਛ, ਕੰਘਾ ਅਤੇ ਪੰਜਵਾ ਕੱਕਾ ਹੈ ਕੇਸ, ਜਿਸ ਤੋਂ ਬਿਨਾਂ ਇਹ ਸਾਰੇ ਨਿਸ਼ਾਨ ਹੇਚ, ਵਿਅਰਥ, ਹਨ

Sri Satguru Jagjit Singh Ji eLibrary NamdhariElibrary@gmail.com

ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ ।
ਕੜਾ, ਕਾਰਦੋ, ਕਾਛ, ਕੰਘਾ, ਬਿਦਾਨ ।
ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਨ ।

[ਦਸਮ ਗ੍ਰੰਥ ਜੀ, ਲਿਖਤੀ ਬੀੜ
ਜੋ ਮਹਾਰਜਾ ਜੀਂਦ ਪਾਸ ਹੈ

ਖਾਲਸੇ ਨੂੰ ਪੰਜ ਕਕਾਰਾਂ ਦੀ ਵਰਦੀ ਪੁਆ ਕੇ ਬਾਹਰੋਂ ਇਕ ਕਰ ਦਿਤਾ ਹੈ । ਪਹਿਲੋਂ ਇਸ ਵਿਚ ਆਪਣੀ ਜੋਤ ਭਾਵ ਵਾਹਿਗੁਰੂ-ਜੋਤ, ਜੋ ਦਸਾਂ ਪਾਤਸ਼ਾਹੀਆਂ ਵਿਚ ਇਕੋ ਸੀ, ਦਾ ਨਿਵਾਸ ਕੀਤਾ ਅਤੇ ਹੁਣ ਕਕਾਰਾਂ ਦੁਆਰਾ ਬਾਹਰੀ ਰੂਪ ਵੀ ਇਕ ਕਰ ਦਿਤਾ । ਖਾਲਸੇ ਨੂੰ ਆਪਣਾ ਪੂਰਨ ਸਰੂਪ ਦੇ ਕੇ ਖਾਲਸੇ ਰਾਹੀਂ ਆਪਣੀ ਰੋਸ਼ਨੀ ਅਨਮਤੀਆ ਤਕ ਪਹੁੰਚਾਦੀ ਹੈ । ਇਸ ਤਰ੍ਹਾਂ ਖਾਲਸੇ ਨੂੰ ਪੰਜ ਪਿਆਰਿਆਂ ਰਾਹੀਂ ਦੇਹ-ਧਾਰੀ ਗੁਰੂ ਦੀ ਥਾਂ ਬਖਸ਼ੀ ।

ਇਸ ਖਾਲਸੇ ਦਾ ਮਿਸ਼ਨ ਉਹੀ ਹੈ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੈ ਭਾਵ ਧਰਮ ਦਾ ਬੋਲ ਬਾਲਾ ਕਰਨਾ, ਸੰਤਾਂ ਦਾ ਨਿਸਤਾਰਾ ਕਰਨਾ ਅਤੇ ਉਨ੍ਹਾਂ ਦੇ ਰਸਤੇ ਵਿਚ ਵਿਘਨ ਪਾਉਣ ਵਾਲੇ ਦੁਸ਼ਟਾਂ ਦਾ ਨਾਸ ਕਰਨਾ :—

'ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ[੧] ॥
ਜਹਾਂ ਤਹਾਂ ਤੁਮ ਧਰਮ ਬਿਥਾਰੋ[੨] ॥
ਦੁਸਟ ਦੋਖੀਅਨ ਪਕਰਿ ਪਛਾਰੋ[੩] ॥
[੪]ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ[੫] ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ [੬]ਮੂਲ ਉਪਾਰਨ ॥'

[ਬਚਿਤ੍ਰ ਨਾਟਕ, ਪਾ: ੧੦

੧. ਭੇਜੇ
੨. ਫੈਲਾਵੋ
੩. ਪਛਾੜੋ
੪. ਇਸੇ ਕੰਮ ਲਈ ਅਸੀਂ ਅਵਤਾਰ ਲਿਆ ਹੈ
੫. ਮਨ ਵਿਚ
੬. ਜੜੋਂ ਪੁਟਣ ਲਈ; ਧਰਮ ਚਲਾਉਣ, ਸੰਤਾਂ ਨੂੰ ਬਚਾਉਣ ਅਤੇ ਸਾਰੇ ਦੁਸ਼ਟਾਂ ਦਾ ਨਾਸ ਕਰਨ ਲਈ ਜਨਮ ਧਾਰਿਆ ਹੈ

Sri Satguru Jagjit Singh Ji eLibrary NamdhariElibrary@gmail.com

ਅਤੇ

'ਮੈ ਅਪਨਾ ਸੁਤ[1] ਤੁਹਿ ਨਿਵਾਜਾ[2] ॥
ਪੰਥ ਪ੍ਰਚੁਰ[3] ਕਰਬੇ ਕਉ ਸਾਜਾ ॥
ਜਹਾ ਤਹਾ ਤੈ ਧਰਮੁ ਚਲਾਇ ॥
[4]ਕੁਬੁਧਿ ਕਰਨ ਤੇ ਲੋਕ ਹਟਾਇ ॥

[ਬਚਿਤ੍ਰ ਨਾਟਕ, ਪਾ: ੧੦

ਖਾਲਸੇ ਲਈ ਇਕੋ ਹੀ ਸ੍ਰੇਸ਼ਟ ਧਰਮ ਹੈ :—

'ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥'

[ਗਉੜੀ ਸੁਖਮਨੀ ਮ: ੫—੨੬੬

ਖਾਲਸਾ ਇਸੇ ਧਰਮ ਦੇ ਪਸਾਰਨ ਲਈ ਆਇਆ ਹੈ । ਗੁਰੂ ਗੋਬਿੰਦ ਸਿੰਘ ਜੀ 'ਇਕ' ਵਿਖਾਉਣ ਲਈ ਹੀ ਆਏ ਅਤੇ ਉਨ੍ਹਾਂ ਦੇ ਖਾਲਸੇ ਦਾ ਵੀ ਇਹੋ ਹੀ ਨਿਸ਼ਾਨਾ ਹੈ । ਖਾਲਸੇ ਪਾਸ ਬੈਠ ਕੇ ਇਕ ਵਾਹਿਗੁਰੂ ਦੀ ਛੁਹ ਮਿਲਦੀ ਹੈ । ਖਾਲਸਾ ਆਪ ਇਕ ਵੇਖਦਾ ਹੈ ਅਤੇ ਜਿੱਧਰੋਂ ਵੀ ਲੰਘਦਾ ਹੈ, ਇਕੇ ਦੀ ਸੁਗੰਧੀ ਨਾਲ ਸੁਗੰਧਤ ਕਰਦਾ ਜਾਂਦਾ ਹੈ । ਉਸ ਦੇ ਦਰਸ਼ਨਾਂ ਨਾਲ ਮਨ ਜੁੜਦਾ ਤੇ ਇੱਕਠਾ ਹੁੰਦਾ ਹੈ ਅਤੇ ਏਕੇ ਵਿਚ ਲੀਨ ਹੁੰਦਾ ਹੈ । ਖਾਲਸਾ ਕੋਈ ਅਗੰਮੀ ਛੁਹ ਹੈ, ਕੋਈ ਪ੍ਰਕਾਸ਼ ਹੈ, ਕੋਈ ਜੋਤ ਹੈ ਜੋ ਆਨਮਤਾਂ ਦੇ ਜੀਵਾਂ, ਧਰਮਾਂ ਨੂੰ ਇਸ ਤਰ੍ਹਾਂ ਰੋਸ਼ਨੀ ਦਿੰਦੀ ਹੈ ਜਿਵੇਂ ਬਹੁਤ ਸਾਰੇ ਮੁਸਾਫਰਾਂ ਨਾਲ ਭਰਿਆ ਜਹਾਜ਼ ਰਾਤ ਸਮੇਂ ਸਮੁੰਦਰ ਵਿਚ ਜਾਂਦੇ ਜਾਂਦੇ ਅਚਾਨਕ ਹੀ ਕਿਸੇ ਚਾਨਣ-ਮੁਨਾਰੇ ਤੋਂ ਆਉਂਦੀ ਰੋਸ਼ਨੀ ਵੇਖ ਲਵੇ ਤੇ ਉਸ ਦੀ ਸਹਾਇਤਾ ਨਾਲ ਪਾਰ ਲੰਘ ਜਾਵੇ ।

ਇਸੇ ਤਰ੍ਹਾਂ, ਖਾਲਸਾ ਅਕਾਲਪੁਰਖ ਦਾ ਨਿੱਜ-ਰੂਪ ਹੈ ਜੋ ਉਸ ਨੇ ਆਪਣੇ

---

੧. ਪੁੱਤਰ
੨. ਸਾਜਿਆ, ਸੰਵਾਰਿਆ
੩. ਪ੍ਰਚਾਰ ਕਰਨ ਲਈ
੪. ਕੁਕਰਮ, ਭਾਵ ਇਹ ਕਿ ਹਰ ਥਾਂ ਧਰਮ ਦਾ ਬੋਲ-ਬਾਲਾ ਕਰਨ ਲਈ ਤੇ ਲੋਕਾਂ ਨੂੰ ਕੁਕਰਮਾਂ ਤੋਂ ਹਟਾਉਣ ਲਈ ਭੇਜਿਆ

Sri Satguru Jagjit Singh Ji eLibrary NamdhariElibrary@gmail.com

ਇਕੋ ਹੁਕਮ 'ਏਕੋ ਨਾਮੁ', ਨੂੰ ਮੰਨਾਉਣ ਹਿਤ ਪ੍ਰਗਟ ਕੀਤਾ ਹੈ। ਇਸ ਮਨੋਰਥ ਨੂੰ ਸਿਧ ਕਰਨ ਲਈ ਹੀ ਇਸ ਖਾਲਸਾਈ ਸੈਨਾ ਦੀ ਸਾਜਨਾ ਹੋਈ। ਖਾਲਸਾ ਵਾਹਿਗੁਰੂ ਜੀ ਦੀ ਅਤਿ ਪ੍ਰਸੰਨਤਾ ਤੇ ਵਿਸਮਾਦ ਦੀ ਹਾਲਤ ਦਾ ਪ੍ਰਗਟਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕਰਕੇ ਹੀ ਖਾਲਸੇ ਨੂੰ ਨਿਆਰੇ ਰਹਿਣ ਦੀ ਤਾਕੀਦ ਕੀਤੀ ਹੈ :—

'ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥
ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੈ[੧] ਬਿਪਰਨ[੨] ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥

[ਸਰਬ ਲੋਹ ਗ੍ਰੰਥ 'ਚੋਂ

ਖਾਲਸਾ ਨਾਂ ਹੀ ਤਦਰੂਪ ਹੋਏ ਸਿਖ ਦਾ ਹੈ। ਖਾਲਸੇ ਦਾ ਦੂਜਾ ਨਾਂ ਬ੍ਰਹਮ ਗਿਆਨੀ ਹੈ, ਜਿਸ ਦੇ ਗੁਣ ਸ੍ਰੀ ਸੁਖਮਨੀ ਸਾਹਿਬ ਦੀ ਅਠਵੀਂ ਅਸ਼ਟਪਦੀ ਵਿਚ ਦੱਸੇ ਗਏ ਹਨ :—

'ਬ੍ਰਹਮ ਗਿਆਨੀ ਕੈ [੩]ਏਕੈ ਰੰਗ ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥
ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ।
ਬ੍ਰਹਨ ਗਿਆਨੀ ਸਦਾ ਸਦ ਜਾਗਤ ॥
ਬ੍ਰਹਮ ਗਿਆਨੀ ਅਹੰਬੁਧਿ[੪] ਤਿਆਗਤ ॥
ਬ੍ਰਹਨ ਗਿਆਨੀ ਕੈ ਮਨਿ ਪਰਨਾਨੰਦ ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥

---

੧. ਪਕੜੇ, ਧਾਰਨ ਕਰੇ
੨. ਬ੍ਰਾਹਮਣਾਂ ਦੀ
੩. ਇਕ ਹਰੀ ਦਾ ਪਿਆਰ ਹੈ
੪. ਅਹੰਕਾਰ

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਸੁਖ ਸਹਜ[1] ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀਂ ਬਿਨਾਸ ॥
[ਗਉੜੀ ਸੁਖਮਨੀ ਮ: ੫–੨੭੩

ਅਜਿਹੇ ਖਾਲਸੇ, ਬ੍ਰਹਮ ਗਿਆਨੀ ਦੇ ਮਨ ਵਿਚ ਗਰੀਬੀ ਹੁੰਦੀ ਹੈ; ਉਹ ਆਪਣੇ ਆਪ ਨੂੰ ਸਭ ਤੋਂ ਨੀਵਾਂ ਖਿਆਲ ਕਰਦਾ ਹੈ। ਹੈਂਕੜ ਤਾਂ ਵਿੱਥ ਦੀ ਨਿਸ਼ਾਨੀ ਹੈ ਜੋ ਉਸ ਵਿਚ ਉੱਕਾ ਹੀ ਨਹੀਂ ਹੁੰਦੀ। ਪਰ ਲੋਕ ਉਸ ਨੂੰ ਸਭ ਤੋਂ ਉੱਚਾ ਖਿਆਲ ਕਰਦੇ ਹਨ ਅਤੇ ਉਹ ਹੁੰਦਾ ਵੀ ਸਭ ਤੋਂ ਉੱਚਾ ਹੈ :–

'ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ ॥'
[ਗਉੜੀ ਸੁਖਮਨੀ ਮ: ੫–੨੭੨

ਅਤੇ

'ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ[2] ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ[3] ॥'
[ਗਉੜੀ ਸੁਖਮਨੀ ਮ: ੫–੨੭੩

ਅਜਿਹੇ ਖਾਲਸੇ, ਬ੍ਰਹਿਮ ਗਿਆਨੀ ਨੂੰ ਪਰਉਪਕਾਰ ਦਾ ਸੁਤੇ ਹੀ ਉਮਾਹ ਰਹਿੰਦਾ ਹੈ ਕਿਉਂਜੋ ਉਸ ਲਈ ਸਭ ਆਪਣਾ ਹੀ ਆਤਮਾ ਹੁੰਦਾ ਹੈ। ਉਹ ਜਗਤ ਦੀ ਸੇਵਾ ਰਾਹੀਂ ਨਿਰੰਕਾਰ ਦੀ ਸੇਵਾ ਕਰਦਾ ਹੈ ਤੇ ਆਪਣੇ ਗੁਰੂ ਨੂੰ ਪ੍ਰਸੰਨ ਕਰਦਾ ਹੈ। ਇਸ ਕਰਕੇ ਅਜਿਹੇ ਖਾਲਸੇ ਦੀ ਅਰਦਾਸ ਇਕੋ ਹੀ ਹੈ :—

'ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ[4] ॥
ਨ ਡਰੋਂ ਅਰਿ[5] ਸੋਂ ਜਬ ਜਾਇ ਲਰੋਂ

---

੧. ਸਹਿਜ ਅੱਵਸਥਾ ਦੇ ਸੁਖ
੨. ਸਮਾਈ ਹੁੰਦੀ ਹੈ
੩. ਭਰ ਕੇ ਉਤੇ ਆਉਣਾ, ਉਛਲਣਾ; ਉਨ੍ਹਾਂ ਦੇ ਅੰਦਰੋਂ ਸੁਤੇ ਫੁਟਦਾ ਹੈ
੪. ਹਟਾਂ
੫. ਵੈਰੀ

Sri Satguru Jagjit Singh Ji eLibrary NamdhariElibrary@gmail.com

ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰ [1]ਸਿਖ ਹੌ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ [2]ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ ॥'
[ਚੰਡੀ ਚਰਿਤ੍ਰ, ਪਾ: ੧੦

ਨੇਕੀ ਤੇ ਬਦੀ ਦੀ ਲੜਾਈ ਨਿਰੀ ਸ਼ਾਂਤਮਈ ਨਾਲ ਨਹੀਂ ਲੜੀ ਜਾਂਦੀ। ਅਸੀਂ ਵੇਖਦੇ ਹਾਂ ਕਿ ਸੰਸਾਰ ਵਿਚ ਤਾਕਤ ਦੀ ਵਰਤੋਂ ਕਰਨ ਦੀ ਪੈਰ ਪੈਰ ਤੇ ਲੋੜ ਪੈਂਦੀ ਹੈ। ਪਰ ਖਾਲਸਾ ਕੇਵਲ ਓਦੋਂ ਹੀ ਸ਼ਕਤੀ ਦੀ ਵਰਤੋਂ ਕਰਦਾ ਹੈ ਜਦੋਂ ਗਰੀਬ ਗਊ ਦੀ ਰੱਖਿਆ ਕਰਨ ਵਿਚ ਹੋਰ ਸਾਧਨ ਨਿਸਫਲ ਹੋ ਜਾਣ :—

'ਅਰ ਹਥਿਆਰ ਆਪ ਸਿਉਂ ਜੁਦਾ ਨਾ ਕਰੇ, ਸਿੰਘ ਮੁਖ ਗਊ ਹੋਇ ਰਹੇ। ਜਬ ਜਾਣੇ ਕਿ ਕੋਈ ਦੁਸ਼ਟ ਖਹਿੜਾ ਛਡਦਾ ਨਹੀਂ ਔਰ ਧਰਮ ਕੀ ਬਾਤ ਹੈ, ਰਾਜ ਨਿਆਵ ਨਹੀਂ ਕਰਦਾ ਤਬ ਵਕਤ ਦੇਖ ਕੇ ਸ਼ਸਤ੍ਰ ਚਲਾਵੈ, ਅੰਤ ਅੰਤ ਕੋ ਲਾਚਾਰੀ।'
[ਪ੍ਰੇਮ ਸੁਮਾਰਗ ਗ੍ਰੰਥ

ਖਾਲਸਾ ਮੌਤ ਤੋਂ ਨਹੀਂ ਡਰਦਾ। ਉਹ ਤਾਂ ਦੇਸ ਕਾਲ ਦੀਆਂ ਹੱਦਾਂ ਟੱਪ ਕੇ ਬੇਗਮਪੁਰੇ ਦਾ ਨਿਵਾਸੀ ਹੋ ਜਾਂਦਾ ਹੈ। ਉਹ ਤਾਂ ਇਸ ਉਪਦੇਸ਼ ਦਾ ਧਾਰਨੀ ਹੈ :—

'ਸੂਰਾ ਸੋ ਪਹਿਚਾਨੀਐ ਜੁ ਲਰੈ [3]ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ[4] ॥
[ਮਾਰੂ ਬਾਣੀ ਕਬੀਰ ਜੀਉ—੧੧੦੫

---

੧. ਸਿੱਖਿਆ ਦੇਵਾਂ
੨. ਉਮਰ ਦਾ ਅੰਤ ਦਾ ਸਮਾ ਆ ਜਾਵੇ। ਇਕੋ ਹੀ ਵਰ ਮੰਗਿਆ ਹੈ ਕਿ ਮੈਂ ਆਪਣੇ ਅੰਤ ਦੇ ਸਮੇਂ ਜੰਗ ਦੇ ਮੈਦਾਨ ਵਿਚ ਲੜਦਾ ਲੜਦਾ ਹੀ ਸ਼ਹੀਦ ਹੋਵਾਂ
੩. ਦੁਖੀਆਂ ਲਈ
੪. ਮੈਦਾਨ

Sri Satguru Jagjit Singh Ji eLibrary NamdhariElibrary@gmail.com

ਅਤੇ

'ਮਰਣੁ ਮੁਣਸਾ[1] ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ ॥'

[ਵਡਹੰਸੁ ਮ: ੧–੫੮੦

ਤਦੇ ਹੀ ਉਨ੍ਹਾਂ ਦੀ ਬੀਰ-ਰਸੀ ਅਰਦਾਸ ਵਿਚ ਇਹ ਮੰਗ ਬਿਹਬਲ ਪਿਆਰ ਦੁਆਰਾ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਮੌਤ ਜੰਗ ਦੇ ਮੈਦਾਨ ਵਿਚ ਸ਼ਸਤਰਾਂ ਦੇ ਘਾਵ ਲਗਣ ਨਾਲ ਹੋਵੇ :—

'ਹੇ ਰਵਿ ਹੇ ਸਸਿ ਹੇ ਕਰਣਾਨਿਧ
ਮੇਰੀ ਅਬੈ ਬਿਨਤੀ ਸੁਨ ਲੀਜੈ ॥
ਔਰ ਨ ਮਾਂਗਤ ਹਉ ਤੁਮ ਤੇ ਕਛੁ
ਚਾਹਤ ਹੌਂ ਚਿਤ ਮੈ ਸੋਖੀ ਕੀਜੈ ॥
ਸ਼ਤਤ੍ਰਨ ਸੋਂ ਅਤਿ ਹੀ ਰਣ ਭੀਤਰ
ਜੂਝ ਮਰੋਂ ਤਊ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ ॥'

[ਸਵੈਯਾ ਪਾ: ੧੦

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰ੍ਹਾਂ ਖਾਲਸੇ ਦਾ ਧਰਮ, ਦੂਜਿਆਂ ਧਰਮਾਂ ਦੀ ਰਖਿਆ ਕਰਨਾ ਨਿਸਚਿਤ ਕੀਤਾ ਅਤੇ ਇਸ ਦੇ ਨਿਭਾਉਣ ਹਿਤ ਖਾਲਸੇ ਨੂੰ ਸ੍ਰੀ ਸਾਹਿਬ ਬਖਸ਼ੀ। ਇਉਂ ਉਨ੍ਹਾਂ ਦਾ ਧਰਮ ਤੇ ਸਿਆਸਤ ਇਕ ਕਰ ਦਿਤਾ। ਖਾਲਸਈ ਨੁਕਤੇ ਤੋਂ ਕ੍ਰਿਪਾਨ, ਬੰਦੂਕ, ਗਤਕਾ ਚਲਾਉਣਾ ਸਿਖਣ ਦੀ ਉੱਨੀ ਹੀ ਲੋੜ ਹੈ ਜਿੰਨੀ ਕਿ ਸਿਮਰਨ ਦੀ। ਪਰ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਸਾਹਿਬ ਕੇਵਲ ਹਥਿਆਰਾਂ ਉੱਤੇ ਨਿਰਭਰ ਹਨ। ਉਹ ਤਾਂ ਮਨ ਨੂੰ ਸੂਰਮਾ ਬਣਾਉਣਾ ਚਾਹੁੰਦੇ ਹਨ। ਸੂਰਮਾ ਮਨ ਹੀ ਲੜ ਸਕਦਾ ਹੈ ਤੇ ਸਿਮਰਨ ਕਰ ਸਕਦਾ ਹੈ। ਗੁਰੂ ਦੇ ਮਾਰਗ ਵਿਚ ਸਿਮਰਨ ਤੇ

੧. ਮਰਨਾ ਸੂਰਮੇ ਮਨੁੱਖਾਂ ਦਾ ਹੀ ਹੱਕ ਹੈ ਜੋ ਮਰ ਕੇ ਪਰਵਾਨ ਹੁੰਦੇ ਹਨ

Sri Satguru Jagjit Singh Ji eLibrary NamdhariElibrary@gmail.com

ਤਲਵਾਰ ਦੋਵੇਂ ਹੀ ਹਨ, ਭਾਵ ਧਰਮ ਤੇ ਸਿਆਸਤ ਇੱਕਠੇ ਹਨ। ਜਿਨ੍ਹਾਂ ਦੇਸਾਂ ਵਿਚ ਇਹ ਵੱਖ ਵੱਖ ਹਨ, ਉਨ੍ਹਾਂ ਦੇ ਮੰਦਭਾਗ ਸਮਝੋ ; ਉਨ੍ਹਾਂ ਲੋਕਾਂ ਦਾ ਤਜਰਬਾ ਤੇ ਅਨੁਭਵ ਗਲਤ ਜਾਣੋ। ਜੇ ਖਾਲਸਾ ਕਿਸੇ ਕੋਲੋਂ ਡਰਦਾ ਨਹੀਂ ਤਾਂ ਡਰਾਉਂਦਾ ਵੀ ਨਹੀਂ ਪਰ ਜੋ ਵਧੀਕੀ ਕਰਦਾ ਹੈ, ਅਧਰਮ ਕਮਾਉਂਦਾ ਹੈ, ਉਸ ਅੱਗੇ ਹਥਿਆਰ ਸੁਟ ਦੇਣਾ ਖ਼ਾਲਸੇ ਦਾ ਧਰਮ ਨਹੀਂ। ਖਾਲਸੇ ਨੇ ਤਾਂ ਅਜਿਹੇ ਦੁਸ਼ਟਾਂ ਦਾ ਨਾਸ ਕਰਨ ਲਈ ਹੀ ਤਾਂ ਜਨਮ ਧਾਰਿਆ ਹੈ। ਖਾਲਸੇ ਦੀ ਸਦਾ ਇਹ ਨੀਤੀ ਹੈ ਕਿ ਜਿਹੋ ਜਿਹਾ ਕੋਈ ਤੁਹਾਡੇ ਨਾਲ ਸਲੂਕ ਕਰੇ, ਦ੍ਵੈਤ ਰਹਿਤ ਹੋ ਕੇ ਉਸ ਨਾਲ ਉਹੋ ਜਿਹਾ ਹੀ ਸਲੂਕ ਕਰੋ। ਜੇ ਕੋਈ ਦੁਸ਼ਮਣ ਜਾਣ ਕੇ ਇੱਟ ਸੁੱਟਦਾ ਹੈ ਤਾਂ ਤੁਹਾਨੂੰ ਉਸ ਨੂੰ ਰੋਕਣ ਲਈ ਇੱਟ ਚੁੱਕਣੀ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਇਸ ਤੋਂ ਵੀ ਅੱਗੇ ਹਨ ਅਰਥਾਤ ਪੱਥਰ ਹੀ ਚੁਕ ਲਿਆ ਜਾਵੇ ਤਾਂ ਜੋ ਕੋਈ ਜੁਰਅਤ ਹੀ ਨਾ ਕਰੇ। ਜੇ ਉਹ ਆਪਣੀ ਇੱਟ ਸੁਟ ਦੇਵੇ ਤਾਂ ਪਰੇ ਹਟ ਜਾਉ ਨਹੀਂ ਤਾਂ ਖਾਲਸਾ ਅੜਿਆ ਹੋਇਆ ਤਾਂ ਹੈ ਹੀ। ਗੁਰੂ ਦਸਮ ਪਾਤਸ਼ਾਹ ਜੀ ਦਾ ਔਰੰਗਜ਼ੇਬ ਨਾਲ ਜੰਗ ਕਰਨਾ ਉਸ ਨੂੰ ਅਸਲੀ ਰਾਜ-ਪੱਧਰ ਤੇ ਲਿਆਉਣ ਲਈ ਸੀ। ਕੀ ਕਿਹਾ ਜਾਏ, ਏਕੇ ਦੀ ਏਕੇ ਨਾਲ ਜੰਗ ਹੈ, ਏਕੇ ਨਾਲ ਸੰਗ ਹੈ, ਏਕੇ ਨਾਲ ਰੰਗ ਹੈ ਤੇ ਵਿਰੋਧ ਹੈ। ਇਹ ਅਜਿਹਾ ਕਿਉਂ ਹੈ ? ਇਹ ਇਕ ਅਸਚਰਜ ਗੱਲ ਹੈ ਜਿਸ ਦੀ ਵਿਰੋਧੀਆਂ ਨੂੰ ਸਮਝ ਨਹੀਂ ਪੈਂਦੀ। ਗੁਰੂ ਸਾਹਿਬਾਨ ਤੇ ਖਾਲਸੇ ਲਈ ਰਾਜ, ਜੰਗ, ਸੁਲਹ, ਦੁਖ, ਸੁਖ ਇਤਿ ਆਦਿ ਸਭ ਸਮਾਨ ਹਨ। ਖਾਲਸਾ ਦਸੋਂ ਪਾਤਸ਼ਾਹੀਆਂ ਦਾ ਆਪਣਾ ਸਰੂਪ ਹੈ, ਦਰਸ਼ਨ ਹੈ, ਪਰਸ਼ਨ ਹੈ, ਰੰਗ-ਰੂਪ ਹੈ, ਪ੍ਰਕਾਸ਼ ਹੈ। ਖਾਲਸੇ ਦੇ ਅੰਦਰ ਦ੍ਵੈਤ ਨਾਸ਼ ਹੈ; ਉਹ ਨਿਰਵੈਰ, ਨਿਰਜੁਰ (ਤਾਪ-ਰਹਿਤ), ਨਿਰੰਕਾਰ ਹੈ। ਖਾਲਸਾ ਉਸੇ ਹੁਕਮ ਅਨੁਸਾਰ ਚਲਦਾ ਹੈ ਜੋ ਉਸ ਨੂੰ ਪ੍ਰਾਪਤ ਹੁੰਦਾ ਹੈ। ਉਹ ਹੁਕਮ ਹੀ ਉਸ ਦਾ ਜੀਵਨ ਹੈ, ਥੀਵਨ ਹੈ। ਉਸ ਦੇ ਅਗੇ ਹੀ ਸੀਸ ਨਿਵਾ ਕੇ ਸਦਾ ਅਬਚਲ ਨਗਰ ਵਿਚ ਵਿਚਰਦਾ ਰਹਿੰਦਾ ਹੈ। ਇਹ ਉਸ ਦੇ ਅੰਦਰ ਦੀ ਡੋਰੀ ਹੈ। ਉਸ ਨੂੰ ਭੂਤ ਤੇ ਭਵਿਖ ਦੀ ਕੋਈ ਚਿੰਤਾ ਨਹੀਂ, ਉਸ ਅੰਦਰ ਕੋਈ ਦੁਬਧਾ ਨਹੀਂ ਸਗੋਂ ਸਦਾ ਖੇੜਾ ਤੇ ਵਿਸਮਾਦ ਹੁੰਦਾ ਹੈ ਜੋ ਵਾਹਿਗੁਰੂ ਆਪ ਹੈ।

ਹਾਂ ਜੀ, ਇਸ ਤਰ੍ਹਾਂ ਇਸ ਖਾਲਸੇ ਦਾ ਰਾਹ ਇਕੋ ਹੈ; ਇਨ੍ਹਾਂ ਦਾ

Sri Satguru Jagjit Singh Ji eLibrary NamdhariElibrary@gmail.com

ਮੰਤ੍ਰ ਇਕੋ ਹੈ; ਇਨ੍ਹਾਂ ਦੇ ਅੰਦਰ ਸ਼ਕਤੀ ਵੀ ਇਕੋ ਹੀ ਨਿਵਾਸ ਕਰਦੀ ਹੈ; ਇਕੋ ਜੋਤਿ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕੰਮ ਕਰਦੀ ਹੈ; ਇਨ੍ਹਾਂ ਦੀ ਟੇਕ ਵੀ ਇਕੋ ਹੀ ਹੈ। ਇਹ ਇਕੋ ਦੇਸ ਦੇ ਵਾਸੀ ਹਨ, ਜਿਸ ਨੂੰ ਰਵਿਦਾਸ ਜੀ ਨੇ 'ਬੇਗਮਪੁਰਾ' ਤੇ ਪੰਜਵੇਂ ਪਾਤਸ਼ਾਹ ਜੀ ਨੇ 'ਅਬਚਲ ਨਗਰ' ਦਾ ਨਾਂ ਦਿਤਾ ਹੈ। ਇਨ੍ਹਾਂ ਦਾ ਗੁਰੂ ਵੀ ਇਕੋ ਹੀ ਹੈ ਅਤੇ ਇਨ੍ਹਾਂ ਦੇ ਲੱਛਣ ਤੇ ਕਰਤੱਵ ਵੀ ਇਕੋ ਹੀ ਹਨ। ਖਾਲਸਾ ਇਕ ਵਿਚ ਵਿਚਰਦਾ ਹੈ, ਦੂਆ ਕਿਤੇ ਵੇਖਦਾ ਹੀ ਨਹੀਂ ਜਿਸ ਕਰਕੇ ਇਸ ਨੂੰ ਕਿਸੇ ਦਾ ਭੈ ਵੀ ਨਹੀਂ ਹੈ :—

'ਏਕੇ ਕਉ ਨਾਹੀ ਭਉ ਕੋਇ ॥'

[ਬਿਲਾਵਲੁ ਮ: ੧–੭੯੬

ਅਜਿਹੇ ਖਾਲਸਾ ਨੂੰ ਗੁਰਬਾਣੀ ਵਿਚ ਗੁਰਮੁਖ ਦਾ ਨਾਂ ਵੀ ਦਿਤਾ ਗਿਆ ਹੈ:—

'ਗੁਰਮੁਖਿ ਮਨ ਜੀਤਾ ਹਉਮੈ ਮਾਰਿ ॥
ਗੁਰਮੁਖਿ ਸਾਚੁ ਰਖਿਆ ਉਰਧਾਰਿ[1] ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ[2] ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥
ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧ ॥'

[ਰਾਮਕਲੀ ਮ: ੧, ਸਿਧ ਗੋਸਟਿ–੯੪੬

ਅਤੇ

'ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ[3] ਘੜਾਵੈ ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥
ਗੁਰਮੁਖਿ ਪਵਿਤ੍ਰੁ ਪਰਮਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥

---

੧. ਹਿਰਦੇ ਵਿਚ ਟਿਕਾ ਕੇ
੨. ਨਾਸ ਕਰ ਕੇ
੩. ਅਸਾਧ ਮਨ ਨੂੰ

Sri Satguru Jagjit Singh Ji eLibrary NamdhariElibrary@gmail.com

ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥'

[ਰਾਮਕਲੀ ਮ: ੧, ਸਿਧ ਗੋਸਟਿ–੯੪੧

ਭਾਈ ਗੁਰਦਾਸ ਜੀ ਨੇ ਗੁਰਮੁਖਿ ਦੀ ਸਿਫਤ ਇਉਂ ਕੀਤੀ ਹੈ :—

'ਪਿਰਮ ਪਿਆਲਾ ਪੂਰਿ ਅਪਿਓ ਪੀਆਵਣਾ ॥
ਮਹਿਰਮੁ ਹਕ ਹਜੂਰਿ ਅਲਖੁ ਲਖਾਲਣਾ ॥
ਘਟ ਅਵਘਟ ਭਰਪੂਰਿ ਰਿਦੈ ਸਮਾਵਣਾ ॥
ਥੀਆਹੁ ਹੋਇ ਅੰਗੂਰੁ ਸੁਫਲਿ ਸਮਾਵਣਾ ॥
ਬਾਵਨ ਹੋਇ ਠਰੂਰ ਮਹਿ ਮਹਿਕਾਵਣਾ ॥
ਚੰਦਨ ਚੰਦ ਕਪੂਰ ਮੇਲਿ ਮਿਲਾਵਣਾ ॥
ਸਸੀਅਰ ਅੰਦਰਿ ਸੂਰ ਤਪਤਿ ਬੁਝਾਵਣਾ ॥
ਚਰਣ ਕਵਲ ਦੀ ਧੂਰਿ ਮਸਤਕਿ ਲਾਵਣਾ ॥
ਕਾਰਣ ਲਖ ਅੰਕੂਰ ਕਰਣੁ ਕਰਾਵਣਾ ॥
ਵਜਨਿ ਅਨਹਦ ਤੂਰ ਜੋਤਿ ਜਗਾਵਣਾ ॥'

[ਵਾਰ ੨੨, ਪਉੜੀ ੧੩, ਭਾਈ ਗੁਰਦਾਸ ਜੀ

ਭਾਵ ਉਨ੍ਹਾਂ ਨੇ ਪ੍ਰੇਮ ਰੂਪੀ ਪਿਆਲਾ ਲਬਾਲਬ ਭਰ ਕੇ ਪੀਤਾ ਹੈ। ਉਹ ਹਰ ਜਗ੍ਹਾ ਮੌਜੂਦ ਖੁਦਾ ਦੇ 'ਮਹਿਰਮ' ਹੋ ਗਏ ਹਨ ਅਰ ਅਲਖ ਨੂੰ ਲਖਦੇ ਹਨ; ਉਹ ਜਾਣਦੇ ਹਨ ਕਿ ਉਹ ਘਟਾਂ ਤੇ ਅਵਘਟਾਂ ਵਿਚ ਪੂਰਨ ਹੋ ਕੇ ਰਿਦੇ ਵਿਚ ਸਮਾ ਰਿਹਾ ਹੈ। ਜਿਨ੍ਹਾਂ ਦੇ ਰਿਦੇ ਵਿਚ ਗੁਰੂ ਬੀਜ ਦਾ ਅੰਗੂਰ ਨਿਕਲਦਾ ਹੈ, ਉਸ ਨੂੰ ਸਫ਼ਲ ਸਮਾਈ ਦਾ ਫਲ ਲਗਦਾ ਹੈ। ਉਹ ਚੰਦਨ ਵਾਂਙੂ ਸੀਤਲ ਹੋ ਕੇ ਧਰਤੀ ਨੂੰ ਸੁਗੰਧਿਤ ਕਰਦੇ ਹਨ। ਚੰਦਨ, ਚੰਦ੍ਰਮਾ ਤੇ ਕਪੂਰ ਇਹ ਤਿੰਨੇ ਸੀਤਲ ਹਨ, ਪਰ ਉਨ੍ਹਾਂ ਦੀ ਬਰਾਬਰੀ ਨਹੀਂ ਕਰਦੇ। ਉਹ ਸੂਰਜ ਦੀ ਤਪਤ ਨੂੰ ਚੰਦ੍ਰਮਾ ਵਾਂਙੂ ਬੁਝਾ ਦਿੰਦੇ ਹਨ ਭਾਵ ਵਿਸ਼ੇ ਵਿਕਾਰਾਂ ਦੀ ਤਪਤ ਦਾ ਖੁਰਾ-ਖੋਜ ਮਿਟਾ ਦਿੰਦੇ ਹਨ। ਅਜਿਹੇ ਗੁਰਮੁਖਾਂ ਦੀ ਚਰਨ ਧੂੜ ਮੱਥੇ ਤੇ ਲਾਉਣੀ ਚਾਹੀਦੀ ਹੈ, ਕਿਉਂਜੋ ਉਹ ਲੱਖਾਂ ਅੰਗੂਰਾਂ ਦਾ ਕਾਰਜ ਕਰਦੀ ਹੈ (ਕਿਉਂਜੋ ਧੂੜੀ, ਮਿੱਟੀ, ਬਾਝ ਬੀਜ ਦਾ ਉਗਣਾ ਅਸੰਭਵ ਹੈ) ਉਨ੍ਹਾਂ ਦੇ ਅੰਦਰ ਅਨਹਦ ਸ਼ਬਦ ਵਜਦੇ ਹਨ, ਜੋਤ ਜਗਦੀ ਹੈ।

Sri Satguru Jagjit Singh Ji eLibrary NamdhariElibrary@gmail.com

ਅਜਿਹੇ ਖਾਲਸੇ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਅਥਾਹ ਪਿਆਰਹੈ :—

'ਖ਼ਾਲਸਾ ਮੇਰੋ ਰੂਪ ਹੈ ਖਾਸ ॥
ਖ਼ਾਲਸੇ ਮਹਿ ਹੌ ਕਰੌ ਨਿਵਾਸ ॥
ਖ਼ਾਲਸਾ ਮੇਰੋ ਮੁਖ ਹੈ ਅੰਗਾ ॥
ਖ਼ਾਲਸੇ ਕੇ ਹੌਂ ਸਦ ਸਦ ਸੰਗਾ ॥
ਖ਼ਾਲਸਾ ਮੇਰੋ ਇਸ਼ਟ ਸੁਹਿਰਦ ॥
ਖ਼ਾਲਸਾ ਮੇਰੋ ਕਹੀਅਤ ਬਿਰਦ ॥
ਖ਼ਾਲਸਾ ਮੇਰੋ ਪਛ[੧] ਅਰ ਪਾਤਾ[੨] ॥
ਖ਼ਾਲਸਾ ਮੇਰੋ ਸੁਖ ਅਹਿਲਾਦਾ[੩] ॥
ਖ਼ਾਲਸਾ ਮੇਰੋ ਮਿੱਤਰ ਸਖਾਈ ॥
ਖ਼ਾਲਸਾ ਮਾਤ ਪਿਤਾ ਸੁਖਦਾਈ ॥
ਖ਼ਾਲਸਾ ਮੇਰੀ ਸੋਭਾ[੪] ਸੀਲਾ ॥
ਖ਼ਾਲਸਾ ਬੰਧ ਸਖਾ ਸਦ ਡੀਲਾ[੫] ॥
ਖ਼ਾਲਸਾ ਮੇਰੀ ਜਾਤ ਅਰ ਪਤ ॥
ਖ਼ਾਲਸਾ ਸੋ[੬] ਮਾ[੭] ਕੋ ਉਤਪਤ[੮] ॥
ਖ਼ਾਲਸਾ ਮੇਰੋ ਭਵਨ ਭੰਡਾਰਾ ॥
ਖ਼ਾਲਸੇ ਕਰ ਮੇਰੋ ਸਤਿਕਾਰਾ ॥
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ ॥
ਖ਼ਾਲਸਾ ਮੇਰੋ ਕਰਤ ਉਧਾਰਾ ॥
ਖ਼ਾਲਸਾ ਮੇਰੋ ਪਿੰਡ[੯] ਪਰਾਨ[੧੦] ॥
ਖ਼ਾਲਸਾ ਮੇਰੀ ਜਾਨ ਕੀ ਜਾਨ ॥
ਮਾਨ ਮਹਤ ਮੇਰੀ ਖ਼ਾਲਸਾ ਸਹੀ ॥

---

੧. ਕੁਲ
੨, ਇਜ਼ਤ
੩. ਆਨੰਦ
੪. ਸੁੰਦਰ ਧਰਮ
੫. ਕੱਦਾਵਰ, ਡੀਲ ਡੋਲ ਵਾਲਾ
੬. ਤੋਂ
੭. ਮੇਰੀ
੮. ਬਣਤ
੯. ਸ਼ਰੀਰ
੧੦. ਜਿੰਦ (ਪ੍ਰਾਣ)

Sri Satguru Jagjit Singh Ji eLibrary NamdhariElibrary@gmail.com

ਖ਼ਾਲਸਾ ਮੇਰੋ ਸ੍ਵਾਰਥ[1] ਸਹੀ ॥
ਖ਼ਾਲਸਾ ਮੇਰੋ ਕਰੇ ਨਿਰਬਾਹ ॥
ਖ਼ਾਲਸਾ ਮੇਰੋ ਦੇਹ ਅਰ ਸਾਹ ॥
ਖ਼ਾਲਸਾ ਮੇਰੋ ਧਰਮ ਅਰ ਕਰਮ ॥
ਖ਼ਾਲਸਾ ਮੇਰੋ ਭੇਦ [2]ਨਿਜ ਮਰਮ ॥
ਖ਼ਾਲਸਾ ਮੇਰੋ ਸਤਿਗੁਰ ਪੂਰਾ ॥
ਖ਼ਾਲਸਾ ਮੇਰੋ ਸੱਜਨ ਸੂਰਾ ॥
ਖ਼ਾਲਸਾ ਮੇਰੋ ਬੁਧ ਅਰ ਗਿਆਨ ॥
ਖ਼ਾਲਸੇ ਕਾ ਹੋ ਧਰੋ ਧਿਆਨ ॥
ਉਪਮਾ ਖ਼ਾਲਸੇ ਜਾਤ ਨ ਕਹੀ ॥
ਜਿਹਵਾ ਏਕ [3]ਪਾਰ ਨਹਿ ਲਹੀ ॥
[4]ਸੇਸ ਰਸਨ ਸਾਰਦ[5] ਸੀ ਬੁੱਧ ॥
ਤਦਪ ਨਾ ਉਪਮਾ ਬਰਨਤ ਸੁਧ ॥
[6]ਯਾ ਮੈ ਰੰਚ ਨ ਮਿਥਿਆ ਭਾਖੀ ॥
ਪਾਰਬ੍ਰਹਮ ਗੁਰ ਨਾਨਕ ਸਾਖੀ ॥
ਰੋਮ ਰੋਮ ਜੇ ਰਸਨਾ ਪਾਊਂ ॥
ਤਦਪ ਖ਼ਾਲਸਾ ਜਸ ਤਹਿ ਗਾਊਂ ॥
[7]ਹੌ ਖ਼ਾਲਸੇ ਕੋ ਖ਼ਾਲਸਾ ਮੇਰੋ ॥
ਓਤ ਪੋਤਿ ਸਾਗਰ ਬੂੰਦੇਰੋ ॥'

[ਸਰਬ ਲੋਹ ਗ੍ਰੰਥ

---

੧. ਮਨੋਰਥ
੨. ਆਪਣਾ ਰਾਜ਼
੩. ਅੰਤ ਨਹੀਂ ਪਾਇਆ ਜਾਂਦਾ
੪. ਸ਼ੇਸ਼ ਨਾਗ
੫. ਸੁਰਸਤੀ
੬. ਇਸ ਵਿਚ ਮੈਂ ਥੋੜ੍ਹਾ ਜਿੰਨਾ ਵੀ ਝੂਠ ਨਹੀਂ ਬੋਲਿਆ
੭. ਮੈਂ ਖਾਲਸੇ ਦਾ ਹਾਂ ਅਤੇ ਖਾਲਸਾ ਮੇਰਾ ਹੈ। ਅਸੀਂ ਸਮੁੰਦਰ ਦੀ ਬੂੰਦ ਵਾਂਙੂ ਆਪਸ ਵਿਚ ਇਕ-ਮਿੱਕ ਹਾਂ, ਓਤ ਪੋਤ ਹਾਂ

Sri Satguru Jagjit Singh Ji eLibrary NamdhariElibrary@gmail.com

ਅਤੇ

'ਜੁੱਧ ਜਿਤੇ [੧]ਇਨ ਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
[੨]ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ
[੩]ਇਨਹੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ[੪] ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰੁ[੫] ਮਰੇ ॥
[੬]ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀ ਮੋ ਸੋ ਗਰੀਬ ਕਰੋਰ ਪਰੇ ॥ ੨ ॥'

[ਸਵੈਯਾ, ਗ੍ਰੰਥ ਗਿਆਨ ਪ੍ਰਬੋਧ, ਪਾਤਸ਼ਾਹੀ ੧੦

ਅਤੇ

'ਜਜਨ[੭] ਭਜਨ ਮਮ ਖ਼ਾਲਸਾ ਖ਼ਾਲਸਾ ਪੂਜਬੇ ਜੋਗ ॥
ਦਾਸ ਗੋਬਿੰਦ ਫ਼ਤਹ ਖ਼ਾਲਸਾ ਦਰਸ ਪਰਸ ਮਿਟੇ ਸੋਗ ॥
ਮੇਰੋ ਇਸ਼ਟ ਅਰ ਨੇਸ਼ਠਾ[੮] ਖ਼ਾਲਸਾ ਪੂਜਨ ਧਿਆਨ ॥
ਦਰਸਨ ਪਰਸਨ ਖ਼ਾਲਸਾ ਮੁਕਤ ਰੂਪ ਸਤ ਜਾਨ ॥
ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸਾ ਦੇਵ ॥
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ[੯] ਨਾਹਨ ਭੇਵ ॥'

[ਸਰਬ ਲੋਹ ਗ੍ਰੰਥ

---

੧. ਇਸ ਖਾਲਸੇ ਸਦਕੇ ਹੀ
੨. ਸਾਰੇ ਪਾਪ ਵੀ ਇਨ੍ਹਾਂ ਦੀ ਕਿਰਪਾ ਨਾਲ ਹੀ ਦੂਰ ਹੋਏ ਹਨ
੩. ਪਦਾਰਥਾਂ ਨਾਲ ਧਰਪੂਰ ਹੋ ਗਿਆ
੪. ਸ਼ਸਤਰ-ਵਿਦਿਆ ਲਈ
੫. ਦੁਸ਼ਮਨ
੬. ਇਨ੍ਹਾਂ ਦੀ ਕਿਰਪਾ ਸਦਕੇ ਹੀ ਮੇਰੀ ਇਹ ਬਣਤ ਬਣੀ ਹੈ, ਨਹੀਂ ਤਾਂ ਮੇਰੇ ਗਰੀਬ ਵਰਗੇ ਕਰੋੜਾਂ ਹੀ ਬੈਠੇ ਹਨ
੭. ਯੱਗ ਕਰਨ ਅਤੇ ਪੂਜਣ ਦੀ ਕ੍ਰਿਆ
੮. ਨਿਸਚਾ, ਸ਼ਰਧਾ
੯. ਰਤੀ ਜਿੰਨਾਂ ਵੀ

Sri Satguru Jagjit Singh Ji eLibrary NamdhariElibrary@gmail.com

ਕਾਂਡ ਪੰਜਵਾ

# ਨਾਮ-ਪ੍ਰਾਪਤੀ

## ੧. ਹਉਮੈਂ ਦਾ ਪਰਦਾ

ਗੁਮਰਤ ਵਿਚ ਵਾਹਿਗੁਰੂ ਜੀ ਨੂੰ ਸਾਖੀ ਕਰਕੇ ਨਹੀਂ ਸਗੋਂ ਕਰਤਾ ਪੁਰਖ ਕਰਕੇ ਮੰਨਿਆ ਗਿਆ ਹੈ। ਵਾਹਿਗੁਰੂ ਜੀ ਦਾ ਰੂਪ ਗੁਰੂ ਜੀ ਨੇ, ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਹੀ ਮੂਲ ਮੰਤ੍ਰ ਅੰਦਰ ਦਰਸਾਇਆ ਹੈ, ਅਰਥਾਤ ੧ਓ ਨੂੰ 'ਹੋਂਦ ਸਰੂਪ' ਦਸ ਕੇ ਕਰਤਾ ਪੁਰਖ ਆਖਿਆ ਹੈ। ਸੰਸਾਰ ਵਿਚ ਜੋ ਕੁਝ ਵੀ ਦਿਸਦਾ ਹੈ, ਸਭ ਉਸੇ ਵਾਹਿਗੁਰੂ ਜੀ ਨੇ ਬਣਾਇਆ ਹੈ :—

'ਨਾਨਕ ਰਚਨਾ ਪ੍ਰਭਿ ਰਚੀ
ਬਹੁਬਿਧਿ[੧] ਅਨਿਕ ਪ੍ਰਕਾਰਿ ॥'

[ਗਉੜੀ ਸੁਖਮਨੀ ਮ: ੫–੨੭੫

ਅਤੇ

'ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ [੨]ਜਲਿ ਥਲਿ ਮਹੀਅਲ ਸੋਇ ॥'

[ਗਉੜੀ ਸੁਖਮਨੀ ਮ: ੫–੨੭੬

ਇਹ ਦ੍ਰਿਸ਼ਟਮਾਨ ਉਸ ਦਾ ਆਪਣਾ ਹੀ ਰੂਪ ਹੈ। 'ਜੇਤਾ ਕੀਤਾ ਤੇਤਾ ਨਾਉ' ਅਰਥਾਤ, 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ' ਹੈ। ਜਿਵੇਂ ਸੋਨੇ

੧. ਕਈ ਤਰ੍ਹਾਂ ਦੀ

੨. ਪਾਣੀ ਵਿਚ, ਧਰਤੀ ਵਿਚ ਅਤੇ ਧਰਤੀ ਤੇ ਅਸਮਾਨ ਦੇ ਵਿਚਕਾਰ

Sri Satguru Jagjit Singh Ji eLibrary NamdhariElibrary@gmail.com

ਦੇ ਬਣੇ ਗਹਿਣੇ ਵੇਖਣ ਵਿਚ ਤਾਂ ਭਿੰਨ ਭਿੰਨ ਲਗਦੇ ਹਨ ਪਰ ਵਾਸਤਵ ਵਿਚ ਤਾਂ ਸੋਨਾ ਹੀ ਹਨ, ਤਿਵੇਂ ਹੀ ਜੋ ਕੁਝ ਵਾਹਿਗੁਰੂ ਜੀ ਤੋਂ ਬਣਿਆ ਹੈ, ਉਹ ਅਸਲ ਵਿਚ ਵਾਹਿਗੁਰੂ ਹੀ ਹੈ; ਉਸੇ ਦਾ ਰੂਪ ਹੈ। ਵਾਹਿਗੁਰੂ ਜੀ ਇਕ ਹਨ, ਦੂਆ ਉਸ ਵਿਚ ਹੈ ਹੀ ਨਹੀਂ। ਜਿੰਨਾਂ ਵੀ ਇਹ ਵਿਸਥਾਰ ਵੇਖਣ ਵਿਚ ਆਉਂਦਾ ਹੈ, ਸਭ ਉਸੇ ਦਾ ਹੀ ਫੈਲਾਓ ਹੈ :—

'ਏਕੋ ਏਕੁ ਏਕੁ ਹਰਿ ਆਪਿ ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥
[1]ਅਨਿਕ ਬਿਸਥਾਰ ਏਕ ਤੇ ਭਏ ॥
ਏਕ ਅਰਾਧਿ [2]ਪਰਾਛਤ ਗਏ ॥'
[ਗਉੜੀ ਸੁਖਮਨੀ ਮ: ੫–੨੮੯

ਅਤੇ

'ਏਕਲ ਮਾਟੀ ਕੁੰਜਰ[3] ਚੀਟੀ [4]ਭਾਜਨ ਹੈ ਬਹੁ ਨਾਨਾ ਰੇ ॥
ਅਸਥਾਵਰ[5] ਜੰਗਮ[6] ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥'
[ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ–੯੮੮

ਹੁਣ ਜਦੋਂ ਅਸ਼ੀਂ ਸਾਰੇ ਵਾਹਿਗੁਰੂ ਜੀ ਦਾ ਹੀ ਰੂਪ ਹੋਏ ਤਾਂ ਫਿਰ ਫਰਕ ਕਿਵੇਂ ਪੈ ਗਿਆ ਜੋ ਅਸੀਂ ਅਲਪੱਗ ਹੋ ਗਏ, ਜਦੋਂ ਕਿ ਉਹ ਸਰਬੱਗ ਤੇ ਸਰਬ-ਸਮਰਥ ਹੈ; ਅਸ਼ੀਂ ਕਾਲ ਅਧੀਨ ਹੋ ਗਏ, ਜਦੋਂ ਕਿ ਉਹ ਅਕਾਲ ਹੈ; ਅਸੀਂ ਇਕ ਦੇਸੀ ਬਣ ਗਏ ਜਦੋਂ ਕਿ ਉਹ ਸਰਬ-ਵਿਆਪਕ ਹੈ; ਅਸੀਂ ਅਗਿਆਨੀ ਹੋ ਗਏ ਜਦੋਂ ਕਿ ਉਹ ਗਿਆਨੀ ਤੇ ਅੰਤਰਜਾਮੀ ਹੈ: ਸਾਨੂੰ ਚਿੰਤਾ ਵਿਆਪਣ ਲਗ ਪਈ ਪਰ ਉਸ ਨੂੰ ਕੋਈ ਨਹੀਂ; ਸਾਨੂੰ ਲੋੜਾਂ-ਥੋੜ੍ਹਾਂ ਵਾਪਰਦੀਆਂ ਹਨ ਪਰ ਉਸ ਨੂੰ ਕੋਈ ਨਹੀਂ। ਇਸ ਦਾ ਕਾਰਨ ਇਹ ਹੈ ਕਿ ਸਾਡੇ ਅੰਦਰ 'ਇਕ' ਦੇ ਅਹਿਸਾਸ ਦੀ ਥਾਂ ਅਨੇਕਤਾ ਦਾ ਅਹਿਸਾਸ ਆ ਗਿਆ ਹੈ। ਅਸੀਂ

---

੧. ਕਈ ਵਿਸਥਾਰ (ਖਿਲਾਰੇ)
੨. ਪਾਪ ਮਿਟ ਗਏ
੩. ਹਾਥੀ; ਭਾਵ ਹਾਥੀ ਤੇ ਕੀੜੇ ਦੋਵੇਂ ਇਕੋ ਹੀ ਮਿੱਟੀ ਦੇ ਹੁੰਦੇ ਹਨ
੪. ਭਾਂਡੇ ਕਈ ਤਰ੍ਹਾਂ ਦੇ ਹਨ
੫. ਰੁਖ ਆਦਿਕ ਜੋ ਇਕ ਥਾਂ ਖੜੇ ਹਨ
੬. ਲੱਤਾਂ ਨਾਲ ਤੁਰਨ ਵਾਲੇ ਜੀਵ

Sri Satguru Jagjit Singh Ji eLibrary NamdhariElibrary@gmail.com

ਇਕ ਵਾਹਿਗੁਰੂ ਨੂੰ ਹਰ ਥਾਂ ਅਨੁਭਵ ਨਹੀਂ ਕਰਦੇ ਸਗੋਂ ਉਸ ਤੋਂ ਟੁੱਟ ਕੇ ਆਪਣੇ ਆਪ ਨੂੰ ਉਸ ਤੋਂ ਵੱਖਰਾ ਸਮਝਦੇ ਹਾਂ ਜਿਸ ਕਰਕੇ ਹੋਰ ਸਭ ਕੁਝ ਹੀ ਭਿੰਨ ਭਿੰਨ ਦਿਸਦਾ ਹੈ। ਆਪਣੀ ਹੋਂਦ ਦੇ ਵਖਰੇ ਅਹਿਸਾਸ ਨੂੰ ਹੀ ਹਉਮੈਂ ('ਮੈਂ ਹਾਂ', ਦਾ ਭਾਵ) ਆਖਿਆ ਹੈ ਜੋ ਪ੍ਰਭੂ ਤੇ ਜੀਵ ਵਿਚਕਾਰ ਪਰਦੇ ਨਿਆਈਂ ਹੈ :—

'ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪੜਦਾ ਹਉਮੈ ਪਾਈ ॥'

[ਗਉੜੀ ਪੂਰਬੀ ਮ: ੫–੨੦੫

ਅਤੇ

'ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ ॥'

[ਮਾਲਾਰ ਨ: ੪–੧੨੬੩

'ਮੈਂ–ਪੁਣੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ, ਉਸ ਨੂੰ ਹਉਮੈਂ ਕਹਿੰਦੇ ਹਨ। ਮੈਂ–ਜਦ-ਮੈਂ ਨਹੀਂ–ਵਲ ਜਾਂਦੀ ਹੈ ਤਾਂ ਆਪਾ ਨਿਵਾਰਦੀ ਹੈ। –ਮੈਂ–ਜਦ-ਹਉਂ–ਵਲ ਝੁਕਦੀ ਹੈ–ਹਉਂ ਹਉਂ–ਵਿਚ ਦ੍ਰਿੜ੍ਹ ਹੋ ਜਾਂਦੀ ਹੈ ਤਦ ਆਪਾ ਦ੍ਰਿੜ੍ਹ ਕਰਦੀ ਹੈ ਇਸ ਭਾਵ ਤੋਂ ਮੋਹ ਮਾਯਾ ਵਿਚ ਫਸਦੀ ਹੈ। ਇਹ–ਹਉਮੈਂ ਹੈ, ਅਹੰਕਾਰ, ਅਭਿਮਾਨ; ਯਥਾ—'ਹਉਮੈ ਦੀਰਘ ਰੋਗ ਹੈ' ਤਥਾ—ਅੰਤਰਿ ਹਉਮੈ ਕੰਡਾ ਹੇ'।''* ਰਚਨਾ ਦੀ ਖੇਡ ਨੂੰ ਵਾਹਿਗੁਰੂ ਜੀ ਨੇ 'ਹਉਮੈਂ' 'ਮੈਂ ਹਾਂ' ਦੇ ਭਾਵ ਉਤੇ ਹੀ ਖੜਾ ਕੀਤਾ ਹੋਇਆ ਹੈ। ਵਾਹਿਗੁਰੂ ਜੀ ਦੇ 'ਇਕ' ਦੇ ਭਾਵ ਦੀ ਥਾਂ ਆਪੋ ਆਪਣੇ ਹੋਣ ਦਾ ਅਹਿਸਾਸ, ਅਨੇਕਤਾ ਦਾ ਅਹਿਸਾਸ ਹੋ ਗਿਆ ਹੋਇਆ ਹੈ। ਇਹ ਫਰਕ ਆਤਮਾ ਵਿਚ ਮਨ ਦੁਆਰਾ** ਲੱਗਾ ਹੈ, ਜਿਸ ਦੇ ਕਾਰਨ ਇਸੇ ਆਤਮਾ ਨੂੰ ਹੀ ਜੀਵ-ਆਤਮਾ ਕਰਕੇ ਆਖਿਆ

---

*ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

** ਮਨ ਆਤਮਾ ਤੇ ਇੰਦ੍ਰਿਆਂ ਦੇ ਵਿਚਕਾਰ ਇਕ ਚੇਤਨ ਸੱਤਯ ਦਾ ਰੂਪ ਜਿਹਾ ਹੈ, ਜੋ ਆਤਮਾ ਦੀ ਹੀ ਇਕ ਬਿਰਤੀ ਹੈ, ਜਿਸ ਦੁਆਰਾ ਗਿਆਨੇਂਦ੍ਰਿਆਂ ਦੇ ਵਸੀਲੇ ਪ੍ਰਤੀਤ ਹੋਣ ਵਾਲੇ ਪਦਾਰਥ, ਆਤਮਾ ਉਤੇ ਪ੍ਰਤੀਤੀ ਦਾ ਅਸਰ ਕਰਦੇ ਹਨ ਜਾਂ ਗਿਆਨ ਪਾਉਂਦੇ ਹਨ ਤੇ ਇਸ ਤਰ੍ਹਾਂ ਮਨ ਆਤਮਾ ਤੋਂ ਵੱਖਰਾ ਪ੍ਰਤੀਤ ਦੇਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਜਾਂਦਾ ਹੈ। 'ਇਕ' ਹਮੇਸ਼ਾ ਤਕੜਾ ਤੇ ਸ਼ਕਤੀਸ਼ਾਲੀ ਹੈ, ਅਨੇਕਤਾ ਪਤਲ਼ੀ ਪੈ ਜਾਂਦੀ ਹੈ, ਕਮਜ਼ੋਰ ਹੋ ਜਾਂਦੀ ਹੈ ਅਤੇ ਦੁਖ ਆਦਿ ਦਾ ਸ਼ਿਕਾਰ ਹੋ ਜਾਂਦੀ ਹੈ। ਜੇ 'ਇਕ' ਮੁੜ ਦ੍ਰਿੜ੍ਹ ਹੋ ਜਾਵੇ ਤਾਂ ਵਾਹਿਗੁਰੂ-ਸਮਰਥਾ ਮੁੜ ਬਣ ਆਉਂਦੀ ਹੈ। ਜਦੋਂ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਇਹ ਪ੍ਰਸ਼ਨ ਪੁਛਿਆ ਕਿ ਜਗ ਕਿਵੇਂ ਉਪਜਦਾ ਹੈ ਤੇ ਦੁਖਾਂ ਦੀ ਨਵਿਰਤੀ ਕਿਵੇਂ ਹੁੰਦੀ ਹੈ ਤਾਂ ਗੁਰੂ ਜੀ ਨੇ ਇਹੋ ਦਸਿਆ ਕਿ ਦੁਨੀਆਂ ਹਉਮੈਂ ਆਸਰੇ ਉਪਜਦੀ ਹੈ ਅਤੇ ਉਸ ਵਾਹਿਗੁਰੂ ਦੀ ਹੋਂਦ ਵਿਚ ਲੀਨ ਹੋਣ ਨਾਲ ਸੁਖ ਹੋ ਸਕਦਾ ਹੈ :—

'ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ
ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗ ਉਪਜੈ ਪੁਰਖਾ॥
ਨਾਮਿ ਵਿਸਰਿਐ ਦੁਖੁ ਪਾਈ॥'
[ਰਾਮਕਲੀ ਮ: ੧, ਸਿਧ ਗੋਸਟਿ—੯੪੬

'ਨਾਮ ਵਿਸਰੀਐ' ਦਾ ਭਾਵ ਵਾਹਿਗੁਰੂ ਜੀ ਦੀ ਹੋਂਦ ਵਿਸਰਨ ਤੋਂ ਹੈ। ਜਦ ਵਾਹਿਗੁਰੂ ਜੀ ਦੀ ਹੋਂਦ ਅਨੁਭਵ ਵਿਚੋਂ ਨਿਕਲ ਜਾਂਦੀ ਹੈ ਅਤੇ ਉਸ ਦੀ ਥਾਂ ਆਪਣੀ ਹੋਂਦ—'ਮੈਂ ਹਾਂ' (ਹਉਮੈਂ)—ਮਲ ਲੈਂਦੀ ਹੈ, ਤਦ ਦੁਖ ਲਗਦੇ ਹਨ। 'ਮੈਂ ਹਾਂ' ਦੇ ਭਾਵ ਦੇ ਕਾਰਨ 'ਮੇਰੀ' (ਕਬਜ਼ੇ) ਦਾ ਭਾਵ ਜਾਗਦਾ ਹੈ। ਜਦੋਂ ਜੀਵ ਆਪਣੀ ਪਾਲਣਾ ਤੇ ਸਲਾਮਤੀ ਦੇ ਯਤਨ ਸਵੈ-ਆਸ੍ਰਿਤ ਹੋ ਕੇ ਕਰਦਾ ਹੈ ਤਾਂ ਉਸ ਦੀ ਹਉਮੈਂ ਦਾ ਭਾਵ ਦ੍ਰਿੜ ਹੁੰਦਾਂ ਹੈ। ਉਹ ਹੁਣ ਅੰਦਰਲੀ 'ਇਕ' ਦੀ ਟੇਕ ਭਾਵ ਵਾਹਿਗੁਰੂ ਜੀ ਦੇ ਆਤਮ-ਟਿਕਾਓ ਦੇ ਅਨੰਦ ਨੂੰ ਛਡ ਕੇ ਬਾਹਰ ਸੁਖ ਭਾਲਦਾ ਹੈ ਅਤੇ ਇਨ੍ਹਾਂ ਭੋਗਾਂ ਦੇ ਰਸ ਤੋਂ ਭੋਗਾਂ ਦੀ ਵਾਸ਼ਨਾ ਤੇ ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ। ਵਾਸ਼ਨਾ ਤੇ ਕਰਮ ਦਾ ਆਪੋ ਵਿਚ ਕਾਰਨ ਕਾਰਜ ਦਾ ਸਬੰਧ ਹੋਣ ਕਰਕੇ ਜਨਮ-ਮਰਨ ਹੁੰਦਾ ਰਹਿੰਦਾ ਹੈ।

ਹਉਮੈਂ ਜੀਵਾਂ ਵਿਚ ਵਾਹਿਗੁਰੂ ਜੀ ਦੇ ਹੁਕਮ ਨਾਲ ਹੀ ਪਈ ਹੈ। ਇਸ ਵਿਚ ਜੀਵਾਂ ਦਾ ਕੋਈ ਦੋਸ਼ ਨਹੀਂ ਕਿਉਂਜੋ 'ਜਬ ਕਛ ਨਾ ਸੀਉ ਤਬ ਕਿਆ ਕਰਤਾ ਕਵਨ ਕਰਮ ਕਰ ਆਇਆ।' ਇਹ ਹਉਮੈਂ ਉਸ ਦੀ ਅਸਚਰਜ ਖੇਡ ਦਾ ਇਕ ਅੰਗ ਹੈ। ਉਹ ਇਸ ਹਉਮੈਂ ਦੀ ਖੇਡ ਨੂੰ ਇਕਦਮ ਸਮੇਟ ਵੀ

Sri Satguru Jagjit Singh Ji eLibrary NamdhariElibrary@gmail.com

ਲੈਂਦਾ ਹੈ, ਯਥਾ–'ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ' ਅਤੇ ਸਹਜੇ ਸਹਜੇ ਵੀ ਇੱਕਲੇ ਇੱਕਲੇ ਜੀਵ ਦੀ ਇਸ ਹਉਮੈਂ ਤੋਂ ਖਲਾਸੀ ਕਰਵਾ ਦਿੰਦਾ ਹੈ ਜਿਸ ਦਾ ਸਾਧਨ ਵੀ ਵਾਹਿਗੁਰੂ ਜੀ ਨੇ ਹਉਮੈਂ ਵਿਚ ਹੀ ਪਾਇਆ ਹੋਇਆ ਹੈ। ਜਦ ਜੀਵ ਸੰਸਾਰਕ ਦੁਖਾਂ ਦਾ ਤੰਗ ਕੀਤਾ ਹੋਇਆ ਆਪਣੇ ਬਚਾ ਖਾਤਰ ਗੁਰੂ ਜੀ ਦੀ ਸ਼ਰਨ ਆ ਕੇ ਉਸ ਦੇ ਹੁਕਮ ਦੀ ਪਾਲਣਾ ਆਰੰਭ ਕਰਦਾ ਹੈ ਤਾਂ ਵਾਹਿਗੁਰੂ ਜੀ ਦੀ ਹੋਂਦ (ਨਾਮ) ਦਾ ਅਨੁਭਵ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਇਕ ਦਿਨ ਉਹ ਪੂਰੇ ਰੂਪ ਵਿਚ ਹਿਰਦੇ ਵਿਚ ਨਿਵਾਸ ਕਰ ਜਾਂਦੀ ਹੈ ਅਤੇ ਉਸ ਦੇ ਉਲਟ ਉਸ ਦੀ ਆਪਣੀ ਹੋਂਦ ਘਟਦੀ ਘਟਦੀ ਅੰਤ ਵਿਚ ਖਤਮ ਹੋ ਜਾਂਦੀ ਹੈ :—

'ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥'

[ਮ: ੨, ਆਸਾ ਕੀ ਵਾਰ–੪੬੬

ਭਾਵ ਅਰਥ–"ਇਹੋ ਹਉਮੈਂ (ਹੀ ਇਸ ਜੀਵ ਦੀ) ਉਤਪਤੀ ਹੈ (ਭਾਵ ਮੂਲ ਹੈ) ਤੇ (ਜੀਵ ਨੂੰ) ਅਗੋਂ ਕਰਮਾਂ ਵਿਚ ਪਰਵਿਰਤ ਹੀ ਹਉਮੈਂ ਵੀ ਕਰਦੀ ਹੈ। (ਕਰਮ ਪ੍ਰਵਿਰਤੀ ਦੇ ਕਾਰਣ) ਇਹੋ ਹਉਮੈਂ ਹੀ (ਜੀਵਂ ਲਈ) ਬੰਧਨ ਰੂਪ (ਹੋ ਜਾਂਦੀ) ਹੈ, (ਇਹੋ ਬੰਧਨ ਰੂਪ ਹੋ ਕੇ ਇਸ ਨੂੰ) ਮੁੜ ਮੁੜ ਜੂਨਾਂ ਵਿਚ ਪਾਉਂਦੀ ਹੈ। (ਪ੍ਰਸ਼ਨ) ਇਹ ਹਉਮੈਂ ਕਿਥੋਂ ਉਗਮ ਪੈਂਦੀ ਹੈ ਤੇ ਕਿਸ ਉਪਾਉ ਨਾਲ ਦੂਰ ਹੋ ਸਕਈ ਹੈ ? (ਉੱਤਰ) ਇਹ ਹਉਮੈਂ ਤਾਂ (ਵਾਹਿਗੁਰੂ) ਦਾ ਹੁਕਮ ਹੈ (ਭਾਵ ਵਾਹਿਗੁਰੂ ਦੇ ਹੁਕਮ ਤੋਂ ਹੁੰਦੀ ਤੇ ਜੀਵ ਨੂੰ ਪੈਂਦੀ ਹੈ), (ਜਦ ਇਹ) ਪੈ ਗਈ ਤਾਂ (ਫੇਰ ਕਰਮ ਕਰੀ ਦੇ ਹਨ ਜਿਨ੍ਹਾਂ ਤੋਂ ਕਿਰਤ ਦਾ ਗੇੜ ਬੱਝਦਾ ਹੈ, ਉਹ) ਕਿਰਤ (ਜੂਨਾਂ ਵਿਹ) ਫੇਰਦੀ ਹੈ। (ਐਉਂ) ਹਉਮੈਂ ਦੀਰਘ

Sri Satguru Jagjit Singh Ji eLibrary NamdhariElibrary@gmail.com

ਰੋਗ ਹੈ (ਪਰ ਅਸਾਧ ਰੋਗ ਨਹੀਂ) ਦਾਰੂ ਬੀ ਇਸ ਵਿਚ ਹੈ। ਜੇ (ਵਾਹਿਗੁਰੂ) ਆਪਣੀ ਕਿਰਪਾ ਕਰੇ ਤਾਂ (ਜੀਵ) ਗੁਰੂ ਦੇ ਸ਼ਬਦ ਦੀ ਕਮਾਈ ਵਿਚ ਲਗ ਪੈਂਦਾ ਹੈ। (ਗੁਰੂ) ਨਾਨਕ (ਦੇਵ ਜੀ) ਕਹਿੰਦੇ ਹਨ ਹੇ ਸੱਜਣੋਂ! ਸੁਣੋ ਇਹ ਉਪਾਉ ਹੈ (ਜਿਸ ਨਾਲ ਹਉਂ ਤੋਂ ਉਪਜੇ) ਦੁਖ ਦੂਰ ਹੁੰਦੇ ਹਨ।"*

ਜਦੋਂ ਅਕਾਲ ਪੁਰਖ ਜੀ ਦੀ ਅਪਾਰ ਬਖਸ਼ਿਸ਼ ਹੁੰਦੀ ਹੈ ਤਾਂ ਇਹ 'ਮੈਂ' ਤੇ 'ਮੇਰੀ' ਦਾ ਭਾਵ ਖਤਮ ਹੁੰਦਾ ਹੈ ਅਤੇ ਪ੍ਰਭੂ ਵਿਚ ਸਮਾਈ ਹੁੰਦੀ ਹੈ :—

'ਹਉ ਜਾਇ ਪੁਛਾ ਸੋਹਾਗ ਸੁਹਾਗਣਿ
ਤੁਸੀ ਕਿਉ ਪਿਰ ਪਾਇਅੜਾ ਪ੍ਰਭੁ ਮੇਰਾ ॥
ਮੈ ਊਪਰਿ ਨਦਰਿ ਕਰੀ ਪਿਰਿ ਸਾਚੈ
ਮੈ ਛੋਡਿਅੜਾ ਮੇਰਾ ਤੇਰਾ ॥'

[ਵਡਹੰਸੁ ਮ: ੪—੫੬੧

## ੨. ਪੰਜ ਚੋਰ

ਜੀਵਾਂ ਦੀ ਉਤਪੱਤੀ ਦਾ ਮੂਲ ਕਾਰਨ ਹਉਮੈਂ ਪੰਜਾਂ ਨੌਕਰਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ—ਰਾਹੀਂ ਅਗੇ ਕੰਮ ਕਰਦੀ ਹੈ। ਇਨ੍ਹਾਂ ਨੌਕਰਾਂ ਨੂੰ ਆਮ ਤੌਰ ਤੇ ਪੰਜ ਚੋਰ ਕਰਕੇ ਆਖਿਆ ਜਾਂਦਾ ਹੈ ਕਿਉਂਜੋ ਇਹ ਸਾਡੇ ਆਤਮ-ਖਜ਼ਾਨੇ ਨੂੰ ਲੁਟਦੇ, ਖਾਲੀ ਕਰਦੇ ਹਨ ਤੇ ਇਕ ਵਾਹਿਗੁਰੂ ਦੀ ਟੇਕ ਨੂੰ ਨਸ਼ਟ ਕਰਦੇ ਹਨ। ਸਾਡਾ ਆਤਮ-ਖਜ਼ਾਨਾ ਨਾਮ-ਅੰਮ੍ਰਿਤ, ਨਾਮ-ਰਸ, ਨਾਲ ਭਰਿਆ ਹੋਇਆ ਹੈ ਅਤੇ ਇਹ ਪੰਜ ਚੋਰ ਜੀਵ ਨੂੰ ਸਰਬ ਸ਼ਕਤੀਮਾਨ ਬਣਾਉਣ ਵਾਲੀ ਇਸ ਰਸਾਇਣ ਨੂੰ ਅਜਾਈਂ ਖਰਚਦੇ ਰਹਿੰਦੇ ਹਨ, ਕਿਉਂਜੋ ਦੂਜਿਆਂ ਰਸਾਂ ਕਸਾਂ ਵਿਚ ਵੀ ਵਾਹਿਗੁਰੂ ਜੀ ਦੀ ਹੋਂਦ ਦਾ ਰਸ ਹੀ ਵੀਟਦਾ ਹੈ। ਹਉਮੈਂ ਨੂੰ ਸੱਤਾ ਆਤਮਾ ਤੋਂ ਹੀ ਮਿਲਦੀ ਹੈ ਅਤੇ ਬਿਨਾਂ ਉਸ ਸੱਤਾ ਦੇ ਇਹ ਪੰਜ ਚੋਰ ਵੀ ਨਿਰਜਿੰਦ ਹਨ। ਇਸ ਤਰ੍ਹਾਂ ਇਨ੍ਹਾਂ ਦੀ ਅਜਾਈਂ ਵਰਤੋਂ ਉਸ ਖਜ਼ਾਨੇ ਨੂੰ ਅਜਾਈਂ ਲੁਟਾਉਣ ਵਾਲੀ ਗੱਲ ਹੈ :—

'ਇਸ ਦੇਹੀ ਅੰਦਿਰ ਪੰਚ ਚੋਰ ਵਸਹਿ

---

*ਪੰਜ ਗ੍ਰੰਥੀ ਸਟੀਕ, ਭਾਈ ਸਾਹਿਬ ਡਾਕਟਰ ਵੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

ਕਾਮੁ, ਕ੍ਰੋਧ, ਲੋਭੁ, ਮੋਹੁ ਅਹੰਕਾਰਾ ॥
ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੁਕਾਰਾ ॥
ਅੰਧਾ ਜਗਤ ਅੰਧੁ ਵਰਤਾਰਾ
ਬਾਝੁ ਗੁਰੂ ਗੁਬਾਰਾ[੧] ॥੧॥'
[ਸੋਰਠਿ ਮ: ੩–੬੦੦

ਅਤੇ

'ਏਕੁ ਕੋਟੁ[੨] ਪੰਚ ਸਿਕਦਾਰਾ[੩] ਪੰਚੇ ਮਾਗਹਿ ਹਾਲਾ[੪] ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ[੫] ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ॥
ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥
[੬]ਨਉ ਡਾਡੀ [੭]ਦਸ ਮੁੰਸਫ ਧਾਵਹਿ ਰਈਅਤ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ[੮] ਲੇਹੀ ॥੨॥
[੯]ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ
ਨਾਮੁ ਲਿਖਾਈ ॥

ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ[੧੦] ਨ ਕਾਈ ॥੩॥'
[ਸੂਹੀ ਕਬੀਰ ਜੀਉ–੭੯੩

ਭਾਵ ਅਰਥ–ਸਰੀਰ ਰੂਪੀ ਕਿਲ੍ਹਾ ਤਾਂ ਇਕ ਹੈ, ਪਰ ਇਸ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਪੰਜ ਹਾਕਮ ਹਨ । ਇਹ ਪੰਜੇ ਹੀ ਆਪੋ ਆਪਣੀ ਹਾਕਮੀ ਦੇ ਡੰਨ ਵਜੋਂ ਮੇਰੇ ਕੋਲੋਂ ਮਾਮਲਾ ਮੰਗਦੇ ਹਨ । ਪਰ ਮੈਂ ਕਿਸੇ ਦੀ ਵੀ ਭੋਂ ਨਹੀਂ ਵਾਹੀ

---

੧. ਅਨ੍ਹੇਰਾ, ਧੁੰਦੂਕਾਰ
੨. ਕਿਲ੍ਹਾ ਸਰੀਰ ਰੂਪੀ
੩. ਹਾਕਮ
੪ ਮਾਮਲਾ, ਟੈਕਸ
੫. ਚਿਤ
੬. ਨੌਂ ਇੰਦਰੇ (ਡਾਡੀ=ਜਰੀਬ-ਕਸ, ਡੰਡੇ ਨਾਲ ਮਾਪਣ ਵਾਲੇ)
੭. ਪੰਜ ਗਿਆਨ ਤੇ ਪੰਜ ਕਰਮ ਇੰਦਰੇ
੮. ਵੱਢੀ; ਵਿਸ਼ਟਾ ਵਾਲੀ
੯. ਸਰੀਰ ਦੀਆਂ ਬਹੱਤਰ ਕੋਠੜੀਆਂ
੧੦. ਜ਼ੱਰਾ ਭਰ ਵੀ

Sri Satguru Jagjit Singh Ji eLibrary NamdhariElibrary@gmail.com

ਅਰਥਾਤ ਮੈਂ ਤੇ ਇਨ੍ਹਾਂ ਦੀ ਵਾਟੇ ਹੀ ਨਹੀਂ ਤੁਰਿਆ, ਜਿਸ ਕਰਕੇ ਏਹੋ ਜਿਹਾ ਮਾਮਲਾ ਦੇਣਾ ਮੈਨੂੰ ਦੁਖਦਾਈ ਹੋ ਰਿਹਾ ਹੈ—ਭਾਵ ਹੈਰਾਨ ਹੋ ਰਿਹਾ ਹਾਂ ਕਿ ਇਹੋ ਜਿਹੇ ਸੰਸਕਾਰ ਅਤੇ ਫੁਰਨੇ ਕਿਉਂ ਆਉਂਦੇ ਹਨ। ਹੇ ਹਰੀ ਦੇ ਲੋਕੋ! ਸੰਤ ਜਨੋਂ! ਮੈਨੂੰ ਚਿਤ-ਪਟਵਾਰੀ ਨਿੱਤ ਹੀ ਚੋਭਾਂ ਦਿੰਦਾ ਰਹਿੰਦਾ ਹੈ। ਜਦ ਮੈਂ ਬਾਹਾਂ ਖੜੀਆਂ ਕਰ ਕੇ ਗੁਰੂ ਮਹਾਰਾਜ ਦੇ ਸਾਹਮਣੇ ਦੁਹਾਈ ਪਾਈ ਤਦ ਉਨ੍ਹਾਂ ਨੇ ਮੈਨੂੰ ਇਨ੍ਹਾਂ ਤੋਂ ਬਚਾ ਲਿਆ। ਨੌਵਾਂ ਦੁਆਰਿਆਂ ਅੰਦਰ ਵਰਤਨ ਵਾਲੇ ਦਸੋਂ ਇੰਦ੍ਰੇ ਰੂਪ ਡਾਂਡੀ (ਡੰਡਿਆਂ=ਪੈਮਾਨਿਆਂ ਵਾਲੇ) ਅਤੇ ਉਨ੍ਹਾਂ ਦੀ ਮਿਣਤੀ ਦਾ ਨਿਰਣੈ ਕਰਤਾ ਮੁਨਸਬ, ਗਿਰਦਾਵਰ ਸਰੂਪੀ ਮਨ, ਦੌੜ ਦੌੜ ਕੇ ਕੁੱਦਦੇ ਆਉਂਦੇ ਹਨ ਅਤੇ ਚੰਗੇ ਗੁਣਾਂ ਜਾਂ ਪ੍ਰਾਣ ਆਦਿ ਨੂੰ ਟਿਕ ਕੇ ਵਸਣ ਨਹੀਂ ਦਿੰਦੇ। ਉਹ ਡੋਰੀ ਪੂਰੀ ਪੂਰੀ ਨਹੀਂ ਮਿਣਦੇ ਅਰਥਾਤ ਜੀਵਨ-ਨਿਰਬਾਹ ਖਾਤਰ ਜਿਤਨਾ ਵਰਤਣਾ ਕੁਦਰਤ ਕਾਨੂੰਨ ਦੇ ਮਾਲਕ ਕਰਤਾਰ ਨੇ ਥਾਪ ਰਖਿਆ ਹੋਇਆ ਹੈ, ਉਨ੍ਹਾਂ ਹੱਦਾਂ, ਮਰਿਆਦਾਂ ਤੋਂ ਵਧ ਕੇ ਆਪੋ ਆਪਣੀਆਂ ਚਾਟਾਂ ਲਈ ਮੇਰੇ ਆਤਮ-ਖਜ਼ਾਨੇ ਨੂੰ ਵਰਤਦੇ ਹਨ ਅਤੇ ਇਉਂ ਬਹੁਤ ਮਾਮਲਾ ਉਗਰਾਉਂਦੇ ਹਨ। ਓੜਕ ਜਦ ਮੈਂ ਤੰਗ ਆ ਗਿਆ ਤਾਂ ਬਹੱਤਰ ਕੋਠੜੀਆਂ ਵਾਲੇ ਘਰ ਭਾਵ ਸਰੀਰ ਵਿਚ ਇਕ ਪੁਰਖ (ਏਕੰਕਾਰ, ਆਤਮਾ) ਜੋ ਸਮਾਇਆ ਹੋਇਆ ਹੈ, ਉਸ ਦੀ ਸ਼ਰਣੀ ਪਿਆ ਤੇ ਉਸ ਨੇ ਸ਼ਬਦ ਰੂਪੀ ਨਾਮ ਮੇਰੇ ਚਿਤ ਉਪਰ ਅੰਕਿਤ ਕਰ ਦਿਤਾ, ਅਰਥਾਤ ਦੁਖੀ ਹੋ ਕੇ ਬਾਹਰੋਂ ਉਪ੍ਰਾਮ ਹੋ ਜਦ ਅੰਦਰ ਵਲ ਝੁਕਿਆ ਤਾਂ ਇਸ ਪਰਮ ਗੁਰੂ ਚੇਤਨ ਦੇਵ ਨੇ ਆਪਣਾ ਅਨਹਦ ਨਾਦ ਸੁਣਵਾ ਦਿਤਾ ਜਿਸ ਵਿਚ ਮਗਨ ਹੋਣ ਉਪ੍ਰੰਤ ਜਨਮ ਜਨਮਾਤਰਾਂ ਦੀਆਂ ਵਾਸ਼ਨਾਵਾਂ ਤੇ ਕਰਮ ਸੰਸਕਾਰ ਖਤਮ ਹੋ ਗਏ ਅਤੇ ਧਰਮ-ਰਾਜ ਦੇ ਦਫਤਰ ਵਿਚ ਹਿਸਾਬ-ਕਿਤਾਬ ਕਰਨ ਲਦੀ ਕੁਝ ਨਾ ਰਿਹਾ।

ਇਕੱਲੇ ਇਕੱਲੇ ਚੋਰ ਦਾ ਪ੍ਰਭਾਵ ਜੋ ਜੀਵ ਤੇ ਪੈਂਦਾ ਹੈ ਉਸ ਨੂੰ ਜਾਣਨਾ ਵੀ ਅਤੀ ਜ਼ਰੂਰੀ ਹੈ। ਕਾਮ, ਸਰੀਰ ਨੂੰ ਗਾਲਦਾ ਹੈ; ਮਨ ਨੂੰ ਭਟਕਣਾ ਲਾਉਂਦਾ ਹੈ ਤੇ ਨਰਕਾਂ ਵਿਚ ਸੁਟਦਾ ਹੈ ਅਤੇ ਇਸ ਦਾ ਸਾਥ ਕਰਨਾ ਦੁਰਜਨ ਦੀ ਸੰਗਤ ਕਰਨ ਦੇ ਤੁੱਲ ਹੈ। ਇਹ ਪਾਪੀ ਲੋਕਾਂ ਦੇ ਹਿਰਦੇ ਵਿਚ ਵਸਦਾ ਹੈ; ਪਰ ਜੋਗੀ ਤੇ ਸੰਨਿਆਸੀ ਵੀ ਇਸ ਦੀ ਲਪੇਟ ਤੋਂ ਬਚ ਨਹੀਂ ਸਕੇ :—

Sri Satguru Jagjit Singh Ji eLibrary NamdhariElibrary@gmail.com

'ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ[1] ਸੋਹਾਗਾ ਢਾਲੈ ॥'
[ਰਾਮਕਲੀ ਮ: ੧, ਦਖਣੀ ਓਅੰਕਾਰ–੯੩੨

ਅਤੇ

'[2]ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭਰਮਾਵਣਹ ॥'
[ਸਲੋਕ ਸਹਸਕ੍ਰਿਤੀ ਮ: ੫–੩੫੮

ਅਤੇ

'ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ[3] ਭਾਗਉ ॥'
[ਗਉੜੀ ਮ: ੯–੨੧੯

ਅਤੇ

'ਪਾਪੀ ਹੀਐ[4] ਮਹਿ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ[5] ਨ ਜਾਇ ॥੧॥ਰਹਾਉ॥
ਜੋਗੀ ਜੰਗਮ[6] ਅਰੁ ਸਨਿਆਸ ॥
ਸਭ ਹੀ ਪਰਿ ਡਾਰੀ ਇਹ ਫਾਸ ॥'
[ਬਸੰਤ ਹਿੰਡੋਲ ਮ: ੯–੧੧੮੬

ਕ੍ਰੋਧ ਵੀ ਕਾਮ ਵਾਂਗੂ ਸਰੀਰ ਨੂੰ ਗਾਲਦਾ ਹੈ; ਮਨ ਨੂੰ ਆਪੇ ਤੋਂ ਬਾਹਰ ਕਰ ਦਿੰਦਾ ਹੈ। ਇਹ ਚੰਡਾਲ ਹੈ ਅਤੇ ਦੁਰਜਨ ਦੀ ਸੰਗਤ ਨਿਆਈਂ ਹੈ; ਇਹ ਝਗੜੇ ਦਾ ਮੂਲ ਹੈ; ਜਿਥੇ ਇਹ ਹੁੰਦਾ ਹੈ ਉਥੇ ਦਇਆ ਖਤਮ ਹੋ ਜਾਂਦੀ ਹੈ। ਕ੍ਰੋਧ ਆਮ ਤੌਰ ਤੇ ਵਿਸ਼ੱਈਆਂ ਨੂੰ ਵਧੇਰੇ ਵਿਆਪਦਾ ਹੈ, ਜੋ ਬਾਂਦਰ ਵਾਂਙ ਇਸ ਦੇ ਅੱਗੇ ਨਾਚ ਕਰਦੇ ਹਨ :—

'ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥'
[ਰਾਮਕਲੀ ਮ: ੧, ਦਖਣੀ ਓਅੰਕਾਰ–੯੩੨

---

੧. ਸੋਨਾ; ਜਿਵੇਂ ਸੋਨੇ ਨੂੰ ਸੁਹਾਗਾ ਢਾਲਦਾ ਹੈ ਤਿਵੇਂ ਕਾਮ, ਸਰੀਰ ਨੂੰ ਗਾਲਦਾ ਹੈ
੨. ਕਾਮ ਨਰਕਾਂ ਵਿਚ ਜਾ ਟਿਕਾਉਂਦਾ ਹੈ, ਅਨੇਕ ਜੂਨੀਆਂ ਵਿਚ ਫੇਰਦਾ ਹੈ
੩. ਦਿਨ ਰਾਤ
੪. ਹਿਰਦੇ ਵਿਚ
੫. ਫੜਿਆਂ ਨਹੀਂ ਜਾਂਦਾ
੬. ਸਾਧੂਆਂ ਦਾ ਇਕ ਫਿਰਕਾ, ਜੋ ਬੱਝਵੇਂ ਵਾਲ ਰਖਦੇ ਹਨ ਤੇ ਟੱਲੀਆਂ ਖੜਕਾਉਂਦੇ ਫਿਰਦੇ ਹਨ

Sri Satguru Jagjit Singh Ji eLibrary NamdhariElibrary@gmail.com

ਅਤੇ

'ਓਨਾ ਪਾਸਿ ਦੁਆਸਿ[1] ਨ ਭਿਟੀਐ[2]
ਜਿਨ ਅੰਤਰਿ ਕ੍ਰੋਧੁ ਚੰਡਾਲ ॥'
[ਸਿਰੀ ਰਾਗੁ ਮ: ੪-੪੦

ਅਤੇ

'ਕਾਮ ਕ੍ਰੋਧੁ ਸੰਗਤਿ ਦੁਰਜਨ[3] ਕੀ ਤਾ ਤੇ ਅਹਿਨਿਸਿ ਭਾਗਉ ॥'
[ਗਉੜੀ ਮ: ੯-੨੧੯

ਅਤੇ

' [4]ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥
ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥'
[ਸਲੋਕ ਸਹਸਕ੍ਰਿਤੀ ਮ: ੫-੧੩੫੮

ਲੋਭ-ਲਹਿਰ ਇਸ ਸੰਸਾਰ ਵਿਚ ਇਕਰਸ ਸੂਕ ਰਹੀ ਹੈ ਅਤੇ ਸਰੀਰ ਇਸ ਵਿਚ ਡੁਬੇ ਜਾ ਰਹੇ ਹਨ। ਜਿਥੇ ਲੋਭ ਹੈ, ਉਥੇ ਸਚੇ ਪ੍ਰੇਮ ਦਾ ਨਿਵਾਸ ਨਹੀਂ ਹੋ ਸਕਦਾ ਭਾਵ ਸਚਾ ਪ੍ਰੇਮ ਤਾਂ ਕੁਰਬਾਨੀ ਵਾਲੀ ਥਾਂ ਤੇ ਹੀ ਪੈਦਾ ਹੋ ਸਕਦਾ ਹੈ; ਲਾਲਚੀ ਪ੍ਰੀਤ ਚਿਰ ਤਾਈਂ ਨਿਭਣ ਵਾਲੀ ਨਹੀਂ ਹੁੰਦੀ। ਲੋਭ ਆਦਮੀ ਦੇ ਗੁਣਾਂ ਨੂੰ ਇਉਂ ਢਕ ਦਿੰਦਾ ਹੈ ਜਿਵੇਂ ਪਾਣੀ ਨੂੰ ਬੂਰ। ਲੋਭ ਹਲਕਾਏ ਕੁੱਤੇ ਵਾਕਰ ਹੈ; ਜਿਵੇਂ ਹਲਕਿਆ ਕੁੱਤਾ ਬਾਕੀ ਸਭਨਾਂ ਨੂੰ ਉਹੀ ਬੀਮਾਰੀ ਲਾ ਕੇ ਵਿਗਾੜ ਦਿੰਦਾ ਹੈ ਤਿਵੇਂ ਹੀ ਲੋਭੀ ਪੁਰਸ਼ ਦੂਜਿਆਂ ਦੀ ਸ਼ਾਂਤੀ ਗੰਵਾ ਦਿੰਦਾ ਹੈ। ਲਾਲਚ ਅਤੀ ਦੁਖ ਰੂਪ ਹੈ, ਇਸ ਨੂੰ ਛਡਣਾ ਹੀ ਚਾਹੀਦਾ ਹੈ :—

'ਲੋਭ ਲਹਰਿ ਅਤਿ [5]ਨੀਝਰ ਬਾਜੈ ॥
ਕਾਇਆ[6] ਡੂਬੈ ਕੇਸਵਾ[7] ॥'
[ਬਸੰਤ ਬਾਣੀ ਨਾਮ ਦੇਉ ਜੀ ਕੀ-੧੧੯੬

---

੧. ਦੂਜੀ ਵਾਰ
੨. ਨੇੜੇ ਨ ਜਾਈਏ
੩. ਭੈੜੇ ਬੰਦਿਆਂ ਦੀ
੪. ਹੇ ਝਗੜੇ ਦੇ ਮੂਲ ਕ੍ਰੋਧ ! ਜਿਸ ਨੂੰ ਕਦੀ ਦਇਆ ਨਹੀਂ ਆਈ। ਤੂੰ ਵਿਸ਼ਈ ਜੀਵਾਂ ਨੂੰ ਵੱਸ ਕੀਤਾ ਹੈ ਜੋ ਤੇਰੇ ਅੱਗੇ ਬਾਂਦਰ ਵਾਂਙੂ ਨਾਚ ਕਰਦੇ ਹਨ
੫. ਇਕ ਰਸ ਸੂਕ ਰਹੀ ਹੈ
੬. ਸਰੀਰ
੭. ਪਰਮੇਸ਼ਰ, ਬ੍ਰਹਮ

Sri Satguru Jagjit Singh Ji eLibrary NamdhariElibrary@gmail.com

ਅਤੇ

'ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
੧ਕਿਚਰ ਝਤਿ ਲਘਾਈਐ ਛਪਰਿ ਤੁਟੈ ਮੇਹੁ ॥'
[ਸਲੋਕ ਫਰੀਦ ਜੀ–੧੩੭੮

ਅਤੇ

'ਲਬੁ ਵਿਣਾਹੇ੨ ਮਾਣਸਾ ਜਿਉ ਪਾਣੀ ਬੂਰ ॥'
[ਰਾਮਕਲੀ ਕੀ ਵਾਰ, ਰਾਇ ਬਲਵੰਡ
ਤਥਾ ਸਤੈ ਡੂੰਮਿ ਆਖੀ–੯੬੭

ਅਤੇ

ਲੋਭ ਲਹਿਰ ਸਭੁ ਸੁਆਨੁ ਹਲਕੁ ਹੈ
ਹਲਕਿਓ ਸਭਹਿ ਬਿਗਾਰੇ ॥'
[ਨਟ ਮ: ੪–੯੮੩

ਅਤੇ

'ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥'
[ਆਸਾ ਮ: ੧–੪੧੯

ਮੋਹ, ਜੀਵਾਂ ਦੀ ਉਸ ਬਿਰਤੀ ਦਾ ਨਾਉਂ ਹੈ ਜਿਸ ਦੁਆਰਾ ਉਹ ਸੰਸਾਰਕ ਪਦਾਰਥਾਂ ਅਤੇ ਭੋਗਾਂ ਨੂੰ ਸੱਤ ਮੰਨ ਕੇ ਉਨ੍ਹਾਂ ਵਿਚ ਖਚਿਤ ਹੁੰਦੇ ਹਨ ਅਤੇ ਵਿਚਾਰ, ਵਿਵੇਕ, ਵੈਰਾਗ, ਅਭਿਆਸ ਆਦਿ ਤੋਂ ਪਰੇ ਰਹਿੰਦੇ ਹਨ। ਗੁਰੂ ਹੁਕਮ ਮੰਨ ਕੇ ਆਪਣੇ ਫਰਜ਼ਾਂ ਦੇ ਪਾਲਣ ਲਈ ਯੋਗ ਸਨੇਹ ਅਥਵਾ ਪ੍ਰੇਮ ਕਰਨਾ ਮੋਹ ਨਹੀਂ, ਮਨ ਦੀਆਂ ਆਪਣੀਆਂ ਪਕੜਾਂ ਕਰਕੇ ਪ੍ਰੇਮ ਕਰਨਾ ਮੋਹ ਹੈ। ਸਿਰਜਣਹਾਰ ਨੇ ਇਸ ਸੰਸਾਰ ਵਿਚ ਪਦਾਰਥਾਂ ਰੂਪੀ ਪਾਣੀ ਅਤੇ ਤ੍ਰਿਸ਼ਨਾ ਰੂਪੀ ਅੱਗ ਬਣਾ ਕੇ ਜੀਵਾਂ ਨੂੰ ਮੋਹ ਰੂਪੀ ਚਿੱਕੜ ਵਿਚ ਫਸਾ ਦਿਤਾ ਹੈ ਜਿਸ ਵਿਚੋਂ ਨਿਕਲਣ ਲਈ ਪ੍ਰਭੂ-ਚਿੰਤਨ ਦੀ ਲੋੜ ਹੈ। ਦੁਨਿਆਵੀ ਮੋਹ (ਪ੍ਰੀਤੀ) ਜੀਵ ਦੇ ਮੱਥੇ ਤੇ ਕਾਲਖ ਦੇ ਟਿੱਕੇ ਨਿਆਈਂ ਹੈ ਅਤੇ ਇਹ ਜੀਵ ਨੂੰ

---

੧. ਮੀਂਹ ਪੈਂਦਾ ਹੋਵੇ ਤਾਂ ਟੁੱਟ ਹੋਏ ਛਪਰ ਹੇਠਾਂ ਕਿੰਨਾ ਕੁ ਚਿਰ ਲੰਘਾ ਸਕੀਦਾ ਹੈ ?

੨. ਨਾਸ ਕਰਦਾ ਹੈ

Sri Satguru Jagjit Singh Ji eLibrary NamdhariElibrary@gmail.com

ਆਵਾਗਵਨ ਵਿਚ ਪਾਈ ਰਖਦਾ ਹੈ ਅਤੇ ਇਸ ਤਰ੍ਹਾਂ ਜੀਵ ਨੂੰ ਦਰਗਾਹ ਵਿਚ ਥਾਂ ਨਹੀਂ ਲੈਣ ਦਿੰਦਾ। ਕੁਟੰਬ ਦਾ ਪਿਆਰ ਸਦਾ ਰਹਿਣ ਵਾਲਾ ਨਹੀ; ਮੋਹ ਵਿਚ ਡੁੱਬਾ ਜੀਵ ਧਰਮ ਤੋਂ ਡਿਗੇ ਪੁਰਸ਼ਾਂ ਨਾਲ ਮੇਲ ਕਰਦਾ ਹੈ। ਅਸਲੀਅਤ ਇਹ ਹੈ ਕਿ ਸਾਰਾ ਸੰਸਾਰ ਹੀ ਮੋਹ ਵਿਚ ਡੁੱਬਾ ਹੋਇਆ ਹੈ; ਕੋਈ ਵਿਰਲਾ ਗੁਰਮੁਖ ਹੀ ਮੋਹ ਤੋਂ ਬਚਦਾ ਹੈ :—

'ਤਿਤੁ ਸਰਵਰੜੈ[1] ਭਈਲੇ ਨਿਵਾਸਾ
ਪਾਣੀ ਪਾਵਕੁ[2] ਤਿਨਹਿ ਕੀਆ ॥
ਪੰਕਜੁ[3] ਮੋਹ ਪਗੁ[4] ਨਹੀ ਚਾਲੈ
ਹਮ ਦੇਖਾ ਤਹ ਡੂਬੀਅਲੇ ॥ ੧ ॥
ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਰਤ [5]ਤੇਰੇ ਗੁਣ ਗਲਿਆ ॥੧॥ਰਹਾਉ॥'

[ਆਸਾ ਮ: ੧–੧੨

ਅਤੇ

'ਜੇਤਾ ਮੋਹੁ ਪਰੀਤਿ ਸੁਆਦ ॥
[6]ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥'

[ਧਨਾਸਰੀ ਮ: ੧–੬੬੨

ਅਤੇ

'ਮੋਹੁ ਕੂੜੁ ਕੁਟੰਬੁ ਹੈ ਮਨਮੁਖ ਮੁਗਧੁ ਰਤਾ ॥'

[ਪਉੜੀ, ਵਾਰ ਸੂਹੀ ਸ: ੩–੭੮੭

---

੧. ਸੰਸਾਰ ਸਮੁੰਦਰ
੨. ਅਗਨੀ
੩. ਚਿੱਕੜ
੪. ਪੈਰ
੫. ਤੇਰੇ ਸਭੇ ਗੁਣ ਨਾਸ ਹੋ ਗਏ
੬. ਸਭ ਮੋਹ; ਇਹ ਆਤਮਾ ਨੂੰ ਕਾਲਾ ਕਰਨ ਵਾਲੀ ਮੈਲ ਹੈ ਜੋ ਆਤਮਾ ਨੂੰ ਦਾਗਾਂ ਨਾਲ ਭਰ ਦਿੰਦੀ ਹੈ। ਜੋ ਮਨੁੱਖ ਇਹ ਦਾਗ ਜਾਂ ਨੁਕਸ ਆਪਣੇ ਮੂੰਹ ਤੇ ਲਾ ਕੇ ਉਸ ਨੂੰ ਹਰੀ ਦੀ ਦਰਗਾਹ ਵਿਚ ਜਾਂਦਾ ਹੈ, ਬਹਿਣਾ ਨਹੀਂ ਮਿਲਦਾ

Sri Satguru Jagjit Singh Ji eLibrary NamdhariElibrary@gmail.com

ਅਤੇ

'ਕੂੜੇ ਮੋਹਿ ਲਪਟਿ ਲਪਟਾਨਾ ॥
ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥'

[ਸੂਹੀ ਮ: ੫–੭੪੦

ਅਤੇ

'ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥'

[ਬਿਲਾਵਲੁ ਮ: ੫–੮੨੦

ਅਤੇ

'ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ
ਸਾਚੁ ਨਾਮੁ ਰਿਦੇ ਰਵੈ ਸਰੀਰ ॥ਰਹਾਉ॥
ਏਤੁ ਮੋਹਿ ਡੂਬਾ ਸੰਸਾਰੁ
ਗੁਰਮੁਖਿ ਕੋਈ ਉਤਰੈ ਪਾਰਿ ॥'

[ਆਸਾ ਮ: ੧–੩੫੬

ਜਿਵੇਂ ਕਾਮ ਦਾ ਰੋਗ ਹਾਥੀ ਨੂੰ, ਦ੍ਰਿਸ਼ਟੀ ਦਾ ਪਤੰਗੇ ਨੂੰ, ਨਾਦ ਦਾ ਹਿਰਨ ਨੂੰ, ਜਿਹਵਾ ਦਾ ਮੱਛੀ ਨੂੰ, ਸੁਗੰਧੀ ਦਾ ਭੰਵਰੇ ਨੂੰ ਲੱਗਾ ਹੋਇਆ ਹੈ, ਤਿਵੇਂ ਹੀ ਹਉਮੈਂ ਅਤੇ ਅਹੰਕਾਰ ਦਾ ਰੋਗ ਮਨੁੱਖ ਨੂੰ ਚਿੰਮੜਿਆ ਹੋਇਆ ਹੈ। ਅਹੰਕਾਰੀ ਹਮੇਸ਼ਾ ਹੇਠ ਡਿਗਦਾ ਹੈ; ਜੋ ਅਹੰਕਾਰ ਕਰਦਾ ਹੈ ਉਸ ਦਾ ਵਿਨਾਸ਼ ਹੁੰਦਾ ਹੈ; ਜੋ ਆਪਣੇ ਆਪ ਨੂੰ ਭਲਾ ਆਖਦਾ ਹੈ, ਉਸ ਦੇ ਭਲਾਈ ਉੱਕਾ ਨੇੜੇ ਨਹੀਂ ਆਉਂਦੀ। ਧੰਨਵਾਨ ਤੇ ਬਹਾਦਰ ਵਾਹਿਗੁਰੂ ਜੀ ਦੇ ਬਣਾਇਆਂ ਹੀ ਬਣਦੇ ਹਨ; ਸਭ ਕੁਝ ਉਸ ਦੀ ਤਾਕਤ ਦੇ ਆਸਰੇ ਹੀ ਤਾਂ ਹੈ। ਗੁਰੂ ਦੀ ਕਿਰਪਾ ਨਾਲ ਕਿਸੇ ਭਾਗਾਂ ਵਾਲੇ ਦਾ ਹੀ ਅਹੰਕਾਰ ਕਟਿਆ ਜਾਂਦਾ ਹੈ ਅਤੇ ਅਜਿਹਾ ਪੁਰਸ਼ ਸਦਾ ਲਈ ਅਰੋਗ ਹੋ ਜਾਂਦਾ ਹੈ। ਸਾਰਿਆਂ ਮਨੁੱਖਾਂ ਵਿਚ ਕੇਵਲ ਉਹੀ ਮਨੁੱਖ ਪ੍ਰਧਾਨ ਹੈ ਜਿਹੜਾ ਅਭਿਮਾਨ-ਰਹਿਤ ਹੈ :—

'ਹਉਮੈ ਰੋਗੁ ਮਾਨੁਖ ਕਉ ਦੀਨਾ ॥

Sri Satguru Jagjit Singh Ji eLibrary NamdhariElibrary@gmail.com

ਕਾਮ ਰੋਗਿ ਮੈਗਲੁ[੧] ਬਸਿ ਲੀਨਾ ॥
[੨]ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
[੩]ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥
ਜਿਹਵਾ ਰੋਗਿ ਮੀਨੁ[੪] ਗ੍ਰਸਿਆਨੋ[੫] ॥
ਬਾਸਨ[੬] ਰੋਗਿ ਭਵਰੁ ਬਿਨਸਾਨੋ ॥
ਹੇਤ ਰੋਗ ਕਾ ਸਗਲ ਸੰਸਾਰਾ ॥
[੭] ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥"

[ਭੈਰਉ ਮ: ੫–੧੧੪੦

ਤੇ

'ਊਚਾ ਚੜੈ ਸੁ ਪਵੈ ਪਇਆਲਾ[੮] ॥
[੯]ਧਰਨਿ ਪੜੈ ਤਿਸੁ ਲਗੈ ਨ ਕਾਲਾ ॥'

[ਆਸਾ ਮ: ੫–੩੭੪

ਤੇ

'ਜੇ ਕੋ ਬਹੁਤ ਕਰੈ ਅਹੰਕਾਰ ॥
ਓਹ ਖਿਨ ਮਹਿ [੧੦]ਰੁਲਤਾ ਖਾਕੂ ਨਾਲ ॥'

[ਗੋਂਡ ਮ: ੫–੮੬੮੬

ਤੇ

'ਜੋ ਗਰਬੈ[੧੧] ਸੋ ਪਚਸੀ[੧੨] ਪਿਆਰੇ

---

. ਹਾਥੀ
. ਵੇਖਣ ਦਾ ਰੋਗ
. ਹਿਰਨ ਨਾਲ ਨਾਦ ਸੁਣਨ ਦੇ ਰੋਗ
. ਮੱਛੀ
. ਫਸੀ ਹੋਈ
. ਸੁਗੰਧੀ
. ਰਜੋ, ਤਮੋ ਅਤੇ ਸਤੋ, ਤਿੰਨਾਂ ਰੋਗਾਂ ਵਿਚ ਸਾਰੇ ਵਿਕਾਰ ਹਨ
੮. ਪਾਤਾਲ; ਅਹੰਕਾਰੀ ਹੇਠਾਂ ਡਿਗਦਾ ਹੈ
੯. ਜੋ ਧਰਤੀ ਤੇ ਰਹਿੰਦਾ ਹੈ ਅਰਥਾਤ ਜੋ ਝੁਕਦਾ ਹੈ ਉਸ ਨੂੰ ਮੌਤ ਦਾ ਡਰ ਨਹੀਂ
੧੦. ਮਿੱਟੀ ਵਿਚ ਰੁਲਦਾ ਹੈ
੧੧. ਅਹੰਕਾਰ ਕਰਦਾ ਹੈ
੧੨. ਨਾਸ ਹੋ ਜਾਵੇਗਾ

Sri Satguru Jagjit Singh Ji eLibrary NamdhariElibrary@gmail.com

ਜਪਿ ਨਾਨਕ ਭਗਤਿ ਸਮਾਹਾ।'

[ਸੋਰਠਿ ਮ: ੪–੬੦੭

ਅਤੇ

"ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ[੧] ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾ ਕੀ ਨਿਰਮਲ ਸੋਇ।"

ਅਤੇ

(ਗਉੜੀ ਸੁਖਮਨੀ ਮ: ੫–੨੭੮)

"[੨] ਰੂਪਵੰਤੁ ਹੋਇ ਨਾਹੀ ਮੋਹੈ[੩] ॥
ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥
[੪]ਧਨਵੰਤਾ ਹੋਇ ਕਿਆ ਕੋ ਗਰਬੈ ॥
ਜਾ ਸਭੁ ਕਿਛੁ ਤਿਸਾ ਕਾ ਦੀਆ ਦਰਬੈ[੫] ॥
ਅਤਿ ਸੂਰਾ ਜੇ ਕੋਊ ਕਹਾਵੈ ॥
ਪ੍ਰਭ ਕੀ ਕਲਾ[੬] ਬਿਨਾ [੭]ਕਹ ਧਾਵੈ ॥
ਜੇ ਕੋ ਹੋਇ ਬਹੈ ਦਾਤਾਰੁ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ ॥
ਜਿਸ ਗੁਰਪ੍ਰਸਾਦਿ[੮] ਤੂਟੈ ਹਉ ਰੋਗੁ ॥
ਨਾਨਕ ਸੋ ਜਨੁ ਸਦਾ ਅਰੋਗੁ ॥੮॥

[ਗਉੜੀ ਸੁਖਮਨੀ ਮ: ੫–੨੮੨

ਅਤੇ

"ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥

---

੧. ਧੂੜੀ
੨. ਸੁੰਦਰਤਾ ਉਤੇ ਕੋਈ ਮਸਤ ਨਾ ਹੋਵੇ; ਇਹ ਤਾਂ ਵਾਹਿਗੁਰੂ ਦੀ ਜੋਤ ਹੈ ਜੋ ਸਾਰਿਆਂ ਵਿਚ ਸੁਹਣੀ ਲਗ ਰਹੀ ਹੈ।
੩. ਮੋਹ ਕਰੇ (ਆਪਣੇ ਰੂਪ ਦਾ); ਆਪਣੀ ਸੁੰਦਰਤਾ ਉਤੇ ਮੋਹਿਤ ਹੋਵੇ
੪. ਕੋਈ ਕੀ ਅੰਹਕਾਰ ਕਰ ਸਕਦਾ ਹੈ ?
੫. ਧਨ
੬. ਸ਼ਕਤੀ, ਤਾਕਤ
੭. ਕਿੱਥੇ ਹਿਲ ਸਕਦਾ ਹੈ ?
੮. ਗੁਰੂ ਦੀ ਕਿਰਪਾ ਨਾਲ

Sri Satguru Jagjit Singh Ji eLibrary NamdhariElibrary@gmail.com

ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ ॥'

[ਗਉੜੀ ਸੁਖਮਨੀ ਮ: ੫–੨੬੬

ਹਾਲਤ ਅਜਿਹੀ ਬਣ ਗਈ ਹੈ ਕਿ ਜੀਵ-ਰੂਪ ਇਸਤਰੀ ਇੱਕਲੀ ਹੈ ਅਤੇ ਇਹ ਪੰਜ ਚੋਰ ਇਸ ਨੂੰ ਲੁੱਟਣ ਆ ਪਏ ਹਨ। ਹੁਣ ਸਰੀਰ-ਰੂਪੀ ਘਰ ਦੀ ਸਮੱਗਰੀ ਦੀ ਸੰਭਾਲ ਕਿਵੇਂ ਕੀਤੀ ਜਾਵੇ ? ਇਸ ਘਰ ਦੇ ਨੌਂ ਦਰਵਾਜ਼ੇ (ਨੱਕ, ਮੂੰਹ ਆਦਿ) ਹਨ ਜਿਸ ਵਿਚ ਜੀਵ-ਰੂਪੀ ਇਸਤਰੀ ਇੱਕਲੀ ਰਹਿੰਦੀ ਹੈ। ਇਹ ਇਸਤਰੀ ਆਪਣੇ ਆਪ ਨੂੰ ਅਮਰ ਜਾਣ ਕੇ ਨਿਤ ਖੇਡ-ਤਮਾਸ਼ਿਆ ਵਿਚ ਮਸਤ ਹੈ ਅਤੇ ਜਦੋਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ, ਪੰਜੇ ਚੋਰਾਂ ਨੇ ਇਸ ਦੇ ਸਰੀਰ-ਰੂਪੀ ਮੱਠ ਨੂੰ ਢਾਹ ਕੇ ਅੰਦਰ ਦਾ ਦੇਹੁਰਾ ਲੁੱਟ ਲਿਆ ਤਾਂ ਇਸ ਇੱਕਲੀ ਇਸਤਰੀ ਦੇ ਗਲ ਹੀ ਜਮਾਂ ਦਾ ਸੰਗਲ ਪਵੇਗਾ। ਇਸਤਰੀ ਤਾਂ ਖੁਸ਼ੀ ਦਾ ਸਾਮਾਨ, ਗਹਿਣੇ ਆਦਿ ਹੀ ਲੋੜਦੀ ਰਹਿੰਦੀ ਹੈ ਪਰ ਉਸ ਦੇ ਮਿੱਤ੍ਰ (ਪੰਜ ਚੋਰ) ਇਸ ਦੀ ਸਾਰੀ ਸਮੱਗਰੀ ਨੂੰ ਖਾਧਾ ਲੋੜਦੇ ਹਨ। ਜੀਵ-ਰੂਪੀ ਇਸਤਰੀ ਇਨ੍ਹਾਂ ਪੰਜ ਚੋਰਾਂ ਦੇ ਰਿਝਾਉਣ ਲਈ ਆਪੇ ਪਾਪ ਕਰਦੀ ਹੈ ਪਰ ਜਮ ਇਸ ਦੇ ਫਲ ਰੂਪ ਇਸ ਇੱਕਲੀ ਨੂੰ ਹੀ ਬੰਨ੍ਹ ਕੇ ਜਮਪੁਰੀ ਵਿਚ ਲੈ ਜਾਂਦੇ ਹਨ ਅਤੇ ਇਨ੍ਹਾਂ ਚੋਰਾਂ ਨੂੰ ਕੁਝ ਨਹੀਂ ਕਹਿੰਦੇ। ਜਮਾਂ ਦਾ ਦਲ ਬੜਾ ਡਾਢਾ ਹੈ; ਤਾਂ ਤੇ ਮੇਰੇ ਮਨਾ ! ਵਾਹਿਗੁਰੂ ਜੀ ਨੂੰ ਚੇਤੇ ਕਰ :—

'ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧ ॥
ਸ੍ਰੀ ਰਾਮ ਨਾਮਾ ਉਚਰੁ ਮਨਾ। ਆਗੈ ਜਮਦਲੁ ਬਿਖਮੁ ਘਨਾ ॥੧॥ਰਹਾਉ॥
ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ ॥
ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥
ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ॥
ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥'

[ਗਉੜੀ ਚੇਤੀ ਮ: ੧–੧੫੫

Sri Satguru Jagjit Singh Ji eLibrary NamdhariElibrary@gmail.com

## ੩. ਮਾਇਆ-ਰੂਪ ਅਵਿਦਿਆ

ਜੀਵ-ਰੂਪ ਇਸਤਰੀ ਨੂੰ ਜੋ ਆਪਣੀ ਹੋਂਦ (ਹਉਮੈਂ) ਮਹਿਸੂਸ ਹੁੰਦੀ ਹੈ ਜਿਸ ਆਸਰੇ ਇਹ ਆਪਣੇ ਸਾਰੇ ਕਾਰਜ ਕਰਦੀ ਹੈ, ਇਹ ਉਸ ਦਾ ਇਕ ਭੁਲੇਖਾ ਹੀ ਹੈ। ਅਸਲ ਵਿਚ ਸਾਰੇ ਪ੍ਰਭੂ ਨਾਮ ਹੀ ਵਿਆਪ ਰਿਹਾ ਹੈ। ਪਰ ਪ੍ਰਭੂ ਨੇ ਇਹ ਭੁਲੇਖਾ ਪਾ ਕੇ ਹੀ ਜਗਤ ਦੀ ਉਤਪੱਤੀ ਕੀਤੀ ਹੈ। ਅਤੇ ਇਸ ਭੁਲੇਖੇ ਦਾ ਨਾਂ ਹੀ ਮਾਇਆ ਹੈ ਜਿਸ ਨਾਲ ਜੀਵ-ਇਸਤਰੀ ਛਲੀ ਜਾ ਰਹੀ ਹੈ; ਨਾਸ਼ਵੰਤ ਪਦਾਰਥਾਂ ਦੇ ਦੁੱਖਾਂ ਸੁਖਾਂ ਵਿਚ ਹੀ ਪਰਵਿਰਤ ਰਹਿੰਦੀ ਹੈ :—

'ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥'
[ਸਿਰੀ ਰਾਗੁ ਮ: ੩—੬੭

ਇਹ ਮਾਇਆ ਉਹ ਅਵਿਦਿਆ ਹੈ ਜਿਸ ਕਰਕੇ ਦੁਨਿਆਵੀ ਪਦਾਰਥ ਤੇ ਸਰੀਰਕ ਜੀਵਨ ਸੱਤ ਪ੍ਰਤੀਤ ਹੁੰਦੇ ਹਨ ਤੇ ਇਨ੍ਹਾਂ ਨਾਲ ਮੋਹ ਪੈਂਦਾ ਹੈ ਅਤੇ ਕਰਨਹਾਰ ਪ੍ਰਭੂ ਪਿਛੋਕੜ ਵਿਚ ਚਲਾ ਜਾਂਦਾ ਹੈ, ਵਾਹਿਗੁਰੂ ਭਾਵਨਾ ਤੋਂ ਉਖੜ ਕੇ ਦੂਈ ਭਾਵਨਾ ਵਿਚ ਜੋ ਮਨ ਦੀ ਅਵਸਥਾ ਹੈ ਸੋ ਮਾਇਆ ਹੈ :–

"ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ
ਉਪਜੈ ਭਾਉ ਦੂਜਾ ਲਾਇਆ ॥
[ਰਾਮਕਲੀ ਮ: ੩, ਅਨੰਦ—੯੨੧

ਇਹ ਹਉਮੈਂ ਜੋ ਪੰਜਾਂ ਚੋਰਾਂ ਰਾਹੀਂ ਮਨ ਵਿਚ ਵਿਅਪਦੀ ਹੈ, ਸੂਖਮ ਮਾਇਆ ਹੈ ਅਤੇ ਸਥੂਲ ਮਾਇਆ ਇਸੇ ਦਾ ਹੀ ਦੂਜਾ ਬਾਹਰੀ ਪੱਖ ਹੈ। ਇਹ ਮਾਇਆ ਬਹੁਤ ਪ੍ਰਬਲ ਹੈ ਇੰਨੀ ਪ੍ਰਬਲ ਕਿ ਸਾਰੇ ਹੀ ਇਸ ਦੀ ਲਪੇਟ ਵਿਚ ਹਨ। ਕੋਈ ਵਿਰਲਾ ਸੰਤ-ਜਨ ਹੀ ਇਸ ਤੋਂ ਬਚਦਾ ਹੈ: ਮੁਨਿ ਜਨ, ਜੋਗੀ, ਸ਼ਾਸਤ੍ਰ ਗਿਆਤਾ ਤੇ ਹੋਰ ਗਿਆਨੀ, ਧਿਆਨੀ ਸਭ ਇਸ ਸਰਪਨੀ ਨੇ ਹੀ ਖਾਧੇ ਹਨ। ਬ੍ਰਹਮਾ, ਬਿਸ਼ਨ, ਮਹਾਂ-ਦੇਉ ਇਸੇ ਨੇ ਹੀ ਛਲੇ ਹਨ। ਜੋ ਵੀ ਇਸ ਦੀ ਸੇਵਾ ਕਰਦਾ ਹੈ, ਉਸੇ ਨੂੰ ਹੀ ਇਹ ਸਰਪਨੀ ਡਸਦੀ ਹੈ। ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੀ :–

Sri Satguru Jagjit Singh Ji eLibrary NamdhariElibrary@gmail.com

'੧ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ੨ ਤਿਨਿ ੩ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜੇ ਸਚਿ ਰਹੇ ਲਿਵ ਲਾਇ ॥'

[ਮ: ੩, ਗੂਜਰੀ ਕੀ ਵਾਰ–੫੧੦

ਅਤੇ

'ਸਰਪਨੀ ਤੇ ਊਪਰਿ ਨਹੀ ਬਲੀਆ੪ ॥
ਜਿਨਿ ਬ੍ਰਹਮਾ ਬਿਸਨ ਮਹਾਦੇਉ ਛਲੀਆ ॥੧॥'

[ਆਸਾ ਸ੍ਰੀ ਕਬੀਰ ਜੀ–੪੮੦

ਅਤੇ

'੫ਮੁਨਿ ਜੋਗੀ ਸਾਸਤ੍ਰਗਿ ਕਹਾਵਤ
ਸਭ ਕੀਨ੍ੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ ॥
ਤਿਨ ਕੀ ਹੈਰਤਿ ਕਛੁ ਨ ਰਹੀ ॥ ੧ ॥
੭ਬਲਵੰਤਿ ਬਿਆਪਿ ਰਹੀ ੬ਸਭ ਮਹੀ ॥
੮ਅਵਰੁ ਨ ਜਾਨਸਿ ਕੋਊ ਮਰਮਾ ॥

---

੧. ਮਾਇਆ ਸੱਪਣੀ ਹੋ ਕੇ ਜਗਤ ਵਿਚ ਸਭ ਨੂੰ ਚਿੰਮੜੀ ਹੋਈ ਹੈ। ਜੋ ਇਸ ਦੇ ਗੁਲਾਮ ਹੋ ਜਾਂਦੇ ਹਨ ਉਨ੍ਹਾਂ ਨੂੰ ਇਹ ਤਬਾਹ ਕਰ ਦਿੰਦੀ ਹੈ

੨. ਸੱਪਾਂ ਦੀ ਵਿੱਸ ਨੂੰ ਦੂਰ ਕਰਨ ਵਾਲੀ ਦਵਾਈ ਜਾਂ ਮੰਤ੍ਰ ਜਾਣਨ ਵਾਲਾ

੩. ਕੁਚਲ ਕੇ, ਰਗੜ ਕੇ, ਪੈਰਾਂ ਹੇਠ ਸੁੱਟ ਲਈ ਹੈ (ਚਰਨੀਂ ਲਾ ਲਈ ਹੈ)

੪. ਤਾਕਤਵਰ

੫. ਜੋ ਜੋਗੀ, ਮੁਨੀ (ਇੰਦ੍ਰਿਆਂ ਨੂੰ ਵਸ ਕਰਨ ਵਾਲੇ) ਤੇ ਸ਼ਾਸਤਰਾਂ ਦੇ ਗਿਆਤਾ ਕਹਾਉਂਦੇ ਹਨ, ਉਹ ਸਭ ਮਾਇਆ ਨੇ ਆਪਣੇ ਵੱਸ ਕਰ ਲਏ ਹਨ। ਤਿੰਨੇ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਅਤੇ ਹੋਰ ਛੋਟੇ ਤੇਤੀ ਕਰੋੜ ਦੇਵਤੇ ਸਭ ਮਾਇਆ ਅੱਗੇ ਹੈਰਾਨ ਹੋਏ ਹੋਏ ਹਨ

੬. ਬਲਵਾਨ ਮਾਇਆ ਉਨ੍ਹਾਂ ਨੂੰ ਚਿੰਮੜੀ ਹੋਈ ਹੈ

੭. ਸਭਨਾਂ ਵਿੱਚ, ਸਭਨਾਂ ਨੂੰ

੮. ਹੋਰ ਕੋਈ ਉਸ ਦਾ ਭੇਦ ਨਹੀਂ ਜਾਣਦਾ; ਗੁਰੂ ਕਿਰਪਾ ਨਾਲ ਹੀ ਉਹ ਲੱਭਦੀ ਹੈ

Sri Satguru Jagjit Singh Ji eLibrary NamdhariElibrary@gmail.com

ਗੁਰ ਕਿਰਪਾ ਤੇ ਲਹੀ ॥੧॥ਰਹਾਉ॥'

[ਗੂਜਰੀ ਮ: ੫–੪੯੮

ਇਸ ਦੀ ਸ਼ਕਤੀ ਦਾ ਅਨੁਮਾਨ ਇਥੋਂ ਲਗਦਾ ਹੈ ਕਿ ਸਭ ਜੀਵ ਇਹ ਜਾਣਦੇ ਹੋਏ ਵੀ ਕਿ ਮਾਇਆ ਛੱਲ ਹੈ, ਅਤੇ ਇਹ ਵੀ ਸਮਝਦਿਆਂ ਹੋਇਆਂ ਕਿ ਇਨ੍ਹਾਂ ਪੰਜਾਂ ਵਿਸ਼ਿਆਂ ਰਾਹੀਂ ਕਿਸੇ ਪ੍ਰਾਣੀ ਨੂੰ ਸਦੀਵੀ ਤੇ ਅਸਲੀ ਸੁਖ ਪ੍ਰਾਪਤ ਨਹੀਂ ਹੋਇਆ, ਫਿਰ ਮਾਇਆ-ਜਾਲ ਨੂੰ ਤਿਆਗ ਨਹੀਂ ਸਕਦੇ। ਔਖੇ ਤੇ ਦੁਖੀ ਤਾਂ ਹੁੰਦੇ ਰਹਿੰਦੇ ਹਨ ਪਰ ਛਿਨ ਭੰਗਰ ਦੇ ਮਾਇਕ ਸੁਖਾਂ ਨੂੰ ਛਡਦੇ ਨਹੀਂ। ਉਨ੍ਹਾਂ ਦੀ ਇਸ ਬੇਬਸੀ ਦੀ ਦਸ਼ਾ ਤੇ ਭਾਈ ਗੁਰਦਾਸ ਜੀ ਇਉਂ ਚਾਨਣਾ ਪਾਉਂਦੇ ਹਨ :—

'ਜੈਸੇ ਪੋਸਤੀ ਸੁਨਤ ਕਹਤ ਪੋਸਤ ਬੁਰੋ,
[1]ਤਾਂ ਕੇ ਬਸਿ ਭਯੋ, ਛਾਡਯੋ ਚਾਹੈ ਪੈ ਨ ਛੂਟਈ।
ਜੈਸੇ ਜੂਆ ਖੇਲਿ ਬਿਤ ਹਾਰਿ ਬਿਲਖੈ[2] ਜੁਆਰੀ
ਤਊ ਪਰ ਜੁਆਰਨ ਕੀ [3]ਸੰਗਤਿ ਨ ਟੂਟਈ।
ਜੈਸੇ ਚੋਰ ਚੋਰੀ ਜਾਤ ਹਿਰਦੈ ਸੰਕਾਤ[4] ਪੁਨ
ਤਜਤ ਨ ਚੋਰੀ ਜੌ ਲੌ ਸੀਸ ਹੀ ਨ ਫੂਟਈ।
ਤੈਸੇ ਸਭ ਕਹਤ ਸੁਨਤ ਮਾਇਆ ਦੁਖਦਾਈ,
ਕਾਹੂ ਪੈ ਨ ਜੀਤੀ ਪਰੈ ਮਾਯਾ ਜਗ ਲੂਟਈ।'

[ਕਬਿਤ, ਭਾਈ ਗੁਰਦਾਸਜੀ

ਕਿਸੇ ਨੂੰ ਮਾਇਆ ਸਥੂਲ ਰੂਪ ਵਿਚ ਵਿਆਪ ਰਹੀ ਹੈ ਅਤੇ ਕਿਸੇ ਨੂੰ ਸੂਖਮ ਰੂਪ ਵਿਚ। ਕਈ ਤਾਂ ਸਥੂਲ ਮਾਇਆ ਤੋਂ ਬਚਣ ਲਈ ਸ਼ੁਭ ਕਰਮ ਕਰਦੇ ਕਰਦੇ ਉਸ ਦੀ ਸੂਖਮ ਲਪੇਟ ਵਿਚ ਆ ਜਾਂਦੇ ਹਨ :—

'ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥'

[ਸਲੋਕ ਕਬੀਰ ਜੀ–੧੩੭੨

੧. ਪੋਸਤ ਪੀਣ ਦੀ ਆਦਤ ਪੈਣ ਤੇ
੨. ਪਛਤਾਉਂਦਾ ਹੈ, ਵਿਰਲਾਪ ਕਰਦਾ ਹੈ
੩. ਸੰਗਤ ਛੱਡ ਨਹੀਂ ਸਕਦਾ
੪. ਡਰਦਾ ਹੈ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਮਾਇਆ ਤਜਣ ਦਾ ਮਾਣ ਹੋ ਜਾਂਦਾ ਹੈ ਜੋ ਮਾਇਆ ਤੋਂ ਵੀ ਔਖਾ ਨਿਕਲਦਾ ਹੈ ਕਿਉਂ ਜੋ ਕਈ ਵਾਰ ਤਾਂ ਇਸ ਦਾ ਪਤਾ ਵੀ ਨਹੀਂ ਲਗਦਾ ਅਤੇ ਕਈ ਵਾਰ ਬਹੁਤ ਦੇਰ ਬਾਅਦ ਜਾ ਕੇ ਪਤਾ ਲਗਦਾ ਹੈ। ਪਾਠ ਪੂਜਾ ਆਦਿ, ਸਾਰੇ ਕੰਮ ਇਸ ਮਾਇਆ ਤੋਂ ਬਚਣ ਲਈ ਹੀ ਤਾਂ ਕਰੀਦੇ ਹਨ। ਜੀਵ ਸਥੂਲ ਮਾਇਆ ਤੋਂ ਤਾਂ ਬਚ ਨਿਕਲਦਾ ਹੈ ਪਰ ਉਸ ਦੀ ਆਤਮਕ ਉੱਨਤੀ ਫਿਰ ਵੀ ਨਹੀਂ ਹੁੰਦੀ; ਮਨ ਪਤੀ-ਪਰਮੇਸ਼ਰ ਦੇ ਫਿਰ ਵੀ ਨੇੜੇ ਨਹੀਂ ਹੁੰਦਾ। ਇਹ ਅਟਕਾਰ ਉਸ ਦੀ ਸੂਖਮ ਹਉਮੈਂ ਪਾਂਦੀ ਹੈ। ਚਿਤ ਵਿਚ ਕੀਤੇ ਪਾਠ ਦਾ ਮਾਣ ਹੋ ਜਾਂਦਾ ਹੈ, ਜਿਸ ਕਰਕੇ ਜੀਵ ਦੀ 'ਕਰਮ ਕਰਤ ਹੋਵੈ ਨਿਹਕਰਮ' ਵਾਲੀ ਬਿਰਤੀ ਨਹੀਂ ਬਣਦੀ। ਮਾਇਆ ਵਿਆਪਨ ਦੇ ਕੁਝ ਕੁਝ ਰੂਪ ਇਸ ਸ਼ਬਦ ਵਿਚ ਦਿਤੇ ਗਏ ਹਨ :—

'ਬਿਆਪਤ[1] [2]ਹਰਖ ਸੋਗ ਬਿਸਥਾਰ ॥ [3]ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ[4] ਸੋਭਾ ॥ ਮੂਲੁ ਬਿਆਧੀ[5] ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥
[6]ਬਿਆਪਤ ਅਹੰਬੁਧਿ ਕਾ ਮਾਤਾ ॥ ਬਿਆਪਤ ਪੁਤ੍ਰ ਕਲਤ੍ਰ[7] ਸੰਗਿ ਰਾਤਾ ॥
ਬਿਆਪਤ ਹਸਤਿ[8] ਘੋੜੇ ਅਰੁ ਬਸਤਾ[9] ॥ ਬਿਅਪਤ ਰੂਪ ਜੋਬਨ ਪਦ ਮਸਤਾ ॥੨॥
[10]ਬਿਆਪਤ ਭੂਮਿ ਰੰਕ ਅਰੁ ਰੰਗਾ ॥ ਬਿਆਪਤ [11]ਗੀਤ ਨਾਦ ਸੁਣਿ ਸੰਗਾ ॥

੧. ਲਗਦੀ ਹੈ; ਅਸਰ ਪਾਉਂਦੀ ਹੈ
੨. ਖੁਸ਼ੀ ਗਮੀ ਦਾ ਖਿਲਾਰਾ ਹੋ ਕੇ
੩. ਅਵਤਾਰਾਂ ਨੂੰ ਵੀ ਚਿੰਮੜਦੀ ਹੈ
੪. ਦੇਖ
੫. ਦੁਖ਼ਾਂ ਦਾ: ਦੁਖਾਂ ਦੇ ਰੂਪ ਵਿਚ ਵਿਆਪਦੀ ਹੈ
੬. ਉਸ ਨੂੰ ਚਿੰਮੜਦੀ ਹੈ ਜੋ ਆਪਣੀ ਅਹੰਕਾਰ ਵਾਲੀ ਅਕਲ ਉਤੇ ਮਸਤ ਹੈ
੭. ਇਸਤਰੀ
੮. ਹਾਥੀ
੯. ਬਸਤਰ, ਕਪੜੇ
੧੦. ਰੰਗ ਮਾਣਨ ਵਾਲਾ ਭਾਵ ਅਮੀਰ; ਜ਼ਮੀਨ ਵਾਲੇ ਨੂੰ, ਗਰੀਬ ਨੂੰ ਅਤੇ ਅਮੀਰ ਨੂੰ ਵਿਆਪਦੀ ਹੈ
੧੧. ਮੰਡਲੀਆਂ ਵਿਚ ਗੀਤ ਤੇ ਰਾਗ ਸੁਣਨ ਵਾਲਿਆਂ ਨੂੰ ਚਿੰਮੜਦੀ ਹੈ

Sri Satguru Jagjit Singh Ji eLibrary NamdhariElibrary@gmail.com

ਬਿਆਪਤ ਸੇਜ ਮਹਲ ਸੀਗਾਰ ॥ ਪੰਚ ਦੂਤ ਬਿਆਪਤ ਅੰਧਿਆਰ ॥੩॥
[1]ਬਿਆਪਤ ਕਰਮ ਕਰੈ ਹਉ ਫਾਸਾ ॥ ਬਿਆਪਤ ਗਿਰਸਤ ਬਿਆਪਤ ਉਦਾਸਾ ॥
[2]ਆਚਾਰ ਬਿਉਹਾਰ ਬਿਆਪਤ ਇਹ ਜਾਤਿ ॥ [3]ਸਭ ਕਿਛੁ ਬਿਆਪਤ ਬਿਨ ਹਰਿ ਰੰਗ ਰਾਤ ॥੪॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥ ਤਾ ਕਉ ਕਹਾ ਬਿਆਪੈ ਮਾਇ ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥ ਤਾ ਕੈ ਨਿਕਟਿ[4] ਨ ਆਵੈ ਮਾਈ[5] ॥੫॥

[ਗਉੜੀ ਮ: ੫–੧੮੧–੮੨

ਪੂਰੇ ਗੁਰੂ ਦੀ ਸ਼ਰਨ ਵਿਚ ਆਉਣ ਅਤੇ ਪ੍ਰਭੂ-ਨਾਮ ਨੂੰ ਹਿਰਦੇ ਵਿਚ ਵਸਾਉਣ ਤੇ ਹੀ ਇਹ ਮਾਇਆ ਦੂਰ ਹੁੰਦੀ ਹੈ। ਸਾਡਾ ਮਨ ਮਾਇਆ ਨਾਲ ਪੂਰੀ ਤਰ੍ਹਾਂ ਰੰਗਿਆ ਹੋਇਆ ਹੈ। ਗੁਰੂ ਤੇਗ ਬਹਾਦਰ ਸਾਹਿਬ ਦਸਦੇ ਹਨ ਕਿ ਜਿਵੇਂ ਕੰਧ ਤੇ ਚਿਤਰੀ ਜਾਂ ਉਕਰੀ ਹੋਈ ਤਸਵੀਰ ਕੰਧ ਨਾਲੋਂ ਵੱਖ ਨਹੀਂ ਹੁੰਦੀ, ਤਿਵੇਂ ਹੀ ਇਹ ਮਾਇਆ ਸਾਡੇ ਮਨਾਂ ਵਿਚੋਂ ਨਹੀਂ ਨਿਕਲਦੀ:–

"ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
ਨਾਨਕ ਮੂਰਤਿ ਚਿਤ੍ਰ[6] ਜਿਉ ਛਾਡਿਤ ਨਾਹਿਨ ਭੀਤ[7] ॥੩੭॥"

[ਸਲੋਕ ਮ: ੯–੧੪੨੮

ਮਾਇਆ ਦੀ ਮੈਲ ਮਨ ਨੂੰ ਜਨਮਾਂ ਜਨਮਾਂਤਰਾਂ ਤੋਂ ਲਗਦੀ ਚਲੀ ਆ ਰਹੀ ਹੈ। ਇਸ ਨਾਲ ਇਸ ਦਾ ਸੁਭਾ ਚੰਚਲ ਬਣ ਗਿਆ ਹੈ ਅਤੇ ਇਸ ਅੰਦਰ ਅਨਿਕ ਪ੍ਰਕਾਰ ਦੇ ਫੁਰਨੇ ਉਠਦੇ ਰਹਿੰਦੇ ਹਨ, ਜੋ ਮਨ ਨੂੰ ਟਿਕਣ ਤੇ ਆਪਣਾ

---

੧. ਜੋ ਅਹੰਕਾਰ ਵਿਚ ਫਸ ਕੇ ਨੇਕੀ ਦੇ ਕੰਮ ਕਰਦਾ ਹੈ
੨. ਰਹਿਣੀ ਬਹਿਣੀ, ਕੰਮ ਕਾਰ ਅਤੇ ਜਾਤ ਪਾਤ ਦੇ ਵਖੇਵਿਆਂ ਵਿਚ ਵੀ ਮਾਇਆ ਕੰਮ ਕਰ ਰਹੀ ਹੈ
੩. ਸਭ ਕਿਸੇ ਨੂੰ ਮਾਇਆ ਵਿਆਪ ਰਹੀ ਹੈ, ਸਿਵਾਏ ਉਨ੍ਹਾਂ ਤੋਂ ਜੋ ਹਰੀ ਦੇ ਪ੍ਰੇਮ ਵਿਚ ਲੱਗੇ ਹੋਏ ਹਨ
੪. ਨੇੜੇ
੫. ਮਾਇਆ
੬. ਚਿੱਤਰੀ, ਉਕਰੀ
੭. ਕੰਧ

Sri Satguru Jagjit Singh Ji eLibrary NamdhariElibrary@gmail.com

ਅਸਲੀ ਸਰੂਪ ਵੇਖਣ ਨਹੀਂ ਦਿੰਦੇ। ਇਹ ਫੁਰਨੇ ਤਾਂ ਬੰਦ ਹੋ ਸਕਦੇ ਹਨ ਜੇ ਮਨ ਇਕ ਵਾਹਿਗੁਰੂ ਨਾਲ ਲਗ ਕੇ ਉਸ ਦੇ ਰੰਗ ਵਿਚ ਰੱਤਿਆ ਜਾਵੇ :—

'ਮਨ ਕੇ ਅਧਿਕ[੧] ਤਰੰਗ ਕਿਉ ਦਰਿ ਸਾਹਿਬ ਛੁਟੀਐ ॥
ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ[੨] ਕੈ ॥
ਨਾਨਕ ਗੁਰਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥'
[ਮ: ੩, ਮਾਰੂ ਵਾਰ–੧੦੮੮

ਗੁਰੂ ਸਾਹਿਬ ਉਸੇ ਨੂੰ ਹੀ ਮਹਾਤਮਾ ਦਸਦੇ ਹਨ ਜੋ ਇਸ ਮਨ ਦੀ ਦੁਬਧਾ ਨੂੰ ਮਾਰ ਕੇ ਇਨ੍ਹਾਂ ਵਿਚਾਰਾਂ ਤੋਂ ਉਤੇ ਹੋ ਕੇ ਬ੍ਰਹਮ ਦੀ ਵਿਚਾਰ ਕਰੇ। ਮਨ ਉਤੇ ਪੂਰਾ ਪਹਿਰਾ ਦੇਣ ਅਤੇ ਇਸ ਦੀ ਪੂਰੀ ਪੂਰੀ ਖੋਜ ਕਰਨ ਨਾਲ ਹੀ ਬ੍ਰਹਮ ਵਸਤੂ ਹੱਥ ਲਗਦੀ ਹੈ :—

'ਸੋ ਮੁਨਿ[੩] ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰ ਬ੍ਰਹਮੁ ਬੀਚਾਰੇ ॥੧॥
ਇਸੁ ਮਨੁ ਕਉ ਕੋਈ ਖੋਜਹੁ ਭਾਈ ॥
[੪]ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ਰਹਾਉ॥'
[ਭੈਰਉ ਮ: ੩–੧੧੨੮

## ੪. (ੳ) ਮਨ

ਮਨ ਸਬੰਧੀ ਵਧੇਰੇ ਵਿਚਾਰ ਕਰਨ ਤੋਂ ਪਹਿਲੋਂ ਇਹ ਜਾਣਨਾ ਜ਼ਰੂਰੀ ਹੈ ਕਿ ਮਨ ਅਸਲ ਵਿਚ ਹੈ ਕੀ ਚੀਜ਼। ਮਨ ਕਹਿੰਦੇ ਕਿਸ ਨੂੰ ਹਨ? ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਵਿਚ ਇਸ ਦੇ ਅਰਥ ਬੜੇ ਵਿਸਥਾਰ ਨਾਲ ਇਸ ਪਰਕਾਰ ਦਿਤੇ ਹੋਏ ਹਨ :—

''ਮਨ (ਸੰ: ਸੰਸਕ੍ਰਿਤ, ਮਨਸ਼। ਮਨ = ਗਾਜਨੇ, ਧਾਤੂ) ਮਨ ਦਾ

---

੧. ਅਨੇਕ
੨. ਵਾਹਿਗੁਰੂ ਜੀ ਦੇ
੩. ਮਹਾਤਮਾ ਤੇ ਮੋਨੀ
੪. ਨਉਂ ਨਿਧੀਆਂ (ਤਰ੍ਹਾਂ ਤਰ੍ਹਾਂ ਦੇ ਸੁਖ) ਵਾਲਾ ਨਾਮ ਮਨ ਖੋਜਦੇ ਖੋਜਦੇ ਪ੍ਰਾਪਤ ਕਰ ਲਿਆ

Sri Satguru Jagjit Singh Ji eLibrary NamdhariElibrary@gmail.com

ਅਰਥ ਹੈ, ਸਾਰੀਆਂ ਦਿਮਾਗੀ ਤਾਕਤਾਂ, ਗਜਾਨ ਸ਼ਕਤੀਆਂ । ਸੰਕਲਪ, ਵਿਕਲਪ, ਸਮਝ, ਬੂਝ, ਸਿਆਣ, ਹਿੱਸ, ਇਛਾ, ਵਿਚਾਰ, ਅੰਤਹਕਰਨ ਆਦਿਕ ਸਾਰੇ ਮਨ ਵਿਚ ਆ ਜਾਂਦੇ ਹਨ ।

ਮਨ ਅਸਲ ਵਿਚ ਆਤਮਾ ਅਤੇ ਇੰਦ੍ਰਿਆਂ ਦੇ ਵਿਚਕਾਰ ਇਕ ਚੇਤਨ ਸੱਤਯ ਦਾ ਰੂਪ ਜਿਹਾ ਹੈ। ਇਕ ਬਿਰਤੀ ਹੈ, ਜਿਸ ਦੁਆਰਾ ਗਜਾਨੇਂਦ੍ਰਿਆਂ ਦੇ ਵਸੀਲੇ ਪ੍ਰਤੀਤ ਹੋਣ ਵਾਲੇ ਪਦਾਰਥ, ਆਤਮਾ ਉਤੇ ਪ੍ਰਤੀਤੀ ਦਾ ਅਸਰ ਕਰਦੇ ਹਨ, ਯਾ ਗਜਾਨ ਪਾਉਂਦੇ ਹਨ। ਇਸ ਤਰ੍ਹਾਂ ਮਨ–ਆਤਮਾ ਤੋਂ ਵੱਖਰਾ ਪ੍ਰਤੀਤ ਦੇਂਦਾ ਹੈ । ਯਥਾ-'ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ[1] ।' ਭਾਵ ਜਦ ਆਤਮਾ ਨੂੰ ਪਰਮਾਤਮਾ ਦੀ ਪ੍ਰਾਪਤੀ ਹੋਈ ਤਾਂ ਮਨ ਪਿਛੇ ਰਹਿ ਗਿਆ। ਤਥਾ–'ਮਨ ਦੇ ਰਾਮੁ ਲੀਆ ਹੈ ਮੋਲਿ' ਦੇਣ ਵਾਲਾ ਆਤਮਾ, ਜੋ ਦਿਤਾ ਗਿਆ ਸੋ ਮਨ, ਜੋ ਲੀਤਾ ਸੋ ਰਾਮ। ਤਥਾ–'ਮਨ ਕਾ ਜੀਉ ਪਵਨ ਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ' ।

ਸੂਚਨਾ–ਜੀਉ ਤੋਂ ਮੁਰਾਦ ਸਰੂਪ ਯਾ ਆਸਰੇ ਦੀ ਹੈ। ਪਵਨ ਤੋਂ ਮੁਰਾਦ ਪ੍ਰਾਣ ਤੇ ਪ੍ਰਾਣਾਂ ਵਾਲੇ ਸਰੀਰ ਦੀ ਹੈ । ਦੇਹੀ = ਦੇਹ ਵਾਲਾ– ਆਤਮਾ, ਦੇਉ = ਦੇਵ, ਪਰਮਾਤਮਾ ।

ਅਰਥ–ਮਨ ਦਾ ਆਸਰਾ ਪ੍ਰਾਣ ਹੈ (ਤੇ ਮਨ ਦਾ) ਮਾਲਕ ਆਤਮਾ ਹੈ ਤੇ ਆਤਮਾ ਵਿਚ ਸਮਾ ਰਿਹਾ ਹੈ ਪਰਮਾਤਮਾ, ਸੋ ਤਰਤੀਬ ਦੇਈਏ ਤਾਂ ਐਉਂ ਹੈ :—

ਪ੍ਰਾਣਾ (ਵਾਲਾ ਸਰੀਰ), ਮਨ, ਆਤਮਾ, ਪਰਮਾਤਮਾ ।

ਤਥਾ : 'ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰ ।
ਮਨੁ ਦਾਤਾ ਮਨੁ ਮੰਗਤਾ ਮਨੁ ਸਿਰਿ ਗੁਰੁ ਕਰਤਾਰ ।'

ਜਦ ਮਨ-ਪਰਮਾਤਮਾ ਵਿਚ ਲਿਵ ਦੁਆਰਾ ਲਗ ਜਾਵੇ ਤਾਂ ਮਨ ਜੋਗੀ ਹੈ, ਜਦ ਇੰਦ੍ਰਿਆਂ ਦੁਆਰਾ ਭੋਗਾਂ ਵਿਚ ਲੱਗੇ ਤਾਂ ਭੋਗੀ ਹੈ ਅਰਥਾਤ ਮਨ ਦੇ ਇਕ ਪਾਸੇ ਪਰਮਾਤਮਾ ਹੈ ਤੇ ਇਕ ਪਾਸੇ ਇੰਦ੍ਰੇ ਤੇ ਇੰਦ੍ਰਿਆਂ ਦੇ ਭੋਗ ਹਨ ।

---

੧. ਦੇਖ ਕੇ ਮਨ ਠਗਿਆ ਗਿਆ

Sri Satguru Jagjit Singh Ji eLibrary

੨. ਇਉਂ ਮਨ ਆਤਮਾ ਤੋਂ ਅੱਗੇ ਆਤਮਾ ਦਾ ਇਕ ਮਾਨੋਂ ਮੁਨੀਬ ਹੈ, ਜਿਸ ਦੀ ਚੇਤਨ ਸੱਤਾ ਆਤਮਾ ਤੋਂ ਹੀ ਆਉਂਦੀ ਹੈ। ਦੂਜੇ ਪਾਸੇ-ਮਨ–ਗਜ਼ਾਨੇਦ੍ਰਿਆਂ ਦੁਆਰਾ ਦਿੱਸਦੇ-ਜਗਤ ਦੇ ਗਜ਼ਾਨ ਨੂੰ ਆਪਣੇ ਵਿਚ ਲੈਂਦਾ ਹੈ, ਇਨ੍ਹਾਂ ਦੇ ਵਲ ਖਿੱਚ ਖਾਂਦਾ ਹੈ, ਪਦਾਰਥਾਂ ਤੇ ਭੋਗਾਂ ਵਲ ਰੁਖ ਰਖਦਾ ਹੈ। ਇਨ੍ਹਾਂ ਦੇ ਹਾਨ ਤੋਂ ਦੁਖੀ, ਪ੍ਰਾਪਤੀ ਤੋਂ ਸੁਖੀ ਹੁੰਦਾ ਹੈ। ਜੇਕਰ ਇਹ ਇਨ੍ਹਾਂ ਤੋਂ ਵੈਰਾਗ ਕਰੇ ਅਰ ਅਭਿਆਸ ਨਾਲ ਇੰਦ੍ਰਿਆਂ ਤੋਂ ਆਪੇ ਨੂੰ ਉਚਾ ਕਰੇ ਤਾਂ ਮਾਨੋ ਇਸ ਦਾ ਟਿਕਾਉ ਹੈ, ਜਾਂ ਇਕ ਤਰ੍ਹਾਂ ਅਭਾਵ ਹੈ ਤੇ ਸ਼ੁੱਧ ਚੇਤਨ ਸੱਤਾ ਦਮਕਦੀ ਹੈ। ਮਨ ਜਦੋਂ ਐਉਂ ਆਪੇ ਨੂੰ ਉਚਾ ਕਰੇ ਤਦ ਇਸ ਪੂਰਨ [1]ਨਿਰੁਧ ਅਵਸਥਾ ਵਿਚ ਮਨ ਨੂੰ ਹੀ ਜੋਤ ਸਰੂਪ ਆਖਿਆ ਹੈ :—

"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣ ॥"

ਅਰਥਾਤ ਤ੍ਰਿਸ਼ਨਾ ਤੋਂ ਛੁਟ ਕੇ ਲਿਵ ਦੁਆਰਾ ਆਪੇ ਵਿਚ ਆਇਆ ਮਨ ਫਿਰ ਨਿਰੀ ਚੇਤਨਤਾ ਹੈ, ਜੋ ਜਯੋਤ ਸਰੂਪ ਹੈ।

੩. ਮਨ ਵਿਚ ਇੱਛਾ ਸ਼ਕਤੀ ਹੈ। ਯਥਾ–'ਮਨ ਇਛਿਅੜਾ ਫਲੁ ਪਾਈਐ ਰਾਮ' ਅਰਥਾਤ ਮਨ ਇਛਿਆ ਕਰਦਾ ਹੈ, ਇਛਿਆ ਕਰਨਾ ਮਨ ਦਾ ਇਕ ਧਰਮ ਹੈ ਇਸ ਇਛਿਆ ਕਰਕੇ ਮਨ ਪਦਾਰਥਾਂ ਦੀ ਰੁਚੀ ਅਰੁਚੀ ਵਿਚ ਫਸਦਾ ਹੈ। ਇਹ ਅਵਸਥਾ ਮਨ ਦੇ ਖਿੰਡਾਉ ਯਾ ਵਿਖੇਪ ਦੀ ਹੈ; ਜਦ ਕੱਠਾ ਹੁੰਦਾ ਹੈ ਤੇ ਖਿੰਡਾਉ ਹਟਦਾ ਹੈ ਤਦ ਮਨ ਉਚਾ ਉਠਦਾ ਹੈ। ਇਸ ਤਰ੍ਹਾਂ ਮਨ ਦੇ ਦੋ ਰੂਪ ਕਹੇ ਹਨ :–'ਇਨਮਨ' (ਯਾ ਇਹ ਮਨ) ਤੇ 'ਉਨਮਨ' ਅਰਥਾਤ ਇਹ-ਮਾਮੂਲੀ ਮਨ-ਤੇ ਉਚਾ ਹੋਇਆ ਮਨ-। ਯਥਾ–'ਇਹ ਮਨੁ ਸਕਤੀ ਇਹੁ ਮਨੁ ਸੀਉ। ਇਹ ਮਨੁ ਪੰਚ ਤਤ ਕੋ ਜੀਉ। ਇਹੁ ਮਨ ਲੈ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ।' ਇਹ ਉਨਮਨ ਹੋਏ ਮਨ ਬਾਬਤ ਕਿਹਾ ਹੈ।

੪. ਜਦੋਂ ਕੋਈ ਆਪਣੀ ਮੈਂ ਆਪਣੇ ਮਨ ਵਿਚ ਹੀ ਪ੍ਰਤੀਤ ਕਰਦਾ ਹੈ ਤਾਂ ਸਧਾਰਨ ਅਵਸਥਾ ਹੈ, ਪਰ ਜਦ ਮਨ ਚੰਗਾ ਟਿਕ ਕੇ, ਆਪਾ ਵਖਰਾ ਪ੍ਰਤੀਤ

---

੧. ਮਨ ਦੀ ਪੂਰਨ ਸਥਿਰ ਅੱਵਸਥਾ

Sri Satguru Jagjit Singh Ji eLibrary NamdhariElibrary@gmail.com

ਦੇਂਦਾ ਹੈ, ਤਦ ਇਸ ਅਵਸਥਾ ਨੂੰ–ਮਨ ਵਿਚ ਮਨ ਦਾ ਪ੍ਰਗਟ ਹੋਣਾ ਯਾ ਪ੍ਰਤੀਤੀ ਦੇਣਾ ਆਦਿ ਤਰੀਕੇ ਨਾਲ ਵਰਣਨ ਕੀਤਾ ਹੈ । ਯਥਾ—'ਮਨ ਮਹਿ ਮਨੁ ਉਲਟੋ ਮਰੈ' ਅਰਥਾਤ ਮਨ ਉਲਟ ਕੇ (ਸੰਸਾਰਾਕਾਰ ਤੋਂ ਬ੍ਰਹਮਾਕਾਰ ਹੋ ਕੇ) ਚੇਤਨਤਾ ਵਿਚ ਲੀਨ ਹੋਵੇ ਤਾਂ । ਇਥੇ ਇਕ ਮਨ ਦਾ ਅਰਥ ਤਾਂ ਮਨ ਹੈ, ਪਰ ਦੂਸਰੇ ਦਾ ਅਰਥ ਮਨ ਦੇ ਪਿੱਛੇ ਸੁੱਧ ਚੇਤਨ ਸੱਤਯ ਤੋਂ ਮੁਰਾਦ ਹੈ । ਤਥਾ–'ਮਨ ਮਹਿ ਮਨੂਆ ਚਿਤ ਮਹਿ ਚੀਤਾ । ਐਸੇ ਹਰਿ ਕੇ ਲੋਗ ਅਤੀਤਾ', 'ਮਨਿ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ' । ਇਸੇ ਖਿਆਲ ਨੂੰ ਮਨ ਦੀ ਥਾਂ ਘਰ-ਪਦ ਵਰਤ ਕੇ ਦਸਿਆ ਹੈ :–ਯਥਾ—'ਘਰ ਮਹਿ ਘਰੁ ਜੋ ਦੇਖਿ ਦਿਖਾਵੈ' ।

੫. ਵੈਸੇ ਵਾਹਿਗੁਰੂ ਦੀ ਵਯਾਪਕਤਾ ਕਰਕੇ ਮਨ ਵਿਚ ਵਾਹਿਗੁਰੂ ਹੈ ਤੇ ਵਾਹਿਗੁਰੂ ਵਿਚ ਮਨ ਹੈ । ਯਥਾ—'ਮਨ ਮਹਿ ਆਪਿ ਮਨ ਅਪੁਨੇ ਮਾਹਿ' ਤਥਾ–ਮਨ ਮਹਿ ਜੋਤਿ ਜੋਤਿ ਮਹਿ ਮਨੂਆ' ।

੬. ਇਕ ਤਰ੍ਹਾਂ ਮਨ ਦੇ ਦੋ ਹੋਰ ਤਬਕੇ ਬੀ ਆਖੇ ਹਨ, ਇਥੇ ਇਕ ਮਨ ਤੋਂ ਮੁਰਾਦ ਬੁਧੀ ਹੈ, ਇਕ ਤੋਂ ਮਨ । –ਮਨ-ਹਰ ਪਯਾਰੀ ਸ਼ੈ ਵਲ ਧਾਂਵਦਾ ਹੈ, ਬੁਧੀ–ਵਿਵੇਚਨਾ ਕਰਦੀ ਹੈ ਕਿ ਜਿਧਰ ਮਨ ਧਾਇਆ ਹੈ ਕੀ ਸਚਮੁਚ ਚੰਗੀ ਬੀ ਹੈ ਕਿ ਨਹੀਂ । ਮਨ ਪ੍ਰੇਯ (ਪਯਾਰੀ ਲੱਗੀ) ਵਲ ਦੌੜਦਾ ਹੈ । ਬੁਧੀ ਵਿਵੇਚਨਾ ਕਰਦੀ ਹੈ ਕਿ ਇਹ ਪ੍ਰੇਯ ਲਗੀ ਸ਼ੈ ਸ਼੍ਰੇਯ (ਚੰਗੀ) ਬੀ ਹੈ ਕਿ ਨਹੀਂ । ਮਨ ਦੀਆਂ ਇਨ੍ਹਾਂ ਦੋ ਤਾਕਤਾਂ ਪਰ ਕਿਹਾ ਹੈ :—

'ਮਨ ਹੀ ਤੇ ਮਨੁ ਮਾਨਿਆ
ਗੁਰ ਕੈ ਸਬਦਿ ਅਪਾਰਿ ॥'

ਇਸ ਤਰ੍ਹਾਂ ਮਨ ਤੇ ਬੁਧੀ ਦੋ ਅਲੱਗ ਅਲੱਗ ਹਨ । ਦੋਹਾਂ ਨੂੰ ਅਲੱਗ ਅਲੱਗ ਸਪਸ਼ਟ ਬੀ ਦਸਿਆ ਹੈ । ਯਥਾ—'ਮਨੁ ਬੁਧਿ ਅਰਪਿ ਧਰਉ ਗੁਰ ਆਗੈ' ।

ਭਲੇ ਪੁਰਖ ਦੀ ਜ਼ਮੀਰ ਜਦ ਮਨ ਨੂੰ ਸਾਧਦੀ ਹੈ ਤਾਂ ਉਸ ਪਰ ਬੀ ਕਿਹਾ ਹੈ :—

'ਮਨਿ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ[੧] ਮਨ ਹੀ ਮੰਝਿ ਸਮਾਇ ॥'

---

੧. ਸੰਗ

Sri Satguru Jagjit Singh Ji eLibrary NamdhariElibrary@gmail.com

ਮਨ, ਜਿਨ੍ਹਾਂ ਬਿਰਤੀਆਂ ਦਾ ਅਸਥਾਨ ਹੈ, ਕੁਝ ਕੁ ਐਉਂ ਦਸੀਆਂ ਹਨ :—

(ੳ) ਆਸ । ਯਥਾ—'ਮਨਿ ਆਸ ਉਡੀਣੀ'

(ਅ) ਇਛਾ । ਯਥਾ—'ਮਨ ਇਛ ਪਾਈਐ',
'ਮਨ ਕੀਆ ਇਛਾ ਪੂਰੀਆ'

(ੲ) ਸਮਝ । ਯਥਾ—'ਮਨ ਸਮਝ ਛੋਡ'

(ਸ) ਮਨਸਾ । ਯਥਾ—'ਮਨਸਾ ਮਨਹਿ ਸਮਾਇਲੇ'

(ਹ) ਹਠ । ਯਥਾ—'ਮਨਿ ਹਠਿ ਮਤੀ ਬੂਡੀਐ'

(ਕ) ਕ੍ਰੋਧ । ਯਥਾ—'ਮਨ ਹਿਰਦੇ ਕ੍ਰੋਧ ਮਹਾ ਬਿਸਲੋਧ'

(ਖ) ਖਜਾਲ । ਯਥਾ—'ਮਨ ਕੇ ਅਧਿਕ ਤਰੰਗ'

(ਗ) ਸੁਭਾਉ । ਯਥਾ—'ਮਨ ਕਾ ਸੁਭਾਉ'

(ਘ) ਅਹੰਕਾਰ । ਯਥਾ—'ਮਨ ਕਹ ਅਹੰਕਾਰ'

(ਙ) ਲੋਭ । ਯਥਾ—'ਮਨ ਕਹਾ ਲੁਭਾਈਐ'

(ਚ) ਵਾਸ਼ਨਾ । ਯਥਾ—'ਮਨ ਕੀ ਬਾਸਨਾ ਮਨ ਤੇ ਟਰੈ'

(ਛ) ਦੁਬਿਧਾ (ਸੰਸੇ ਬ੍ਰਿਤੀ) । ਯਥਾ—'ਮਨ ਕੀ ਦੁਬਿਧਾ ਬਿਨਸ'

(ਜ) ਮਤਿ, (ਸਲਾਹ) ਰੁਚੀ । ਯਥਾ—'ਮਨ ਮਤਿ ਤਿਆਗਹੁ'

(ਝ) ਵੀਚਾਰ । ਯਥਾ—'ਮਨ ਕੈ ਵੀਚਾਰਿ'

(ਞ) ਚਿੰਤਨ । ਯਥਾ—'ਮਨ ਚਿੰਤਤੁ ਸਗਲੇ'

(ਟ) ਚਾਉ । ਯਥਾ—'ਮਨਿ ਚਾਉ ਘਨੇਰਾ'

(ਠ) ਬੁਧੀ ਯਾ—ਵਿਵੇਚਨਾ ਸ਼ਕਤੀ ਵਾਲਾ ਮਨ—(ਜ਼ਮੀਰ)
ਯਥਾ—'ਮਨੁ ਤਾਰਾਜੀ ਚਿਤੁ ਤੁਲਾ'

(ਡ) ਪ੍ਰੀਤ । ਯਥਾ—'ਮਨ ਮਹਿ ਪ੍ਰੀਤਿ'*

## *(ਅ) ਮਨ ਦੀ ਮਹੱਤਤਾ*

ਮਨ ਦੀ ਥਾਂ ਅਤੀ ਮਹੱਤਵ ਪੂਰਨ ਹੈ । ਇਹ ਹੀ ਮਨ ਸਾਨੂੰ ਸੁਖੀ ਅਤੇ ਇਹ ਹੀ ਮਨ ਸਾਨੂੰ ਦੁਖੀ ਕਰ ਸਕਦਾ ਹੈ । ਜਨਮਾਂ ਦੇ ਚੱਕਰ ਵਿਚ ਵੀ ਇਹੀ ਸੁਟਦਾ ਹੈ ਅਤੇ ਇਹ ਹੀ ਜੋਤਿ-ਰੂਪ ਪ੍ਰਗਟ ਹੋ ਕੇ ਆਪ ਹੀ ਸਰਬ-

*ਮਨ ਦੇ ਹੋਰ ਵਿਸਥਾਰ ਲਈ ਵੇਖੋ ਇਸੇ ਲੇਖਕ ਦੀ ਪੁਸਤਕ 'ਆਤਮਾ ਕੀ ਹੈ ?' ਦਾ ਪੰਨਾ-੩੪

Sri Satguru Jagjit Singh Ji eLibrary NamdhariElibrary@gmail.com

ਸ਼ਕਤੀਮਾਨ ਬਣ ਬੈਠਦਾ ਹੈ। ਇਹ ਜਦੋਂ ਚੰਚਲ ਹੁੰਦਾ ਹੈ ਤਾਂ ਜੀਵ ਭਟਕਦਾ ਫਿਰਦਾ ਹੈ, ਜਦੋਂ ਥਿਰ ਹੋ ਜਾਂਦਾ ਹੈ ਤਾਂ ਥਿਰ ਹੋਏ ਪਾਣੀ ਵਾਂਙੂ ਇਸ ਵਿਚ ਆਪਣਾ ਅਸਲ ਸਰੂਪ ਦਿਸ ਪੈਂਦਾ ਹੈ ਜਿਸ ਦੇ ਦਰਸ਼ਨਾਂ ਸਦਕੇ ਇਹ ਜੀਵ ਬੇਪਰਵਾਹ, ਪੂਰਨ ਸੰਤੁਸ਼ਟ ਤੇ ਪਾਤਸ਼ਾਹ ਬਣ ਜਾਂਦਾ ਹੈ। ਓਦੋਂ ਇਹ ਮੰਗਤਾ ਨਹੀਂ ਹੁੰਦਾ ਸਗੋਂ ਦਾਤਾ ਹੁੰਦਾ ਹੈ। ਜਿਸ ਨੇ ਮਨ ਨੂੰ ਜਿੱਤ ਲਿਆ ਮਾਨੋ ਉਸ ਸਾਰਾ ਜਗ ਹੀ ਜਿਤ ਲਿਆ ਹੈ। ਕਬੀਰ ਜੀ ਨੇ ਤਦੇ ਹੀ ਫੁਰਮਾਇਆ ਹੈ :—

'ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥'

[ਗਉੜੀ, ਬਾਵਨ ਅਖਰੀ ਕਬੀਰ ਜੀ–੩੪੨

ਅਰਥਾਤ ਸਾਡਾ ਸਬੰਧ ਮਨ ਨਾਲ ਹੀ ਹੈ; ਜੇ ਮਨ ਸਾਧ ਲਿਆ ਜਾਏ ਤਾਂ ਹੀ ਪੂਰਨਤਾ ਪ੍ਰਾਪਤ ਕਰਨ ਵਿਚ ਸਫਲਤਾ ਹੁੰਦੀ ਹੈ। ਕਬੀਰ ਜੀ ਮਨ ਹੀ ਮਨ ਨਾਲ, ਅੰਦਰੋ ਅੰਦਰ ਗੱਲਾਂ ਕਰਦੇ ਆਖਦੇ ਹਨ ਕਿ ਮਨਾਂ, ਤੂੰ ਹੀ ਹੈਂ ਸਭ ਕੁਝ—ਅਗਿਆਨ ਅਧੀਨ ਵਰਤਨਹਾਰਾ ਹੋ ਕੇ ਸੰਸਾਰ ਵਿਚ ਪਟਕਾਣ ਵਾਲਾ ਅਤੇ ਆਤਮ-ਗਿਆਨ ਸਹਿਤ ਹੋ ਕੇ ਸੰਸਾਰ ਤੋਂ ਉਧਾਰਨਹਾਰਾ—ਤੇਰੇ ਵਰਗਾ ਸਾਨੂੰ ਇੱਥੇ ਉੱਥੇ ਦਾ ਸਹਾਈ ਕੋਈ ਹੋਰ ਨਹੀਂ ਮਿਲਿਆ।

ਪਰ ਮਨ ਨੂੰ ਜਨਮਾਂ ਜਨਮਾਂਤਰਾਂ ਦੀ ਤ੍ਰਿਸ਼ਨਾ ਲਗੀ ਹੋਈ ਹੈ। ਇਹ ਅਤੀ ਚੰਚਲ ਹੈ; ਇਸ ਨੂੰ ਥਿਰ ਕਰਨ ਦਾ ਮਾਮਲਾ ਬਹੁਤ ਕਠਨ ਹੈ :—

'ਸਾਧੋ ਇਹੁ ਮਨੁ [1]ਗਹਿਓ ਨਾ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤ ਹੈ ਯਾ ਤੇ [2]ਥਿਰੁ ਨ ਰਹਾਈ ॥

[ਗਉੜੀ ਮ: ੯–੨੧੯

ਤ੍ਰਿਸ਼ਨਾ ਇੰਨੀ ਪ੍ਰਬਲ ਹੁੰਦੀ ਹੈ ਕਿ ਇਸ ਦੇ ਅਧੀਨ ਹੋਇਆ ਮਨ ਕਾਬੂ ਵਿਚ ਨਹੀਂ ਆਉਂਦਾ। ਜੀਵ ਦੀ ਸਾਧਾਰਨ ਸ਼ਕਤੀ ਲਈ ਇਸ ਤੇ ਕਾਬੂ ਪਾਉਣਾ ਅਸੰਭਵ ਜਿਹੀ ਗੱਲ ਹੈ:—

'ਮਾਈ ਮਨ ਮੇਰੋ ਬਸ ਨਾਹਿ ॥

---

੧. ਫੜਿਆ ਨਹੀਂ ਜਾਂਦਾ ੨. ਟਿਕਦਾ ਨਹੀਂ ਹੈ

Sri Satguru Jagjit Singh Ji eLibrary NamdhariElibrary@gmail.com

ਨਿਸ ਬਾਸੁਰ[੧] ਬਿਖਿਅਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ ॥੧॥ਰਹਾਉ॥
ਬੇਦ ਪੁਰਾਨ ਸਿਮ੍ਰਿਤ ਕੇ ਮਤ[੨] ਸੁਨਿ
[੩]ਨਿਮਖ ਨ ਹੀਏ ਬਸਾਵੈ ॥
ਪਰਧਨ ਪਰਦਾਰਾ[੪] ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ[੫] ॥ ੧ ॥
[੬]ਮਦਿ ਮਾਇਆ ਕੈ ਭਇਓ ਬਾਵਰੋ[੭]
ਸੂਝਤ ਨਹ ਕਛੁ ਗਿਆਨਾ ॥
[੮]ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ ॥ ੨ ॥'

[ਸੋਰਠਿ ਮ: ੯–੬੩੨

ਜਿਹੜੇ ਸਤਿਗੁਰੂ ਦੀ ਸਰਣ ਵਿਚ ਆ ਗਏ ਹਨ, ਉਨ੍ਹਾਂ ਗੁਰੂ ਦੀ ਮਤ ਲੈ ਲਈ ਹੈ ਤੇ ਆਪਣੀ ਮਨਮਤ ਜਾਂ ਤ੍ਰਿਸ਼ਨਾ ਰੂਪੀ ਦੁਰਮਤ ਸੁਭਾਵਿਕ ਹੀ ਤਿਆਗ ਦਿਤੀ ਹੈ। ਇਹ ਤ੍ਰਿਸ਼ਨਾ ਓਦੋਂ ਹੀ ਨਾਸ ਹੁੰਦੀ ਹੈ ਜਦੋਂ ਜੀਵ ਅੰਦਰ ਗੁਰੂ ਦਾ ਭੈ ਪੈਂਦਾ ਹੈ ਤੇ ਉਹ ਹੁਕਮ ਕਮਾਉਂਦਾ ਹੈ। ਗੁਰੂ ਦੇ ਭੈ ਤੋਂ ਬਿਨਾਂ ਮਨ ਵਸ ਵਿਚ ਨਹੀਂ ਆਉਂਦਾ :—

'ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ[੯] ਕਾਟੀ ਜਮ ਕੀ ਫਾਸੀ ॥'

[ਸੋਰਠਿ ਮ: ੯–੬੩੩

---

੧. ਰਾਤ ਦਿਨ
੨. ਉਪਦੇਸ਼
੩. ਛਿਨ ਭਰ ਵੀ ਮਨ ਵਿਚ ਨਹੀਂ ਵਸਾਉਂਦਾ
੪. ਪਰਾਈ ਇਸਤਰੀ; ਪਰਾਏ ਧਨ ਅਤੇ ਪਰਾਈ ਇਸਤਰੀ ਵਿਚ ਮਗਨ ਹੋਇਆ ਜੀਵਨ ਨਿਸਫਲ ਗੁਜ਼ਾਰ ਰਿਹਾ ਹੈ
੫. ਬਿਤਾ ਰਿਹਾ ਹੈ
੬. ਮਾਇਆ ਦੇ ਨਸ਼ੇ ਵਿਚ
੭. ਪਾਗਲ
੮. ਮਨ ਵਿਚ ਹੀ ਮਾਇਆ ਤੋਂ ਨਿਰਲੇਪ ਹਰੀ ਵਸਦਾ ਹੈ, ਪਰ ਉਸ ਦਾ ਭੇਦ ਨਾ ਜਾਣਿਆ
੯. ਉਹ ਮਣੀ ਜਿਸ ਤੋਂ ਜੋ ਮੰਗੀਏ ਪ੍ਰਾਪਤ ਹੋਵੇ ਭਾਵ ਵਾਹਿਗੁਰੂ; ਤਦ ਮੈਂ ਚਿੰਤਾਮਣੀ ਹਰੀ ਨੂੰ ਯਾਦ ਕੀਤਾ ਅਤੇ ਜਮ ਦੀ ਫਾਸੀ ਕਟੀ ਗਈ

Sri Satguru Jagjit Singh Ji eLibrary NamdhariElibrary@gmail.com

ਅਤੇ

'ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥
ਤਿਸ ਨੋ ਸੁਖੁ ਸੁਪਨੈ ਨਹੀਂ ਦੁਖੇ ਦੁਖਿ ਵਿਹਾਇ ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥
ਇਹੁ ਮਨੁ ਵਸਿ ਨਾ ਆਵਈ ਥਕੇ ਕਰਮ ਕਮਾਇ ॥
ਭੇਖਧਾਰੀ ਭੇਖ ਕਰਿ ਥਕੇ ੧ਅਠਿਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥
ਗੁਰਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥
ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥੩॥'

[ਮ: ੩, ਸੋਰਠਿ ਵਾਰ ਮ: ੪–੬੪੪

ਭਾਵ ਅਰਥ ਇਹ ਕਿ ਆਪ-ਹੁਦਰੇ ਆਦਮੀਆਂ ਦਾ ਮਨ ਕਾਬੂ ਵਿਚ ਨਹੀਂ ਆਉਂਦਾ ਅਤੇ ਮਾਇਆ ਦੇ ਮੋਹ ਵਿਚ ਜਾ ਲਗਦਾ ਹੈ। ਅਜਿਹੇ ਮਨ ਨੂੰ ਕਦੇ ਵੀ ਸੁਖ ਨਹੀਂ ਹੁੰਦਾ। ਬਹੁਤ ਵਿਦਵਾਨ ਪੜ੍ਹ ਪੜ੍ਹ ਕੇ ਸਿਧ ਲੋਕ ਸਮਾਧੀਆਂ ਲਾ ਲਾ ਕੇ ਹਾਰ ਗਏ। ਵੱਖੋ ਵੱਖ ਭੇਖਾਂ (ਫ਼ਿਰਕਿਆਂ) ਦੇ ਸਾਧੂ ਆਪੋ ਆਪਣੀਆਂ ਮਰਯਾਦਾਂ ਕਰ ਕਰ ਕੇ ਅਤੇ ਅਨੇਕਾਂ ਤੀਰਥਾਂ ਤੇ ਨ੍ਹਾ ਨ੍ਹਾ ਕੇ ਥਕ ਹੱਟੇ ਪਰ ਉਹ ਮਨ ਦੀ ਖਬਰ, ਅਸਲੀਅਤ ਨਹੀਂ ਜਾਣ ਸਕੇ ਅਰਥਾਤ ਉਹ ਹਉਮੈ ਵਿਚ ਹੀ ਭਟਕਦੇ ਫਿਰਦੇ ਹਨ। ਗੁਰੂ ਦੀ ਕ੍ਰਿਪਾ ਨਾਲ ਹਰੀ ਦਾ ਭੈ ਮਨ ਵਿਚ ਪਿਆ ਤਾਂ ਵੱਡੇ ਭਾਗਾਂ ਨਾਲ ਹਰੀ ਮਨ ਵਿਚ ਆ ਵਸਿਆ ਅਤੇ ਮਨ ਵਸ ਵਿਚ ਹੋ ਗਿਆ। ਗੁਰੂ ਸ਼ਬਦ ਦੁਆਰਾ ਹੀ ਹਉਮੈ ਦਾ ਨਾਸ ਹੁੰਦਾ ਹੈ। ਜੋ ਇਸ ਤਰ੍ਹਾਂ ਸਚੇ ਪ੍ਰਭੂ ਵਿਚ ਰਤੇ ਹੋਏ ਹਨ, ਉਹ ਪਵਿਤਰ ਹਨ; ਉਹ ਜੋਤ ਵਾਲੇ ਹਰੀ ਵਿਚ ਆਪਣੀ ਆਤਮ-ਜੋਤ ਜੋੜ ਦਿੰਦੇ ਹਨ। ਉਨ੍ਹਾਂ ਦੀ ਇਹ ਪ੍ਰਾਪਤੀ ਸਤਿਗੁਰੂ

੧. ਹਿੰਦੂਆਂ ਦੇ ਉਤਮ ਤੀਰਥ ਅਠਾਹਠ ਗਿਣੇ ਜਾਂਦੇ ਹਨ

Sri Satguru Jagjit Singh Ji eLibrary NamdhariElibrary@gmail.com

ਦੇ ਮਿਲਣ ਤੇ ਹੀ ਹੁੰਦੀ ਹੈ ਅਤੇ ਉਹ ਉਸ ਦੀ ਕ੍ਰਿਪਾ ਦੁਆਰਾ ਹੀ ਸੁਖ ਵਿਚ ਸਮਾਉਂਦੇ ਹਨ ।

ਜਿਹੜੇ ਕਰਮ ਮਨ ਤਕ ਨਹੀਂ ਪਹੁੰਚਦੇ ਕੇਵਲ ਸਰੀਰ ਤਕ ਸੀਮਤ ਹਨ ਉਹ ਮਨ ਨੂੰ ਵਸ ਕਰਨ ਦੀ ਸਮਰਥਾ ਨਹੀਂ ਰਖ ਸਕਦੇ। ਇਸੇ ਕਰਕੇ ਤੀਰਥ ਇਸ਼ਨਾਨ, ਨਿਉਲੀ ਰਕਮ, ਭੁਜੰਗਮਾਂ ਨਾੜੀ ਆਦਿ ਦੇ ਸਾਧਨ, ਮੋਨ ਧਾਰਨ, ਕਰ-ਪਾਤੀ ਹੋ ਕੇ ਰਹਿਣ (ਭਾਵ ਹੱਥਾਂ ਕੇ ਭਾਂਡਾ ਬਣਾਉਣਾ ਤੇ ਹੋਰ ਭਾਂਡੇ ਨਾ ਵਰਤਣੇ), ਜੰਗਲਾਂ ਵਿਚ ਜਾਣ, ਸੋਨਾ, ਇਸਤਰੀ, ਚੰਗੇ ਚੰਗੇ ਘੋੜੇ ਹਾਥੀ ਆਦਿ ਬਹੁਤ ਤਰ੍ਹਾਂ ਦੇ ਦਾਨ ਦੇਣ, ਪੂਜਾ ਅਰਚਾ ਕਰਨ, ਚੰਦਨ ਛਿੜਕਣ ਲੰਮੇ ਪੈ ਪੈ ਕੇ ਡੰਡੌਤ ਕਰਨ, ਜੋਗ ਦੇ ਚੋਰਾਸੀ ਆਸਣ ਕਰਨ ਇਤਿ ਆਦਿ ਕਰਮਾਂ ਨਾਲ ਮਨ ਨਿਰਮਲ ਨਹੀਂ ਹੁੰਦਾ। ਮਨ ਤਾਂ ਕੇਵਲ ਸਤਿਸੰਗਤ ਰਾਹੀਂ ਹਰੀ ਜਸ ਕਰਨ ਅਥਵਾ ਉਸ ਦੇ ਗੁਣ ਗਾਉਣ ਨਾਲ ਹੀ ਨਿਰਮਲ ਹੁੰਦਾ ਹੈ ।—

'[੧]ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥'
[ਵਡਹੰਸੁ ਮ: ੩ ਘਰ ੧—੫੫੮

ਅਤੇ

'[੨]ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ[੩] ਭੁਅੰਗਮ[੪] ਸਾਧੇ ॥
[੫]ਪੰਚ ਜਨਾ ਸਿਉ ਸੰਗੁ ਨ ਛੁਟਕਿਓ

---

੧. ਜੇ ਜੀਵ ਦਾ ਮਨ ਹੀ ਮੈਲਾ ਹੈ ਤਾਂ ਸਮਝੋ ਇਸ ਦਾ ਸਭ ਕੁਝ ਮੈਲਾ ਹੈ ਅਤੇ ਤਨ ਦੇ ਧੋਣ ਨਾਲ ਇਹ ਮਨ ਧੋਤਾ ਨਹੀਂ ਜਾਂਦਾ, ਇਹ ਮੈਲਾ ਹੀ ਰਹਿੰਦਾ ਹੈ

੨. ਇਹ ਬਾਹਰਲੇ ਬਨਾਵਟੀ ਕਰਮਾਂ ਦਾ ਜ਼ਿਕਰ ਹੈ

੩. ਨਿਉਲੀ ਕਰਮ। ਇਹ ਇਕ ਯੋਗ ਕ੍ਰਿਆ ਹੈ, ਜੋ ਅੰਦਰੋਂ ਆਂਦਰਾਂ ਸਾਫ ਕਰਨ ਲਈ ਕੀਤੀ ਜਾਂਦੀ ਹੈ

੪. ਭੁਜੰਗਮਾਂ ਨਾੜੀ; ਯੋਗੀਆਂ ਦੀ ਮਿਥੀ ਹੋਈ ਇਕ ਨਾੜੀ ਜੋ ਰੀੜ੍ਹ ਦੀ ਹੱਡੀ ਨਾਲ ਦਮਾਗ਼ ਤਕ ਜਾਂਦੀ ਹੈ; ਇਸ ਦੁਆਰਾ ਸੁਆਸ ਚੜ੍ਹਾਉਣ ਦਾ ਕਰਮ ਹੁੰਦਾ ਹੈ

੫. ਪੰਜਾਂ (ਕਾਮ, ਕ੍ਰੋਧ ਆਦਿਕ) ਤੋਂ ਪਿੱਛਾ ਨਾ ਛੁਟਿਆ ਅਤੇ ਵਧੇਰੇ ਅਹੰਕਾਰ ਵਿਚ ਬੱਝ ਗਏ

Sri Satguru Jagjit Singh Ji eLibrary NamdhariElibrary@gmail.com

ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ ॥
[1]ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ ॥ ੧ ॥ ਰਹਾਉ ॥
[2]ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ ॥
[3]ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥
[4]ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨਾ ਉਤਰੈ ਇਹ ਬਿਧਿ[5] ਜੇ ਲਖ ਜਤਨ ਕਰਾਏ ॥੩॥
[6]ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
[7]ਪੂਜਾ ਅਰਚਾ ਬੰਧਨ ਡੰਡਉਤ ਖਟੁ ਕਰਮਾ ਰਤੁ ਰਹਿਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥

---

੧. ਥੱਕ ਕੇ ਮਾਲਕ ਹਰੀ ਦੇ ਦਰਵਾਜ਼ੇ ਤੇ ਆ ਡਿਗਾ ਹਾਂ; ਹੇ ਹਰੀ! ਕ੍ਰਿਪਾ ਕਰਕੇ ਮੈਨੂੰ ਪਰਖਣ ਵਾਲੀ ਸਮਝ ਦਿਉ
੨. ਮੈਂ ਮੋਨੀ ਵੀ ਰਿਹਾ (ਚੁਪ ਸਾਧੀ ਰਖੀ) ਅਤੇ ਹੱਥਾਂ ਨੂੰ ਭਾਂਡਾ ਬਣਾ ਕੇ (ਕਰ-ਪਾਤੀ) ਵਰਤਣ ਵਾਲਾ ਵੀ ਰਿਹਾ ਅਰਥਾਤ ਭਾਂਡੇ ਨਾ ਵਰਤੇ
੩. ਤੀਰਥਾਂ ਦੇ ਕਿਨਾਰੇ ਅਤੇ ਸਾਰੀ ਦੁਨੀਆਂ ਵਿਚ ਫਿਰਿਆ ਪਰ ਦਵੈਤਪਣ (ਦੁਚਿਤਾਪਣ) ਦੂਰ ਨਾ ਹੋਇਆ
੪. ਮਨ ਵਿਚ ਇੱਛਾ ਰਖ ਕੇ ਤੀਰਥਾਂ ਤੇ ਜਾ ਕੇ ਰਿਹਾ ਅਤੇ ਸਿਰ ਉਤੇ ਆਰਾ ਤਖਵਾਇਆ। (ਕਾਂਸ਼ੀ ਵਿਚ ਇਕ ਆਰਾ ਰਖਿਆ ਹੁੰਦਾ ਸੀ, ਜਿਸ ਨਾਲ ਕਈ ਭਰਮੀ ਲੋਕ ਮੁਕਤੀ ਪਾਉਣ ਲਈ ਚਿਰ ਮਤਦੇ ਸਨ)
੫. ਇਸ ਤਰ੍ਹਾਂ
੬. ਸੋਨਾ, ਇਸਤ੍ਰੀ, ਚੰਗੇ ਚੰਗੇ ਘੋੜੇ, ਹਾਥੀ ਅਤੇ ਬਹੁਤ ਤਰ੍ਹਾਂ ਦਾ ਦਾਨ ਦੇਣ ਵਾਲਾ ਬਣਿਆ ਅਤੇ ਅਨਾਜ, ਕਪੜੇ, ਜ਼ਮੀਨ ਬਹੁਤ ਦਿਤੀ ਪਰ ਹਰੀ ਦੇ ਦਰਵਾਜ਼ੇ ਤੇ ਪਹੁੰਚਣਾ ਨਾ ਮਿਲਿਆ। ਹੈਵਰ = ਸ੍ਰੇਸ਼ਟ ਘੋੜੇ, ਗੈਵਰ—ਉਤਮ ਹਾਥੀ
੭. ਪੂਜਾ, ਚੰਦਨ ਛਿੜਕਣ, ਡੰਡੇ ਵਾਂਙ ਲੰਮੇ ਪੈ ਕੇ ਨਮਸਕਾਰ ਕਰਨ ਅਤੇ ਛੇ ਕਰਮਾਂ ਵਿਚ ਰਚਿਆ ਰਿਹਾ, ਪਰ ਇਨ੍ਹਾਂ ਕਰਕੇ ਅਹੰਕਾਰ ਕਰਨ ਲਗ ਪਿਆ ਅਤੇ ਫਾਹੇ ਵਿਚ ਪੈ ਗਿਆ। ਇਸ ਤਰ੍ਹਾਂ ਵੀ ਹਰੀ ਦਾ ਮੇਲ ਨ ਹੋਇਆ

Sri Satguru Jagjit Singh Ji eLibrary NamdhariElibrary@gmail.com

[1]ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ [2]ਹਰਿ ਸਿਉ ਸੰਗੁ ਨ ਗਹਿਆ ॥੬॥
[3]ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥
[4]ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ਰਹਾਉ ਦੂਜਾ ॥'

[ਸੋਰਠਿ ਮ: ੫–੬੪੧

ਮਨ ਅਸਾਧ ਹੈ; ਇਸ ਨੂੰ ਕੋਈ ਵਿਰਲਾ ਹੀ ਕਾਬੂ ਵਿਚ ਕਰ ਸਕਦਾ ਹੈ। ਇਹ ਮਨ ਤਾਂ ਨਿਰਮਲ਼ ਹੁੰਦਾ ਹੈ ਜੇ ਇਹ ਨਾ (ਚਰੇ) ਖਾਧੇ ਜਾਣ ਵਾਲੇ ਕਾਮ, ਕ੍ਰੋਧ ਲੋਭ, ਮੋਹ ਅਤੇ ਅਹੰਕਾਰ ਨੂੰ ਖਾ ਲਵੇ ਅਰਥਾਤ ਇਨ੍ਹਾਂ ਤੇ ਜਿੱਤ ਪ੍ਰਾਪਤ ਕਰ ਲਵੇ। ਅਜਿਹਾ ਕੰਮ ਗੁਰਮੁਖ ਹੀ ਕਰ ਸਕਦਾ ਹੈ। ਉਹ ਗੁਰੂ-ਕ੍ਰਿਪਾ ਨਾਲ ਗੁਰਸ਼ਬਦ ਦੀ ਘਾਲ ਕਰ ਕੇ ਮਨ ਨੂੰ ਮਾਰ ਲੈਂਦਾ ਹੈ ਭਾਵ ਵੱਸ ਕਰ ਲੈਂਦਾ ਹੈ:–

'ਮਨੁ ਅਸਾਧੁ ਸਾਧੈ ਜਨੁ ਕੋਈ
ਅਚਰੁ[5] ਚਰੈ ਤਾ ਨਿਰਮਲੁ ਹੋਈ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ
ਹਉਮੈ ਵਿਚਹੁ ਤਜੈ ਵਿਕਾਰ ॥'

[ਧਨਾਸਰੀ ਮ: ੩–੬੬੫

ਅਤੇ

'ਮਨੁ ਮਰੈ ਧਾਤੁ[6] ਮਰਿ ਜਾਇ ॥

---

੧. ਸਿਧ ਜੋਗੀਆਂ ਦੇ ਚੁਰਾਸੀ ਆਸਣ ਵੀ ਕੀਤੇ
੨. ਹਰੀ ਦਾ ਸੰਗ ਨ ਫੜਿਆ, ਪਾਇਆ
੩. ਰਾਜਿਆਂ ਦੇ ਚੋਜ ਅਤੇ ਸਮਾਨ (ਭੀ ਭੋਗੇ) ਅਤੇ ਅਹੰਕਾਰੀ ਹੋ ਕੇ ਹਕੂਮਤ ਕੀਤੀ, ਸੁਹਣੀਆਂ ਸੇਜਾਂ ਉਤੇ ਸੁੱਤੇ, ਚੰਦਨ ਤੇ ਅਤਰ ਮਲੇ, ਪਰ ਅੰਤ ਅਨ੍ਹੇਰੇ ਨਰਕ ਦਾ ਦੁਆਰਾ ਹੀ ਮਿਲਿਆ
੪. ਸਭ ਕਰਮਾਂ ਯਤਨਾਂ ਦੋਂ ਵੱਡਾ ਕਰਮ ਹਰੀ ਦੇ ਗੁਣ ਗਾਣਾ ਤੇ ਸੰਤਾਂ ਦੀ ਸੰਗਤ ਕਰਨਾ ਹੈ
੫. ਜਿਹੜਾ ਚਰਿਆ ਨਾ ਜਾਵੇ, ਵਸ ਨਾ ਹੋਵੇ, ਅਰਥਾਤ ਅਸਾਧ ਨੂੰ ਸਾਧ ਲਵੇ
੬. ਗਿਆਨ ਤੇ ਕਰਮ ਇੰਦਰੇ

Sri Satguru Jagjit Singh Ji eLibrary NamdhariElibrary@gmail.com

ਬਿਨੁ ਮਨ ਮੂਏ ਕੈਸੇ ਹਰਿ ਪਾਇ ॥
ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ[੧] ਮਰੈ ਬੂਝੈ ਜਨੁ ਸੋਇ ॥੧॥
[ਧਨਾਸਰੀ ਮ: ੩—੬੬੫

ਗੁਰੂ-ਉਪਦੇਸ਼ ਦੇ ਧਾਰਨੀ ਹੋਣ ਨਾਲ ਵਾਹਿਗੁਰੂ ਜੀ ਦੀ ਹੋਂਦ ਮਨ ਵਿਚ ਆ ਵਸਦੀ ਹੈ। ਜਿਥੇ ਵਾਹਿਗੁਰੂ ਜੀ ਦੀ ਹੋਂਦ ਹੋਵੇ, ਉਥੇ ਹਉਮੈਂ ਨਹੀਂ ਟਿਕ ਸਕਦੀ :—

'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੋਇ ਨਾ ਵਸਹਿ ਇਕ ਠਾਇ ॥'
[ਵਡਹੰਸ ਮ: ੩—੫੬੦

ਕਬੀਰ ਜੀ ਤਦੇ ਹੀ ਫੁਰਮਾਉਂਦੇ ਹਨ ਕਿ ਇਹ ਮਨ, ਜੋ ਆਤਮਾ ਤੋਂ ਸੱਤਾ ਲੈਂਦਾ ਹੈ, ਜੇ ਆਪਣੇ ਮੂਲ ਨੂੰ ਜਾਣ ਲਵੇ ਤਾਂ ਇਹ ਆਪਣੀਆਂ ਮਾਇਆਵੀ ਖਿਚਾਂ ਤਿਆਗ ਕੇ ਇਕਾਗਰ ਹੋ ਜਾਂਦਾ ਹੈ। ਇਸ ਗੱਲ ਦੀ ਸੋਝੀ ਉਸੇ ਨੂੰ ਹੈ ਜਿਸ ਨੇ ਆਪਣੇ ਮਨ ਨੂੰ ਆਤਮਾ ਵਿਚ ਇਸਥਿਤ ਕਰ ਕੇ ਵੇਖਿਆ ਹੈ। ਇਸ ਲਈ ਮਨ ਦੇ ਆਤਮਾ ਵਿਚ ਮੇਲ ਕਰਨ ਵਿਚ ਢਿਲ ਨਹੀਂ ਕਰਨੀ ਚਾਹੀਦੀ ਕਿਉਂਜੋ ਆਤਮ-ਧਿਆਨ ਲੀਨ ਹੋਣ ਨਾਲ ਹੀ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੈ :—

'ਮਮਾ ਮੂਲ ਗਹਿਆ ਮਨੁ ਮਾਨੈ ॥
ਮਰਮੀ ਹੋਇ ਸੁ ਮਨ ਕਉ ਜਾਨੈ ॥
ਮਤ ਕੋਈ ਮਨ ਮਿਲਤਾ ਬਿਲਮਾਵੈ ॥
ਮਗਨ ਭਇਆ ਤੇ ਸੋ ਸਚੁ ਪਾਵੈ ॥'

[ਗਉੜੀ, ਬਾਵਨ ਅਖਰੀ, ਕਬੀਰ ਜੀ—੩੪੨

---

੧. ਗੁਰੂ ਦੇ ਸ਼ਬਦ (ਉਪਦੇਸ਼ ਤੇ ਮੰਤ੍ਰ) ਦੁਆਰਾ ਮਰਦਾ ਹੈ

Sri Satguru Jagjit Singh Ji eLibrary NamdhariElibrary@gmail.com

## ੫. ਗੁਰੂ ਦੀ ਲੋੜ

ਸਾਧਾਰਣ ਮਨ ਮਾਇਆ ਨਾਲ ਬਹੁਤ ਰੰਗਿਆ ਹੋਇਆ ਹੈ। ਇਹ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਪੂਰਨ ਅਧੀਨ ਹੈ ਅਰਥਾਤ ਇਹ ਜੀਵ ਦੇ ਸੁਭਾ ਦਾ ਅੰਗ ਹੀ ਬਣਿਆ ਹੋਇਆ ਹੈ। ਮਨ ਆਪਣੀ ਸ਼ਾਂਤੀ ਲਈ ਬਾਹਰਲੇ ਉਪਰਾਲੇ ਤੇ ਸਾਧਨ ਕਰਦਾ ਹੈ ਤੇ ਜਿਨ੍ਹਾਂ ਪਦਾਰਥਾਂ ਤੋਂ ਸੁਖ ਦੀ ਆਸ ਹੈ, ਉਨ੍ਹਾਂ ਨੂੰ ਭੋਗਦਾ ਹੈ, ਪਰ ਇਸ ਤਰ੍ਹਾਂ ਮਾਇਆ ਨੂੰ ਭੋਗ ਕੇ ਹੋਰ ਅਸ਼ਾਂਤ ਹੋ ਹੋ ਜਾਂਦਾ ਹੈ ਕਿਉਂਜੋ ਮਾਇਆਵੀ ਸੁਖ ਸਦੀਵੀ ਨਹੀਂ ਅਤੇ ਮਨ ਨੂੰ ਕਮਜ਼ੋਰ ਕਰਨ ਵਾਲੇ ਹੁੰਦੇ ਹਨ। ਪਰ ਮਨ ਨੂੰ ਇਨ੍ਹਾਂ ਰਸਾਂ ਕਸਾਂ ਦਾ ਇੰਨਾਂ ਚਸਕਾ ਪਿਆ ਹੁੰਦਾ ਹੈ ਕਿ ਉਹ ਇਨ੍ਹਾਂ ਨੂੰ ਛੱਡ ਵੀ ਨਹੀਂ ਸਕਦਾ। ਅਵਲ ਤਾਂ ਇਸ ਨੂੰ ਮਾਇਆ ਤੋਂ ਉਪਰ ਉਠਣ ਦੀ ਸੋਝੀ ਹੀ ਨਹੀਂ ਆਉਂਦੀ ਅਤੇ ਜੇ ਹੋ ਵੀ ਆਵੇ ਤਾਂ ਇਸ ਵਿਚ ਇੰਨੀ ਸਮਰੱਥਾ ਨਹੀਂ ਕਿ ਇਹ ਇਨ੍ਹਾਂ ਤੋਂ ਉਤੇ ਉਠ ਸਕੇ। ਮਨ ਤਾਂ ਬਕਰੀ ਨਿਆਈਂ ਹੈ ਜਿਸ ਨੂੰ ਜਿੰਨਾਂ ਮਰਜ਼ੀ ਹੈ ਰਜਾ ਲਉ ਪਰ ਜਦੋਂ ਨਵੇਂ ਪੱਠੇ ਮੂਹਰੇ ਧਰੇ ਜਾਣਗੇ ਉਹ ਮੂੰਹ ਮਾਰਨੋਂ ਨਹੀਂ ਟਲੇਗੀ। ਪਰ ਜੇ ਬਕਰੀ ਦਾ ਮਾਲਕ ਕੋਈ ਸੁਘੜ ਸਿਆਣਾ ਹੋਵੇ ਅਤੇ ਜਦੋਂ ਵੀ ਬਕਰੀ ਨੂੰ ਉਦਰ-ਪੂਰਤੀ ਕਰ ਲੈਣ ਮਗਰੋਂ ਨਵੇਂ ਪੱਠਿਆਂ ਤੇ ਮੂੰਹ ਮਾਰਦਿਆਂ ਵੇਖੇ ਤਾਂ ਇਕ ਡੰਡਾ ਮੂੰਹ ਤੇ ਲਾ ਦੇਵੇ ਤਾਂ ਬਕਰੀ ਛੇਤੀ ਹੀ ਡਰ ਦੀ ਮਾਰੀ ਫਾਲਤੂ ਮੂੰਹ ਮਾਰਨੋਂ ਹਟ ਸਕਦੀ ਹੈ। ਪਰ ਜੀਵ ਆਪਣੇ ਮਨ ਤੇ ਆਪ ਡੰਡਾ ਨਹੀਂ ਮਾਰ ਸਕਦਾ। ਇਸ ਨੂੰ ਤੇ ਆਪ ਬਿਖਿਆ ਵਿਚੋਂ ਸੁਆਦ ਆਉਂਦਾ ਹੈ, ਜਿਸ ਦਾ ਰੂਪ ਕਿ ਇਹ ਆਪ ਬਣਿਆ ਪਿਆ ਹੈ। ਇਸ ਤੋਂ ਇਹ ਆਸ ਰਖਣੀ ਕਿ ਇਹ ਆਪਣੇ ਆਪ ਨੂੰ ਡੰਡਾ ਮਾਰ ਲਵੇਗਾ, ਅਨਹੋਣੀ ਜਿਹੀ ਗੱਲ ਹੈ। ਇਹ ਤਾਂ ਜੇ ਅੱਜ ਇਕ ਅਸੂਲ ਬਣਾਉਂਦਾ ਹੈ ਤਾਂ ਕਲ੍ਹ ਉਸੇ ਨੂੰ ਆਪਣੀ ਨਵੀਂ ਲੋੜ ਮੁਖ ਰਖ ਕੇ ਤੋੜ ਦਿੰਦਾ ਹੈ ਅਤੇ ਇਸ ਤਰ੍ਹਾਂ ਤੋੜਨ ਨੂੰ ਠੀਕ ਸਿਧ ਕਰਨ ਲਈ ਆਪਣੀ ਬੁਧੀ ਦੀ ਸਹਾਇਤਾ ਨਾਲ ਕਈ ਇਕ ਦਲੀਲਾਂ ਘੜ ਲੈਂਦਾ ਹੈ। ਫਿਰ ਇਸ ਨੂੰ ਦੂਰ ਦਰਸ਼ਤਾ ਵੀ ਪ੍ਰਾਪਤ ਨਹੀਂ ਕਿ ਇਹ ਜਾਣ ਸਕੇ ਕਿ ਇਸ ਨੂੰ ਕਿਸ ਚੀਜ਼ ਵਿਚ ਲਾਭ ਹੈ ਅਤੇ ਕਿਸ ਵਿਚ

Sri Satguru Jagjit Singh Ji eLibrary NamdhariElibrary@gmail.com

ਹਾਣ। ਇਹ ਦੇਸ਼ ਕਾਲ਼ ਦਾ ਪ੍ਰਾਣੀ ਦੂਰ ਦੀਆਂ ਗੱਲ਼ਾਂ ਤੋਂ ਕਿਵੇਂ ਜਾਣੂ ਹੋ ਸਕਦਾ ਹੈ। ਇਹ ਛੋਟਾ ਜਿਹਾ ਮਨ ਆਪਣੇ ਆਪ ਨੂੰ ਅਕਾਲ ਪੁਰਖ ਦੇ ਦੇਸ਼ ਵਿਚ ਕਿਵੇਂ ਉਡਾਰੀ ਲਾ ਕੇ ਲਿਜਾ ਸਕਦਾ ਹੈ। ਇਸ ਨੂੰ ਤਾਂ ਸੰਸਾਰੀ ਹਾਣ-ਲਾਭ ਦਾ ਵੀ ਪਤਾ ਨਹੀਂ ਲਗਦਾ, ਸਾਧਾਰਣ ਕਾਰਣ ਕਾਰਜ ਦੀਆਂ ਲੀਹਾਂ ਵਿਚ ਹੀ ਫਸਿਆ ਰਹਿੰਦਾ ਹੈ, ਇਹ ਅਦ੍ਰਿਸ਼ਟ, ਅਗੋਚਰ ਨਾਮੀ ਤੇ ਨਾਮ ਦੀ ਸੋਝੀ ਕਿਵੇਂ ਦਿਵਾ ਸਕਦਾ ਹੈ। ਜਦੋਂ ਖੂਹ ਦੇ ਡੱਡੂ ਲਈ ਸਮੁੰਦਰ ਦਾ ਅਨੁਮਾਨ ਲਾਉਣਾ ਹੀ ਸੰਭਵ ਨਹੀਂ ਤਾਂ ਉਸ ਦੇ ਉਥੇ ਪਹੁੰਚਣ ਦਾ ਸਵਾਲ਼ ਹੀ ਪੈਦਾ ਨਹੀਂ ਹੁੰਦਾ। ਫਿਰ ਪੰਜਾਂ ਮਹਾਂ ਬਲੀਆਂ ਦੇ ਸਾਹਮਣੇ ਇਹ ਮਨ ਤਾਂ ਇੰਨਾਂ ਨਿਰਬਲ ਹੈ ਕਿ ਉਨ੍ਹਾਂ ਦੇ ਥਪੇੜੇ ਸਹਿ ਸਹਿ ਕੇ ਬੌਂਦਲਿਆ ਪਿਆ ਹੈ। ਇਸ ਨੂੰ ਸੁਰਤ ਹੀ ਨਹੀਂ ਕਿ ਕਿਧਰ ਨੂੰ ਜਾ ਰਿਹਾ ਹੈ ਜਾਂ ਇਸ ਦਾ ਜੰਗ ਵਿਚ ਆਉਣ ਦਾ ਮੰਤਵ ਕੀ ਹੈ ? ਸੋ ਜੀਵ ਨੂੰ ਕਿਸੇ ਅਜਿਹੇ ਵਿਅਕਤੀ ਦੀ ਅਗਵਾਈ ਦੀ ਲੋੜ ਹੈ ਜੋ ਦੂਰ-ਦਰਸ਼ੀ ਭਾਵ ਤ੍ਰੈ-ਕਾਲ ਦਰਸੀ ਹੋਵੇ; ਸਰਬ ਸਮਰੱਥ ਹੋਵੇ ਜੋ ਹਰ ਮੌਕੇ ਆਪਣੀ ਸਮਰੱਥਾ ਨਾਲ ਜਗਿਆਸੂ ਨੂੰ ਹਰ ਥਾਂ ਤੋਂ ਸਹੀ ਸਲਾਮਤ ਕਢ ਸਕੇ; ਅੰਤਰਜਾਮੀ ਵੀ ਹੋਵੇ ਤਾਂ ਜੋ ਉਸ ਨੂੰ ਜਗਿਆਸੂ ਦੇ ਡੁਬਣ ਸਮੇਂ ਦਾ ਪਤਾ ਲਗਦਾ ਰਹੇ ਤੇ ਇਸ ਤਰ੍ਹਾਂ ਉਸ ਨੂੰ ਸਹਾਇਤਾ ਦੇ ਸਕੇ; ਅਤੇ ਉਸਦੀ ਰਸਾਈ ਅਕਾਲਪੁਰਖ ਦੀ ਦਰਗਾਹ ਵਿਚ ਵੀ ਹੋਵੇ, ਅਰਥਾਤ ਉਸ ਦੇ ਅੰਦਰ ਵਾਹਿਗੁਰੂ ਜੀ ਨਿਵਾਸ ਰਖਦੇ ਹੋਣ ਤੇ ਨਾਮ ਵਸਿਆ ਹੋਇਆ ਹੋਵੇ ਤਾਂ ਜੋ ਉਹ ਆਪਣੇ ਪਿਛੇ ਲਗਣ ਵਾਲਿਆਂ ਨੂੰ ਵੀ ਨਾਮ ਦੁਆਰਾ ਜੀਅਦਾਨ, ਆਤਮਕ ਜੀਵਨ ਦੇ ਸਕੇ ਅਤੇ ਉਨ੍ਹਾਂ ਦਾ ਲੋਕ ਤੇ ਪ੍ਰਲੋਕ ਸੰਵਾਰ ਸਕੇ :—

'ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ [੧]ਜੋਗ ਜੁਗਤਿ ਸਚਿ ਰਹੈ ਸਮਾਇ॥'

[ਰਾਮਕਲੀ ਮ: ੧, ਸਿਧ ਗੋਸਟਿ—੯੪੧

ਕੋਈ ਪੂਰਨ ਵਿਅਕਤੀ ਹੀ ਗੁਰਤਾ ਦਾ ਇਹ ਕਰਤੱਵ ਪਾਲ ਸਕਦਾ ਹੈ। ਪਰ

---

੧. ਸਚ ਵਿਚ ਸਮਾਇਆ ਰਹਿਣਾ, ਇਹ ਜੋਗ ਦੀ ਜੁਗਤੀ ਹੈ. ਭਾਵ ਨਾਮ ਵਿਚ ਲਿਵ ਲਗ ਜਾਣੀ, ਇਹ ਅਸਲ ਜੋਗ ਹੈ

Sri Satguru Jagjit Singh Ji eLibrary NamdhariElibrary@gmail.com

ਜੇ ਕੋਈ ਅਪੂਰਨ, ਆਪਣੇ ਵਰਗਾ ਜਾਂ ਆਪਣੇ ਨਾਲੋਂ ਜ਼ਰਾ ਚੰਗਾ ਆਗੂ ਬਣਾ ਲਵੇ ਤਾਂ ਉਹ ਅਧਵਾਟੇ ਹੀ ਰਹੇਗਾ ਕਿਉਂਜੋ ਉਸ ਨੂੰ ਅਕਾਲਪੁਰਖ ਦੇ ਘਰ ਦੀ ਕੋਈ ਸੋਝੀ ਨਹੀਂ ਹੁੰਦੀ, ਉਹ ਤਾਂ ਆਪ ਅਜੇ ਡੁਬਿਆ ਹੋਇਆ ਹੈ, ਉਸ ਨੇ ਕਿਸੇ ਨੂੰ ਕੀ ਤਾਰਨਾ ਹੈ :—

'ਕਾਚੇ ਗੁਰ ਤੇ ਮੁਕਤਿ ਨ ਹੂਆ ।।'

ਅਤੇ

'ਅੰਧਾ ਆਗੂ ਜੇ ਥੀਐ [1]ਕਿਉ ਪਾਧਰੁ ਜਾਣੈ ।।
ਆਪਿ [2]ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ।।'

[ਸੂਹੀ ਮ: ੧–੭੬੭

ਫਿਰ ਜੋ ਪ੍ਰਮਾਤਮਾ ਦੀ ਭਗਤੀ ਵਿਚ ਜੁਟੇ ਹੋਏ ਹਨ ਅਤੇ ਆਪਣੀ ਵਲੋਂ ਅਕਾਲ ਪੁਰਖ ਵਲ ਪੂਰਾ ਰੁਝਾਣ ਬਣਾਈ ਬੈਠੇ ਹਨ, ਉਨ੍ਹਾਂ ਨੂੰ ਵੀ ਗੁਰੂ ਦੀ ਲੋੜ ਹੁੰਦੀ ਹੈ । ਉਨ੍ਹਾਂ ਦੀ ਘਾਲ ਹਉਂ ਵਾਲੀ ਤੇ ਸਵੈ-ਆਸ੍ਰਿਤ ਹੁੰਦੀ ਹੈ। ਬ੍ਰਹਮ ਵਿਚ ਅਖੀਰਲੀ ਛਾਲ ਮਾਰਨ ਤੇ ਪੂਰਨ ਪ੍ਰਵੇਸ਼ ਕਰਨ ਲਈ ਉਨ੍ਹਾਂ ਨੂੰ ਇਹ ਧੁਰਾ ਅੰਤ ਨੂੰ ਛਡਣਾ ਪਵੇਗਾ ਜੋ ਇਨ੍ਹਾਂ ਜੀਵਾਂ ਲਈ ਛਡਣਾ ਸੰਭਵ ਨਹੀਂ ਹੁੰਦਾ । ਕੋਈ ਵੀ ਆਪਣੇ ਹੱਥੀਂ ਆਪਣੀ ਹੋਂਦ ਨੂੰ ਸਦਾ ਲਈ ਨਸ਼ਟ ਕਰ ਦੇਣ ਲਈ ਤਿਆਰ ਨਹੀਂ ਹੋ ਸਕਦਾ । ਬ੍ਰਹਮ ਦੇ ਦਰਸ਼ਨਾਂ ਦੇ ਝਲਕੇ ਤਾਂ ਇਨ੍ਹਾਂ ਨੂੰ ਮਿਲਦੇ ਰਹਿੰਦੇ ਹਨ ਪਰ ਇਹ ਬ੍ਰਹਮ ਵਿਚ ਪ੍ਰਵੇਸ਼ ਨਹੀਂ ਕਰ ਸਕਦੇ । ਇਹ ਵੀ ਕਿਸੇ ਉਸ ਇਕ ਅਧੇ ਦੀ ਗੱਲ ਹੈ ਜੋ ਜਨਮਾਂ ਜਨਮਾਂ ਤੋਂ ਘਾਲ ਕਰਦਾ ਤੁਰਿਆ ਆਇਆ ਹੋਵੇ ਅਤੇ ਇੱਥੇ ਆ ਕੇ ਵੀ ਆਪਣੀ ਘਾਲ ਵਿਚ ਜੁਟਿਆ ਹੋਇਆ ਹੋਵੇ; ਉਸ ਦੀ ਵੀ ਅੰਤਲੀ ਛਾਲ ਤਾਂ ਤਦੇ ਹੀ ਵਜੇਗੀ ਤੇ ਸਫਲ ਹੋਵੇਗੀ ਜੇ ਉਹ ਕਿਸੇ ਪੂਰੇ ਗੁਰੂ ਦੀ ਸ਼ਰਨ ਨੂੰ ਪ੍ਰਾਪਤ ਹੋਵੇਗਾ :—

'[3]ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁਤਾਰਿ[4] ।।'

[ਸਿਰੀ ਰਾਗ ਮ: ੧–੨੦

---

੧. ਰਸਤਾ ਕਿਵੇਂ ਜਾਣੇ
੨. ਠੱਗੇ ਹੋਏ ਹਨ, ਹੋਛੀ ਮਤ ਦੇ ਕਾਰਨ
੩. ਮਨ-ਮੰਨੇ ਤਰੀਕੇ ਨਾਲ ਕੰਮ ਕਰਨ ਵਾਲੀ ਬੁੱਧੀ ਨਾਲ, ਆਪ-ਹੁਦਰੀ ਮੱਤ ਧਾਰਨ ਕਰਨ ਨਾਲ, ਡੁਬਦਾ ਹੈ
੪. ਸ੍ਰੇਸ਼ਟ ਨੌਕਾ, ਜਹਾਜ਼

Sri Satguru Jagjit Singh Ji eLibrary NamdhariElibrary@gmail.com

ਅਤੇ

'ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ ਦਾਤਾ ਪਾਇਆ ॥ ੬ ॥'

[ਪਉੜੀ, ਵਾਰ, ਆਸਾ ਮ: ੧–੪੬੬

ਅਤੇ

'ਗੁਰਸਰਣਿ ਨ ਆਈਐ ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥
ਨਾ ਰਿਦੈ ਨਾਮੁ ਨ [1]ਸਬਦੁ ਅਚਾਰੁ ॥'

[ਰਾਮਕਲੀ ਮ: ੧–੯੦੪

ਅਤੇ

'ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ[2] ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ
[3]ਆਵਣ ਜਾਣੁ ਰਹਾਈ ॥ ੩ ॥
[4]ਸਾਚੁ ਸਹਜੁ ਗੁਰ ਤੇ ਊਪਜੈ ਭਾਈ [5]ਮਨੁ
ਨਿਰਮਲੁ ਸਾਚਿ ਸਮਾਈ ॥
ਗੁਰ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ[6]
ਨ ਪਾਈ ॥ ੪ ॥'

[ਸੋਰਠਿ ਮ: ੧–੬੩੫

---

੧. ਸ਼ਬਦ ਵਾਲੀ ਰਹਿਣੀ
੨. ਮਨ ਦਾ ਭਟਕਣਾ, ਅਗਿਆਨ
੩. ਜਨਮ ਮਰਨ ਰਹਿ ਜਾਏ, ਮੁਕ ਜਾਏ
੪. ਸੱਚਾ ਆਤਮ-ਟਿਕਾਓ
੫. ਮਨ ਨਿਰਮਲ ਹੋ ਕੇ ਸਚ ਵਿਚ ਟਿਕ ਜਾਂਦਾ ਹੈ
੬. ਰਸਤਾ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਕੋਰੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ ਅਤੇ ਚੰਗਾ ਰੰਗ ਚਾੜ੍ਹਨ ਲਈ ਕਪੜੇ ਨੂੰ ਫਟਕੜੀ ਆਦਿ ਨਾਲ ਪਹਿਲੋਂ ਧੋਣ ਦੀ ਲੋੜ ਹੁੰਦੀ ਹੈ ਤਾਂ ਜੋ ਉਸ ਦੀ ਪਾਣ ਉਤਰ ਜਾਵੇ, ਤਿਵੇਂ ਹੀ ਜਿਸ ਜੀਵ ਨੇ ਵਾਹਿਗੁਰੂ ਜੀ ਦੇ ਨਾਮ ਅਤੇ ਲਿਵ ਦੀ ਰੰਗਣ ਚੜ੍ਹਾਉਣੀ ਹੋਵੇ ਉਸ ਲਈ ਜ਼ਰੂਰੀ ਹੈ ਕਿ ਉਹ ਗੁਰੂ ਧਾਰਨ ਕਰ ਕੇ ਉਸ ਦੇ ਉਪਦੇਸ਼ ਨੂੰ ਗ੍ਰਹਿਣ ਕਰੇ ਅਤੇ ਗੁਰੂ ਦੇ ਭੈ ਦੁਆਰਾ ਆਪਣੇ ਮਨ ਦੇ ਸੰਕਲਪਾਂ ਵਿਕਲਪਾਂ ਅਰਥਾਤ ਆਸਾ ਮਨਸਾ ਰੂਪੀ ਫੁਰਨਿਆਂ ਦੇ ਪਾਣੀ ਨੂੰ ਲਾਹਵੇ ਅਤੇ ਗੁਰਬਾਣੀ ਦੇ ਅਭਿਆਸ ਦੀ ਪਾਹ ਚੜ੍ਹਾਵੇ :—

'ਨਾਨਕ [1]ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
[2]ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥'

[ਸਲੋਕ ਮ: ੧, ਆਸਾ ਕੀ ਵਾਰ—੪੬੮

ਅਤੇ

'ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥'

[ਸਿਰੀ ਰਾਗ ਮ: ੪—੪੦

ਅਤੇ

'ਹਰਿ ਰੰਗ ਕਉ ਲੋਚੈ ਸਭੁ ਕੋਈ ॥
ਗੁਰਮੁਖਿ [3]ਰੰਗੁ ਚਲੂਲਾ ਹੋਈ ॥
ਮਨਮੁਖਿ ਮੁਗਧੁ[4] ਨਰੁ ਕੋਰਾ ਹੋਇ ॥
ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥'

[ਸੂਹੀ ਮ: ੪—੭੩੨

ਭੈ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਯਥਾ—'ਭੈ ਬਿਨ ਭਗਤ ਨ ਹੋਵਈ'

---

੧. ਜਿਵੇਂ ਕੋਰੇ ਕਪੜੇ ਨੂੰ ਉਸ ਦੀ ਪਾਣ ਲਾਹ ਕੇ ਪਾਹ ਲਾਉਂਦੇ ਹਨ ਕਿਉਂਜੋ ਪਾਹ ਤੋਂ ਬਿਨਾਂ ਉਸ ਤੇ ਸੁਹਣਾ ਰੰਗ ਨਹੀਂ ਚੜ੍ਹਦਾ, ਤਿਵੇਂ ਸਾਨੂੰ ਹਰੀ ਦੇ ਡਰ ਵਿਚ ਕੋਰੇ ਮਨ ਨੂੰ ਖੁੰਭ ਚਾੜ੍ਹਨਾ ਚਾਹੀਦਾ ਹੈ; ਤਨ ਵਿਚ ਉਦਮ ਨੂੰ ਪਾਹ ਬਣਾ ਕੇ (ਪਾਹ = ਲਾਗ)

੨. ਜੇ ਪ੍ਰੇਮ ਦੇ ਰੰਗ ਵਿਚ ਰੰਗਿਆ ਜਾਏ. ਤਾਂ ਇਸ ਨੂੰ ਕੂੜ ਦੀ ਸ਼ੋਭਾ ਨਹੀਂ ਹੋਣੀ

੩. ਗੁਰੂ ਦੁਆਰਾ ਗੂੜ੍ਹਾ ਲਾਲ ਰੰਗ ਚੜ੍ਹਦਾ ਹੈ (ਚਲੂਲਾ = ਗੂੜ੍ਹਾ ਲਾਲ, ਸੂਹਾ)

੪. ਮੂਰਖ

Sri Satguru Jagjit Singh Ji eLibrary NamdhariElibrary@gmail.com

ਅਤੇ ਭੈ ਤੋਂ ਬਿਨਾਂ ਪਿਆਰ ਵੀ ਪੈਦਾ ਨਹੀਂ ਹੁੰਦਾ ਯਥਾ—'ਭੈ ਬਿਨ ਭਾਉ ਨ ਊਪਜੈ' ਪਰ ਜੋ ਨਿਰਭਉ ਨੂੰ ਜਪਦਾ ਹੈ ਉਸ ਦੇ ਹੋਰ ਸਾਰੇ ਭੈ ਨਸ਼ਟ ਹੋ ਜਾਂਦੇ ਹਨ ਯਥਾ— ਨਿਰਭਉ ਜਪੈ ਸਗਲ ਭਉ ਮਿਟੈ' ਅਤੇ ਅਕਾਲਪੁਰਖ ਦਾ ਭਉ ਵੀ ਅੰਤ ਨੂੰ ਭਾਉ ਵਿਚ ਬਦਲ ਜਾਂਦਾ ਹੈ।

ਗੁਰੂ ਨੂੰ ਧਾਰਨ ਕਰਨ ਸਮੇਂ ਸਿਖ ਨੂੰ ਆਪਣਾ ਤਨ, ਮਨ ਅਤੇ ਧਨ ਅਰਪਣਾ ਪੈਂਦਾ ਹੈ ਜੋ ਆਪਣਾ ਆਪ ਨਿਵਾਰਨ ਤੇ ਹਉਮੈਂ ਦਾ ਅਭਾਵ ਕਰਨ ਦੀ ਨਿਸ਼ਾਨੀ ਹੈ। ਤਨ, ਮਨ ਅਤੇ ਧਨ ਅਰਪਣ ਦਾ ਪ੍ਰਣ ਤਾਂ ਸਿਖ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਹੀ ਕਰ ਲੈਂਦੇ ਹਨ ਪਰ ਇਨ੍ਹਾਂ ਨਾਲੋਂ ਆਪਣੀ ਅਪਣੱਤ ਸਹਿਜੇ ਸਹਿਜੇ ਹੀ ਖਤਮ ਕਰਦੇ ਹਨ। ਜਿਹੜੇ ਵਧੇਰੇ ਭਾਗਾਂ ਵਾਲੇ ਹੁੰਦੇ ਹਨ, ਉਹ ਪੂਰਨ ਤੌਰ ਤੇ ਅਰਪਣ ਲਈ ਘਟ ਤੋਂ ਘਟ ਸਮਾਂ ਲੈਂਦੇ ਹਨ ਅਤੇ ਇਕ ਅੱਧ ਅਜਿਹਾ ਮਰਜੀਵੜਾ ਵੀ ਹੋਵੇਗਾ ਜੋ ਉਸੇ ਸਮੇਂ ਅਰਪ ਕੇ ਸਦਾ ਲਈ ਅਰਪੀ ਹੀ ਰਖਦਾ ਹੈ। ਪਰ ਜਿੰਨਾਂ ਚਿਰ ਮਨ, ਤਨ ਅਤੇ ਧਨ ਪੂਰਨ ਤੌਰ ਤੇ ਗੁਰੂ ਹਵਾਲੇ ਨਹੀਂ ਕੀਤਾ ਜਾਂਦਾ ਉੱਨਾਂ ਚਿਰ ਪ੍ਰਭੂ ਜੀ ਦੀ ਆਸ ਬੰਨ੍ਹਣੀ ਭੁੱਲ ਹੈ। ਉਸ ਦੀ ਤਾਂ ਸ਼ਰਤ ਹੈ 'ਆਪ ਗਵਾਈਐ ਤਾਂ ਸਹੁ ਪਾਈਐ' ਅਤੇ ਉਹ ਇਸ ਸ਼ਰਤ ਹੀ ਪਾਲਣਾ ਤੋਂ ਬਿਨਾਂ ਮਿਲਣਾ ਅਸੰਭਵ ਹੈ। ਕਿਸੇ ਨੂੰ ਇਸ ਸ਼ਰਤ ਦੀ ਪਾਲਣਾ ਪਹਿਲੋਂ ਕਰਨੀ ਪੈਂਦੀ ਹੈ ਤੇ ਕਿਸੇ ਨੂੰ ਜ਼ਰਾ ਮਗਰੋਂ ਪਰ ਪੂਰਨ ਪ੍ਰਵੇਸ਼ ਇਸ ਸ਼ਰਤ ਦੀ ਪਾਲਣਾ ਤੋਂ ਬਾਅਦ ਹੀ ਹੁੰਦਾ ਹੈ। 'ਸੰਤਹਿ ਸੰਗ ਚਾਲ' ਦਾ ਅਦੇਸ਼ ਉਹ ਮਰਜੀਵੜੇ ਭਾਣਾ ਮੰਨ ਕੇ ਪੂਰਿਆਂ ਕਰਦੇ ਹਨ। ਇਉਂ ਉਹ ਮਨ ਦੇ ਕੇ ਰਾਮ ਨੂੰ ਲੈਂਦੇ ਹਨ ਯਥਾ—'ਮਨ ਦੇ ਰਾਮੁ ਲੀਆ ਹੈ ਮੋਲਿ' ਤਥਾ—'ਮੈਂ ਤਉ ਮੋਲਿ ਮਹਗੀ ਲਈ ਜੀਅਸਟੈ।' ਗੁਰ-ਹੁਕਮਾਂ ਨੂੰ ਮੰਨਣ ਵਾਲਾ ਗੁਰਸਿਖ ਹੁਕਮ ਦੀ ਸਚੀ-ਸੁਚੀ ਕ੍ਰਿਤ ਕਰੇਗਾ। ਗੁਰੂ ਕਿਰਤ ਕਰਨੋਂ ਨਹੀਂ ਰੋਕਦਾ; ਗੁਰੂ ਤਾਂ ਕੇਵਲ ਮਨ ਦਾ ਤਿਆਗ ਤੇ ਹਉਮੈਂ ਦਾ ਆਪਣੇ ਵਿਚੋਂ ਅਭਾਵ ਕਰਨਾ ਹੀ ਸਿਖਾਉਂਦਾ ਹੈ। ਬਾਕੀ ਦੁਨਿਆਵੀ ਕਾਰ-ਵਿਹਾਰ ਜੋ ਸੱਚ ਤੇ ਆਧਾਰਤ ਹੋਣ, ਤੇ ਗੁਰੂ ਨੂੰ ਭਾਉਂਦੇ ਹੋਣ, ਉਵੇਂ ਕਿਵੇਂ ਹੀ ਚਲਦੇ ਰਹਿਣੇ ਹਨ। ਗੁਰਸਿਖ ਗੁਰੂ ਹੁਕਮ ਵਜੋਂ ਹੀ ਇਹ ਕਿਰਤ ਕਰਦਾ ਹੈ; ਇਸ ਦੇ ਨਾਲ ਨਾਲ ਗੁਰੂ ਆਪਣੇ ਸਿਖ ਨੂੰ ਨਾਮ, ਦਾਨ ਤੇ ਇਸ਼ਨਾਨ ਦ੍ਰਿੜ ਕਰਵਾਉਂਦਾ ਰਹਿੰਦਾ ਹੈ। ਇਸ ਤਰ੍ਹਾਂ ਜਿਉਂ ਜਿਉਂ ਹਉਮੈਂ ਦੀ ਮੈਲ ਲੱਥਦੀ

Sri Satguru Jagjit Singh Ji eLibrary NamdhariElibrary@gmail.com

ਜਾਂਦੀ ਹੈ ਤਿਉਂ ਤਿਉਂ ਨਾਮ ਅੰਦਰ ਨਿਵਾਸ ਕਰਦਾ ਜਾਂਦਾ ਹੈ। ਹੁਕਮ ਮੰਨਣ ਵਾਲੇ ਸਿਖ ਤੇ ਗੁਰੂ ਪ੍ਰਸੰਨ ਹੋ ਕੇ ਆਪਣੀ ਕਿਰਪਾ ਦ੍ਰਿਸ਼ਟੀ ਕਰਦਾ ਹੈ ਤੇ ਉਸ ਦੇ ਸਭ ਵਿਘਨ ਦੂਰ ਕਰ ਕੇ ਵਾਹਿਗੁਰੂ ਵਿਚ ਸਮਾਈ ਬਖਸ਼ਦਾ ਹੈ।

ਗੁਰਮਤ ਵਿਚ ਤਨ, ਮਨ ਅਤੇ ਧਨ ਪੰਜਾਂ ਪਿਆਰਿਆਂ ਦੀ ਹਾਜ਼ਰੀ ਵਿਚ ਅੰਮ੍ਰਿਤ ਛਕਣ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਭੇਟਾ ਕਰੀ ਦੇ ਹਨ। ਜੋ ਗੁਰੂ ਦੀਆਂ ਦਸੀਆਂ ਅੰਦਰਲੀਆਂ ਤੇ ਬਾਹਰਲੀਆਂ ਰਹਿਤਾਂ–ਕਕਾਰ ਤੇ ਨਾਮ ਗੁਰਬਾਣੀ ਇਤਿ ਆਦਿ–ਪੰਜ ਪਿਆਰੇ ਦੁਹਰਾਉਂਦੇ ਤੇ ਦ੍ਰਿੜ੍ਹ ਕਰਾਉਂਦੇ ਹਨ, ਉਨ੍ਹਾਂ ਨੂੰ ਗੁਰਸਿਖ ਬਿਨਾਂ ਕਿਸੇ ਹੀਲ-ਹੁੱਜਤ ਦੇ ਮੰਨਦਾ ਹੈ। ਬਾਹਰਲੀਆਂ ਕਕਾਰਾਂ ਵਾਲੀਆਂ ਅਤੇ ਅੰਦਰਲੀਆਂ ਮਨ ਦੀਆਂ ਨਾਮ ਬਾਣੀ ਤੇ ਹੋਰ ਬੰਧੇਜਾਂ ਦੀਆਂ ਰਹਿਤਾਂ ਦੋਵੇਂ ਹੀ ਇਕੋ ਜਿੰਨੀਆਂ ਜ਼ਰੂਰੀ ਹਨ। ਕਈ ਇਹ ਵਿਚਾਰ ਦਿੰਦੇ ਹਨ ਕਿ ਬਾਹਰਲੀ ਕਕਾਰਾਂ ਦੀ ਰਹਿਤ ਰਖਣੀ ਇੰਨੀ ਜ਼ਰੂਰੀ ਨਹੀਂ; ਇਹ ਤਾਂ ਕੇਵਲ ਦਸਮ ਪਾਤਸ਼ਾਹ ਜੀ ਨੇ ਹੀ ਰਖਵਾਈ ਹੈ ਪਰ ਗੁਰੂਆਂ ਦੀ ਸਿਖੀ ਤਾਂ ਪਹਿਲੋਂ ਦੀ ਤੁਰੀ ਆਉਂਦੀ ਹੈ। ਇਹ ਇਕ ਭੁਲੇਖਾ ਹੈ। ਗੁਰਮਤ ਅਨੁਸਾਰ ਦਸੇ ਪਾਤਸ਼ਾਹੀਆਂ ਇਕ ਜੋਤਿ ਸਨ, ਉਨ੍ਹਾਂ ਵਿਚ ਇਉਂ ਨਿਖੇੜ ਕਰਨਾ ਗੁਰਸਿਖੀ ਨਹੀਂ, ਮਨਮਤ ਹੈ। ਪਹਿਲੀਆਂ ਨੌਂ ਪਾਤਸ਼ਾਹੀਆਂ ਪੰਥ ਸਾਜਣ ਦੀ ਤਿਆਰੀ ਕਰਦੀਆਂ ਰਹੀਆਂ ਹਨ ਅਤੇ ਦਸਵੇਂ ਪਾਤਸ਼ਾਹ ਸਮੇਂ ਇਹੋ ਪੰਥਕ ਬੂਟਾ ਪੂਰੇ ਜੋਬਨ ਤੇ ਆਇਆ ਹੈ। ਪੰਥ ਦੀ ਨੀਂਹ ਤਾਂ ਗੁਰੂ ਨਾਨਕ ਸਾਹਿਬ ਨੇ ਹੀ ਧਰੀ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਕੇਵਲ ਸਮਾਂ ਪੱਕਣ ਤੇ ਗੁਰਸਿਖ ਦੀ ਰੂਪ-ਰੇਖਾ ਨੂੰ ਖਾਲਸੇ ਦੇ ਰੂਪ ਵਿਚ ਨਿਖਾਰਿਆ ਹੀ ਹੈ। ਅਸਲ ਵਿਚ ਪੰਥ ਸਾਜਣ ਦਾ ਨਿਸ਼ਾਨਾ ਤਾਂ ਅਕਾਲਪੁਰਖ ਦਾ ਆਪਣਾ ਹੀ ਸੀ ਜੋ ਅਕਾਲਪੁਰਖ ਨੇ ਦੱਸ ਪਾਤਸ਼ਾਹੀਆਂ ਭੇਜ ਕੇ ਪੂਰਿਆਂ ਕੀਤਾ :—

ਅਕਾਲ ਪੁਰਖ ਬਾਚ ॥ ਚੌਪਈ

'ਮੈ ਅਪਨਾ ਸੁਤ੧ ਤੁਹਿ ਨਿਵਾਜਾ੨ ॥ ਪੰਥ ਪ੍ਰਚੁਰ੩ ਕਰਬੇ ਕਉ ਸਾਜਾ ॥
ਜਹਾ ਤਹਾ ਤੈ ਧਰਮੁ ਚਲਾਇ ॥ ਕੁਬੁਧਿ੪ ਕਰਨ ਤੇ ਲੋਕ ਹਟਾਇ ॥੨੯॥'

[ਬਚਿੱਤ੍ਰ ਨਾਟਕ ਪਾਤਸ਼ਾਹੀ ੧੦

---

੧. ਪੁੱਤਰ
੨. ਸਾਜਿਆ, ਸੰਵਾਰਿਆ
੩. ਪ੍ਰਚਾਰ ਕਰਨ ਲਈ
੪. ਕੁਕਰਮ

Sri Satguru Jagjit Singh Ji eLibrary NamdhariElibrary@gmail.com

ਅਤੇ

'ਖਾਲਸਾ ਅਕਾਲਪੁਰਖ ਕੀ ਫੌਜ ।।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ।।
[ਸਰਬ ਲੋਹ ਗ੍ਰੰਥ ਵਿਚੋਂ

ਕਕਾਰ ਗੁਰੂ ਦੀ ਦਿੱਤੀ ਵਰਦੀ ਹੈ । ਕੇਵਲ ਵਰਦੀ ਵਾਲੇ ਸਿਪਾਹੀ ਦਾ ਹੀ ਮੁੱਲ ਹੁੰਦਾ ਹੈ, ਦੂਜੇ ਦਾ ਨਹੀਂ । ਜਿਹੜਾ ਸਿਪਾਹੀ ਵਰਦੀ ਤੋਂ ਬਿਨਾਂ ਹੁੰਦਾ ਹੈ ਉਸ ਦੀ ਕੋਈ ਤਾਕਤ ਨਹੀਂ ਹੁੰਦੀ; ਅਧਿਕਾਰ ਤਾਂ ਵਰਦੀ ਵਾਲੇ ਸਿਪਾਹੀ ਨੂੰ ਹੀ ਪ੍ਰਾਪਤ ਹਨ । ਗੁਰੂ ਸਾਹਿਬ ਦਾ ਬੜਾ ਕਟੜਾ ਹੁਕਮ ਹੈ ਕਿ :—

'ਜਬ ਲਗ ਖਾਲਸਾ ਰਹੇ ਨਿਆਰਾ ।। ਤਬ ਲਗ ਤੇਜ ਦੀਓ ਮੈਂ ਸਾਰਾ ।।
ਜਬ ਇਹ ਗਹੈ[1] ਬਿਪਰਨ[2] ਕੀ ਰੀਤ ।। ਮੈਂ ਨਾ ਕਰੋਂ ਇਨ ਕੀ ਪ੍ਰਤੀਤ ।।'
[ਸਰਬ ਲੋਹ ਗ੍ਰੰਥ

ਹਰ ਤਰ੍ਹਾਂ ਦੀ ਰਹੁ-ਰੀਤ ਆਦਿ ਵਿਚ ਗੁਰਮਤਿ ਮਰਿਆਦਾ ਨੂੰ ਮੁਖ ਰਖਣਾ ਹੈ । ਖਾਲਸੇ ਨੇ ਕਿਸੇ ਦੇ ਪਿਛੇ ਨਹੀਂ ਲਗਣਾ । ਖਾਲਸੇ ਨੇ ਤਾਂ ਸਗੋਂ ਆਪਣੀ ਰੋਸ਼ਨੀ ਜੋ ਧੁਰੋਂ ਪ੍ਰਾਪਤ ਹੁੰਦੀ ਹੈ, ਅਨਮਤੀਆਂ ਨੂੰ ਦੇਣੀ ਹੈ ।

ਚਿੰਨ੍ਹ ਹਰ ਧਰਮ ਦੇ ਹੁੰਦੇ ਹਨ ! ਪਰ ਜਦੋਂ ਉਨ੍ਹਾਂ ਚਿੰਨ੍ਹਾਂ ਦਾ ਅਮਲੀ ਜੀਵਨ ਨਾਲ ਸਬੰਧ ਟੁੱਟ ਜਾਵੇ ਤੇ ਉਹ ਕੇਵਲ ਕਰਮ ਕਾਂਡ ਦਾ ਰੂਪ ਹੀ ਧਾਰ ਲੈਣ ਤਦ ਉਹ ਨਿਰਾਰਥਕ ਹੋ ਜਾਂਦੇ ਹਨ । ਗੁਰੂ ਨਾਨਕ ਸਾਹਿਬ ਨੇ ਵੀ ਅਜਿਹੇ ਮਜ਼੍ਹਬੀ ਚਿੰਨ੍ਹਾਂ ਦਾ ਹੀ ਖੰਡਨ ਕੀਤਾ ਹੈ । ਪਰ ਖਾਲਸਾ ਧਰਮ ਆਨਿ (ਦੂਜੇ) ਧਰਮਾਂ ਦੀ ਰਾਖੀ ਲਈ ਕਾਇਮ ਹੋਇਆ ਹੈ। ਇਸ ਨੇ ਦੁਸ਼ਟਾਂ ਦਾ ਨਾਸ ਕਰਨਾ ਹੈ । ਇਸ ਲਈ ਇਸ ਦੇ ਚਿੰਨ੍ਹ ਸੂਰਬੀਰਤਾ ਵਾਲੇ ਹੋਣੇ ਕੁਦਰਤੀ ਸਨ ਜੋ ਦਸਮ ਪਾਤਸ਼ਾਹ ਨੇ ਖਾਲਸੇ ਨੂੰ ਬਖਸ਼ੇ । ਇਹ ਚਿੰਨ੍ਹ ਲਾਭ-ਭਰਪੂਰ ਤੇ ਗੁਰੂ ਪਿਆਰ-ਸਪੰਨ ਹਨ । ਇਨ੍ਹਾਂ ਨੂੰ ਧਾਰਨ ਕਰਨਾ ਦਾਗੇ ਜਾਣ ਦੀ ਨਿਸ਼ਾਨੀ ਹੈ । ਜਿਥੇ ਦੂਜੇ ਮੈਦਾਨ ਵਿਚੋਂ ਭੱਜ ਨਿਕਲਦੇ ਹਨ, ਇਨ੍ਹਾਂ ਦੇ ਪਹਿਰਨ ਵਾਲੇ ਜੂਝ ਮਰਨ

---

੧. ਧਾਰਨ ਕਰੇ
੨. ਬ੍ਰਾਹਮਣਾਂ ਦੀ

Sri Satguru Jagjit Singh Ji eLibrary NamdhariElibrary@gmail.com

ਦਾ ਰਾਹ ਅਪਣਾਉਂਦੇ ਹਨ। ਭਾਵੇਂ ਅਜਕਲ੍ਹ ਕਈ ਸਵਾਂਗੀ ਸਿਖ ਵੀ ਇਹ ਚਿੰਨ੍ਹ ਪਾਈ ਬੈਠੇ ਹਨ ਪਰ ਕਿਸੇ ਅਜਿਹੇ ਕਸ਼ਟ ਸਮੇਂ ਉਹ ਸਭ ਲਾਹ ਦੇਣਗੇ। ਕੇਵਲ ਗੁਰੂ ਦੇ ਉਹ ਲਾਲ ਹੀ ਜੋ ਆਪਣੇ ਗੁਰੂ ਨੂੰ ਆਪਣਾ ਤਨ, ਮਨ ਤੇ ਧਨ ਸਹੀ ਤੌਰ ਤੇ ਅਰਪਣ ਕਰ ਚੁਕੇ ਹਨ, ਸਿਰ ਧੜ ਦੀ ਬਾਜ਼ੀ ਲਾ ਕੇ ਆਪਣੇ ਸਿਖੀ ਨਿਸ਼ਾਨ ਕਾਇਮ ਰਖਣਗੇ :—

'[1]ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥'

[ਰਾਮਕਲੀ ਕਬੀਰ ਜੀ—੯੭੦

ਗੁਰਸਿਖ, ਪਹਿਲੋਂ ਬਾਹਰਲੇ ਨਿਸ਼ਾਨਾਂ ਦੁਆਰਾ ਬਾਹਰੋਂ ਦਾਗਿਆ ਜਾਂਦਾ ਹੈ ਫਿਰ ਸਹਿਜੇ ਸਹਿਜੇ ਇਸਦਾ ਮਨ ਵੀ ਦਾਗਿਆ ਜਾਂਦਾ ਹੈ। ਹਉਮੈਂ ਦੇ ਪੂਰਨ ਅਭਾਵ ਹੋਣ ਤੇ ਜਦੋਂ ਆਤਮਕ ਮੇਲ ਬਣ ਆਉਂਦਾ ਹੈ ਅਤੇ ਕੇਵਲ ਉਸ ਦੇ ਇਸ਼ਾਰੇ ਤੇ ਜੀਵਨ ਅਰਪਣ ਕਰਨ ਤੋਂ ਬਿਨਾਂ ਕੋਈ ਹੋਰ ਖੁਸ਼ੀ ਹੀ ਨਹੀਂ ਰਹਿੰਦੀ, ਮਨ ਦੇ ਅੰਦਰੋਂ ਦਾਗੇ ਜਾਣ ਵਾਲੀ ਘਟਨਾ ਓਦੋਂ ਹੀ ਵਾਪਰਦੀ ਹੈ। ਇਸ ਆਤਮਕ ਗੁਣਾਂ ਵਾਲੇ ਖਜ਼ਾਨੇ ਦੀ ਰਾਖੀ ਰਖਣ ਲਈ ਹੀ ਖਾਲਸੇ ਨੂੰ ਕ੍ਰਿਪਾਨ ਬਖਸ਼ੀ ਗਈ ਹੈ। ਪਰ ਜਿਸ ਨੂੰ ਅੰਦਰਲੇ ਗੁਣ ਜਾਂ ਅੰਦਰਲੀ ਰਹਿਤ ਅਜੇ ਪ੍ਰਾਪਤ ਨਹੀਂ ਹੋਈ ਭਾਵ ਉਸ ਵਿਚ ਜਤ, ਸਤ, ਸੰਤੋਖ, ਸੀਲ, ਸੰਜਮ, ਭਾਉ-ਭਗਤ ਇਤਿ ਆਦਿ ਗੁਣ ਨਹੀਂ ਆਏ, ਉਹ ਪਹਿਰੇਦਾਰੀ ਕਿਸ ਚੀਜ਼ ਦੀ ਕਰ ਰਿਹਾ ਹੈ? ਉਸ ਨੂੰ ਕੇਵਲ ਬਾਹਰਲੀ ਰਹਿਤ ਰਖ ਕੇ ਨਹੀਂ ਆਫਰਨਾ ਚਾਹੀਦਾ ਕਿਉਂਕਿ ਲਾਭ ਤਾਂ ਓਦੋਂ ਹੀ ਹੋਣਾ ਹੈ ਜਦੋਂ ਅੰਦਰਲੀ ਤੇ ਬਾਹਰਲੀ ਦੋਵੇਂ ਰਹਿਤਾਂ ਕਾਇਮ ਹੋ ਜਾਣਗੀਆਂ ਤੇ ਪੂਰਾ ਹੁਕਮੀ ਸਿਖ ਬਣਿਆ ਜਾਵੇਗਾ। ਅਜਿਹੇ ਹੁਕਮੀ ਸਿਖ ਪਰਥਾਏ ਗੁਰੂ ਸਾਹਿਬ ਆਪਣੀ ਪ੍ਰਸੰਨਤਾ ਇਉਂ ਦਰਸਾਉਂਦੇ ਹਨ :—

---

੧. ਜਿਨ੍ਹਾਂ ਉਤੇ ਆਪਣੇ ਮਾਲਕ ਦੇ ਸਿਪਾਹੀ ਹੋਣ ਦਾ ਨਿਸ਼ਾਨ ਲਗਾ ਹੁੰਦਾ ਹੈ, ਉਹੋ ਮਾਲਕ ਦੇ ਪੱਖੀ ਹੋ ਕੇ, ਜੰਗ ਵਿਚ ਲੜਦੇ ਹਨ, ਪਰ ਜਿਹੜੇ ਇਸ ਨਿਸ਼ਾਨ ਤੋਂ ਵਿਰਵੇ ਹੁੰਦੇ ਹਨ, (ਨਿਰੀਆਂ ਖੁਲ੍ਹੀਆਂ ਧਾੜਾਂ ਹੁੰਦੀਆਂ ਹਨ) ਉਹ ਔਖ ਪੈਣ ਤੇ ਭੱਜ ਜਾਂਦੇ ਹਨ

Sri Satguru Jagjit Singh Ji eLibrary NamdhariElibrary@gmail.com

'ਰਹਿਣੀ ਰਹੇ ਸੋਈ ਸਿਖ ਮੇਰਾ ।।
ਉਹ ਸਾਹਿਬ ਮੈਂ ਉਸ ਕਾ ਚੇਰਾ ।।'
[ਰਹਿਤਨਾਮਾ

ਪੂਰੀ ਰਹਿਤ ਰਖਣ ਵਾਲੇ ਦਾ ਹੀ ਮਨ ਪੂਰਾ ਨਿਰਮਲ਼ ਹੋ ਸਕਦਾ ਹੈ, ਅਰਥਾਤ ਹਉਮੈਂ ਦਾ ਪੂਰਾ ਅਭਾਵ ਹੋ ਸਕਦਾ ਹੈ ਅਤੇ ਉਹੀ ਵਾਹਿਗੁਰੂ ਜੀ ਵਿਚ ਅਭੇਦ ਹੋ ਕੇ 'ਸਾਹਿਬ' ਅਖਵਾ ਸਕਦਾ ਹੈ। ਜੋ ਆਪਣੀ ਮਤ ਦਾ ਛੋਟੇ ਤੋਂ ਛੋਟਾ ਹਿੱਸਾ ਵੀ ਕਿਸੇ ਨ ਕਿਸੇ ਰੂਪ ਵਿਚ ਕਾਇਮ ਰਖਦਾ ਹੈ, ਉਸ ਦੇ ਪੱਲੇ ਗੁਰੂ ਘਰ ਦੀ ਸਾਹਿਬੀ ਪੈਣੀ ਕਠਨ ਜਾਣੋ।

## ੬. ਨਾਮ-ਕਮਾਈ

(ੳ) ਜਾਪ-ਪੱਖ :—ਪੂਰਾ ਗੁਰੂ ਮਨ ਦੀ ਅਵਿਦਿਆ ਨੂੰ ਦੂਰ ਕਰਨ, ਹਉਮੈਂ ਦਾ ਅਭਾਵ ਕਰਨ, ਪੰਜਾਂ ਚੋਰਾਂ ਨੂੰ ਵਸ ਕਰ ਕੇ ਪਦਾਰਥਾਂ ਦੀ ਤ੍ਰਿਸ਼ਨਾ ਪਿਛੇ ਭਟਕਦੇ ਮਨ ਨੂੰ ਸ਼ਾਂਤ ਕਰਨ ਲਈ ਨਾਮ-ਕਮਾਈ ਕਰਨ ਦਾ ਉਪਦੇਸ਼ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਬਾਹਰੀ ਕਰਮਕਾਂਡਾਂ ਦੀ ਨਿਖੇਧੀ ਕਰਦੇ ਹੋਏ ਤੀਰਥਾਂ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਅਸਲ ਤੀਰਥ, ਪਵਿੱਤਰ ਕਰਨ ਵਾਲੀ ਸ਼ਕਤੀ, ਹਰੀ ਦਾ ਨਾਮ ਹੀ ਹੈ। ਤੀਰਥ-ਇਸ਼ਨਾਨ ਤਾਂ ਕੇਵਲ ਸਰੀਰ ਤਕ ਹੀ ਸੀਮਤ ਹਨ ਪਰ ਨਾਮ-ਇਸ਼ਨਾਨ ਮਨ ਨੂੰ ਨਿਰਮਲ ਕਰਦਾ ਹੈ। ਨਾਮ ਦਾ ਵਿਚਾਰ ਤੇ ਗਿਆਨ ਅਰਥਾਤ ਗੁਰ-ਸ਼ਬਦ, ਵੀ ਨਾਮ-ਤੀਰਥ ਹੀ ਹੈ। ਗੁਰੂ ਦਾ ਦਿਤਾ ਸੱਚਾ ਗਿਆਨ ਅਸਲ ਤੀਰਥ-ਅਸਥਾਨ; ਹੈ; ਇਹੋ ਹੀ ਹਿੰਦੂ ਮਤ ਅਨੁਸਾਰ ਮੰਨੇ ਦਸ ਤਿਉਹਾਰਾਂ ਤੇ ਦਸਾਹਰਾ ਸਮੇਂ ਕੀਤੇ ਤੀਰਥ ਇਸ਼ਨਾਨਾਂ ਤੁਲ ਫਲ ਦੇਵਣਹਾਰ ਹੈ। ਉਹ ਪੁਰਬ ਆਉਂਦੇ ਤੇ ਚਲੇ ਜਾਂਦੇ ਹਨ ਪਰ ਨਾਮ-ਪੁਰਬ ਸਦੀਵੀ ਹੈ। ਇਸ ਵਿਚ ਜਦੋਂ ਇਸ਼ਨਾਨ ਕਰੋ ਓਦੋਂ ਹੀ ਪਵਿੱਤਰ ਹੋਈਦਾ ਹੈ। ਜੋ ਨਾਮ ਤੋਂ ਖਾਲੀ ਹੈ ਉਹ ਕੂੜ ਕੁਸੱਤ ਦੀ ਮੈਲ ਨਾਲ ਭਰਿਆ ਹੋਇਆ ਹੈ। ਇਹ ਸਾਰਾ ਸੰਸਾਰ ਰੋਗੀ ਹੈ ਇਸ ਦਾ ਦਾਰੂ ਕੇਵਲ ਨਾਮ ਹੈ। ਗੁਰੂ ਦੇ ਪਵਿੱਤਰ ਬਚਨ ਸਦੀਵੀ ਚਾਨਣਾ ਦੇਣ ਵਾਲੇ ਹਨ। ਇਹ ਨਿਤ ਜਾਰੀ ਰਹਿਣ ਵਾਲਾ ਸੱਚਾ ਤੀਰਥ ਹੈ। ਇਨ੍ਹਾਂ ਬਚਨਾਂ ਨੂੰ ਮੰਨ ਕੇ ਨਾਮ ਇਸ਼ਨਾਨ

Sri Satguru Jagjit Singh Ji eLibrary NamdhariElibrary@gmail.com

ਕੀਤਿਆਂ ਕੂੜ ਕੁਸੱਤ ਦਾ ਮਾਇਆਵੀ ਮੈਲ ਮਨ ਤੋਂ ਲੱਥ ਜਾਂਦੀ ਹੈ। ਜੋ ਵੀ ਨੇਮ ਨਾਲ ਇਹ ਇਸ਼ਨਾਨ ਕਰਦਾ ਹੈ ਉਸ ਨੂੰ ਹਰ ਰੋਜ਼ ਨਵੀਂ ਖੁਸ਼ੀ ਪ੍ਰਾਪਤ ਹੁੰਦੀ ਹੈ, ਦੁੱਖ ਤੇ ਪਾਪ ਉਸ ਦੇ ਨੇੜੇ ਨਹੀਂ ਆਉਂਦੇ ਅਤੇ ਉਹ ਪੂਰਨ ਗੁਣਵਾਨ ਹੋ ਜਾਂਦਾ ਹੈ। ਇਸ ਤਰ੍ਹਾਂ ਜੋ ਬ੍ਰਹਮ-ਵਿਚਾਰ ਦੁਆਰਾ ਆਪਣੇ ਆਪ ਨੂੰ ਮਾਰ ਕੇ ਆਪ ਤਰਦਾ ਤੇ ਹੋਰਨਾਂ ਨੂੰ ਤਾਰਦਾ ਹੈ, ਉਹ ਮੁੜ ਕੇ ਜਨਮ ਮਰਨ ਵਿਚ ਨਹੀਂ ਆਉਂਦਾ। ਉਹ ਪਾਰਸ ਤੇ ਮਹਾਂ ਧਿਆਨੀ ਬਣ ਜਾਂਦਾ ਹੈ ਅਤੇ ਉਸ ਦੇ ਅੰਦਰ ਨਾਮ ਆ ਵਸਦਾ ਹੈ :—

'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸਪੁਰਬ[1] ਸਦਾ ਦਸਾਹਰ[2] ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭੁ ਧਰਣੀਧਾਰਾ[3] ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕ[4] ਨਿਰਮਲ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥
ਸਾਚਿ[5] ਨ ਲਾਗੈ ਮੈਲੁ ਕਿਆ ਮਲੁ[6] ਧੋਈਐ ॥
[7]ਗੁਣਹਿ ਹਾਰ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥

---

੧. ਦਸ ਤਿਉਹਾਰ, ਜਦੋਂ ਤੀਰਥ ਇਸ਼ਨਾਨ ਕਰਨਾ ਚੰਗਾ ਮੰਨਿਆ ਜਾਂਦਾ ਹੈ; ਉਹ ਹਨ ਅੱਠੇਂ, ਚੌਦੇਂ, ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਾਇਣ, ਵਯਤਿਪਾਤ, ਚੰਨ ਤੇ ਸੂਰਜ ਦੇ ਗ੍ਰਹਿਣ

੨. ਜੇਠ ਸੁੱਦੀ ਦਸਮੀ, ਜਦੋਂ ਦਸ ਪਾਪਾਂ ਦੇ ਨਾਸ ਕਰਨ ਵਾਲੀ ਗੰਗਾ ਦਾ ਜਨਮ ਹੋਇਆ ਮੰਨਦੇ ਹਨ; ਦਸ ਪਾਪ ਹਨ, ਇਕਰਾਰ ਕਰ ਕੇ ਪੂਰਾ ਨਾ ਕਰਨਾ, ਹਿੰਸਾ, ਵੇਦ ਵਿਰੁਧ ਕਰਮ, ਪਰ ਇਸਤ੍ਰੀਗਮਨ, ਕੁਵਾਕ ਕਹਿ ਕੇ ਮਨ ਦੁਖੀ ਕਰਨਾ, ਝੂਠ, ਚੁਗਲੀ, ਚੋਰੀ, ਕਿਸੇ ਦਾ ਬੁਰਾ ਚਿਤਾਵਨਾ ਅਤੇ ਬਿਰਥਾ ਬਕਬਾਦ ਕਰਨਾ

੩. ਧਰਤੀ ਦੇ ਕਾਇਮ ਕਰਨ ਵਾਲਾ ਹਰੀ

੪. ਬਚਨ

੫. ਸਚ ਨੂੰ

੬. ਮੈਲ

੭. ਗੁਣਾਂ ਦਾ ਹਾਰ ਪਰੋ ਕੇ ਗਲੇ ਪਾ ਲਿਆ ਤਾਂ ਫੇਰ ਕਿਸ ਨੂੰ ਰੋਣਾ ਹੈ ? ਭਾਵ ਫਿਰ ਅਫ਼ਸੋਸ ਕਰਨ ਵਾਲੀ ਕੋਈ ਗੱਲ ਨਹੀਂ ਰਹਿੰਦੀ

Sri Satguru Jagjit Singh Ji eLibrary NamdhariElibrary@gmail.com

ਆਨੰਦੁ ਅਨਦਿਨ ਹਰਖੁ[1] ਸਾਚਾ ਦੂਖ ਕਿਲਵਿਖ[2] ਪਰਹਰੇ[3] ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ [4]ਮੈਲੁ ਨਾਹੀ ਸਚ ਮਨੇ ॥੨॥'
...... ...... ...... ...... ...... ......

[ਧਨਾਸਰੀ ਮ: ੧–੬੮੭-੮੮

ਗੁਰਬਾਣੀ ਚੁੰਬਕ ਵਾਂਙ ਹੈ; ਜਿਵੇਂ ਚੁੰਬਕ ਸਬੰਧਤ ਧਾਤ ਨੂੰ ਹੀ ਆਪਣੇ ਵਲ ਖਿੱਚਦਾ ਅਤੇ ਪਿੱਤਲ ਆਦਿ ਨੂੰ ਨਹੀਂ, ਤਿਵੇਂ ਹੀ ਗੁਰਬਾਣੀ ਨਿਰਮਲ ਮਨਾਂ ਨੂੰ ਹੀ ਖਿੱਚਦੀ ਹੈ, ਮੈਲੇ ਮਨ ਇਸ ਦੀ ਖਿੱਚ ਵਿਚ ਨਹੀਂ ਆਉਂਦੇ। ਇਸ ਤਰ੍ਹਾਂ ਗੁਰਬਾਣੀ ਬੋਲਦੀ ਵੀ ਹੈ ਪਰ ਇਸ ਨੂੰ ਕੇਵਲ ਜਾਗੇ ਮਨ ਹੀ ਸੁਣ ਸਕਦੇ ਹਨ ; ਸੁੱਤੇ ਮਨ, ਜੋ ਜਨਮ ਜਨਮਾਂਤਰਾਂ ਤੋਂ ਸੁੱਤੇ ਪਏ ਹਨ, ਇਸ ਨੂੰ ਨਹੀਂ ਸੁਣ ਸਕਦੇ। ਹਾਂ ਬਾਣੀ ਸੁੱਤੇ ਮਨਾਂ ਲਈ ਔਸ਼ਧੀ ਜ਼ਰੂਰ ਹੈ। ਉਹ ਇਸ ਦਾ ਅਭਿਆਸ ਗੁਰੂ ਤੇ ਸੰਗਤ ਦੀ ਸੇਵਾ ਦੇ ਨਾਲ ਰਲਾ ਕੇ ਕਰਨ ; ਜਤਨ ਜਾਰੀ ਰਖਣ, ਇਕ ਦਿਨ ਆਵੇਗਾ ਕਿ ਉਨ੍ਹਾਂ ਦਾ ਮਨ ਨਿਰਮਲ ਹੋ ਜਾਵੇਗਾ। ਜਿਸ ਵੇਲੇ ਬਾਣੀ ਚੰਗੀ ਲਗਣ ਲਗ ਜਾਵੇ ਤਾਂ ਮਾਨੋ ਮਨ ਨਿਰਮਲ ਹੋ ਗਿਆ। ਫਿਰ ਗੁਰਬਾਣੀ ਅਜਿਹੇ ਮਨ ਨੂੰ ਖਿਚ ਵੀ ਪਾਵੇਗੀ ਤੇ ਰਸ ਵੀ ਦੇਵੇਗੀ। ਜਿਸ ਵੇਲੇ ਗੁਰਬਾਣੀ ਰਸ ਦੇ ਰਹੀ ਹੋਵੇ, ਸਮਝੋ ਮਨ ਲੀਨ ਹੋ ਰਿਹਾ ਹੈ ਤੇ ਪ੍ਰਭੂ-ਸਮਾਈ ਹੋ ਰਹੀ ਹੈ ।

ਪੰਜਾਂ ਪਿਆਰਿਆਂ ਦੁਆਰਾ ਪ੍ਰਾਪਤ ਹੋਈ ਗੁਰੂ-ਦੀਖਿਆ ਨੂੰ ਕਮਾਉਂਦੇ ਕਮਾਉਂਦੇ ਗੁਰੂ ਕਿਰਪਾ ਨਾਲ, ਇਹ ਅੱਵਸਥਾ ਸਹਿਜੇ ਹੀ ਆ ਬਣਦੀ ਹੈ। ਗੁਰੂ-ਹੁਕਮ ਅਨੁਸਾਰ ਪੰਜਾਂ ਬਾਣੀਆਂ ਦਾ ਰੋਜ਼ਾਨਾ ਪਾਠ ਅਤੇ ਗੁਰਮੰਤ੍ਰ ਤੇ ਮੂਲ ਮੰਤ੍ਰ ਦਾ ਲਗਾਤਾਰੀ ਰਟਨ, ਹੋਰ ਦੀਖਿਆ ਦੇ ਮੰਨਣ ਸਹਿਤ, ਕਰਨਾ ਲਾਜ਼ਮੀ ਕਰਾਰ ਦਿਤਾ ਹੋਇਆ ਹੈ । ਅਸਲ ਵਿਚ ਇਹ ਸਭ ਕੁਝ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਹੀ ਹੈ। ਇੱਕਲੇ ਨਾਮ ਜਪਣ ਦੁਆਰਾ ਨਾਮ ਹਿਰਦੇ ਵਿਚ ਨਹੀਂ ਵਸਦਾ। ਨਾਮ ਸਮੁੰਦਰ ਨਿਆਈਂ ਹੈ। ਜਿਵੇਂ ਮੈਲੇ ਕਪੜੇ ਨੂੰ ਸਮੁੰਦਰ ਵਿਚ ਢੇਰ ਚਿਰ ਤਕ ਰਖਿਆਂ ਵੀ ਆਪਣੇ ਆਪ ਸਾਫ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਪਰ ਸਾਬਣ ਲਾ ਕੇ ਹੱਥਾਂ ਨਾਲ ਜ਼ਰਾ ਮਲਣ

---

੧. ਖੁਸ਼ੀ
੨. ਪਾਪ
੩. ਨਾਸ ਹੋ ਗਏ
੪. ਸੱਚੇ ਮਨ ਨੂੰ ਮੈਲ ਨਹੀਂ

Sri Satguru Jagjit Singh Ji eLibrary NamdhariElibrary@gmail.com

ਨਾਲ ਉਹ ਮੈਲਾ ਕਪੜਾ ਤੁਰੰਤ ਸਾਫ ਹੋ ਜਾਂਦਾ ਹੈ, ਤਿਵੇਂ ਹੀ ਗੁਰਬਾਣੀ ਵੀ ਵੀ ਸਾਬਣ ਵਾਂਙ ਮਨ ਨੂੰ ਮਲ ਮਲ ਧੋਣ ਦਾ ਕੰਮ ਦਿੰਦੀ ਹੈ। ਪਰ ਗੁਰਬਾਣੀ ਦਾ ਅਸਰ ਤਦੇ ਹੁੰਦਾ ਹੈ ਜੇ ਜੀਵ ਉਸ ਨੂੰ ਬਾਰ ਬਾਰ ਪੜ੍ਹ ਤੇ ਗਾ ਕੇ ਉਸ ਵਿਚ ਦਿਤੇ ਉਪਦੇਸ਼ ਤੇ ਪਰਤੀਤੀ ਲਿਆਵੇ; ਉਸ ਨੂੰ ਸਤਿ ਕਰਕੇ ਮੰਨੇ ਅਤੇ ਉਸ ਦਾ ਭੈ ਅੰਦਰ ਵਸਾ ਕੇ ਉਸ ਤੇ ਅਮਲ ਕਰੇ :—

'ਇਹ ਬਾਣੀ ਜੋ ਜੀਅਹੁ[1] ਜਾਣੈ ਤਿਸੁ ਅੰਤਰਿ ਰਵੈ[2] ਹਰਿਨਾਮਾ ॥'

[ਬਿਲਾਵਲੁ ਮ: ੩–੭੯੭

ਅਤੇ

'ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭ ਚੀਤਿ ॥

[ਗਉੜੀ ਸੁਖਮਨੀ ਮ: ੫–੨੮੩

ਅਤੇ

'ਗੁਰਪਰਸਾਦੀ ਭਉ ਪਇਆ
ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ
ਹਉਮੈ ਸਬਦਿ ਜਲਾਇ ॥'

[ਮ: ੩, ਵਾਰ ਸੋਰਠਿ ਮ: ੪–੬੪੫

ਖਾਲਸੇ ਦਾ ਗੁਰਮੰਤ੍ਰ ਜੋ ਪੰਜਾਂ ਪਿਆਰਿਆਂ ਰਾਹੀਂ ਪ੍ਰਾਪਤ ਹੁੰਦਾ ਹੈ, ਉਹ ਹੈ, 'ਵਾਹਿਗੁਰੂ' ਯਥਾ–'ਵਾਹਿਗੁਰੂ ਗੁਰ ਮੰਤ੍ਰ ਹੈ, ਜਪਿ ਹਉਮੈ ਖੋਈ।' (ਭਾਈ ਗੁਰਦਾਸ ਜੀ) ਇਸ ਦੇ ਜਾਪ ਨਾਲ ਵਾਹਿਗੁਰੂ ਜੀ ਦੀ ਹੋਂਦ ਹਿਰਦੇ ਅੰਦਰ ਸਿੰਜਰਦੀ ਹੈ; ਉਸ ਦਾ ਸਰੂਪ ਅੰਦਰ ਵਸਦਾ ਹੈ। ਵਾਹਿਗੁਰੂ ਜੀ ਦੇ ਸਰੂਪ ਨੂੰ ਗੁਰੂ ਨਾਨਕ ਸਾਹਿਬ ਨੇ ਮੂਲ ਮੰਤ੍ਰ ਵਿਚ ਦਰਸਾਇਆ ਹੋਇਆ ਹੈ। ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਵਾਹਿਗੁਰੂ ਜੀ ਦੇ ਇਸੇ ਸਰੂਪ ਦਾ ਹੀ ਜਸ-ਗਾਇਣ ਹੈ। ਗੁਰਬਾਣੀ ਦਾ ਪਾਠ ਕਰਦਿਆਂ ਤੇ ਬਾਰੰਬਾਰ ਵਾਹਿਗੁਰੂ, ਵਾਹਿਗੁਰੂ ਕਹਿੰਦਿਆਂ ਕਹਿੰਦਿਆਂ ਇਸ ਸਰੂਪ ਨੇ ਹਿਰਦੇ ਅੰਦਰ ਪ੍ਰਗਟ ਹੋ

੧. ਦਿਲੋਂ, ਸ਼ਰਧਾ ਅਤੇ ਪਰਤੀਤ ਨਾਲ   ੨. ਵਸ ਜਾਂਦਾ ਹੈ

Sri Satguru Jagjit Singh Ji eLibrary   NamdhariElibrary@gmail.com

ਜਾਣਾ ਹੈ । ਜਿਉਂ ਜਿਉਂ ਵਾਹਿਗੁਰੂ ਜੀ ਦੀ ਹੋਂਦ, ਸਰੂਪ ਅੰਦਰ ਵਸੇਗਾ ਤਿਉਂ ਤਿਉਂ ਆਪਣੀ ਹੋਂਦ ਹਉਮੈਂ ਘਟੇਗੀ ਤੇ ਵਾਹਿਗੁਰੂ ਜੀ ਵਿਚ ਸਮਾਈ ਹੋਵੇਗੀ। ਇਸੇ ਕਰਕੇ ਜੀਵ ਨੂੰ ਅੱਠੇ ਪਹਿਰ ਵਾਹਿਗੁਰੂ ਸਿਮਰਨ ਦਾ ਹੁਕਮ ਹੈ । ਅੱਖ ਦੇ ਫੋਰ ਜਿੰਨੇ ਸਮੇਂ ਲਈ ਵੀ ਵਿਸਾਰ ਦੇਣ ਦੀ ਆਗਿਆ ਨਹੀਂ :—

'ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸ ।।'

[ਗੂਜਰੀ ਮ: ੫—੪੯੬

ਇਸ ਦੇ ਜਪਣ ਦਾ ਸਮਾਂ ਕੋਈ ਖਾਸ ਨਿਸਚਿਤ ਕੀਤਾ ਹੋਇਆ ਨਹੀਂ । ਇਹ ਤਾਂ ਉਠਦਿਆਂ, ਬਹਿੰਦਿਆਂ, ਸੌਂਦਿਆਂ, ਜਾਗਦਿਆਂ ਅਰਥਾਤ ਹਰ ਸਮੇਂ ਜਪਣਾ ਹੈ :—

'ਉਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ।।'

[ਬਿਲਾਵਲੁ ਮ: ੫—੮੨੦

ਪਰ ਜੇ ਅੰਮ੍ਰਿਤ ਵੇਲੇ ਕੁਝ ਸਮਾਂ ਨਾਮ-ਜਾਪ ਹੋ ਜਾਵੇ ਤਾਂ ਫਿਰ ਸਾਰਾ ਦਿਨ ਜਾਪ ਆਪ-ਮੁਹਾਰਾ ਚਲਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ ਨਾਮ-ਜਾਪ ਦੀ ਲੜੀ ਵਿਚ ਟੋਟਾ ਨਹੀਂ ਆਉਂਦਾ ਅਤੇ ਇਹ ਬਿਨਾਂ ਕਿਸੇ ਯਤਨ ਤੋਂ ਸਹਿਜ ਸੁਭਾਏ ਹੀ ਹੁੰਦਾ ਰਹਿੰਦਾ ਹੈ :—

'ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ।।'

[ਸੂਹੀ ਮ: ੪—੭੩੪

ਅੰਮ੍ਰਿਤ ਵੇਲਾ ਵਾਹਿਗੁਰੂ ਜੀ ਦੀ ਵਡਿਆਈ ਕਰਨ ਤੇ ਨਾਮ ਬੀਜਣ ਲਈ ਯੋਗ ਸਮਾਂ ਹੈ । ਇਹ ਵਧ ਤੋਂ ਵਧ ਇਕਾਂਤ ਦਾ ਸਮਾਂ ਹੁੰਦਾ ਹੈ; ਇਸ ਵੇਲੇ ਸਭ ਗੁਪਤ ਤੇ ਪ੍ਰਗਟ ਰੂਹਾਂ, ਸੰਤ ਮਹਾਤਮਾ ਆਦਿ ਵਾਹਿਗੁਰੂ ਜੀ ਦੇ ਨਾਮ ਵਿਚ ਜੁੜੇ ਬੈਠੇ ਹੁੰਦੇ ਹਨ, ਅਤੇ ਇਸ ਤਰ੍ਹਾਂ ਵਾਯੂ-ਮੰਡਲ ਪਵਿਤਰ ਹੁੰਦਾ ਹੈ ਅਤੇ ਆਪਣਾ ਮਨ ਹੀ ਅਰਾਮ ਕਰ ਕੇ ਦਹਿਦਿਸ ਧਾਉਣੀਆਂ, ਜੋ ਦਿਨ ਚੜ੍ਹਦੇ ਸਾਰ ਹੀ ਉਸ ਨੂੰ ਆ ਘੇਰਦੀਆਂ ਹਨ, ਤੋਂ ਕੁਝ ਪਰੇ ਹਟਿਆ ਹੁੰਦਾ

Sri Satguru Jagjit Singh Ji eLibrary NamdhariElibrary@gmail.com

ਹੈ । ਪਰ ਇਹ ਗੱਲ ਸੱਪਸ਼ਟ ਹੈ ਕਿ ਨਾਮ ਕੇਵਲ ਅੰਮ੍ਰਿਤ ਵੇਲੇ ਹੀ ਨਹੀਂ ਜਪਣਾ, ਇਹ ਤਾਂ ਅੱਠੇ ਪਹਿਰ ਧਿਆਉਣਾ ਹੈ । ਅੰਮ੍ਰਿਤ ਵੇਲੇ ਤਾਂ ਕੇਵਲ ਇਸ ਕਰਕੇ ਜਪਣਾ ਹੈ ਕਿਉਂਜੋ ਇਸ ਸਮੇਂ ਪ੍ਰਾਪਤ ਕੀਤੀ ਛੁਹ ਨਾਲ ਬਾਕੀ ਸਮੇਂ, ਜਦੋਂ ਦੁਨਿਆਵੀ ਖਿਆਲ-ਤਰੰਗਾਂ ਦਾ ਜ਼ੋਰ ਹੁੰਦਾ ਹੈ, ਤੇ ਉਨ੍ਹਾਂ ਦੇ ਮਨ ਤੇ ਹਾਵੀ ਹੋ ਜਾਣ ਦਾ ਡਰ ਹੁੰਦਾ ਹੈ, ਇਹ ਭੁਲਦਾ ਨਹੀਂ ਅਤੇ ਬਿਰਤੀ ਦਾ ਵਹਾਉ ਵਾਹਿਗੁਰੂ ਜੀ ਵੱਲ ਨਿਰੰਤਰ ਬਣਿਆ ਰਹਿਣ ਕਰਕੇ ਮਨ ਉਸ ਦੀ ਹੋਂਦ ਨਾਲ ਰਸ-ਲੀਨ ਹੋ ਕੇ ਚਿੰਮਿਟਆ ਰਹਿੰਦਾ ਹੈ ।

ਨਾਮ ਜਪਣ ਦੀ ਵਿਧੀ ਵੀ ਕੋਈ ਖਾਸ ਨਹੀਂ ਹੈ । ਇਸ ਭੁਲੇਖੇ ਵਿਚ ਹੀ ਗੁਰਸਿਖ ਨੂੰ ਨਹੀਂ ਪੈਣਾ ਚਾਹੀਦਾ । ਗੁਰੂ ਸਾਹਿਬ ਆਪ ਫੁਰਮਾਉਂਦੇ ਹਨ :—

'[1]ਹਰਿ ਆਰਾਧ ਨ ਜਾਨਾ ਰੇ ॥
ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮ ਪਰਿਓ ਰਾਮਦਾਸੁ ॥'

[ਸੋਰਠਿ ਮ: ੫–੬੧੨

ਬਸ ਵਾਹਿਗੁਰੂ ਜੀ ਦੀ ਹੋਂਦ ਵਿਚ ਵਿਸ਼ਵਾਸ ਰਖ ਕੇ ਬਾਰ ਬਾਰ, ਘੜੀ ਮੁੜੀ ਪ੍ਰੇਮ ਸਹਿਤ ਵਾਹਿਗੁਰੂ, ਵਾਹਿਗੁਰੂ ਹੀ ਕਰੀ ਜਾਣਾ ਹੈ :—

'ਬਾਰੰਬਾਰ[2] ਬਾਰ ਪ੍ਰਭਿ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ[3] ॥'

[ਗਉੜੀ ਸੁਖਮਨੀ ਮ: ੫–੨੮੬

ਅਤੇ

'[4]ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥

---

੧. ਮੈਨੂੰ ਹਰੀ ਦੇ ਅਰਾਧਨ ਦੀ ਜਾਚ ਨਹੀਂ ਆਉਂਦੀ; ਮੈਂ ਤਾਂ ਹਰਿ ਹਰਿ ਤੇ ਗੁਰ ਗੁਰ ਹੀ ਕਰਦਾ ਰਹਿੰਦਾ ਹਾਂ । ਹੇ ਹਰੀ ਜੀਉ ! ਮੇਰਾ ਨਾਮ ਰਾਮ ਦਾ ਦਾਸ ਪੈ ਗਿਆ ਹੈ (ਲੋਕੀ ਮੈਨੂੰ ਆਪ ਦਾ ਦਾਸ ਕਹਿੰਦੇ ਹਨ । ਆਪਣੇ ਨਾਮ ਦੀ ਲਾਜ ਰਖਣੀ । 'ਨਾਮ ਪਰਿਓ ਭਗਤ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ')

੨. ਬਾਰ ਬਾਰ, ਘੜੀ ਮੁੜੀ

੩. ਰਜ ਜਾਈਏ

੪. ਕਿਹੜਾ ਮਿਲਾ ਦੇਣ ਵਾਲਾ (ਯੋਗ) ਸਾਧਨ ਹੈ, ਜਿਸ ਨਾਲ ਮੈਂ ਆਪਣੇ ਮਾਲਕ ਨੂੰ ਮਿਲਾਂ

Sri Satguru Jagjit Singh Ji eLibrary NamdhariElibrary@gmail.com

੫ਲੁ ਪਲੁ ਨਿਮਖ[1] ਸਦਾ ਹਰਿ ਜਪਨੇ ॥'

[ਰਾਗ ਬਿਲਾਵਲੁ ਮ: ੫–੮੦੬

ਪਹਿਲੋਂ ਭਾਵੇਂ ਉੱਚੀ ਉੱਚੀ ਜਪ ਲਿਆ ਜਾਵੇ ਪਰ ਫਿਰ ਅੰਦਰ ਹੀ ਅੰਦਰ (ਮੂੰਹ ਬੰਦ ਕਰ ਕੇ) ਰਸਨਾ ਦੁਆਰਾ ਜਪਦਾ ਰਹੇ, ਜਦੋਂ ਨਾਮ ਅਭਿਆਸੀ ਪ੍ਰਭੂ ਦਾ ਨਾਮ ਪ੍ਰੇਮ ਤੇ ਬੈਰਾਗ ਸਹਿਤ ਜਪੇਗਾ ਤਾਂ ਉਸਦਾ ਧਿਆਨ ਸੁਤੇ ਹੀ ਪ੍ਰਭੂ ਸਰੂਪ ਨੂੰ ਅਨੁਭਵ ਕਰਨ ਵਿਚ ਤੇ ਨਾਮ ਸੁਣਨ ਵਿਚ ਲਗਾ ਹੋਵੇਗਾ। ਗੁਰਬਾਣੀ ਦੀ ਤੁਕ 'ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ,' ਦਾ ਵੀ ਇਹੋ ਹੀ ਇਸ਼ਾਰਾ ਹੈ। ਇਸ ਤਰ੍ਹਾਂ ਸਹਿਜੇ ਸਹਿਜੇ ਇਹ ਜਪਿਆ ਨਾਮ ਆਪਣੇ ਆਪ ਹਿਰਦੇ ਵਿਚ ਜਾ ਵਸੇਗਾ, ਸੁਰਤ ਵਿਚ ਸਮਾ ਜਾਵੇਗਾ ਅਤੇ ਧੁਨੀ ਰੂਪ ਹੋ ਕੇ ਪ੍ਰਗਟ ਹੋ ਜਾਏਗਾ। ਓਦੋਂ ਇਸ ਨੂੰ ਸਥੂਲ ਰਸਨਾ ਦੀ ਸਹਾਇਤਾ ਦੀ ਵੀ ਲੋੜ ਨਹੀਂ ਰਹੇਗੀ, ਭਾਵੇਂ ਰਸਨਾ ਫਿਰ ਵੀ ਆਪਣੇ ਆਪ ਸੁਤੇ ਚਲਦੀ ਹੀ ਰਹਿੰਦੀ ਹੈ :—

'ਰਸਨਾ ਨਾਮੁ ਜਪਹੁ ਤਬ ਮਥੀਐ[2]
ਇਨ ਬਿਧਿ[3] ਅੰਮ੍ਰਿਤੁ ਪਾਵਹੁ ॥'

[ਰਾਗ ਸੂਹੀ ਮ: ੧–੭੨੮

ਅਤੇ

'ਬਿਨੁ ਜਿਹਵਾ ਜੋ ਜਪੈ ਹਿਆਇ[4]
[5]ਕੋਈ ਜਾਣੈ ਕੈਸਾ ਨਾਉ ॥'

[ਮਲਾਰ ਮ: ੧–੧੨੫੬

ਜਦੋਂ ਹਿਰਦੇ ਵਿਚ ਨਾਮ ਦਾ ਬੂਟਾ ਉੱਗ ਪੈਂਦਾ ਹੈ, ਫਿਰ ਉਸ ਦੀਆਂ ਸ਼ਾਖਾਂ ਬਾਹਰ ਰੋਮ ਰੋਮ, ਵਣ ਤ੍ਰਿਣ ਤੇ ਪਰਬਤਾਂ ਆਦਿ ਵਿਚ, ਸਾਹ ਤੇ ਬਚਨਾਂ ਇਤਿ ਆਦਿ ਵਿਚ ਪ੍ਰਗਟ ਹੋ ਜਾਂਦੀਆਂ ਹਨ। ਵਾਹਿਗੁਰੂ ਜੀ ਦੀ ਪੂਰੀ ਹੋਂਦ

---

੧. ਅੱਖ ਦੇ ਫੋਰ ਜਿੰਨੇ ਸਮੇਂ ਲਈ
੨. ਰਿੜਕ ਹੁੰਦਾ ਹੈ
੩. ਇਸ ਤਰ੍ਹਾਂ
੪. (ਜੀਭ ਤੋਂ ਬਿਨਾਂ) ਹਿਰਦੇ ਵਿਚ ਹੀ, ਹਿਰਦੇ ਨਾਲ
੫. ਅਜੇਹਾ ਕੋਈ ਵਿਰਲਾ ਹੀ ਜਾਣਦਾ ਹੈ ਕਿ ਨਾਮ ਕੀ ਹੈ

Sri Satguru Jagjit Singh Ji eLibrary NamdhariElibrary@gmail.com

ਬਣਨ ਤੇ ਪੂਰਨ ਨਿਰੰਜਨੀ ਜੋਤਿ ਪ੍ਰਗਟ ਹੋ ਜਾਂਦੀ ਹੈ ਤੇ ਗੁਰਮਤਿ ਅਨਹਦ ਸ਼ਬਦ ਪੂਰੇ ਜੋਬਨ ਤੇ ਸੁਣਾਈ ਦਿੰਦਾ ਹੈ। ਪਰ ਇਹ ਸ਼ਬਦ ਜਾਂ ਧੁਨੀ ਵਾਹਿਗੁਰੂ ਜੀ ਦੀ ਹੋਂਦ ਨਾਲੋਂ ਵੱਖ ਹੋ ਕੇ ਸੁਣਨ ਵਿਚ ਨਹੀਂ ਆਉਂਦੀ ਅਰਥਾਤ ਇਸ ਨੂੰ ਸਾਡੇ ਕੰਨ ਨਹੀਂ ਸੁਣਦੇ; ਆਤਮਾ ਵਿਚੋਂ ਹੀ ਇਹ ਧੁਨੀ ਉਠਦੀ ਹੈ ਅਤੇ ਆਤਮਾ ਹੀ ਇਸ ਨੂੰ ਸੁਣਦੀ ਹੈ, ਇਉਂ ਇਹ ਕੰਨਾਂ ਤੋਂ ਬਿਨਾਂ ਸੁਣੀਂਦੀ ਹੈ :—

'[1]ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾਂ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥'

[ਸਲੋਕ ਮ: ੨, ਵਾਰ ਮਾਝ—੧੩੯

ਇਹ ਧੁਨੀ ਗੁਪਤ ਬਾਣੀ ਹੈ। ਇਹ ਜੀਵਨ-ਅਧਾਰ ਹੈ ਅਤੇ ਇਸੇ ਨਾਮ ਦੇ ਸੁਣਨ ਸਬੰਧੀ ਹੀ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ :—

'ਜੀਵਉ ਨਾਮੁ ਸੁਨੀ ॥
ਜਉ ਸੁਪ੍ਰਸੰਨ ਭਏ ਗੁਰ ਪੂਰੇ
ਤਬ ਮੇਰੀ ਆਸ ਪੁਨੀ ॥'

[ਬਿਲਾਵਲੁ ਮ: ੫—੯੨੯

ਇਹ ਨਾਮ ਸੁਣਨਾ ਮੰਨਣ ਤੋਂ ਵੀ ਅੱਗੇ ਦੀ ਅੱਵਸਥਾ ਹੈ। ਮੰਨਣਾ ਤੇ ਵਿਚਾਰਨਾ ਤਾਂ ਉੱਦਮ ਸੀ ਅਤੇ ਇਹ ਉਸ ਦਾ ਫਲ ਹੈ। ਇਸ ਸਮੇਂ ਇਹ ਧੁਨੀ ਆਪ ਹੀ ਵਾਹਿਗੁਰੂ ਰੂਪ ਹੋਈ ਹੁੰਦੀ ਹੈ। ਬਿਰਤੀ ਪੂਰਨ ਬ੍ਰਹਮਾਕਾਰ ਬਣੀ ਹੁੰਦੀ ਹੈ; ਹਿਰਦੇ ਨਾਲ, ਕੰਨਾਂ ਦੁਆਰਾ, ਰਸਨਾ ਆਦਿ ਨਾਲ ਹਰ

---

੧. ਆਤਮਾ ਦੇ ਪ੍ਰਗਟ ਹੋਣ ਨਾਲ ਆਤਮਾ (ਸੁਰਤ) ਹੀ ਵੇਖਣ ਯੋਗ ਹੋ ਜਾਂਦੀ ਹੈ ਤੇ ਇਨ੍ਹਾਂ ਸਥੂਲ ਅੱਖਾਂ ਦੀ ਲੋੜ ਨਹੀਂ ਪੈਂਦੀ। ਨਾ ਹੀ ਇਨ੍ਹਾਂ ਪੈਰਾਂ ਤੇ ਜੀਭ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਇਹ ਅਵਸਥਾ ਓਦੋਂ ਬਣਦੀ ਹੈ, ਜਦੋਂ 'ਇਕੋ ਹੁਕਮ'—ਸਭ ਨਾਮੁ ਹੈ—ਪਛਾਣ ਲੈਂਦਾ ਹੈ

Sri Satguru Jagjit Singh Ji eLibrary NamdhariElibrary@gmail.com

ਪਾਸੇ ਪਰਮ-ਤਤ ਦਾ ਹੀ ਅਨੁਭਵ ਹੋ ਰਿਹਾ ਹੁੰਦਾ ਹੈ। ਇਸ ਤਰ੍ਹਾਂ ਇਹ ਪੂਰਨ ਸਮਾਈ ਦੀ ਅੱਵਸਥਾ, ਮੰਨਣ ਦੀ ਅੱਵਸਥਾ ਵੀ ਹੈ। ਅਸਲ ਵਿਚ ਇਥੇ ਸੁਣਨ ਤੇ ਮੰਨਣ ਵਿਚ ਕੋਈ ਫਰਕ ਨਹੀਂ ਹੈ। ਇਨ੍ਹਾਂ ਦਾ ਪ੍ਰਭੂ-ਹੋਂਦ ਨਾਲ ਹੀ ਸਬੰਧ ਹੈ। ਇਹ ਗੋਲ ਜਿਹੀ ਗੱਲ ਹੈ, ਸੁਣਨਾ ਮੰਨਣ ਕਰਕੇ ਸੰਭਵ ਹੈ ਤੇ ਮੰਨਣਾ ਸੁਣਨ ਕਰਕੇ; ਇਸ ਅੱਵਸਥਾ ਵਿਚ ਦੋਵੇਂ ਇਕ ਹੋ ਜਾਂਦੇ ਹਨ। ਅਸਲੀ ਕੀਰਤਨ ਜਾਂ ਹਰੀ ਜਸ ਵੀ ਇਹੋ ਹੈ ਜਦੋਂ ਮਨ ਏਕੇ ਦੇ ਪ੍ਰਗਟ ਤੌਰ ਤੇ ਦਰਸ਼ਨ ਕਰ ਕੇ ਖੀਵਾ ਹੋ ਰਿਹਾ ਹੋਵੇ। ਹਰ ਥਾਂ 'ਇਕ' ਪ੍ਰਗਟ ਹੋ ਜਾਣ ਕਰਕੇ ਇਹ ਸੰਸਾਰ ਦੀ ਖੇਡ ਵੀ ਆਪੇ-ਆਪ ਦੀ ਖੇਡ ਦ੍ਰਿਸ਼ਟੀ ਆਉਂਦੀ ਹੈ ਅਤੇ ਆਤਮਾ ਗੁਰਬਾਣੀ ਦੀ ਇਸ ਤੁਕ ਦਾ ਰਸ ਮਾਣਦੀ ਹੈ:—

'ਆਪੇ ਰਸੀਆ[੧] ਆਪਿ ਰਸੁ ਆਪੇ ਰਾਵਣਹਾਰੁ[੨] ॥
ਆਪੇ ਹੋਵੈ ਚੋਲੜਾ[੩] ਆਪੇ ਸੇਜ ਭਤਾਰੁ[੪] ॥'

[ਸਿਰੀ ਰਾਗੁ ਮ: ੧–੨੩

ਹਾਂ, ਜੀ ਇਹ ਸਭ ਗੁਪਤ ਖੇਡ ਹੈ ਅਤੇ ਜਿਸ ਨਾਲ ਵਾਪਰਦੀ ਹੈ, ਕੇਵਲ ਉਹੀ ਇਸ ਨੂੰ ਪਛਾਣਦਾ ਹੈ। ਸੋ ਇਕ ਗੱਲ ਜਿਹੜੀ ਇਥੇ ਦ੍ਰਿੜ੍ਹ ਕਰਨ ਵਾਲੀ ਹੈ, ਉਹ ਇਹ ਹੈ ਕਿ ਨਾਮ-ਜਾਪ, ਸਰੀਰਕ ਖਿਆਲ ਛਡ ਕੇ ਆਤਮਾ ਦੁਆਰਾ ਕਰਨਾ ਹੈ। ਸਥੂਲ ਸਰੀਰ ਦੀ ਆਵਾਜ਼ ਵਾਹਿਗੁਰੂ ਜੀ ਤਕ ਨਹੀਂ ਪਹੁੰਚਦੀ ਸਰੀਰ ਤਾਂ ਉਸ ਦੇ ਰਸਤੇ ਵਿਚ ਇਉਂ ਅਟਕਾਰ ਹੀ ਬਣਿਆ ਰਹਿੰਦਾ ਹੈ। ਸਰੀਰ ਦਾ ਧਿਆਨ ਸਾਡੇ ਮਨ ਨੂੰ ਪਰਗਟ ਹੋ ਕੇ ਗੁਰੂ ਦੀ ਹਜ਼ੂਰੀ ਵਿਚ ਜੋਦੜੀਆਂ ਨਹੀਂ ਕਰਨ ਦਿੰਦਾ। ਸਥੂਲ ਚੀਜ਼ਾਂ ਦੇ ਧਿਆਨ ਹਟਣ ਨਾਲ ਹੀ ਇਹ ਮਨ ਨਿਰਮਲ ਹੁੰਦਾ ਤੇ ਆਪਣੇ ਆਪ ਵਿਚ ਆਉਂਦਾ ਹੈ ਅਤੇ ਇਹੋ ਇਸ ਦਾ ਸੂਖਮ ਰੂਪ ਹੈ। ਕਿਉਂਜੋ ਵਾਹਿਗੁਰੂ ਜੀ ਸੂਖਮ ਹਨ, ਇਸ ਲਈ ਮਨ ਦੇ ਸੂਖਮ ਹੋ ਕੇ ਧਰਤੀ ਤੋਂ ਉਪਰ ਉਠ ਕੇ ਹੀ ਆਪਣੀ ਸੁਣਵਾਈ ਕਰਵਾ ਸਕਦਾ ਹੈ। ਮਨ ਦੇ ਸੂਖਮ ਹੋਣ ਲਈ ਗੁਰੂ ਦੀ ਸ਼ਰਨ ਤੇ ਉਥੋਂ ਪ੍ਰਾਪਤ ਹੋਇਆ ਦਾਸਾ-ਭਾਵ ਦੋਵੇਂ ਹੋਣੇ ਅਤੀ ਜ਼ਰੂਰੀ ਹਨ:—

---

੧. ਰਸੀਲਾ, ਜਿਸ ਵਿਚ ਰਸ ਹੋਵੇ
੨. ਭੋਗਣ ਵਾਲਾ
੩. ਚੋਲੀ, ਇਸਤਰੀ
੪. ਪਤੀ

Sri Satguru Jagjit Singh Ji eLibrary NamdhariElibrary@gmail.com

'ਠਾਕੁਰੁ ਗਾਈਐ [੧]ਆਤਮ ਰੰਗਿ ॥
[੨]ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥'
[ਧਨਾਸਰੀ ਮ: ੫–੬੮੦

ਇਸ ਤਰ੍ਹਾਂ ਜੁੜ ਕੇ ਜਪਿਆ ਨਾਮ ਹੀ ਪ੍ਰਵਾਨ ਹੋ ਸਕਦਾ ਹੈ। ਨਾਮ ਜਾਪ ਦੇ ਪਿੱਛੇ ਜੋ ਖਿਚ ਜਾਂ ਪ੍ਰੇਮ ਹੁੰਦਾ ਹੈ ਉਹ ਹੀ ਰੰਗ ਲਿਆਉਂਦਾ ਹੈ। ਪ੍ਰੇਮ ਦੇ ਚਿਲ੍ਹੇ ਤੋਂ ਨਾਮ-ਜਾਪ ਦੇ ਤੀਰ ਵਾਹਿਗੁਰੂ ਜੀ ਵੱਲ ਛਡੇ ਜਾਣ; ਇਹ ਸਿੱਧੇ ਵਾਹਿਗੁਰੂ ਜੀ ਪਾਸ ਪਹੁੰਚਣਗੇ ਤੇ ਉਸ ਨੂੰ ਤੁਰਤ ਪ੍ਰਗਟ ਹੋਣ ਤੇ ਮਜਬੂਰ ਕਰ ਦੇਣਗੇ। ਅਸਲ ਵਿਚ ਫਲ ਤਾਂ ਲਗਦਾ ਹੀ ਪ੍ਰੇਮ ਨੂੰ ਹੈ :—

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥'
[ਤ੍ਵਪ੍ਰਸਾਦਿ ਸਵੱਯੇ, ਪਾ. ੧੦

ਅਤੇ

'ਮਨਹਿ[੩] ਕਮਾਵੈ ਮੁਖਿ ਹਰਿ ਹਰਿ ਬੋਲੈ ॥
ਸੋ ਜਨੁ ਇਤ ਉਤ ਕਤਹਿ ਨ ਡੋਲੈ ॥'
[ਗਉੜੀ ਮ: ੫–੧੯੯

ਜੇ ਫੋਕਾ ਰਟਨ ਹੀ ਹੋਵੇ ਤਾਂ ਕਿਸੇ ਆਤਮਕ ਅਵਸਥਾ ਦੇ ਛੇਤੀ ਤਹਿ ਹੋਣ ਦੀ ਆਸ ਨਹੀਂ ਹੁੰਦੀ :–

'ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥'
[ਵਡਹੰਸ ਮ: ੩–੫੬੫

ਅਤੇ

'ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ[੪] ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥'
[ਸੂਹੀ ਮ: ੪–੭੩੨

---

੧. ਆਤਮਾ ਨਾਲ, ਇੰਦ੍ਰਿਆਂ ਤੋਂ ਉਪਰ ਹੋ ਕੇ
੨. ਸ਼ਰਣੀ ਪੈ ਕੇ ਦਾਸਾ-ਭਾਵ ਵਿਚ ਹੋ ਕੇ, ਨਾਮ ਧਿਆਵੇ ਤਾਂ 'ਸਹਜ' ਦੁਆਰਾ ਸਮਾਈ ਹੋ ਜਾਂਦੀ ਹੈ
੩. ਮਨ ਨਾਲ
੪. ਰਾਤ ਦਿਨ

Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਧਰਤੀ ਤੇ ਨਾਮ ਬੂਟਾ ਹੈ, ਜੋ ਪ੍ਰੇਮ ਦੀ ਧਰਤੀ ਵਿੱਚ ਉਗਦਾ ਹੈ। ਵਾਹਿਗੁਰੂ ਆਪ ਪਿਆਰ ਹੈ—ਨਿਰਾ ਪਿਆਰ; ਜਿਸ ਹਿਰਦੇ ਵਿਚ ਪਿਆਰ ਹੈ ਉਥੇ ਵਾਹਿਗੁਰੂ ਦਾ ਆਪਣਾ ਪਰਛਾਵਾਂ ਹੈ, ਅਕਸ ਹੈ। ਜਿਸ ਵਿਚ ਇਕ ਹੋਣ ਦਾ, ਮਿਲਣ ਦਾ, ਉਤਸ਼ਾਹ ਹੀ ਨਹੀਂ ਉਹ ਬੇਰੂਹ ਹੈ, ਉਹ ਮਾਨੋ ਅਧੂਰਾ ਸਿੱਖ ਹੈ। ਉਹ ਤਾਂ ਕਾਰ-ਵਿਹਾਰ ਵਜੋਂ ਹੀ ਢੋਲਕੀ ਆਦਿ ਖੜਕਾਉਣ ਵਿਚ ਲਗਾ ਹੋਇਆ ਹੈ। ਜਿਥੇ ਪ੍ਰੇਮ ਹੈ ਉਥੇ ਗੁਰੂ ਆਪ ਹੁੰਦਾ ਹੈ। ਖਾਲਸਾ ਖੁਰਾਕ ਨਾਲ ਤਕੜਾ ਨਹੀਂ ਹੁੰਦਾ ਸੀ ਉਹ ਤਾਂ ਉਤਸ਼ਾਹ ਨਾਲ ਹਰਿਆ-ਭਰਿਆ ਰਹਿੰਦਾ ਸੀ। ਜਿਥੇ ਉਤਸ਼ਾਹ ਹੈ, ਚਾਅ ਹੈ, ਉਥੇ ਨਾਮ ਦੀਆਂ ਧੂਹਾਂ ਪੈਂਦੀਆਂ ਹਨ। ਅਸੀਂ ਨਾਮ ਨੂੰ ਤਾਂ ਦੌੜਦੇ ਹਾਂ ਪਰ ਉਤਸ਼ਾਹ ਦਾ ਖਿਆਲ ਨਹੀਂ ਰਖਦੇ; ਇਹ ਵੀ ਮਾਇਆ ਦਾ ਪਰਦਾ ਹੀ ਸਮਝੋ। ਕੋਈ ਸਮਾਂ ਸੀ ਕਿ ਮਾਵਾਂ ਦੂਰ ਬੈਠ ਕੇ ਪੰਘੂੜੇ ਵਿਚ ਪਏ ਬੱਚੇ ਨੂੰ ਝੂਟੇ ਦੇ ਦਿੰਦੀਆਂ ਸਨ,* ਹੁਣ ਕੋਲ ਬੈਠੀਆਂ ਤੋਂ ਵੀ ਰੌਲਾ ਪੈ ਰਿਹਾ ਹੈ; ਇਨ੍ਹਾਂ ਨੂੰ ਸਰੀਰਾਂ ਦੇ ਚੁੰਮਣ-ਚੱਟਣ ਦਾ ਖਿਆਲ ਹੀ ਬਣਿਆ ਰਹਿੰਦਾ ਹੈ। ਆਸ਼ਕ ਸੂਲੀ ਤੇ ਪ੍ਰੇਮ ਕਰਕੇ ਹੀ ਚੜ੍ਹਦਾ ਹੈ। ਸ਼ਹੀਦੀਆਂ ਵੀ ਪ੍ਰੇਮ ਵਿਚ ਹੀ ਹੁੰਦੀਆਂ ਹਨ। ਹਾਂ, ਇਹ ਪ੍ਰੇਮ ਸ਼ੁਕਰ ਦੁਆਰਾ ਪੈਦਾ ਹੁੰਦਾ ਹੈ। ਰਜ਼ਾ ਵਿਚ ਰਹਿਣ ਨਾਲ ਤੇ ਭਾਣਾ ਮਿੱਠਾ ਕਰ ਕੇ ਮੰਨਣ ਨਾਲ ਇਹ ਵਧਦਾ ਹੈ। ਸਬਰ ਸੰਤੋਖ ਦੇ ਪਾਣੀ ਨਾਲ ਜਦੋਂ ਇਹ ਪ੍ਰੇਮ ਰੂਪੀ ਧਰਤੀ ਸਿੰਜੀਦੀ ਹੈ ਤਾਂ ਇਸ ਵਿੱਚ ਨਾਮ ਬੂਟਾ ਉਗਦਾ, ਵਿਗਸਦਾ ਤੇ ਮੌਲਦਾ ਹੈ।

ਪ੍ਰਭੂ ਜੀ ਨੂੰ ਜਪਣ ਲਈ ਬਹੁਤੀ ਪੜ੍ਹਾਈ ਤੇ ਗਿਆਨ ਦੀ ਵੀ ਲੋੜ ਨਹੀਂ। ਉਸ ਨੂੰ ਹਰ ਕੋਈ ਜਪ ਸਕਦਾ ਹੈ। ਧ੍ਰੂ ਭਗਤ ਤੇ ਪ੍ਰਹਿਲਾਦ ਭਗਤ ਨੂੰ ਕਿਹੜੀ ਸੂਝ ਸੀ ਕਿ ਰਬ ਕਿਸ ਤਰ੍ਹਾਂ ਦਾ ਹੈ? ਅਤੇ ਸਿਖ ਗੁਰੂਆਂ ਨੇ ਵੀ ਕਿਹੜੀਆਂ ਡਿਗਰੀਆਂ ਹਾਸਲ ਕੀਤੀਆਂ ਹੋਈਆਂ ਸਨ? ਵਾਹਿਗੁਰੂ ਜੀ ਤਾਂ ਪ੍ਰੇਮ ਤੇ ਮਾਸੂਮਤਾ ਵੇਖਦੇ ਹਨ :—

---

* ਮਾਈ ਸੇਵਾਂ, ਗੁਰੂ ਅਮਰਦਾਸ ਜੀ ਦੇ ਸਮੇਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਉਲੀ ਸਾਹਿਬ ਦੀ ਸੇਵਾ ਕਰਦਿਆਂ, ਕਾਬਲ ਦੇਸ ਵਿਚ, ਪੰਘੂੜੇ ਵਿਚ ਪਏ ਆਪਣੇ ਬੱਚੇ ਨੂੰ ਹੱਥ ਨਾਲ ਧਿਆਨ ਰਾਹੀਂ ਝੂਟੇ ਦਿਆ ਕਰਦੀ ਸੀ। ਗੁਰੂ ਸਾਹਿਬ ਨੇ ਮਾਈ ਦੀ ਉੱਚੀ ਬਿਰਤੀ ਤੇ ਪ੍ਰਸੰਨ ਹੋ ਕੇ ਹੀ ਮਾਈ ਜੀ ਦੇ ਨਾਂ ਤੇ ਅੰਮ੍ਰਿਤਸਰ ਦੇ ਇਕ ਬਾਜ਼ਾਰ ਦਾ ਨਾਂ 'ਮਾਈ ਸੇਵਾਂ ਬਾਜ਼ਾਰ' ਰਖਿਆ ਸੀ ਜੋ ਅੱਜਕਲ ਬਹੁਤ ਪ੍ਰਸਿਧ ਹੈ।

Sri Satguru Jagjit Singh Ji eLibrary NamdhariElibrary@gmail.com

'ਭੋਲੇ ਭਾਇ[੧] ਮਿਲੇ ਰਘੁਰਾਇਆ[੨] ॥'

[ਗਉੜੀ ਕਬੀਰ ਜੀ—੩੨੪

ਜਿਥੇ ਉਹ ਤੁਠਦੇ ਹਨ, ਉਥੇ ਗਿਆਨ ਸੁਤੇ ਹੀ ਆ ਜਾਂਦਾ ਹੈ। ਅਸਲ ਵਿਚ ਹਉਮੈ ਦਾ ਨਾਵੈ ਨਾਲ ਵਿਰੋਧ ਹੈ; ਜਿਥੇ ਹਉਂ ਹੁੰਦੀ ਹੈ, ਉਥੇ ਨਾਮ ਨਹੀਂ ਟਿਕ ਸਕਦਾ। ਹਉਂ ਵਾਲੇ ਜੀਵ ਦਾ ਜਪਿਆ ਨਾਮ ਵੀ ਛੇਤੀ ਰੁੜ੍ਹ ਜਾਂਦਾ ਹੈ। ਜਿਵੇਂ ਮਾਸੂਮ ਬੱਚੇ ਨੂੰ ਤਾਂ ਮਾਤਾ ਪਿਤਾ ਸੰਭਾਲ ਸੰਭਾਲ ਪਾਲਦੇ ਹਨ; ਉਸ ਦੀ ਹਰ ਲੋੜ ਦਾ ਹਰ ਵੇਲੇ ਖਿਆਲ ਰਖਦੇ ਹਨ, ਪਰ ਚੁਸਤ ਚਲ਼ਾਕ ਬੱਚੇ ਦੀ ਕੋਈ ਪਰਵਾਹ ਨਹੀਂ ਕਰਦੇ, ਤਿਵੇਂ ਹੀ ਵਾਹਿਗੁਰੂ ਜੀ ਮਾਸੂਮਤਾ ਤੇ ਪ੍ਰੇਮ ਵਾਲੇ ਜਗਿਆਸੂਆਂ ਦਾ ਖਾਸ ਖਿਆਲ ਰਖਦੇ ਹਨ; ਉਨ੍ਹਾਂ ਦੀ ਹਰ ਲੋੜ ਤੁਰਤ ਪੂਰੀ ਕਰਦੇ ਹਨ। ਉਨ੍ਹਾਂ ਦੀ ਸੰਭਾਲ ਸਾਸ ਸਾਸ ਕਰਦੇ ਹਨ। ਇਹ ਆਖਣਾ ਕਿ ਇਹ ਗੱਲ ਉਨ੍ਹਾਂ ਦੇ ਭਾਗਾਂ ਵਿਚ ਹੈ ਜਾਂ ਉਨ੍ਹਾਂ ਨੇ ਪਿਛੇ ਜਪ-ਕਮਾਈ ਕੀਤੀ ਹੋਈ ਸੀ ਕਾਫ਼ੀ ਨਹੀਂ, ਇਹ ਨਿਰਸੰਦੇਹ ਸੱਚ ਹੈ ਕਿ ਰਬ ਜੀ ਪ੍ਰੇਮ ਤੇ ਮਾਸੂਮਤਾ ਤੇ ਰੀਝਦੇ ਹਨ।

ਨਾਮ ਜਪਣ ਵਾਲੇ ਜੀਵ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਵਾਹਿਗੁਰੂ ਜੀ ਨੇ ਕਿਤੇ ਬਾਹਰੋਂ ਨਹੀਂ ਆਉਣਾ। ਉਹ ਤਾਂ ਪਹਿਲੋਂ ਹੀ ਸਾਡੇ ਹਿਰਦੇ ਵਿਚ ਨਿਵਾਸ ਕਰ ਰਹੇ ਹਨ:—

'ਹਿਰਦੈ ਕਮਲ ਮਹਿ ਹਰਿ ਕਾ ਬਾਸ।'

[ਗਉੜੀ ਵਾਰ ਕਬੀਰ ਜੀਉ—੩੪੪

ਪਰ ਉਹ ਦਿਸਦੇ ਨਹੀਂ ਕਿਉਂਜੋ ਵੇਖਣ ਵਾਲੀਆਂ ਅੱਖਾਂ ਭਾਵ ਜਾਗੀ ਸੁਰਤ, ਸਾਡੇ ਪਾਸ ਨਹੀਂ ਹੈ। ਸਾਡੀ ਸੁਰਤ ਕਿਸੇ ਹੋਰ ਪਾਸੇ ਲਗੀ ਹੋਈ ਹੈ। ਸੁਰਤ ਗੁਰੂ ਵੰਨੇ ਲਗੇ, ਉਸ ਦੇ ਦਰਸ਼ਨਾਂ ਦੀ ਤੀਬਰ ਇੱਛਾ ਹੋਵੇ, ਤਦ ਕੰਤ-ਸੁਆਮੀ ਜੀ ਹਿਰਦੇ ਵਿਚ ਪਰਗਟ ਹੁੰਦੇ ਹਨ:—

---

੧. ਭੋਲੇ ਭਾਵ ਨਾਲ, ਨਿਸ਼ਕਪਟਤਾ ਨਾਲ, ਮਸੂਮਤਾ ਦੁਆਰਾ ੨. ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

'੧ਭੈ ਕੇ ਚਰਣ ਕਰ ਭਾਵ ਕੇ ਲੋਇਣ੨ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥'

[ਮ: ੨, ਵਾਰ ਮਾਝ–੧੩੯

ਜੀਵ ਦੀ ਸੁਰਤ ਤਾਂ ਮਾਇਕ ਪਦਾਰਥਾਂ ਵਲ ਲਗੀ ਰਹਿੰਦੀ ਹੈ । ਉਹ ਅੰਤਰ-ਮੁਖ ਹੋ ਕੇ ਝਾਤੀ ਨਹੀਂ ਮਾਰਦੀ। ਉਸ ਨੂੰ ਸੋਝੀ ਹੀ ਨਹੀਂ ਕਿ ਉਸ ਦਾ ਪਤੀ-ਪਰਮੇਸ਼ਰ ਘਟ ਵਿਚ ਵੀ ਹੋ ਸਕਦਾ ਹੈ। ਉਹ ਤਾਂ ਦੂਜਿਆਂ ਪਦਾਰਥਾਂ ਵਾਂਙੂ, ਜਿਨ੍ਹਾਂ ਨੂੰ ਵੇਖ ਵੇਖ ਉਸ ਨੇ ਉਨ੍ਹਾਂ ਦਾ ਰੂਪ ਗ੍ਰਹਿਣ ਕੀਤਾ ਹੋਇਆ ਹੈ, ਵਾਹਿਗੁਰੂ ਜੀ ਨੂੰ ਵੀ ਕਿਤੇ ਬਾਹਰ ਹੀ ਭਾਲਦੀ ਹੈ । ਫਿਰ ਉਸ ਨੂੰ ਅੰਤਰਮੁਖ ਹੋਣ ਦਾ ਵੱਲ ਵੀ ਨਹੀਂ ਆਉਂਦਾ । ਇਹ ਜਾਪ ਅਤੇ ਸਿਮਟਨ ਉਸ ਨੂੰ ਅੰਤਰਮੁਖ ਕਰੇਗਾ । ਇਸ ਨਾਲ ਉਸ ਨੂੰ ਅੰਤਰਮੁਖ ਹੋਣ ਦੀ ਜੁਗਤੀ ਆਵੇਗੀ ਤੇ ਉਹ ਰਟਨ ਕਰਦੀ ਕਰਦੀ ਸਹਿਜ ਸੁਭਾਏ ਹੀ ਅੰਤਰਮੁਖ ਹੋ ਜਾਵੇਗੀ । ਅਜਿਹੀ ਇਕਾਗਰਤਾ ਦੇ ਆਉਂਦੇ ਸਾਰ ਗੁਪਤ ਨਾਮ-ਰੂਪੀ ਹੀਰਾ ਪ੍ਰਗਟ ਹੋ ਜਾਵੇਗਾ । ਜੋ ਸਭ ਗਿਆਨ, ਧਿਆਨ ਉਤਪੰਨ ਕਰ ਦੇਵੇਗਾ । ਨਾਮ ਉਹ ਡੋਰ ਹੈ ਜੋ ਅਕਾਲਪੁਰਖ ਨੂੰ ਆਪਣੇ ਕੋਲ ਖਿੱਚ ਲਿਆਉਂਦੀ ਹੈ, ਇਹ ਉਹ ਕਣੀ ਹੈ ਜੋ ਖੋਜਦਿਆਂ ਖੋਜਦਿਆਂ ਪ੍ਰਤੱਖ ਹੁੰਦੀ ਹੈ ਅਤੇ ਗੁਰਮੁਖ ਤੇ ਮਹਾਂਪੁਰਖ ਨਾਮ ਜਪ ਕੇ ਇਸ ਨੂੰ ਚਮਕਾ ਲੈਂਦੇ ਹਨ । ਇਹ ਹੀਰਾ ਖੋਜਦਿਆਂ ਖੋਜਦਿਆਂ ਹੀ ਪ੍ਰਾਪਤ ਹੁੰਦਾ ਹੈ, ਪਰ ਇਸ ਨੂੰ ਨਾਮ ਜਪ ਜਪ ਕੇ ਹੀਏ ਵਿਚ ਹੀ ਖੋਜਣਾ ਹੈ :—

'ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥'

[ਮਲਾਰ ਮ: ੪–੧੨੬੫

ਅਤੇ

'ਉਗਵੈ ਸੂਰੁ੩ ਗੁਰਮੁਖਿ ਹਰਿ ਬੋਲਹਿ ਸਭ ਰੈਨਿ ੪ਸਮ੍ਾਲਹਿ ਹਰਿ ਗਾਲ ॥'

[ਪ੍ਰਭਾਤੀ ਮ: ੪–੧੩੩੫

---

੧. ਪੈਰ ਭੈ ਦੇ, ਹੱਥ ਪਿਆਰ ਦੇ, ਅੱਖਾਂ ਸੁਰਤ ਦੀਆਂ ਬਣਾਵੇ ਤਾਂ ਪਤੀ ਪਰਮੇਸ਼ਰ ਦਾ ਮੇਲ ਹੁੰਦਾ ਹੈ; ਵਾਹਿਗੁਰੂ ਜੀ ਨੂੰ ਸੁਰਤ ਨੇ ਵੇਖਣਾ ਹੈ, ਇਨ੍ਹਾਂ ਸਥੂਲ ਅੱਖਾਂ ਨੇ ਨਹੀਂ ਵੇਖਣਾ

੨. ਅੱਖਾਂ

੩. ਸੂਰਜ

੪. ਹਰੀ ਦੀਆਂ ਗੱਲਾਂ ਯਾਦ ਕਰਦੇ ਹਨ

Sri Satguru Jagjit Singh Ji eLibrary NamdhariElibrary@gmail.com

ਜੋ ਨਾਮ ਨਹੀਂ ਜਪਦੇ ਉਨ੍ਹਾਂ ਸਬੰਧੀ ਇਹ ਗੁਰੂ ਫੁਰਮਾਨ ਢੁਕਦਾ ਹੈ :—

'ਤਿਨ ਸੁੰਞੀ[1] ਦੇਹ ਫਿਰਹਿ ਬਿਨੁ ਨਾਵੈ [2]ਓਇ ਖਪਿ ਖਪਿ ਮੁਏ ਕਰਾਂਝਾ ॥'

[ਜੈਤਸਰੀ ਮ: ੪–੬੯੧

ਸਿਮਰਨ ਕਰਨ ਵਾਲੇ ਦਾ ਸਬੰਧ ਅਕਾਲਪੁਰਖ ਨਾਲ ਬਣ ਜਾਂਦਾ ਹੈ। ਇਹ ਸਬੰਧ ਇਕ ਅਤਿ ਬਰੀਕ ਤਾਰ ਦੇ ਰੂਪ ਵਿਚ ਕਾਇਮ ਰਹਿੰਦਾ ਹੈ, ਜੋ ਮਾਨੋ ਸਿਮਰਨ ਕਰਨ ਵਾਲੇ ਨੂੰ ਅਕਾਲ਼ਪੁਰਖ ਨਾਲ ਜੋੜਨ ਵਾਲੀ ਡੋਰ ਹੁੰਦੀ ਹੈ। ਰਸੀਏ ਅਕਾਲਪੁਰਖ ਤੋਂ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਨਾਮ ਜਪਣ ਵਾਲਾ ਆਪ ਹੀ ਰਸ-ਰੂਪ ਬਣ ਜਾਂਦਾ ਹੈ। ਹਿਰਦਾ-ਕੰਵਲ ਖਿੜ ਜਾਂਦਾ ਹੈ ਤੇ ਪ੍ਰਭੂ-ਜੋਤ ਪ੍ਰਗਟ ਹੋ ਜਾਂਦੀ ਹੈ; ਜੀਵ ਦੀ ਆਪਣੀ ਜੋਤਿ ਵਾਹਿਗੁਰੂ-ਜੋਤਿ ਨਾਲ ਰਲ ਜਾਂਦੀ ਹੈ, ਪ੍ਰਤੀਬਿੰਬ ਬਿੰਬ ਨਾਲ ਮਿਲ ਕੇ ਸੰਪੂਰਨ ਹੋ ਜਾਂਦਾ ਹੈ। ਜਿਹੜੇ ਇਸ ਡੋਰ ਨਾਲੋਂ ਟੁਟੇ ਰਹਿੰਦੇ ਹਨ, ਉਹ ਆਵਾਗਉਣ ਦੇ ਚੱਕਰ ਵਿਚ ਤੁਰੇ ਰਹਿੰਦੇ ਹਨ।

ਵਾਹਿਗੁਰੂ ਜੀ ਦੇ ਦੇਸ ਦੇ ਆਨੰਦ ਨੂੰ ਕਲਮ ਬਿਆਨ ਨਹੀਂ ਕਰ ਸਕਦੀ। ਇਸ ਦਾ ਸੁਆਦ ਅਕਥਨੀਜ ਹੈ। ਇਥੇ ਪਹੁੰਚਣ ਲਈ ਕੋਈ ਟਿਕਟ ਨਹੀਂ ਲਗਦਾ; ਇਕੋ ਹੀ ਮੁੱਲ ਹੈ ਕਿ ਸਰੀਰਕ ਇੰਦ੍ਰਿਆਂ ਦਾ ਬਾਹਰੋਂ ਧਾਉਣਾ ਬੰਦ ਕਰਨਾ ਪੈਂਦਾ ਹੈ। ਪਰ ਜਿਸ ਨੂੰ ਇਕ ਵਾਰ ਇਸ ਦਾ ਸੁਆਦ ਆ ਗਿਆ ਫਿਰ ਉਹ ਦੂਜੇ ਪਦਾਰਥਕ ਰਸਾਂ ਵਲ ਮੂੰਹ ਨਹੀਂ ਕਰਦਾ :—

'ਰਾਰਾ ਰਸੁ ਨਿਰਸ[3] ਕਰਿ ਜਾਨਿਆ ॥
ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹੁ[4] ਰਸੁ ਆਵਾ ॥
ਉਹੁ ਰਸੁ ਪੀਆ ਇਹੁ ਰਸੁ ਨਹੀ ਭਾਵਾ ॥'

[ਗਉੜੀ ਬਾਵਨ ਅਖਰੀ, ਕਬੀਰ ਜੀਉ–੩੪੨

ਇਸ ਰਸ ਦੀ ਪ੍ਰਾਪਤੀ ਹੀ ਸਿਖੀ ਦਾ ਨਚੋੜ ਹੈ। ਜਿਸ ਨੂੰ ਨਾਮ-ਅੰਮ੍ਰਿਤ ਰਸ

---

੧. ਖਾਲੀ, ਨਿਸਫ਼ਲ
੨. ਖਪ ਖਪ ਕੇ ਕੁਰਲਾਂਦੇ ਮਰਦੇ ਹਨ
੩. ਬਿਨਾਂ ਰਸ ਤੋਂ, ਬਿਨਾਂ ਪਦਾਰਥਕ ਰਸਾਂ ਤੋਂ
੪. ਉਹ (ਨਾਮ) ਰਸ

Sri Satguru Jagjit Singh Ji eLibrary NamdhariElibrary@gmail.com

ਮਿਲ ਗਿਆ, ਉਸ ਦੇ ਸਾਰੇ ਔਗੁਣ ਨਿਕਲ ਜਾਂਦੇ ਹਨ। ਇਸੇ ਅੰਮ੍ਰਿਤ ਨੂੰ ਦੇਵੀ ਦੇਵਤੇ ਅਤੇ ਸੁਰ ਨਰ ਲੋਚਦੇ ਹਨ :—

'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥'

[ਰਾਮਕਲੀ ਮ: ੩, ਅਨੰਦ—੯੧੮

ਜਿਸ ਸਿਖ ਨੂੰ ਅਜੇ ਵਾਹਿਗੁਰੂ ਕਹਿਣ ਵਿਚ ਆਨੰਦ ਨਹੀਂ ਆਇਆ, ਉਹ ਮਾਨੋ ਅਜੇ ਸਿਖ ਨਹੀਂ ਬਣਿਆ। ਉਸ ਦਾ ਜਾਪ ਅਜੇ ਸਿਮਰਨ ਵਿਚ ਨਹੀਂ ਬਦਲਿਆ। ਉਸ ਦੀ ਮੰਜ਼ਲ ਬਹੁਤ ਦੂਰ ਹੈ। ਉਸ ਨੇ ਤਾਂ ਜਾਣੋ ਅਜੇ ਪੈਂਡਾ ਤਹਿ ਕਰਨਾ ਸ਼ੁਰੂ ਹੀ ਨਹੀਂ ਕੀਤਾ। ਅਜਿਹੇ ਸਿਖ ਲਈ ਗੁਰੂ ਘਰ ਦੀ, ਗੁਰਸਿਖਾਂ ਦੀ ਵਧੇਰੇ ਸੇਵਾ ਕਰਨੀ ਉਚਿਤ ਹੈ ਤਾਂ ਜੋ ਉਸ ਦਾ ਮਨ ਨਿਰਮਲ ਹੋ ਜਾਵੇ। ਅਜਿਹੀ ਅਵਸਥਾ ਵਿਚ ਅਰਦਾਸ ਦਾ ਲੜ ਘੁਟ ਕੇ ਫੜਨਾ ਚਾਹੀਦਾ ਹੈ। ਇਹ ਬਹੁਤ ਗੁਣਕਾਰੀ ਹੁੰਦੀ ਹੈ। ਇਸ ਅਵਸਥਾ ਵਿਚ ਵੀ ਉਸ ਨੂੰ ਨਾਮ ਜਾਪ ਉਵੇਂ ਕਿਵੇਂ ਹੀ ਕਰੀ ਜਾਣਾ ਚਾਹੀਦਾ ਹੈ, ਭਾਵੇਂ ਇਹ ਕੁਨੀਨ ਖਾਣ ਵਾਂਗ ਹੀ ਹੋਵੇਗਾ ਪਰ ਇਕ ਦਿਨ ਇਹ ਆਪਣਾ ਰੰਗ ਜ਼ਰੂਰ ਵਿਖਾਏਗਾ। ਇਹ ਨਾਮ-ਜਾਪ ਹੋਂਦ ਵਾਲਾ ਹੋਵੇ ਭਾਵ ਵਾਹਿਗੁਰੂ ਦੀ ਹੋਂਦ ਮੰਨ ਕੇ, ਉਸ ਦੇ ਸਨਮੁਖ ਜਪਿਆ ਜਾਵੇ ਅਤੇ ਦਿਲ ਵਿਚ ਇਹ ਪ੍ਰਤੀਤ ਹੋਵੇ ਕਿ ਉਹ ਵਾਹਿਗੁਰੂ 'ਸਦ ਸੁਣਦਾ' ਤੇ 'ਸਦ ਵੇਖਦਾ' ਹੈ। ਪਰ ਜੇ ਨਾਮ ਉਂਞ ਵੀ ਜਪਿਆ ਜਾਵੇ ਤਾਂ ਵੀ ਅਸਰ ਤਾਂ ਅਵੱਸ਼ ਹੋਵੇਗਾ ਭਾਵੇਂ ਸਮਾਂ ਵਧੇਰੇ ਲਗੇਗਾ ਕਿਉਂਜੋ ਪਹਿਲੋਂ ਵਿਸ਼ਵਾਸ਼ ਤੇ ਪ੍ਰਤੀਤੀ ਨੇ ਬੱਝਣਾ ਹੈ।

ਨਾਮ ਓਦੋਂ ਹੀ ਫਲ ਲਿਆਉਂਦਾ ਹੈ ਜਦੋਂ ਦਾਸਾ-ਭਾਵ ਵਿਚ ਹੋ ਕੇ ਜਪਿਆ ਜਾਂਦਾ ਹੈ। ਸਿਖ ਨਾਮ ਤਾਂ ਵਧ ਚੜ੍ਹ ਕੇ ਜਪੇ ਪਰ ਮੰਗੇ ਬਖਸ਼ਸ਼, ਜਪੇ ਨਾਮ ਦਾ ਸਿਲਾ ਨਾ ਮੰਗੇ। ਨਾਮ ਹੁਕਮ ਵਜੋਂ ਹੀ ਜਪੇ ਅਤੇ ਹਰ ਵੇਲੇ ਬਖਸ਼ਿਸ਼ ਲਈ ਹੀ ਅਰਦਾਸ ਕਰਦਾ ਰਹੇ। ਅਸਲ ਵਿਚ ਗੁਰੂ ਕੇਵਲ ਅਰਦਾਸ ਹੀ ਸੁਣਦਾ ਹੈ ਅਤੇ ਅਰਦਾਸ ਵਾਲੇ ਸਿਖ ਦੀ ਬਹੁੜੀ ਬੜੀ ਛੇਤੀ ਹੁੰਦੀ ਹੈ।

## (ਅ) ਜ਼ਰੂਰੀ ਪ੍ਰਸ਼ਨ

ਨਾਮ ਜਪਣ ਸਬੰਧੀ ਇਹ ਪ੍ਰਸ਼ਨ ਆਮ ਕੀਤਾ ਜਾਂਦਾ ਹੈ ਕਿ ਨਾਮ ਜਪਣ ਵੇਲੇ ਧਿਆਨ ਕਿਸ ਦਾ ਰਖਿਆ ਜਾਵੇ ? ਗੁਰਮਤ ਅਨੁਸਾਰ ਕਿਸੇ ਫੋਟੋ

Sri Satguru Jagjit Singh Ji eLibrary NamdhariElibrary@gmail.com

ਆਦਿ ਦਾ ਧਿਆਨ ਰਖਣਾ ਵਰਜਿਤ ਹੈ ਕਿਉਂਜੋ ਇਹ ਧਿਆਨ ਮਾਇਆ ਦੇ ਚੱਕਰ ਚੋਂ ਕੱਢਣ ਵਿਚ ਬਹੁਤਾ ਸਹਾਈ ਨਹੀਂ ਹੋ ਸਕਦਾ। ਦੂਜੇ ਸਰੀਰਾਂ ਵਾਂਙ ਗੁਰੂ ਦੇ ਸਥੂਲ ਸਰੀਰ ਤੇ ਧਿਆਨ ਟਿਕਾਉਣਾ ਬੁਤ ਪੂਜ਼ਾ ਤੁਲ ਹੀ ਹੈ। ਸਿਮਰਨ ਤਾਂ ਅਜਿਹੀ ਬੁਤ ਪੂਜਾ ਤੋਂ ਛੁਟਕਾਰਾ ਪਾਉਣ ਲਈ ਹੀ ਕਰੀ ਦਾ ਹੈ। ਗੁਰ ਸਿਖ ਨੇ ਧਿਆਨ ਤਾਂ ਕੇਵਲ ਗੁਰੂ ਅਕਾਲ ਜੀ ਦਾ ਹੀ ਧਰਨਾ ਹੈ :—

'ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ[1] ਸਭੈ ਜਗੁ ਛਾਇਓ[2] ॥'

[ਤ੍ਵਪ੍ਰਸਾਦਿ ਸਵੱਯੇ, ੫: ੧੦

ਅਜਿਹੀ ਮਹਾਨ ਹਸਤੀ ਦੇ ਅਰੂਪ ਰੂਪ ਨੂੰ (ਮੂਲ ਮੰਤ੍ਰ ਵਿਚ) ਜਪੁਜੀ ਸਾਹਿਬ ਅੰਦਰ ਬਿਆਨ ਕੀਤਾ ਹੋਇਆ ਹੈ। ਉਸ ਦਾ ਸਰੂਪ 'ਸਤਿ' ਹੈ; 'ਹੈ', 'ਸਦਾ ਹੈ', ਸਰੂਪ। ਉਹ ਮੂਰਤ ਸਰੀਰਕ ਜਾਂ ਪਦਾਰਥਕ ਨਹੀਂ ਜੋ ਸੀਮਤ ਹੋਵੇ; ਉਹ ਤਾਂ ਅਕਾਲ ਮੂਰਤਿ ਹੈ, ਜੋ ਦੇਸ ਤੇ ਕਾਲ ਤੋਂ ਪਰੇ ਹੈ ਤੇ ਕਿਸੇ ਬੰਦਸ਼ ਵਿਚ ਨਹੀਂ। ਉਹ ਸੈਭੰ ਅਰਥਾਤ ਆਪਣੇ ਆਪ ਤੋਂ ਪ੍ਰਕਾਸ਼ ਹੈ। ਇਹ ਹੈ ਵਾਹਿਗੁਰੂ ਜੀ ਦਾ ਸਰੂਪ। ਜੇ ਕੋਈ ਗੁਰੂ ਦਾ ਧਿਆਨ ਧਰਦਾ ਹੈ, ਤਾਂ ਉਹ ਗੁਰੂ ਜੀ ਨੂੰ ਵੀ ਵਾਹਿਗੁਰੂ ਦਾ ਹੀ ਰੂਪ ਸਮਝੇ। ਸਰੀਰ ਵਾਲਾ ਗੁਰੂ ਨਹੀਂ ਬਲਕਿ ਅਕਾਲਪੁਰਖ ਦੇ ਗੁਣਾਂ ਤੇ ਲਛਣਾਂ ਵਾਲਾ ਗੁਰੂ ਵੇਖੇ, ਜਿਵੇਂ ਕਿ ਭੱਟਾਂ ਨੇ ਵੇਖਿਆ :—

'[3]ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
[4]ਭਨਿ ਮਥੁਰਾ ਕਛੁ ਭੇਦ ਨਹੀ ਗੁਰੁ ਅਰਜਨੁ ਪਰਤਖ੍ ਹਰਿ ॥'

[ਸਵਈਏ ਮ: ੫–੧੪੦੯

ਇਹ ਉਨ੍ਹਾਂ ਦਾ ਨਿਰੰਜਨੀ ਸਰੂਪ ਹੈ, ਜੋ ਅਕਾਲ ਹੈ। ਇਹੋ ਹੀ ਸ਼ਬਦ-ਰੂਪੀ ਗੁਰੂ (ਸ਼ਬਦ-ਬ੍ਰਹਮ) ਹੈ ਜਿਸ ਵਿਚ ਸੁਰਤ ਨੇ ਪ੍ਰੇਮ-ਭਾਵ ਦਾ ਪ੍ਰਵਾਹ ਬਣ ਕੇ ਸਮਾਉਣਾ ਹੈ :—

---

੧. ਬਲ
੨. ਛਾਇਆ ਹੋਇਆ ਹੈ
੩. ਗੁਰੂ ਹੀ ਧਰਤ, ਅਸਮਾਨ ਅਤੇ ਸਾਰੇ ਜਹਾਨ ਵਿਚ ਹਰੀ ਦੀ ਜੋਤ ਰੂਪ ਹੋ ਕੇ ਵਰਤ ਰਿਹਾ ਹੈ
੪. ਆਖਦਾ ਹੈ, ਮੱਥਰਾ ਭੱਟ

Sri Satguru Jagjit Singh Ji eLibrary NamdhariElibrary@gmail.com

'ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ ।।'

[ਰਾਮਕਲੀ ਮ: ੧, ਸਿਧ ਗੋਸਟਿ–੯੪੩

'ਵਾਹਿਗੁਰੂ' ਅਖਰੀ ਸ਼ਬਦ ਨੇ ਵਾਹਿਗੁਰੂ ਜੀ ਦੀ ਇਸ ਜੋਤ ਸਰੂਪੀ ਸ਼ਬਦ, ਹੋਂਦ ਨੂੰ ਪ੍ਰਗਟ ਕਰ ਦੇਣਾ ਹੈ ਜੋ ਆਦਿ ਕਾਲ ਤੋਂ 'ਸਤਿਗੁਰੂ' ਹੈ। ਗੁਰਸਿਖ ਨੂੰ ਪਹਿਲੋਂ ਜੋਤ ਦਾ ਧਿਆਨ ਬਣਾਉਣ ਦੀ ਲੋੜ ਨਹੀ; ਨਾਮ-ਹੋਂਦ ਅਨੁਭਵ ਕਰਦਿਆਂ ਵਾਹਿਗੁਰੂ ਜੀ ਦਾ ਇਹ ਨਿਸ਼ਾਨ ਸਮੇਂ ਅਨੁਸਾਰ ਆਪਣੇ ਆਪ ਹੀ ਪ੍ਰਗਟ ਹੋ ਆਵੇਗਾ। ਮੂਲ-ਮੰਤ੍ਰ ਵਿਚ ਦਸੇ ਬਾਕੀ ਦੇ ਗੁਣਾਂ ਦੁਆਰਾ ਪ੍ਰਭੂ-ਹੋਂਦ (ਹੈਤਾ) ਬਣਾਵੇ ਤੇ ਅਨੁਭਵ ਕਰੇ ਅਤੇ 'ਵਾਹਿਗੁਰੂ' ਮੰਤ੍ਰ ਦੀ ਧੁਨੀ ਉਸ ਸਰੂਪ ਦੀ ਸਿਫਤ ਸਲਾਹ ਵਜੋਂ ਸੁਰਤ ਵਿਚ ਕਰਦਾ ਤੇ ਸੁਣਦਾ ਰਹੇ। ਸਤਿਗੁਰੂ ਜੀ ਦਾ ਇਹੋ ਹੀ ਭਾਵ ਹੈ ਜਦੋਂ ਉਨ੍ਹਾਂ ਕਿਹਾ ਹੈ :—

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ।।'

[ਰਾਮਕਲੀ ਮ: ੧–੮੧੯

ਜੋਤ ਪ੍ਰਗਟ ਹੋਣ ਉਪਰੰਤ ਭੀ ਧਿਆਨ ਹੋਂਦ ਦਾ ਹੀ ਬਣਿਆ ਰਹਿਣਾ ਹੈ' ਕਿਉਂਜੋ ਜੋਤ ਆਪ ਹੋਂਦ-ਸਰੂਪ ਹੈ :—

'ਸਤਿ ਸਰੂਪੁ ਰਿਦੈ ਜਿਨਿ ਮਾਨਿਆ ।।
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ।।'

[ਗਉੜੀ ਸੁਖਮਨੀ ਮ: ੫–੨੮੫

ਕਈ ਵੀਰ ਨਿਰਾ ਵਾਹਿਗੁਰੂ ਨਾਮ ਦੀ ਆਵਾਜ਼ ਵਿਚ ਹੀ ਮਨ ਟਿਕਾਉਂਦੇ ਗੁੰਮ ਅਰਥਾਤ ਸੁੰਨ ਜਿਹੀ ਅੱਵਸਥਾ ਵਿਚ ਚਲੇ ਜਾਂਦੇ ਹਨ। ਗੁਰਮਤ ਅਨੁਸਾਰ ਧਿਆਨ ਨੂੰ 'ਹੋਂਦ' ਵਿਚ ਰਖਣਾ ਹੈ ਤੇ ਉਸਨੂੰ ਅਨੁਭਵ ਕਰਨਾ ਹੈ ਅਤੇ ਵਾਹਿਗੁਰੂ ਜੀ ਨੂੰ ਇਉਂ ਪ੍ਰਗਟ ਮੰਨ ਕੇ ਹੀ 'ਵਾਹਿਗੁਰੂ', 'ਵਾਹਿਗੁਰੂ', ਕਹਿ ਕੇ ਉਸ ਦੀ ਸਿਫਤ ਸਲਾਹ ਕਰਨੀ ਹੈ। ਵਾਹਿਗੁਰੂ-ਧੁਨੀ ਰਾਹੀਂ ਵੀ ਹੋਂਦ ਹੀ ਬਣਨੀ ਹੈ। ਇਨ੍ਹਾਂ ਦੋਹਾਂ ਦਾ ਸਮੇਂ ਨਾਲ ਆਪਸ ਵਿਚ ਸੁਤੇ ਹੀ ਮੇਲ ਹੋ ਜਾਂਦਾ ਹੈ। ਵਾਹਿਗੁਰੂ ਜੀ ਦੀ ਹੋਂਦ ਚੇਤਨ ਹੈ, ਸੁੰਨ ਨਹੀਂ।

ਕਈ ਵਾਰ ਨਾਮ ਅਭਿਆਸੀਆਂ ਨੂੰ ਸਤਿਗੁਰੂ ਜੀ ਦੇ ਸਰਗੁਣ ਸਰੂਪ ਦੇ ਦਰਸ਼ਨ ਵੀ ਹੁੰਦੇ ਹਨ। ਇਹ ਪਹਿਲਾ ਸਬਕ ਹੈ; ਇਸ ਨੇ ਮੁੜ ਨਿਰਗੁਣ

Sri Satguru Jagjit Singh Ji eLibrary NamdhariElibrary@gmail.com

ਸਰੂਪ,ਹੋਂਦ ਵਿਚ ਹੀ ਰਲ ਜਾਣਾ ਹੈ। ਨਾਮ ਜਪਦਿਆਂ ੨ ਮਿਲਾਪ ਦੀ ਵਿਸਮਾਦੀ ਖੁਸ਼ੀ ਤੇ ਖੇੜੇ ਦੀ ਅਵਸਥਾ ਵਿਚ ਅਨਹਦ ਝੁਣਕਾਰ ਵੀ ਪੈਦਾ ਹੋਣੀ ਹੈ, ਠੰਢਕ ਤੇ ਸ਼ਾਂਤੀ ਵੀ ਮਿਲਣੀ ਹੈ, ਇਹ ਸਭ ਉਸ ਦੀ ਹੋਂਦ ਦੇ ਹੀ ਚਿੰਨ੍ਹ ਹਨ, ਜੋ ਨਾਮ ਸਿਮਰਨ ਨਾਲ ਵਾਹਿਗੁਰੂ ਹੋਂਦ ਵਿਚੋਂ ਹੀ ਪ੍ਰਗਟ ਹੁੰਦੇ ਹਨ ਅਤੇ ਉਸੇ ਵਿਚ ਹੀ ਸਮਾਈ ਬਖਸ਼ਦੇ ਹਨ। ਅਭਿਆਸੀ ਨੇ ਉਸ ਵਾਹਿਗੁਰੂ ਦੇ ਭਿੰਨ ਭਿੰਨ ਰੂਪਾਂ ਤੇ ਨਿਸ਼ਾਨਾਂ ਵਿਚ ਅਟਕਣਾ ਨਹੀਂ; 'ਇਕੋ' ਵਿਚ ਹੀ ਸਮਾਈ ਪ੍ਰਾਪਤ ਕਰਨੀ ਹੈ। ਸਿਮਰਨ ਮਾਨੋ ਇਕ ਸੜਕ ਹੈ ਜਿਸ ਦੇ ਆਲੇ ਦੁਆਲੇ ਫਲ ਫੁਲ ਲਗੇ ਹੋਏ ਹਨ। ਜੇ ਜਗਿਆਸੂ ਖੜ੍ਹ ਕੇ ਇਨ੍ਹਾਂ ਵਸਤਾਂ ਨੂੰ ਵੇਖਣ ਲਗ ਪਵੇ ਤਾਂ ਪੈਂਡੇ ਨੇ ਨਹੀਂ ਮੁਕਣਾ। ਜੋ ਸਾਹਮਣੇ ਆਵੇ ਵੇਖੀ ਤੇ ਮਾਣੀ ਚਲੋ ਪਰ ਵੇਖਦੇ ਵੇਖਦੇ ਸਿਮਰਨ ਵਾਲੀ ਸੜਕ ਤੇ ਨਾਲੋ ਨਾਲ ਤੁਰੀ ਚਲਣਾ ਹੈ ਅਤੇ ਇਨ੍ਹਾਂ ਨੂੰ ਪ੍ਰਭੂ-ਹੋਂਦ ਦੇ ਨਿਸ਼ਾਨ ਹੀ ਜਾਣਨਾ ਹੈ।

ਕਈ ਵੀਰਾਂ ਨੂੰ ਇਕ ਹੋਰ ਵਿਚਾਰ ਵੀ ਫੁਰਦੀ ਹੈ ਕਿ 'ਜੇ ਮੂੰਹੋਂ ਨਿੰਮ ਨਿੰਮ ਕਹੀਏ ਤਾਂ ਮੂੰਹ ਕੌੜਾ ਨਹੀਂ ਹੁੰਦਾ, ਰਬ ਰਬ ਕਹਿਣ ਨਾਲ ਰਬ ਕਿਵੇਂ ਮਿਲੇਗਾ? ਇਸ ਵਿਚ ਭੁਲੇਵਾਂ ਇਹ ਹੈ ਕਿ ਨਿੰਮ ਸਾਥੋਂ ਇਕ ਵੱਖਰਾ ਪਦਾਰਥ ਹੈ ਜੋ ਕਹਿਣ ਮਾਤ੍ਰ ਨਾਲ ਪ੍ਰਾਪਤ ਨਹੀਂ ਹੁੰਦਾ ਪਰ ਰਬ ਸਾਡੇ ਅੰਤ੍ਰਸਥ ਹੈ, ਅੰਦਰ ਮੌਜੂਦ ਹੈ, ਉਸ ਦੀ ਪ੍ਰਾਪਤੀ ਨਹੀਂ ਹੋਣੀ, ਪ੍ਰਾਪਤੀ ਤਾਂ ਉਸ ਦੀ ਹੈ ਹੀ, ਕਿਉਂਕਿ ਅੰਦਰ ਮੌਜੂਦ ਜੁ ਹੈ, ਮੌਜੂਦ ਵਸਤੂ ਦੀ ਕੇਵਲ ਸਾਨੂੰ ਲਖਤਾ ਹੋਣੀ ਹੈ, ਹਾਂ ਅੰਦਰ ਮੌਜੂਦ ਪਦਾਰਥ ਦੀ, ਜੋ ਅਤਿ ਸੂਖਮ ਹੈ ਤੇ ਸਾਡੇ ਸਰੀਰ, ਮਨ, ਬੁੱਧੀ ਵਿਚ ਸਾਰੇ ਵਿਆਪਕ ਹੈ। 'ਸੂਖਮ ਪਰ ਅੰਦਰ ਵਿਆਪਕ' ਦੀ ਲਖਤਾ ਧਿਆਨ ਦੇ ਜੁੜਨ ਤੇ ਸੂਖਮ ਹੋ ਕੇ ਜੁੜਨ ਨਾਲ ਹੁੰਦੀ ਹੈ, ਜਿਵੇਂ ਵਾਕ ਹੈ:—

'ਪੰਚਾ ਕਾ ਗੁਰੁ ਏਕੁ ਧਿਆਨੁ ॥'

[ਜਪੁਜੀ

ਧਿਆਨ ਨੂੰ ਜੋੜਨ ਦਾ ਵਸੀਲਾ ਨਾਮ ਦਾ ਜਾਪ ਹੈ, ਨਾਮ ਦਾ ਸਿਮਰਨ ਹੈ, ਜਿਸ ਨਾਲ ਚੇਤੇ ਵਾਲੀ ਸ਼ਕਤੀ ਕਹੋ, ਸੁਰਤ ਕਹੋ, ਮਨ ਕਹੋ, ਅੰਦਰਲੇ ਨੇ ਤਵੱਜੋ ਨੂੰ ਬਾਹਰੋਂ ਅੰਦਰ ਨੂੰ ਕਰਨਾ ਹੈ। ਨਾਮ ਨੇ ਬਾਹਰ ਜਾਂਦੀ ਸੁਰਤ ਅੰਤਰ-ਮੁਖ ਕਰਨੀ

Sri Satguru Jagjit Singh Ji eLibrary NamdhariElibrary@gmail.com

ਹੈ ਤੇ ਅੰਤ ਧਿਆਨ ਹੋੜ ਕੇ ਉਸ ਇਕ ਤੇ ਕਾਇਮ ਹੋ ਜਾਣਾ ਹੈ। ਐਉਂ ਉਸ ਦੀ ਜੋ ਅੰਦਰ ਹੈ ਲਖਤਾ, ਪ੍ਰਾਪਤੀ ਹੋ ਜਾਣੀ ਹੈ; ਜੋ ਮਨ ਬੁਧ ਆਤਮਾ ਵਿਚ ਮੌਜੂਦ ਹੈ ਤੇ ਸਾਡੀ ਭੁਲ ਕਰਕੇ ਲਖਿਆ ਨਹੀਂ ਸੀ ਜਾਂਦਾ, 'ਯਾਦ' ਨਾਲ ਲਖਿਆ ਜਾਏਗਾ। ਸੋ ਲੋਕਾਂ ਦਾ ਕਹਿਣਾ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੁੰਦਾ, ਗਲਤ ਦ੍ਰਿਸ਼ਟਾਂਤ ਹੈ ਤੇ ਅਯੁਕਤ ਦਲੀਲ ਹੈ।'*

## ੭. ਨਾਮ-ਹੀਣ ਪੁਰਸ਼

ਜੋ ਜੀਵ ਨਾਮ ਨਹੀਂ ਜਪਦੇ ਅਤੇ ਜਿਨ੍ਹਾਂ ਨੇ ਗੁਰੂ ਧਾਰਨ ਕਰਨ ਉਪ੍ਰੰਤ ਗੁਰਮੰਤ੍ਰ ਲੈ ਕੇ ਕਮਾਇਆ ਨਹੀਂ ਤੇ ਗੁਰੂ ਹੁਕਮਾਂ ਦੀ ਸਾਰ ਨਹੀਂ ਜਾਣਦੇ ਉਨ੍ਹਾਂ ਭਾਗਹੀਨ ਜੀਵਾਂ ਸਬੰਧੀ ਗੁਰਬਾਣੀ ਵਿਚ ਜੋ ਗਾਲ੍ਹਾਂ ਲਿਖੀਆਂ ਹੋਈਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਹਿਰਦਾ ਥਰ ਥਰ ਕੰਬ ਉਠਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਜੀਵਾਂ ਦੀ ਮਨਮੁਖਤਾਈ, ਤੇ ਆਪ-ਹੁਦਰਾਪਣ ਉਨ੍ਹਾਂ ਨੂੰ ਕਿਸ ਰਸਾਤਲ ਵਲ ਲੈ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੋ ਖਸਮ ਨੂੰ ਵਿਸਾਰਦੇ ਹਨ, ਉਹ 'ਕਮਜਾਤ' ਤੇ 'ਸਨਾਤ' (ਨੀਚ ਕੌਮ) ਹਨ :—

'ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥'
[ਆਸਾ ਮ: ੧–੧੦

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਮਨਮੁਖ ਤੇ ਲੋਭ-ਗ੍ਰਸੇ ਲੋਕ ਆਪਣੇ ਨਿਜੀ ਸੁਖ ਦੇ ਵਾਸਤੇ ਜਣੇ-ਖਣੇ ਦੀ ਸੇਵਾ ਕਰਦੇ ਫਿਰਦੇ ਹਨ ਅਤੇ ਇਸ ਤਰ੍ਹਾਂ ਬਹੁਤ ਦੁਖ ਪਾਉਂਦੇ ਅਤੇ ਜ਼ਲੀਲ ਹੁੰਦੇ ਹਨ। ਉਨ੍ਹਾਂ ਨੂੰ ਰਾਮ ਭਜਨ ਦੀ ਸੋਝੀ ਹੀ ਨਹੀਂ ਹੁੰਦੀ ਅਤੇ ਉਹ ਕੁੱਤੇ ਵਾਂਙ ਬੂਹੇ ਬੂਹੇ ਭਟਕਦੇ ਫਿਰਦੇ ਹਨ :—

'ਸੁਖ ਕੈ ਹੇਤਿ[1] ਬਹੁਤੁ ਦੁਖ ਪਾਵਤ ਸੇਵ ਕਰਤ [2]ਜਨ ਜਨ ਕੀ ॥

*ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਪਦਮ ਭੂਸ਼ਨ ਭਾਈ ਸਾਹਿਬ ਡਾ. ਵੀਰ ਸਿੰਘ ਜੀ
੧. ਵਾਸਤੇ, ਲਈ ੨. ਜਣੇ-ਖਣੇ ਦੀ, ਅਨੇਕਾਂ ਦੀ

Sri Satguru Jagjit Singh Ji eLibrary NamdhariElibrary@gmail.com

ਦੁਆਰਹਿ ਦੁਆਰਿ ਸੁਆਨ[੧] ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ।।'
[ਰਾਗ ਆਸਾ ਮ: ੯–੪੧੧

ਇਸੇ ਭਾਵ ਦਾ ਪੰਜਵੀਂ ਪਾਤਸ਼ਾਹੀ ਦਾ ਬਚਨ ਇਉਂ ਹੈ :—

'ਓਹੁ ਘਰਿ ਘਰਿ ਹੰਢੈ[੨] ਜਿਉਂ ਰੰਨ ਦੋੁਹਾਗਣਿ[੩] ।।
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ[੪] ਲਾਇਆ ।।'
[ਮ: ੪, ਵਾਰ ਗਉੜੀ–੩੦੩

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਹੁਕਮ ਦੀ ਸਾਰ ਨਾ ਜਾਣਨ ਵਾਲੇ ਨੂੰ ਕੁਲੱਖਣੀ ਕੁਨਾਰ ਕਰਕੇ ਸੰਬੋਧਨ ਕਰਦੇ ਹਨ :—

'ਪਿਰ ਕਾ ਹੁਕਮੁ ਨ ਜਾਣਈ ਭਾਈ ਸਾ [੫]ਕੁਲਖਣੀ ਕੁਨਾਰਿ ।।'
[ਸੋਰਠਿ ਮ: ੩–੬੩੯

ਸਹਸਕ੍ਰਿਤੀ ਸਲੋਕਾਂ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜੋ ਪ੍ਰਾਣੀ ਗੁਰਮੰਤ੍ਰ ਤੋਂ ਖਾਲੀ ਹਨ, ਅਰਥਾਤ ਜਿਨ੍ਹਾਂ ਨੇ ਗੁਰੂ ਧਾਰਨ ਨਹੀਂ ਕੀਤਾ ਉਨ੍ਹਾਂ ਦਾ ਜੀਵਨ ਭ੍ਰਸ਼ਟਿਆ ਹੋਇਆ ਹੈ । ਉਹ ਕੁੱਤਿਆਂ, ਸੂਰਾਂ, ਖੋਤਿਆਂ, ਕਾਵਾਂ ਅਤੇ ਸੱਪਾਂ ਦੇ ਬਰਾਬਰ ਹਨ :—

'ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ।।
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹਿ ।।੩੩।।'
[ਸਲੋਕ ਮ: ਸਹਸਕ੍ਰਿਤੀ ੫–੧੩੫੬

ਇਹ ਜੀਵ ਨਾਮ ਤੋਂ ਸਖਣਾ ਹੋਣ ਕਰਕੇ ਚਿਰਾਂ ਤੋਂ ਚੁਰਾਸੀ ਲੱਖ ਜੂਨ ਵਿਚ ਭਟਕਦਾ ਚਲਾ ਆ ਰਿਹਾ ਹੈ, ਕਦੇ ਇਹ ਸੱਪ ਬਣਦਾ ਹੈ ਅਤੇ ਕਦੇ ਪਤੰਗੇ, ਮੱਛੀ, ਹਾਥੀ, ਪੰਛੀ, ਹਿਰਨ, ਦਰਖਤ ਆਦਿ ਦੀਆਂ ਜੋਨੀਆਂ ਧਾਰਦਾ ਹੈ :—

---

੧. ਕੁੱਤਾ
੨. ਫਿਰਦਾ ਹੈ
੩. ਪਤੀ ਦੀ ਛਡੀ ਹੋਈ, ਛੁੱਟੜ
੪. ਕਲੰਕ
੫. ਉਹ ਭੈੜੇ ਲਛਣਾਂ ਵਾਲੀ, ਭੈੜੀ ਇਸਤਰੀ ਹੈ

Sri Satguru Jagjit Singh Ji eLibrary NamdhariElibrary@gmail.com

'ਕਈ ਜਨਮ ਭਏ ਕੀਟ[੧] ਪਤੰਗਾ ॥
ਕਈ ਜਨਮ ਗਜ[੨] ਮੀਨ[੩] ਕਰੰਗਾ[੪] ॥
ਕਈ ਜਨਮ [੫]ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ[੬] ਬ੍ਰਿਖ[੭] ਜੋਇਓ[੮] ॥
... ... ... ... ...
... ... ... ... ...
ਕਈ ਜਨਮ ਸਾਖ[੯] ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥

[ਗਉੜੀ ਗੁਆਰੇਰੀ ਮ: ੫–੧੭੬

ਤਾਂ ਤੇ ਅਜਿਹੇ ਪ੍ਰਾਣੀਆਂ ਨੂੰ ਤੁਰੰਤ ਹੀ ਗੁਰੂ ਸ਼ਰਣ ਵਿਚ ਆ ਕੇ ਵੇਲਾ ਸੰਭਾਲ ਲੈਣਾ ਚਾਹੀਦਾ ਹੈ । ਪਤਾ ਨਹੀਂ ਕਿ ਮੁੜ ਮਾਨਸ-ਦੇਹੀ ਪ੍ਰਾਪਤ ਹੋਵੇ ਕਿ ਨਾ । ਪਉੜੀ ਇਕ ਵਾਰ ਛੁਟੀ, ਹੋ ਸਕਦਾ ਹੈ ਕਿ ਮੁੜ ਹੱਥ ਨਾ ਆਵੇ ਤੇ ਜਨਮ ਅਜਾਈਂ ਚਲਾ ਜਾਵੇ :–

'ਕਰ ਕਰਿ[੧੦] ਟਹਲ ਰਸਨਾ[੧੧] ਗੁਣ ਗਾਵਉ ॥
ਚਰਨ ਠਾਕੁਰ ਕੈ ਮਾਰਗਿ[੧੨] ਧਾਵਉ ॥੧॥
ਭਲੋ ਸਮੋ ਸਿਮਰਨ ਕੀ ਬਰੀਆ ॥
ਸਿਮਰਤ ਨਾਮੁ ਭੈ[੧੩] ਪਾਰ ਉਤਰੀਆ ॥੧॥ਰਹਾਉ॥੧॥'

[ਗਉੜੀ ਮ: ੫–੧੯੦

---

੧. ਕੀੜੇ
੨. ਹਾਥੀ
੩. ਮੱਛੀ
੪. ਹਿਰਨ
੫. ਪੰਖੇਰੂ ਤੇ ਸੱਪ
੬. ਘੋੜੇ
੭. ਬਲਦ
੮. ਜੋਤਿਆ, ਭਾਵ ਇਨ੍ਹਾਂ ਜੂਨਾਂ ਵਿਚ ਧਕਿਆ ਗਿਆ
੯. ਸ਼ਾਖਾਂ, ਟਾਣ੍ਹੀਆਂ, ਸਬਜ਼ੀ
੧੦. ਹੱਥਾਂ ਨਾਲ
੧੧. ਜੀਭ ਨਾਲ
੧੨. ਰਸਤੇ ਉਤੇ
੧੩. ਭਵ ਸਾਗਰ ਤੋਂ

Sri Satguru Jagjit Singh Ji eLibrary NamdhariElibrary@gmail.com

ਅਤੇ

'[੧]ਕਰਮ ਭੂਮਿ ਮਹਿ ਬੋਅਹੁ ਨਾਮੁ ॥
ਪੂਰਨੁ ਹੋਇ ਤੁਮਾਰਾ ਕਾਮੁ ॥
ਫਲ ਪਾਵਹਿ ਮਿਟੈ [੨]ਜਮ ਤ੍ਰਾਸ ॥
ਨਿਤ ਗਾਵਹਿ ਹਰਿ ਹਰਿ ਗੁਣ ਜਾਸ[੩] ॥
ਹਰਿ ਹਰਿ ਨਾਮੁ ਅੰਤਰਿ [੪]ਉਰਿ ਧਾਰਿ ॥
ਸੀਘਰ[੫] ਕਾਰਜੁ ਲੇਹੁ ਸਵਾਰਿ ॥'

[ਗਉੜੀ ਗੁਆਰੇਰੀ ਮ: ੫–੧੭੬

---

੧. ਮਨੁਖਾ–ਦੇਹ ਕਰਮ-ਭੂਮੀ ਹੈ, ਕਿਉਂਜੋ ਜੇਹੇ ਕਰਮ ਬੀਜੀਦੇ ਹਨ, ਤੇਹਾ ਫਲ ਵੱਢੀ ਦਾ ਹੈ । 'ਇਹ ਸਰੀਰੁ ਕਰਮ ਕੀ ਧਰਤੀ'

੨. ਮੌਤ ਦਾ ਡਰ

੩. ਜਸ

੪. ਦਿਲ ਵਿਚ ਟਿਕਾਉ

੫. ਛੇਤੀ ਹੀ

Sri Satguru Jagjit Singh Ji eLibrary NamdhariElibrary@gmail.com

ਕਾਂਡ ਛੇਵਾਂ

# ਲੋਕ ਸੁਖੀਏ-ਪ੍ਲੋਕ ਸੁਹੇਲੇ

ਮਨੁੱਖ, ਪਸ਼ੂ, ਪੰਛੀ ਇਤਿ ਆਦਿ, ਜੋ ਵੀ ਇਸ ਸੰਸਾਰ ਵਿਚ ਆਏ ਹਨ, ਸਭ ਸੁਖ ਤੇ ਖੁਸ਼ੀ ਲੋਚਦੇ ਹਨ। ਮਨੁੱਖ ਦੇ ਹਰੇਕ ਕਰਮ ਪਿਛੇ ਖੁਸ਼ੀ ਜਾਂ ਸੁਖ ਦੀ ਲੋਚਾ ਹੁੰਦੀ ਹੈ। ਇਹ ਮਾਇਆਵੀ ਭੋਗ ਵੀ ਤਾਂ ਖੁਸ਼ੀ ਦੀ ਭਾਲ ਵਿਚ ਹੀ ਭੋਗਦਾ ਹੈ। ਮਨੁੱਖ ਨੂੰ ਚੈਨ ਨਹੀਂ; ਇਹ ਹਰ ਸਮੇਂ ਕਿਸੇ ਗੁਪਤ ਖੁਸ਼ੀ ਮਗਰ ਭਟਕਦਾ ਰਹਿੰਦਾ ਹੈ ਜੋ ਇਸ ਦੇ ਹੱਥ ਨਹੀਂ ਚੜ੍ਹਦੀ। ਪਦਾਰਥਕ ਭੋਗਾਂ ਨੂੰ ਭੋਗ ਕੇ ਇਸ ਨੂੰ ਖਿਣ ਭੰਗਰ ਲਈ ਖੁਸ਼ੀ ਮਿਲਦੀ ਤਾਂ ਪ੍ਰਤੀਤ ਹੁੰਦੀ ਹੈ ਪਰ ਉਨ੍ਹਾਂ ਸਾਰਿਆ ਭੋਗਾਂ ਦੇ ਬਾਅਦ ਮੁੜ ਇਹ ਖਾਲੀ ਹੋ ਜਾਂਦਾ ਹੈ ਤੇ ਇਸ ਨੂੰ ਮੁੜ ਉਹੋ ਤੋਟ ਸਤਾਉਣ ਲਗ ਪੈਂਦੀ ਹੈ। ਅਸਲ ਵਿਚ ਇਸ ਦਾ ਅਸਲਾ ਹੀ ਖੁਸ਼ੀ ਤੇ ਖੇੜੇ ਵਾਲਾ ਹੈ ਅਤੇ ਜਿੰਨਾਂ ਚਿਰ ਇਹ ਆਪਣੇ ਅਸਲੇ ਨੂੰ ਨਹੀਂ ਪਛਾਣਦਾ ਤੇ ਉਸ ਨਾਲ ਇਕ ਮਿਕ ਹੋ ਕੇ ਸਦੀਵੀ ਖੁਸ਼ੀ ਪ੍ਰਾਪਤ ਨਹੀਂ ਕਰਦਾ, ਇਸ ਨੂੰ ਕਦੇ ਵੀ ਸ਼ਾਂਤੀ ਨਹੀਂ ਮਿਲ ਸਕਦੀ। ਇਸ ਦੀ ਹਾਲਤ ਇਕ ਹਿਰਨ ਵਾਂਙੂੰ ਹੈ ਜਿਸ ਦੇ ਕਸਤੂਰੀ ਤਾਂ ਅੰਦਰ ਹੁੰਦੀ ਹੈ ਪਰ ਉਹ ਭੁਲੇਖੇ ਵਿਚ ਪੈ ਕੇ, ਆਪਣੇ ਤੋਂ ਆ ਰਹੀ ਸੁਗੰਧੀ ਨੂੰ, ਬਾਹਰੋਂ ਆਉਂਦੀ ਖਿਆਲ ਕਰਦਾ ਹੈ ਤੇ ਸੁਗੰਧੀ ਵਾਲੀ ਵਸਤੂ ਦੀ ਭਾਲ ਵਿਚ ਬਾਹਰਵਾਰ ਇਧਰ ਉਧਰ ਭਟਕਦਾ ਰਹਿੰਦਾ ਹੈ। ਇਸੇ ਤਰ੍ਹਾਂ ਜੀਵ ਨੂੰ ਵੀ ਉੱਨਾਂ ਚਿਰ ਸ਼ਾਂਤੀ ਨਹੀਂ ਮਿਲ ਸਕਦੀ ਜਿੰਨਾਂ ਚਿਰ ਕਿ ਇਸ ਨੂੰ ਇਹ ਸੋਝੀ ਨਹੀਂ ਪੈਂਦੀ ਕਿ ਅਸਲ ਵਿਚ ਰਸ ਤੇ ਖੁਸ਼ੀ ਤਾਂ ਆਤਮਾ ਵਿਚੋਂ ਹੀ ਆਉਂਦੇ ਹਨ ਅਤੇ ਬਾਹਰੀ ਚੀਜ਼ਾਂ ਦੁਆਰਾ ਵੀ ਆਤਮਕ-ਰਸ ਹੀ ਵਰਤਿਆ ਜਾ ਰਿਹਾ ਹੈ। ਜੇ ਜੀਵ ਇਹ ਸੋਝੀ ਲੈ ਕੇ ਬਾਹਰੀ ਵਸਤਾਂ ਮਗਰ

Sri Satguru Jagjit Singh Ji eLibrary NamdhariElibrary@gmail.com

ਭਟਕਣ ਦੀ ਥਾਂ ਸਿੱਧਾ ਆਤਮਾ ਤੇ ਟਿਕ ਕੇ ਨਿਰੋਲ ਅਸਲ ਆਤਮਕ ਸੁਖ ਮਾਣੇ ਤਾਂ ਇਸ ਦੀ ਖੁਸ਼ੀ ਦੀ ਭਾਲ ਲਈ ਭਟਕਣ ਬੰਦ ਹੋ ਸਕਦੀ ਹੈ ਤੇ ਇਸ ਨੂੰ ਇਕ ਅਜਿਹਾ ਖੇੜਾ, ਖੁਸ਼ੀ ਤੇ ਵਿਸਮਾਦ ਪ੍ਰਾਪਤ ਹੋ ਸਕਦਾ ਹੈ, ਜੋ ਕਦੇ ਵੀ ਨਹੀਂ ਬਿਨਸਦਾ :—

'ਖੋਜਤ ਖੋਜਤ [1]ਤਤੁ ਬਿਚਾਰਿਓ ਦਾਸ ਗੋਵਿੰਦ ਪਰਾਇਣ[2] ॥
ਅਬਿਨਾਸੀ[3] ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥'

[ਟੋਡੀ ਮ: ੫–੭੧੪

ਪ੍ਰਭੂ ਜੀ ਦੇ ਭਗਤਾਂ ਨੂੰ ਇਹ ਖੇੜਾ ਤੇ ਖੁਸ਼ੀ ਪ੍ਰਾਪਤ ਹੋਈ ਹੁੰਦੀ ਹੈ। ਉਹ ਸਦਾ ਖਿੜੇ ਰਹਿੰਦੇ ਹਨ ਤੇ ਦੁਖ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ ;—

'ਨਾਨਕ ਭਗਤਾ ਸਦਾ ਵਿਗਾਸੁ[4] ॥
ਸੁਣਿਐ ਦੂਖ ਪਾਪ ਕਾ ਨਾਸੁ ॥'

[ਜਪੁਜੀ

ਵਾਹਿਗੁਰੂ ਜੀ, ਜੋ ਸੱਤ-ਚਿਤ-ਆਨੰਦ ਸਰੂਪ ਹਨ, ਨੂੰ ਜਪ ਕੇ ਭਗਤ ਜਨ ਉਸ ਤੋਂ ਨਾਮ-ਰਸ ਭਾਵ ਹੋਂਦ ਦਾ ਰਸ ਪ੍ਰਾਪਤ ਕਰਦੇ ਹਨ ਅਤੇ ਇਸ ਨੂੰ ਪੀਣ ਨਾਲ ਉਹ ਸਦਾ ਲਈ ਅਮਰ ਹੋ ਜਾਂਦੇ ਹਨ। ਇਸ ਨਾਮ ਅੰਮ੍ਰਿਤ ਦੁਆਰਾ ਉਨ੍ਹਾਂ ਦੀ ਪੂਰਨ ਤ੍ਰਿਪਤੀ ਹੋ ਜਾਂਦੀ ਹੈ; ਕੋਈ ਭੁੱਖ ਤੇ ਚਿੰਤਾ ਨਹੀਂ ਰਹਿੰਦੀ ਜੋ ਪਦਾਰਥਕ ਰਸਾਂ ਨਾਲ ਸਦਾ ਚਿੰਮੜੀਆਂ ਰਹਿੰਦੀਆਂ ਹਨ। ਨਾਮ-ਰਸ ਦੀ ਆਨ-ਰਸਾਂ ਨਾਲੋਂ ਇਹੀ ਸ੍ਰੇਸ਼ਟਤਾ ਹੈ* :—

'ਹਰਿ ਰਸੁ ਪੀਵਤ ਸਦ ਹੀ ਰਾਤਾ ॥
[5]ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥

---

੧. ਇਹ ਤੱਤ ਕਢਿਆ
੨. ਆਸਰੇ, ਦਾਸ ਗੋਬਿੰਦ ਦੇ ਸਦਾ ਸ਼ਰਣ ਵਿਚ ਰਹੇ
੩. ਨਾ ਨਾਸ ਹੋਣ ਵਾਲਾ, ਸਦੀਵੀ ਸੁਖ
੪. ਖੇੜਾ
੫. ਹੋਰ ਰਸ

*ਅੰਮ੍ਰਿਤ ਦੇ ਲਾਭਾਂ ਸਬੰਧੀ ਵਧੇਰੇ ਵਿਆਖਿਆ ਲਈ ਵੇਖੋ 'ਨਾਮ ਦੇ ਰੂਪ ਵਾਲਾ ਕਾਂਡ'

Sri Satguru Jagjit Singh Ji eLibrary NamdhariElibrary@gmail.com

ਆਨ ਰਸਾ ਮਹਿ ਵਿਆਪੈ ਚਿੰਦ[1] ॥੧॥
ਹਰਿ ਰਸੁ ਪੀਵੈ [2]ਅਲਮਸਤੁ ਮਤਵਾਰਾ ॥
ਆਨ ਰਸਾ ਸਭਿ ਹੋਛੇ[3] ਰੇ ॥੧॥ ਰਹਾਉ ॥'

[ਆਸਾ ਮ: ੫-੩੭੭

ਸਭ ਤੋਂ ਵੱਡਾ ਦੁਖ ਬੁਢੇਪਾ ਤੇ ਜਨਮ ਮਰਨ ਦਾ ਗਿਣਿਆ ਜਾਂਦਾ ਹੈ। ਨਾਮ-ਅੰਮ੍ਰਿਤ ਪੀਣ ਨਾਲ ਇਹ ਦੋਵੇਂ ਹੀ ਨਹੀਂ ਵਿਆਪਦੇ ਯਥਾ—'ਜਰਾ ਮਰਾ ਨਹ ਵਿਆਪਈ' ਤਥਾ—'ਗੁਰਮੁਖਿ ਬੁਢੇ ਕਦੇ ਨਾਹੀ[4] ਜਿਨਾਂ ਅੰਤਰਿ ਸੁਰਤਿ ਗਿਆਨ'। ਤਦੇ ਹੀ ਅਜਿਹੇ ਪੁਰਸ਼ ਮੌਤ ਤੋਂ ਨਹੀਂ ਡਰਦੇ; ਇਹ ਸਿਰ-ਲੱਥ ਤੇ ਮਰ-ਜੀਵੜੇ ਹੁੰਦੇ ਹਨ ਤੇ ਧਰਮ ਲਈ ਸ਼ਹੀਦੀਆਂ ਪਾ ਜਾਂਦੇ ਹਨ। ਤਦੇ ਹੀ ਕਬੀਰ ਜੀ ਫੁਰਮਾਉਂਦੇ ਹਨ :—

'ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ[5] ॥'

[ਸਲੋਕ ਭਗਤ ਕਬੀਰ ਜੀਉ-੧੩੬੫

ਜਿਸ ਵੇਲੇ ਨਾਮ-ਰਸ ਪ੍ਰਾਪਤ ਹੁੰਦਾ ਹੈ ਤਾਂ ਉਸ ਦੇ ਵਧੇਰੇ ਸੁਆਦੀ ਹੋਣ ਕਾਰਣ ਹੋਰ ਪਦਾਰਥਕ ਰਸਾਂ ਨੂੰ ਭੁੰਚਣ ਲਈ ਉੱਕਾ ਹੀ ਜੀਅ ਨਹੀਂ ਕਰਦਾ; ਇਸ ਦੇ ਮੁਕਾਬਲੇ ਤੇ ਦੂਜੇ ਦੁਨਿਆਵੀ ਰਸ ਕਿਤੇ ਹੀ ਫਿੱਕੇ ਹੁੰਦੇ ਹਨ। ਜਿਵੇਂ ਚੰਗੀ ਚੀਜ਼ ਖਾਣ ਮਗਰੋਂ ਕੋਈ ਕੌੜੀ-ਕਸੈਲੀ ਜਾਂ ਫਿੱਕੀ ਚੀਜ਼ ਖਾਣ ਨੂੰ ਜੀਅ ਨਹੀਂ ਕਰਦਾ, ਇਵੇਂ ਹੀ ਨਾਮ ਰਸ-ਪੀਣ ਵਾਲੇ ਆਨਰਸ ਨਹੀਂ ਚਖਦੇ। ਉਨ੍ਹਾਂ ਨੇ ਪਦਾਰਥਕ ਰਸਾਂ ਦਾ ਤਿਆਗ ਜ਼ੋਰ ਨਾਲ ਨਹੀਂ ਕੀਤਾ ਹੁੰਦਾ। ਉਹ ਤਾਂ ਉੱਚੇ ਤੇ ਵਧੀਆ ਰਸ ਦੇ ਮਿਲਣ ਕਰਕੇ ਸੁਤੇ ਹੀ ਤਿਆਗ ਤੇ ਬੈਰਾਗ ਦੇ ਧਾਰਨੀ ਹੋ ਜਾਂਦੇ ਹਨ, ਜਿਸ ਨੂੰ ਰਸਿਕ ਬੈਰਾਗ ਕਰਕੇ ਆਖਿਆ ਗਿਆ ਹੈ :—

'ਭੇਟਿਓ ਪੁਰਖੁ ਰਸਿਕ ਬੈਰਾਗੀ ॥'

[ਗਉੜੀ ਮ: ੫-੨੦੪

---

੧. ਚਿੰਤਾ
੨. ਪੂਰਨ ਮਸਤੀ ਵਿਚ ਰਹਿਣ ਵਾਲਾ
੩. ਘਟੀਆ, ਤੁੱਛ
੪. ਜਿਨ੍ਹਾਂ ਦੀ ਸੁਰਤ ਅੰਦਰ ਵਾਹਿਗੁਰੂ-ਗਿਆਨ (ਨਾਮ) ਪ੍ਰਗਟ ਹੋ ਗਿਆ ਹੈ
੫. ਪਰਮ-ਅਨੰਦ, ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਇਉਂ ਭਗਤ ਜਨਾਂ ਨੂੰ ਪਦਾਰਥਕ ਖਾਣੇ ਤੇ ਸੁਖ ਆਦਿ ਸੁਆਦਾਂ ਨੂੰ ਤਿਆਗਣ ਵਿਚ ਕੋਈ ਦੁਖ ਤੇ ਕਸ਼ਟ ਨਹੀਂ ਹੁੰਦਾ ।

ਨਾਮ ਦੀ ਘਾਲ ਵੀ ਇਸੇ ਰਸ ਆਸਰੇ ਹੀ ਸੁਖਦਾਈ ਹੁੰਦੀ ਹੈ। ਭਗਤ ਜਨ ਤੜਕੇ ਉਠਣ ਵਿਚ ਕੋਈ ਤੰਗੀ ਮਹਿਸੂਸ ਨਹੀਂ ਕਰਦਾ ਸਗੋਂ ਉਸ ਦਾ ਮਨ ਖਿੜਦਾ ਹੈ ਅਤੇ ਉਹ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ :—

'ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥'

[ਸਲੋਕ ਮ: ੨, ਵਾਰ ਮਾਝ—੧੪੬

ਉਹ ਤਾਂ ਉਸ ਸਮੇਂ ਜਾਗ ਕੇ ਆਪਣੇ ਮਾਲਕ ਨਾਲ ਭੋਗ ਕਰਦੇ ਹਨ । ਉਸ ਦੀ ਛੁਹ ਨੂੰ ਧੁਰ ਅੰਦਰ ਲੈਂਦੇ ਹਨ ਤੇ ਫਿਰ ਕਿਸੇ ਵਿਸਮਾਦ ਵਿਚ ਹੋ ਕੇ ਦਿਨੇ ਕਿਰਤ-ਵਿਰਤ ਕਰਦੇ ਤੇ ਹੁਕਮ ਮੰਨ ਮੰਨ ਖੀਵੇ ਹੋ ਹੋ ਜਾਂਦੇ ਹਨ।

ਉਹ ਰਜ਼ਾ ਵਿਚ ਆ ਕੇ, ਹੁਕਮ ਮੰਨ ਕੇ, ਏਕੇ ਵਿਚ ਸਮਾ ਕੇ 'ਸਹਜ' ਪ੍ਰਾਪਤ ਕਰਦੇ ਹਨ ਤੇ ਇਸ ਤਰ੍ਹਾਂ ਸਦੀਵੀ ਆਤਮ-ਟਿਕਾਉ ਹਾਸਲ ਕਰਦੇ ਹਨ ਜਿਥੇ ਦੁਖ ਤੇ ਸੁਖ ਨਹੀਂ ਪੋਂਹਦਾ; ਨੀਂਦ ਤੇ ਭੁੱਖ ਨਹੀਂ ਰਹਿੰਦੀ ਯਥਾ 'ਤਿਥੈ ਊਂਘ ਨ ਭੁਖ ਹੈ ।' ਹਾਂ ਜੀ, ਉਥੇ ਸਦਾ ਖੇੜਾ ਤੇ ਅਨੰਦ ਹੈ :—

'ਰਸਨਾ ਗੁਣ ਗੋਪਾਲ ਨਿਧਿ[1] ਗਾਇਣ ॥
ਸਾਂਤਿ ਸਹਜੁ ਰਹਸੁ[2] ਮਨਿ ਉਪਜਿਓ ਸਗਲੇ ਦੂਖ ਪਲਾਇਣ[3] ॥'

[ਟੋਡੀ ਮ: ੫—੭੧੩

ਭਗਤ ਜਨਾਂ ਨੂੰ ਇਹ ਰਜ਼ਾ ਮੰਨਣ ਤੇ 'ਸਹਜ' ਸਦਕੇ ਸੰਤੋਖ ਤੇ ਸਬਰ ਦੀ ਦਾਤ ਮਿਲੀ ਹੋਈ ਹੁੰਦੀ ਹੈ। ਸੰਤੋਖ ਤੋਂ ਬਿਨਾਂ ਸੁਖ ਬਣਦਾ ਹੀ ਨਹੀਂ । ਅਮੀਰ ਲੋਕ ਧਨ ਤਾਂ ਬਹੁਤੇਰਾ ਰਖਦੇ ਹੁੰਦੇ ਹਨ ਜੋ ਉਨ੍ਹਾਂ ਦੀ ਅਸਲ ਲੋੜ ਤੋਂ ਕਿਤੇ ਵਧ ਹੁੰਦਾ ਹੈ ਪਰ ਕੇਵਲ ਸੰਤੋਖ ਨਾ ਹੋਣ ਕਰਕੇ ਉਹ ਹੋਰ ਇੱਕਠੇ ਕਰਨ ਦੀ ਧੁਨ ਵਿਚ ਲਗੇ ਰਹਿੰਦੇ ਹਨ । ਪਦਾਰਥਕ-ਭੋਗਾਂ ਨੂੰ ਪ੍ਰਾਪਤ ਕਰਕੇ ਤੇ ਭੋਗ ਕੇ ਤਾਂ ਸੰਤੋਖ ਨਹੀਂ ਬਣਦਾ ਸਗੋਂ ਇਨ੍ਹਾਂ ਨੂੰ ਇੱਕਠੇ ਕਰਨ ਦੀ

---

੧. ਗੁਣਾਂ ਦਾ ਭੰਡਾਰ
੨. ਆਨੰਦ
੩. ਨਾਸ ਹੋ ਗਏ

Sri Satguru Jagjit Singh Ji eLibrary NamdhariElibrary@gmail.com

ਧੁਨ ਤੇ ਭੋਗਣ ਦੀ ਲਾਲਸਾ ਵਧਦੀ ਹੈ। ਸਗੋਂ ਇਹ ਤ੍ਰਿਸ਼ਨਾ ਅਗਨੀ ਉਤੇ ਘਿਉ ਪੈਣ ਸਮਾਨ ਹੋਰ ਭੜਕ ਉਠਦੀ ਹੈ। ਗੁਰੂ ਸਾਹਿਬ ਨੇ ਤ੍ਰਿਸ਼ਨਾ ਦੀ ਇਸ ਅੱਗ ਨੂੰ ਮਾਤਾ ਦੀ ਗਰਭ-ਅਗਨੀ ਤੁੱਲ ਆਖਿਆ ਹੈ :—

'ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥'
[ਰਾਮਕਲੀ ਮ: ੩, ਅਨੰਦ—੯੨੧

ਸੰਤੋਖ ਤੋਂ ਬਿਨਾਂ ਸੁਖ ਨਹੀਂ ਬਣਦਾ। ਅਮੀਰ ਨੂੰ ਬਹੁਤ ਧਨ ਸੰਭਾਲਣ ਦੀ ਚਿੰਤਾ ਹੁੰਦੀ ਹੈ ਤੇ ਗਰੀਬ ਥੋੜ੍ਹੇ ਨੂੰ ਬਹੁਤੇ ਵਿਚ ਬਦਲਣ ਲਈ ਤੁਰਿਆ ਰਹਿੰਦਾ ਹੈ। ਸੁਖੀ ਤਾਂ ਦੋਹਾਂ ਵਿਚੋਂ ਕੋਈ ਵੀ ਨਹੀਂ :—

'[1]ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ[2] ॥
ਜਿਸੁ ਗ੍ਰਿਹਿ ਥੋਰੀ ਸੁ [3]ਫਿਰੈ ਭ੍ਰਮੰਤਾ ॥'
[ਮਾਰੂ ਮ: ੫—੧੦੧੯

ਭਗਤ ਜਨ ਆਪਣੇ ਨੂੰ ਮਨ ਸੰਤੋਖ ਕੇ ਰਖਦਾ ਹੈ। ਜੋ ਕੁਝ ਉਸ ਨੂੰ ਸਹਿਜ ਵਿਚ ਵਿਚਰਿਆਂ ਪ੍ਰਾਪਤ ਹੁੰਦਾ ਹੈ, ਉਹ ਉਸੇ ਨੂੰ ਸ਼ੁਕਰ ਵਿਚ ਆ ਕੇ ਅੰਗੀਕਾਰ ਕਰਦਾ ਹੈ। ਆਪਣਾ ਭਾਗ ਉੱਨਾਂ ਹੀ ਸਮਝਦਾ ਹੈ। ਅਸਲ ਵਿਚ ਦੂਜਿਆਂ ਨੂੰ ਵੀ ਐਵੇਂ ਸਮਝ ਦਾ ਹੀ ਭੁਲੇਖਾ ਲਗਾ ਹੋਇਆ ਹੈ। ਉਨ੍ਹਾਂ ਨੂੰ ਵੀ ਆਪਣੀ ਕਿਸਮਤ ਵਿਚ ਲਿਖੇ ਤੋਂ ਵਧ ਪ੍ਰਾਪਤ ਨਹੀਂ ਹੁੰਦਾ। ਜੇ ਉਹ ਆਪਣਾ ਕਾਰ-ਵਿਹਾਰ ਸਹਿਜ ਵਿਚ ਕਰਨ ਤਦ ਵੀ ਉਨ੍ਹਾਂ ਨੂੰ ਮਿਲ ਤਾਂ ਉੱਨਾਂ ਹੀ ਜਾਣਾ ਹੈ ਪਰ ਇਸ ਸਚਾਈ ਤੇ ਉਨ੍ਹਾਂ ਦਾ ਨਿਸਚਾ ਨਹੀਂ ਹੁੰਦਾ ਕਿਉਂਜੋ ਇਹ ਮਨਮੁਖ ਦੇ ਪੱਲੇ ਪੈਣ ਵਾਲੀ ਸ਼ੈ ਨਹੀਂ। ਭਾਗਾਂ ਵਾਲਿਆਂ ਦਾ ਹੀ ਅਜਿਹਾ ਯਕੀਨ ਬੱਝਦਾ ਹੈ। ਇਹ ਸਿਦਕ ਨਾਮ-ਕਮਾਈ ਦੁਆਰਾ ਹੀ ਪਕਦਾ ਹੈ।

ਵਾਹਿਗੁਰੂ ਭਗਤ-ਜਨਾਂ ਦੇ ਸਦਾ ਨੇੜੇ ਹੁੰਦਾ ਹੈ; ਉਨ੍ਹਾਂ ਦੀਆਂ ਲੋੜਾਂ-ਥੋੜ੍ਹਾਂ ਅਚਿੰਤ ਹੀ ਪੂਰੀਆਂ ਕਰਦਾ ਰਹਿੰਦਾ ਹੈ :—

੧. ਜਿਸ ਘਰ ਵਿਚ
੨. ਚੁਰਾਏ ਜਾਣ ਦੀ ਚਿੰਤਾ
੩. ਭਉਂਦਾ ਫਿਰਦਾ ਹੈ

Sri Satguru Jagjit Singh Ji eLibrary NamdhariElibrary@gmail.com

'ਸੇਵਕ ਕਉ ਨਿਕਟੀ[1] ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ[2] ਹੋਇ ਆਵੈ ॥'
[ਆਸਾ ਮ: ੫–੪੦੩

ਅਤੇ

'ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮ ਪਿਆਰਾ ॥'
[ਸੋਰਠਿ ਮ: ੩–੬੩੮

ਅਤੇ

'ਠਾਕੁਰ ਸਿਉ ਜਾ ਕੀ ਬਨਿ ਆਈ ॥
[3]ਭੋਜਨੁ ਪੂਰਨ ਰਹੇ ਅਘਾਈ ॥
ਕਛੂ ਨ ਥੋਰਾ ਹਰਿ ਭਗਤਨ ਕਉ ॥
ਖਾਤ ਖਰਚਤ ਬਿਲਛਤ[4] ਦੇਵਨ ਕਉ ॥'
[ਆਸਾ ਮ: ੫–੩੯੦

ਮਨਮੁਖ, ਸੰਸਾਰੀ ਜੀਵਾਂ ਨਾਲ ਰਲ ਕੇ ਆਪਣੇ ਧੜੇ ਕਾਇਮ ਕਰਦਾ ਰਹਿੰਦਾ ਹੈ ਤਾਂ ਜੋ ਔਖ ਵੇਲੇ ਉਹ ਇੱਕਲਾ ਨਾ ਰਹਿ ਜਾਏ। ਇਸ ਖਿਆਲ ਨਾਲ ਉਹ ਰਿਸ਼ਤੇਦਾਰਾਂ, ਪੁੱਤਰਾਂ, ਪੋਤਿਆਂ, ਜਵਾਈਆਂ, ਦੋਸਤਾਂ, ਮਿੱਤਰਾਂ ਨਾਲ ਸਦਾ ਹੀ ਗੰਢਦਾ ਰਹਿੰਦਾ ਹੈ। ਉਸ ਨੂੰ ਧੜੇ ਪੁਗਾਉਣ ਲਈ ਕਈ ਨਾਜਾਇਜ਼ ਗੱਲਾਂ ਵੀ ਕਰਨੀਆਂ ਪੈਂਦੀਆਂ ਹਨ ; ਕੂੜ-ਕੁਸੱਤ ਦੀ ਖੇਡ ਵੀ ਖੇਡਣੀ ਪੈਂਦੀ ਹੈ ਤਾਂ ਜੋ ਧੜਾ ਕਾਇਮ ਰਹੇ ਪਰ ਭਗਤ ਜਨਾਂ ਦਾ ਧੜਾ 'ਹਰਿ ਰਿਹਾ ਸਮਾਇ' ਹੈ। ਹਰਿ ਜੀ ਇੱਕਲਾ ਹੀ ਅਜਿਹਾ ਸ਼ਕਤੀਮਾਨ ਹੈ ਕਿ ਸਭ ਉਸ ਦੇ ਚਲਾਏ ਤੁਰਦੇ ਹਨ। ਉਸ ਦੀ ਸ਼ਕਤੀ ਤੋਂ ਬਿਨਾਂ ਕੋਈ ਹਿਲ ਜਾਂ ਬੋਲ ਹੀ ਨਹੀਂ ਸਕਦਾ। ਭਗਤ ਜਨ ਦਾ ਇਹ ਵਿਸ਼ਵਾਸ ਹੁੰਦਾ ਹੈ :—

'ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ[5] ॥'
[ਮ: ੫, ਰਾਮਕਲੀ ਕੀ ਵਾਰ–੯੫੭

---

੧. ਨੇੜੇ ਹੋ ਕੇ
੨. ਉਸ ਵੇਲੇ, ਤੁਰੰਤ
੩. ਉਨ੍ਹਾਂ ਨੇ ਰੋਟੀ ਢਿਡ ਭਰ ਕੇ ਖਾਧੀ ਹੈ ਅਤੇ ਰੱਜ ਗਏ ਹਨ
੪. ਅਨੰਦ ਭੋਗਦੇ, ਖੁਸ਼ੀ ਕਰਦੇ
੫. ਝਗੜਾ ਕਰਨ ਵਾਲੇ, ਭਾਵ ਵੈਰੀ

Sri Satguru Jagjit Singh Ji eLibrary NamdhariElibrary@gmail.com

ਉਹ ਸਰਬ ਸਮਰੱਥ ਦੀ ਟੇਕ ਫੜਨ ਕਰਕੇ ਸਦਾ ਅਡੋਲ ਰਹਿੰਦਾ ਹੈ ਤੇ ਆਪਣਾ ਵਰਤਾਰਾ ਹਮੇਸ਼ਾ ਸੱਚਾ-ਸੁਚਾ ਰਖਦਾ ਹੈ। ਉਹ ਗੁਰ-ਉਪਦੇਸ਼ਾਂ ਅਨੁਸਾਰ ਚਲ ਕੇ ਧਰਮ ਖਿਲਾਰਦਾ ਹੈ। ਉਸ ਨੂੰ ਇਹ ਪੂਰਨ ਭਰੋਸਾ ਹੁੰਦਾ ਹੈ ਕਿ ਉਸ ਦਾ ਮਾਲਕ, ਹਰਿ ਨਾਮ, ਸਦਾ ਉਸ ਦੀ ਪਾਲਣਾ ਕਰੇਗਾ :—

'ਜਿਨ ਕੈ ਹਰਿਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿਨਾਮੁ ਪਿਤਾ ਹਰਿਨਾਮੋ ਮਾਤਾ
ਹਰਿਨਾਮੁ ਸਖਾਈ[1] ਮਿਤ੍ਰ ਹਮਾਰਾ ॥'

[ਪਉੜੀ, ਵਾਰ ਵਡਹੰਸ ਮ: ੪–੫੯੨

ਉਸ ਦਾ ਤਕੜੇ ਨਾਲ ਸਬੰਧ ਹੋਣ ਕਰਕੇ ਉਸ ਨੂੰ ਕਿਸੇ ਦੀ ਖੁਸ਼ਾਮਦ ਕਰਨ ਦੀ ਵੀ ਲੋੜ ਨਹੀਂ ਪੈਂਦੀ। ਉਹ ਸਦਾ ਬੇਪਰਵਾਹ ਹੁੰਦਾ ਹੈ। ਉਸ ਦੀ ਇਜ਼ਤ-ਪਤ ਆਪ ਵਾਹਿਗੁਰੂ ਜੀ ਰਖਦੇ ਹਨ :—

'ਤੇਰੇ ਦਾਸਰੇ[2] ਕਉ ਕਿਸ ਕੀ ਕਾਣਿ[3] ॥
ਜਿਸ ਕੀ ਮੀਰਾ[4] ਰਾਖੈ ਆਣਿ[5] ॥੨॥
ਜੋ [6]ਲਉਡਾ ਪ੍ਰਭਿ ਕੀਆ ਅਜਾਤਿ ॥
ਤਿਸੁ ਲਉਡੇ ਕੋ ਕਿਸ ਕੀ ਤਾਤਿ[7] ॥੩॥
ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ ॥੪॥'

[ਆਸਾ ਮ: ੫–੩੭੬

ਉਸ ਦਾ ਵਰਤਾਰਾ ਸੱਚਾ ਸੁਚਾ ਹੋਣ ਕਰਕੇ, ਉਸ ਦੇ ਆਸ ਪਾਸ ਰਹਿਣ ਵਾਲਿਆਂ ਨੂੰ ਉਸ ਤੋਂ ਕਿਸੇ ਕਿਸਮ ਦਾ ਖਤਰਾ ਨਹੀਂ ਹੁੰਦਾ। ਸਗੋਂ

---

੧. ਸਹਾਈ
੨. ਦਾਸ
੩. ਮੁਥਾਜੀ
੪. ਮਾਲਕ, ਸ਼ਾਹ
੫. ਅਣਖ, ਲਾਜ, ਇਜ਼ਤ,
੬. ਲੌਂਡਾ, ਸੇਵਕ; ਜਿਸ ਸੇਵਕ ਨੂੰ ਤੂ ਜਾਤ ਪਾਤ ਬਰਾਦਰੀ ਆਦਿ ਦੇ ਬੰਧਨਾਂ ਤੋਂ ਰਹਿਤ ਕੀਤਾ ਹੈ
੭. ਈਰਖਾ

Sri Satguru Jagjit Singh Ji eLibrary NamdhariElibrary@gmail.com

ਉਹ ਉਸ ਤੇ ਭਰੋਸਾ ਕਰਦੇ ਹਨ । ਉਹ ਪੂਰਨ ਗੁਰਸਿਖਾਂ ਵਾਂਙ, ਬਚਨ ਦਾ ਪੂਰਾ ਤੇ ਸ਼ਰਣ ਦਾ ਸੂਰਾ ਹੁੰਦਾ ਹੈ । ਉਸ ਦੇ ਮਿਲਣ ਵਾਲੇ ਉਸ ਤੇ ਮਾਣ ਕਰਦੇ ਹਨ । ਉਹ ਸਾਰਿਆਂ ਲਈ ਇਕੋ ਜਿਹਾ ਹੁੰਦਾ ਹੈ । ਉਸ ਵਿਚ ਪੱਖ-ਪਾਤ ਤੇ ਦਵੈਤ ਨਹੀਂ ਹੁੰਦੀ । ਉਸ ਦੇ ਮੂੰਹ ਵਿਚੋਂ ਅਜਿਹੇ ਮਿੱਠੇ ਬਚਨ ਨਿਕਲਦੇ ਹਨ ਮਾਨੋਂ ਫੁੱਲ ਕਿਰਦੇ ਹਨ । ਉਹ ਆਪ ਦਵੈਤ ਵਿਚ ਨਹੀਂ ਹੁੰਦਾ ਅਤੇ ਇਸੇ ਕਰਕੇ ਕਿਸੇ ਹੋਰ ਵਿਚ ਔਗੁਣ ਨਹੀਂ ਵੇਖਦਾ ਯਥਾ–'ਬੁਰਾ ਭਲਾ ਤਿਚਰ ਆਖਦਾ ਜਿਚਰ ਹੈ ਦੋ ਮਾਹਿ' । ਉਸ ਦੀ ਸਾਰਿਆਂ ਨਾਲ ਇਕੋ ਜਿਹੀ ਬਣੀ ਹੁੰਦੀ ਹੈ :—

'ਓਨਿ ਵੈਰੀ ਮਿਤ੍ਰ ਸਮ[1] ਕੀਤਿਆ ਸਭ ਨਾਲਿ ਸੁਭਾਈ[2] ॥'

[ਪਉੜੀ ਮਾਰੂ ਵਾਰ ਮ: ੫, ਡਖਣੇ–੧੧੦੦

ਉਹ ਸਦਾ ਪਰਉਪਕਾਰ ਨੂੰ ਲੋਚਦਾ ਰਹਿੰਦਾ ਹੈ :—

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥'

[ਗਉੜੀ ਸੁਖਮਨੀ ਮ: ੫–੨੭੩

ਉਸ ਪਾਸ ਥੋੜ੍ਹਾ ਕੁਝ ਹੁੰਦੇ ਹੋਏ ਵੀ ਉਹ ਲੋੜਵੰਦਾਂ ਨੂੰ ਵੰਡਦਾ ਹੈ :—

'ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥'

[ਸਲੋਕ ਫਰੀਦ ਜੀ–੧੩੮੪

ਲੋਕ ਉਸ ਦੇ ਬਚਨਾਂ ਨੂੰ ਕਾਨੂੰਨ ਸਮਝਦੇ ਹਨ । ਉਹ ਪੁਰਸ਼ ਅੰਤਰਜਾਮੀ ਨਾਲ ਜੁੜਿਆ ਹੋਣ ਕਰਕੇ ਬਚਨ ਵੀ ਅਟੱਲ ਹੀ ਆਖਦਾ ਹੈ ਜੋ ਸਦਾ ਸੱਚੇ ਨਿਕਲਦੇ ਹਨ ਤੇ ਮੰਨਣ ਵਾਲੇ ਲਈ ਕਲਿਆਣਕਾਰੀ ਹੁੰਦੇ ਹਨ । ਉਹ ਫਾਲਤੂ ਬਚਨ ਕਰਦਾ ਹੀ ਨਹੀਂ ; ਉਹ ਬੋਲਦਾ ਹੀ ਮੁੱਲ ਦਾ ਹੈ ਅਤੇ ਲੋਕ ਉਸ ਦੇ ਹਰ ਬੋਲ ਦਾ ਮੁੱਲ ਪਾਉਂਦੇ ਹਨ । ਜੋ ਸਤਿਗੁਰੂ ਦੀ ਸੇਵਾ ਕਰਦਾ ਹੈ ਉਸ ਨੂੰ ਲੋਕ ਵੀ ਪੂਜਦੇ ਹਨ :—

'ਜਿ ਸਤਿਗੁਰੁ ਸੇਵੇ ਆਪਣਾ ਤਿਸਨੋ ਪੂਜੇ ਸਭੁ ਕੋਇ ॥'

[ਸਲੋਕ ਮ: ੩, ਵਾਰ ਗੂਜਰੀ–੫੧੧

---

੧. ਇਕ ਸਮਾਨ ੨. ਵੀਰ-ਪਿਆਰ ਬਣਿਆ ਹੋਇਆ ਹੈ

Sri Satguru Jagjit Singh Ji eLibrary NamdhariElibrary@gmail.com

ਉਹ ਪੂਰਾ ਜਤੀ ਸਤੀ ਹੁੰਦਾ ਹੈ ਤੇ ਲੋਕ ਉਸ ਨੂੰ ਘਰ ਦੇ ਮੈਂਬਰ ਵਾਂਙੂੰ ਹੀ ਸਮਝਦੇ ਹਨ ਤੇ ਉਸ ਨੂੰ ਆਪਣੇ ਕੋਲ ਰਖ ਕੇ ਪ੍ਰਸੰਨ ਹੁੰਦੇ ਹਨ ਪਰ ਜਿਹੜੇ ਬੰਦੇ ਨਾਮ ਹੀਣ ਹੁੰਦੇ ਹਨ, ਉਨ੍ਹਾਂ ਤੇ ਲੋਕ ਬਹੁਤ ਘਟ ਯਕੀਨ ਕਰਦੇ ਹਨ, ਕਿਉਂਜੋ ਉਨ੍ਹਾਂ ਦਾ ਆਪਣਾ ਕੋਈ ਧੁਰਾ ਨਾ ਹੋਣ ਕਰਕੇ, ਉਹ ਜਦੋਂ ਜੀ ਚਾਹੇ ਬਚਨਾਂ ਤੋਂ ਫਿਰ ਸਕਦੇ ਹਨ :—

'ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
ਨਾਮ ਹੀਣ ਨਾਹੀ ਪਤਿ ਵੇਸਾਹੁ[੧] ॥'
[ਭੈਰਉ ਮ: ੫–੧੧੫੬

ਸੱਚ ਦਾ ਆਪਣਾ ਹੀ ਰੁਅਬ ਤੇ ਜੱਲਾਲ ਹੁੰਦਾ ਹੈ। ਝੂਠਾ ਬੰਦਾ ਉਸ ਦੀ ਝਾਲ ਨਹੀਂ ਝਲ ਸਕਦਾ। ਝੂਠਾ ਜਦੋਂ ਅਜਿਹੇ ਮਹਾਂਪੁਰਸ਼ ਕੋਲ ਆਉਂਦਾ ਹੈ ਤਾਂ ਉਸ ਅੰਦਰੋਂ ਸਚ ਆਪਣੇ ਆਪ ਫੁਟ ਫੁਟ ਕੇ ਨਿਕਲ ਆਉਂਦਾ ਹੈ। ਉਸ ਵਿਚ ਇਹ ਜੁਰੱਅਤ ਹੀ ਨਹੀਂ ਹੁੰਦੀ ਕਿ ਉਹ ਉਸ ਪਾਸ ਝੂਠ ਬੋਲ ਸਕੇ ਅਤੇ ਜੇ ਕਿਤੇ ਉਹ ਭੁੱਲ ਕੇ ਬੋਲ ਵੀ ਲਵੇ ਤਾਂ ਉਹ ਉਂਝ ਹੀ ਫੜਿਆ ਜਾਂਦਾ ਹੈ।

ਪੂਰਨ ਗੁਰਸਿਖ ਤ੍ਰੈਕਾਲ ਦਰਸੀ ਹੁੰਦਾ ਹੈ। ਉਸ ਨੂੰ ਆਪਣੇ ਅਤੇ ਹਰ ਕਿਸੇ ਦੇ ਲਾਭ ਹਾਣ ਦਾ ਸੁਤੇ ਹੀ ਪਤਾ ਹੁੰਦਾ ਹੈ। ਇਸ ਤਰ੍ਹਾਂ ਉਹ ਅਗਵਾਈ ਦਾ ਕੇਂਦਰ ਵੀ ਬਣ ਜਾਂਦਾ ਹੈ। ਲੋਕ ਉਸ ਤੋਂ ਸਲਾਹਾਂ ਲੈਂਦੇ ਹਨ। ਇਸ ਤਰ੍ਹਾਂ ਉਹ ਇਕ ਸੁਘੜ ਸ਼ਹਿਰੀ ਦਾ ਕਰਤੱਵ ਵੀ ਪਾਲਦਾ ਹੈ।

ਉਸ ਅੰਦਰ ਨਾਮ ਦੀ ਸੁਗੰਧੀ ਇਉਂ ਲਪਟਾਂ ਮਾਰਦੀ ਹੁੰਦੀ ਹੈ ਕਿ ਲੋਕ ਉਸ ਨੂੰ ਵੇਖ ਵੇਖ ਕੇ ਝੂੰਮਦੇ, ਵਿਗਸਦੇ ਤੇ ਚਕ੍ਰਿਤ ਹੋ ਹੋ ਜਾਂਦੇ ਹਨ। ਉਹ ਆਪ ਏਕੇ ਦਾ ਰੂਪ ਹੁੰਦਾ ਹੈ ਤੇ ਏਕੇ ਦੀ ਛੁਹ ਵੰਡਦਾ ਤੁਰਿਆ ਜਾਂਦਾ ਹੈ। ਉਸ ਦੇ ਦਰਸ਼ਨ ਕਰਦੇ ਸਾਰ ਕਰਤਾਰ ਚਿਤ ਆਉਂਦਾ ਹੈ। ਕਿਸੇ ਹੋਂਦ ਦੀ ਸਚਾਈ ਦਾ ਧੁਰਾ ਬੱਝਦਾ ਹੈ। ਉਸ ਦੀ ਸੰਗਤ ਦਾ ਫਲ ਗੁਰੂ ਅਰਜਨ ਸਾਹਿਬ ਦੀ ਸੱਤਵੀਂ ਅਸ਼ਟਪਦੀ ਵਿਚ ਵਿਸਥਾਰ ਨਾਲ ਬਿਆਨ ਕੀਤਾ ਹੈ। ਉਹ ਆਪਣੀ ਪਾਰਸ ਛੁਹ ਨਾਲ ਸਭ ਦਾ ਉਧਾਰ ਕਰ ਦਿੰਦਾ ਹੈ :—

---
੧.ਇਤਬਾਰ

Sri Satguru Jagjit Singh Ji eLibrary NamdhariElibrary@gmail.com

'ਸਾਧ ਕੈ ਸੰਗਿ ਸਭ ਕੁਲ ਉਧਾਰੈ ॥
ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥'

[ਗਉੜੀ ਸੁਖਮਨੀ ਮ: ੫–੨੭੧

ਉਹ ਆਪਣੀ ਨਾਮ-ਸੁਗੰਧੀ ਕਰਕੇ ਸਭ ਥਾਈਂ ਜਾਣਿਆ ਜਾਂਦਾ ਹੈ। ਉਹ ਆਪ ਭਗਵੰਤ ਰੂਪ ਵਰਸਾਉਣ ਯੋਗ ਬਣਿਆ ਹੁੰਦਾ ਹੈ :—

'ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ[1] ॥
ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ[2] ॥'

[ਭੈਰਉ ਮ: ੫–੧੧੫੬

ਇਸ ਦੁਨੀਆਂ ਦੇ ਸਭ ਲੋਕ ਉਸ ਦੀ ਉਸਤਤੀ ਕਰਦੇ ਹਨ, ਕਿਉਂਜੋ ਉਹ ਵਾਹਿਗੁਰੂ ਜੀ ਦੇ ਸਚੇ ਮਾਰਗ ਤੇ ਚਲ ਰਿਹਾ ਹੁੰਦਾ ਹੈ :—

'ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥'

[ਬਾਰਾਮਾਹਾ ਮਾਝ ਮ: ੫–੧੩੬

ਉਹ ਆਪ ਵੀ ਇਸ ਜੀਵਨ ਨੂੰ ਸੁਖੀ ਸੁਖੀ ਬਿਤਾਉਂਦਾ ਹੈ ਅਤੇ ਦੂਜਿਆਂ ਦੇ ਸੁਖਾਂ ਦਾ ਕਾਰਨ ਵੀ ਬਣਦਾ ਹੈ।

੨

ਇਹ ਸਾਡੀ ਧਰਤੀ ਕਰਮ-ਭੂਮੀ ਹੈ। ਇਸ ਵਿਚ ਜੀਵ ਆ ਕੇ ਜੋ ਜੋ ਕਰਮ ਕਰਦਾ ਹੈ, ਉਸ ਦਾ ਹਿਸਾਬ-ਕਿਤਾਬ ਇਸ ਨੂੰ ਭੁਗਤਣਾ ਪੈਂਦਾ ਹੈ। ਚੰਗੇ ਕਰਮ ਕਰਨ ਵਾਲਿਆਂ ਨੂੰ ਸੁਖਫਲ ਲਗਦੇ ਹਨ ਅਤੇ ਭੈੜੇ ਕੰਮ ਕਰਨ ਵਾਲਿਆਂ ਨੂੰ ਦੁਖ ਸਹਿਣੇ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਫੁਰਮਾਉਂਦੇ ਹਨ ਕਿ ਪੁੰਨ ਤੇ ਪਾਪ ਕੇਵਲ ਕਹਿਣ ਮਾਤਰ ਨਹੀਂ, ਇਹ ਤਾਂ ਵਾਸਤਵ ਵਿਚ ਹਨ ਅਤੇ ਜੀਵ ਜੋ ਇਥੇ ਕਮਾਉਂਦਾ ਹੈ, ਉਸ ਨੂੰ ਮੌਤ ਤੋਂ ਬਾਅਦ ਸੰਸਕਾਰਾਂ ਦੇ ਰੂਪ ਵਿਚ ਆਪਣੇ ਨਾਲ ਅਗੇ ਲੈ ਜਾਂਦਾ ਹੈ :—

---

੧. ਜਾਣਿਆ ਜਾਂਦਾ ਹੈ ੨. ਕਰਣਹਾਰ, ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

'ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥'
[ਜਪੁਜੀ

ਜੋ ਜੀਵ ਨਾਮ ਨਹੀਂ ਜਪਦੇ ; ਵਾਹਿਗੁਰੂ ਦੀ ਹੋਂਦ ਨੂੰ ਵਿਸਰ ਜਾਂਦੇ ਤੇ ਮਾਇਕ ਪਦਾਰਥਾਂ ਪਿਛੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਪੰਜਾਂ ਚੋਰਾਂ ਦੇ ਅਧੀਨ ਹੋ ਕੇ ਜੀਵਨ ਅਜਾਈਂ ਗੰਵਾ ਲੈਂਦੇ ਹਨ ਉਹ ਜਨਮ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਵਾਹਿਗੁਰੂ ਦੀ ਦਰਗਾਹ ਵਿਚ ਥਾਂ ਨਹੀਂ ਮਿਲਦੀ। ਇਸ ਦੇ ਉਲਟ ਜੋ ਇਥੇ ਆ ਕੇ ਨਾਮ ਜਪਦੇ ਹਨ, ਉਹ ਪਰਵਾਨ ਪੈਂਦੇ ਹਨ :—

'ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾ ਫਿਰਿ ਆਵਣ ਜਾਣੁ ॥'
[ਭੈਰਉ ਮ: ੫–੧੧੫੬

ਅਤੇ

'[1]ਜੇਤਾ ਮੋਹੁ ਪਰੀਤਿ ਸੁਆਦ ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ [2]ਬੈਸਣ ਨਾਹੀ ਜਾਇ ॥'
[ਧਨਾਸਰੀ ਮ: ੧–੬੬੨

ਪਰ ਜੋ ਜੀਵ ਇਥੇ ਚੰਗੇ ਕਰਮ ਕਰਦੇ ਹਨ ਭਾਵ ਨਾਮ ਜਪਦੇ ਤੇ ਜਪਾਉਂਦੇ ਹਨ ; ਗੁਰੂ ਹੁਕਮਾਂ ਦੁਆਰਾ ਆਪਣਾ ਜੀਵਨ ਬਤੀਤ ਕਰਦੇ ਹਨ ਉਹ ਇਸ ਜਗ ਵਿਚ ਵੀ ਲਾਭ ਪ੍ਰਾਪਤ ਕਰਦੇ ਹਨ ਅਤੇ ਆਪਣਾ ਅਗਲਾ ਜੀਵਨ ਵੀ ਸਫਲ ਕਰ ਲੈਂਦੇ ਹਨ :—

'ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ[3] ॥
ਈਹਾ[4] ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ[5] ॥੧॥'
[ਰਾਗ ਗਉੜੀ ਪੂਰਬੀ ਮ: ੫–੧੩

---

੧. ਸਭ ਮੋਹ ਆਤਮਾ ਨੂੰ ਕਾਲਾ ਕਰਨ ਵਾਲੀ ਮੈਲ ਹੈ, ਜੋ ਆਤਮਾ ਨੂੰ ਦਾਗਾਂ ਨਾਲ ਭਰ ਦਿੰਦੀ ਹੈ
੨. ਬੈਠਣ ਲਈ ਥਾਂ ਨਹੀਂ ਮਿਲਦੀ
੩. ਵੇਲਾ, ਸਮਾਂ
੪. ਇਥੇ, ਇਸ ਜਹਾਨ ਵਿਚ
੫. ਸੁਖਾਲਾ

Sri Satguru Jagjit Singh Ji eLibrary NamdhariElibrary@gmail.com

ਅਜਿਹੇ ਜੀਵ ਜਦੋਂ ਦਰਗਾਹ ਵਿਚ ਜਾਂਦੇ ਹਨ ਤਾਂ ਉਥੋਂ ਦੇ ਸਾਰੇ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ :—

'ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥
ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥'
[ਸਲੋਕ ਮ: ੪, ਵਾਰ ਗਉੜੀ—੩੧੦

ਤਦੇ ਹੀ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਸ਼ਹੀਦੀ ਪਾ ਕੇ ਨਿਰੰਕਾਰ ਦੀ ਦਰਗਾਹ ਵਿਚ ਗਏ ਤਾਂ ਸੁਰ-ਲੋਕ ਫੁੱਲਾਂ ਦੀ ਬਰਖਾ ਦੇ ਨਾਲ ਜੈ ਜੈ ਕਾਰ ਕਰ ਰਹੇ ਸਨ :—

'ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥'
[ਬਚਿਤ੍ਰ ਨਾਟਕ ਪਾ: ੧੦

ਉਂਝ ਵੀ ਜੋ ਪੁਰਸ਼ ਨਾਮ ਨੂੰ ਰਿਦੇ ਵਿਚ ਵਸਾ ਲੈਂਦਾ ਹੈ ਉਹ ਇਥੇ ਹੀ ਕਈ ਬੈਕੁੰਠਾਂ ਦਾ ਸੁਖ ਭੁੰਚਦਾ ਰਹਿੰਦਾ ਹੈ :—

'ਹਰਿ ਜਨ ਰਾਮ ਰਾਮ ਰਾਮ ਧਿਆਏ ॥
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ॥'
[ਸਾਰੰਗ ਮ: ੫—੧੨੦੮

ਵਾਹਿਗੁਰੂ ਜੀ ਨੇ ਕਰਮਾਂ ਦਾ ਨਿਆਉਂ ਕਰਨ ਲਈ ਧਰਮ ਰਾਜ ਨੂੰ ਨੀਅਤ ਕੀਤਾ ਹੋਇਆ ਹੈ। ਉਸ ਦੀ ਪਰਜਾ ਵਿਚ ਕੇਵਲ ਉਹ ਬੰਦੇ ਆਉਂਦੇ ਹਨ ਜੋ ਇਕ ਦੇ ਪਿਆਰ ਨੂੰ ਛੱਡ ਕੇ ਦੂਜੇ (ਆਨਿ) ਪਿਆਰਾਂ ਵਿਚ ਰਚੇ ਹੋਏ ਹਨ :–

'ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ[੧] ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥'
[ਸਿਰੀ ਰਾਗ ਮ: ੩—੩੯

---

੧. ਵਾਹਿਗੁਰੂ ਪਿਆਰ ਤੋਂ ਬਿਨਾਂ ਹੋਰ ਪਿਆਰ ਕਰਨ ਵਾਲੀ

Sri Satguru Jagjit Singh Ji eLibrary NamdhariElibrary@gmail.com

ਧਰਮਰਾਜ ਨੇ ਜੀਵਾਂ ਦੇ ਲੇਖ ਲਿਖਣ ਲਈ ਚਿਤਰ ਤੇ ਗੁਪਤ ਦੋ ਮੁਨਸ਼ੀ ਰਖੇ ਹੋਏ ਹਨ, ਜੋ ਭਗਤ ਜਨਾਂ ਦੇ ਲੇਖੇ ਨੂੰ ਨਹੀਂ ਵਾਚਦੇ ; ਉਨ੍ਹਾਂ ਨੂੰ ਛਡ ਕੇ ਬਾਕੀ ਸਭ ਦਾ ਹਿਸਾਬ-ਕਿਤਾਬ ਰਖਦੇ ਹਨ :—

'ਚਿਤ੍ਰਗੁਪਤੁ[੧] ਸਭ ਲਿਖਤੇ ਲੇਖਾ ਭਗਤ ਜਨਾ ਕਉ [੨]ਦ੍ਰਿਸਟਿ ਨਾ ਪੇਖਾ ॥'
[ਆਸਾ ਮ: ੫–੩੯੩

ਧਰਮਰਾਜ ਨੇ ਕੰਮ-ਕਾਜ ਕਰਨ ਤੇ ਡੰਨ ਆਦਿ ਦੇਣ ਲਈ ਅੱਗੇ ਜਮ ਰਖੇ ਹੋਏ ਹਨ ; ਉਹ ਦੂਜੇ ਭਾਉ ਵਾਲਿਆਂ ਅਰਥਾਤ ਨਾਮ ਤੋਂ ਭੁਲਿਆਂ ਨੂੰ ਡੰਨ ਲਾਉਂਦੇ ਹਨ :—

'ਜਮੁ ਜਾਗਾਤੀ[੩] ਦੂਜੈ ਭਾਇ ਕਰੁ[੪] ਲਾਏ ॥
ਨਾਵਹੁ ਭੂਲੇ ਦੇਇ ਸਜਾਇ ॥
[ਮਾਝ ਮ: ੩–੧੨੭

ਪਰ ਧਰਮ ਰਾਜ ਨੇ ਆਪਣੇ ਦੂਤਾਂ ਨੂੰ ਹੁਕਮ ਦੇ ਰਖਿਆ ਹੈ ਕਿ ਜੋ ਜੀਵ ਗੋਬਿੰਦ ਜੀ ਦਾ ਭਜਨ ਕਰਦੇ ਹਨ, ਉਨ੍ਹਾਂ ਦੇ ਨੇੜੇ ਨਹੀਂ ਜਾਣਾ, ਨਹੀਂ ਤਾਂ ਅਸੀਂ ਸਾਰੇ ਫਸ ਜਾਵਾਂਗੇ ਤੇ ਛੁਟਣਾ ਹੀ ਮੁਸ਼ਕਲ ਹੋ ਜਾਵੇਗਾ :—

'ਜਹਿ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ[੫] ॥
[੬]ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ[੭] ਨ ਜਾਈਅਹੁ ਦੂਤ ॥'
[ਗਉੜੀ ਬਾਵਨ ਅਖਰੀ ਮ: ੫–੨੫੬

ਜੋ ਗੁਰਮੁਖ ਆਪਣੇ ਮਨਾਂ ਨੂੰ ਮਾਂਜ ਕੇ ਸਾਫ਼ ਤੇ ਨਿਰਮਲ ਕਰ ਲੈਂਦੇ ਹਨ, ਉਨ੍ਹਾਂ ਦੀ ਤਾਂ ਇਹ ਜਮ ਵੀ ਸੇਵਾ ਕਰਦੇ ਹਨ :—

'ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥

---

੧. ਧਰਮ ਰਾਜ ਦੇ ਮੁਨਸ਼ੀ
੨. ਉਨ੍ਹਾਂ ਵੱਲ ਅੱਖ ਕਰਕੇ ਵੀ ਨਹੀਂ ਵੇਖਦੇ
੩. ਮਸੂਲੀਆ
੪. ਮਸੂਲ
੫. ਨਿੱਤ
੬. ਨਹੀਂ
੭. ਨੇੜੇ

Sri Satguru Jagjit Singh Ji eLibrary NamdhariElibrary@gmail.com

ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥'

[ਮ: ੩, ਵਾਰ ਵਡਹੰਸ–੫੯੮

ਧਰਮਰਾਜ ਉਨ੍ਹਾਂ ਦੇ ਕਾਗਦ ਫਾੜ ਦਿੰਦਾ ਹੈ ਅਤੇ ਉਨ੍ਹਾਂ ਗੁਰਮੁਖਾਂ ਦਾ ਲੇਖਾ ਗੁਰ ਨਾਨਕ ਸਾਹਿਬ ਨੇ ਆਪ ਹੀ ਸਮਝ ਲਿਆ ਹੈ ਅਰਥਾਤ ਮੁਕਾ ਦਿਤਾ ਹੈ :–

'ਜਿਨ ਕਉ ਕ੍ਰਿਪਾ ਕਰੀ ਜਗ ਜੀਵਨ ਹਰਿ ਉਰਿਧਾਰਿਓ ਮਨ ਮਾਝਾ ॥
ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥'

[ਜੈਤਸਰੀ ਮ: ੪–੬੯੮

ਅਤੇ

'ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
ਨਾਨਕ ਸਿਖ[1] ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸੁਵਲੀ[2] ॥'

[ਸਿਰੀ ਰਾਗ ਮ: ੫, ਛੰਤ–੭੯

ਸਤਿਗੁਰੂ ਜੀ ਸੱਚ ਫੁਰਮਾਉਂਦੇ ਹਨ ਕਿ ਜੋ ਜਮ-ਮਾਰਗ ਦੀ ਭੀੜੀ ਗਲੀ ਸੀ, ਉਸ ਵਿਚੋਂ ਦੀ ਨਾਮ ਜਪਣ ਵਾਲੇ ਗੁਰਸਿਖ ਨੂੰ ਨਹੀਂ ਲੰਘਣਾ ਪਿਆ, ਉਹ ਦੂਰ ਹੀ ਰਹਿ ਗਈ। ਨਾਮ ਸਦਕਾ ਉਸਨੂੰ ਖੁਲ੍ਹੀ ਗਲੀ, ਗਾਡੀ-ਰਾਹ ਵਿਚੋਂ ਦੀ ਲੰਘਾਇਆ ਗਿਆ। ਜਿਥੇ ਗਰੜ ਪੁਰਾਣ ਦੇ ਦਸੇ ਹੋਏ ਲਾਲਚੀ ਜਗਾਤੀਏ ਘਾਟ ਉਤੇ ਬੈਠੇ ਹਨ, ਉਹ ਥਾਂ ਵੀ ਦੂਰ ਰਹਿ ਗਈ। ਇਉਂ ਹਰੀ-ਜਨ ਅਟੰਕ ਹੀ ਸਿੱਧਾ ਅਕਾਲ ਪੁਰਖ ਦੀ ਦਰਗਹ ਵਿਚ ਚਲਿਆ ਜਾਂਦਾ ਹੈ :––

'ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ[3] ਜਮ ਕਾ ਮਾਰਗੁ
ਦੂਰਿ ਰਹਿਆ ॥੧॥ ਰਹਾਉ ॥
[4]ਜਹ ਲਾਲਚਿ ਜਾਗਾਤੀ ਘਾਟ
ਦੂਰਿ ਰਹੀ ਉਹ ਜਨ ਤੇ ਬਾਟ ॥'

[ਆਸਾ ਮ: ੫–੩੯੩

---

੧. ਸਿੱਖਿਆ
੨. ਲਾਭਦਾਇਕ, ਸਸਤੀ
੩. ਮੋਕਲੀ ਗਲੀ ਜਾਂ ਸੜਕ
੪. ਜਿਥੇ ਲੋਭ ਦਾ ਮਸੂਲੀ ਪੱਤਣ ਹੈ, ਉਹ ਰਸਤਾ ਭਗਤਾਂ ਤੋਂ ਦੂਰ ਹੈ

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਜੀ ਦਾ ਜਾਪ ਕਰਨ ਵਾਲੇ ਅਧਿਆਤਮ ਵਿਗਿਆਨੀਆਂ ਤੇ ਗੁਰਮੁਖਾਂ ਦੀ ਧਰਮਰਾਜ ਵੀ ਸੇਵਾ ਕਰਦਾ ਹੈ :—

'ਅਧਿਆਤਮੀ[੧] ਹਰਿਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮਰਾਇ ਕਰੈ ਧੰਨ ਸਵਾਰਣਹਾਰ ॥'
[ਸਿਰੀ ਰਾਗ ਮ: ੩—੩੯

ਇਹ ਸਭ ਕੁਝ, ਜਿਸ ਕਰਕੇ ਨਾਮ ਦੀ ਪੂੰਜੀ ਪ੍ਰਾਪਤ ਹੁੰਦੀ ਤੇ ਧਰਮ ਰਾਇ ਕਾਗਦ ਫਾੜਦਾ ਹੈ, ਗੁਰੂ ਦੇ ਪ੍ਰਤਾਪ ਨਾਲ ਹੀ ਹੁੰਦੀ ਹੈ। ਗੁਰੂ-ਸੰਤ ਦੀ ਕਿਰਪਾ ਨਾਲ ਮਹਾਂ ਅਨੰਦ ਬਣ ਜਾਂਦਾ ਹੈ ਅਤੇ ਅਭਿਆਸੀ ਨਾਮ ਰੰਗ ਵਿਚ ਰਤੇ ਹੋਏ ਵਿਸਮਾਦ ਹੋ ਹੋ ਜਾਂਦੇ ਹਨ :—

'ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ[੨] ॥
ਧਰਮ ਰਾਇ ਅਬ ਕਹਾ ਕਰੈਗੋ, ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ[੩] ॥
ਕਹੁ ਨਾਨਕ [੪]ਹਰਿ ਸਿਉ ਮਨ ਮਾਨਿਆ ਰੰਗਿ ਰਤੇ ਬਿਸਮਾਦੇ ॥'
[ਸੋਰਠਿ ਮ: ੫—੬੧੪

ਇਉਂ ਗੁਰਮੁਖ ਜਨ ਨਾਮ ਦੀ ਘਾਲ ਕਰ ਕੇ, ਏਕੇ ਨੂੰ ਅੰਦਰ ਵਸਾ ਕੇ ਆਪਣਾ ਅੱਗਾ ਵੀ ਸੰਵਾਰ ਲੈਂਦੇ ਹਨ। ਉਨ੍ਹਾਂ ਦਾ ਵਾਹਿਗੁਰੂ ਜੀ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ ਤੇ ਕਈ ਹੋਰ ਵੀ ਉਨ੍ਹਾਂ ਦੇ ਸਦਕੇ ਜਮਾਂ ਤੋਂ ਛੁਟਕਾਰਾ ਪਾ ਲੈਂਦੇ ਹਨ :—

'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥'
[ਸਲੋਕ, ਜਪੁਜੀ

ਓਹ ਤਾਂ ਇਥੇ ਵੀ ਪਤੀ ਪਰਮਾਤਮਾ ਨਾਲ ਮਿਲੇ ਹੁੰਦੇ ਹਨ ਭਾਵ ਪੂਰਨ ਰਸ ਲੀਨ ਹੁੰਦੇ ਹਨ ਤੇ ਉਨ੍ਹਾਂ ਦੀ ਜੋਤ ਵਾਹਿਗੁਰੂ ਦੀ ਜੋਤ ਵਿਚ ਸਮਾਈ ਹੁੰਦੀ ਹੈ ਅਤੇ

---

੧. ਜੋ ਆਤਮਾਂ ਨਮਿਤ ਕਰਮ ਕਰੇ
੨. ਭਰਮ
੩. ਕਿਰਪਾ ਨਾਲ
੪. ਹਰੀ ਨਾਲ ਮਨ ਪਰਚ ਗਿਆ ਅਤੇ ਉਸ ਦੇ ਅਸਚਰਜ ਪ੍ਰੇਮ ਰੰਗ ਵਿਚ ਰੰਗੇ ਗਏ

Sri Satguru Jagjit Singh Ji eLibrary NamdhariElibrary@gmail.com

ਸਰੀਰ ਛਡਣ ਉਪਰੰਤ ਵੀ ਸਿਧੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਹੀ ਜਾ ਨਿਵਾਸ ਕਰਦੇ ਹਨ। ਇਉਂ ਆਪਣਾ ਜਨਮ ਸਫਲਾ ਕਰ ਕੇ ਇਸ ਲੋਕ ਵਿਚ ਸੁਖੀ ਤੇ ਪ੍ਰਲੋਕ ਵਿਚ ਸੁਹੇਲੇ ਹੋ ਜਾਂਦੇ ਹਨ। ਉਨ੍ਹਾਂ ਦੀ ਇਸ ਲੋਕ ਵਿਚ ਵੀ ਉਸਤਤੀ ਹੁੰਦੀ ਹੈ ਅਤੇ ਦਰਗਾਹ ਵਿਚ ਵੀ ਮੁਖ ਉਜਲਾ ਹੁੰਦਾ ਹੈ :—

'ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ[੧] ॥'

[ਗਉੜੀ ਸੁਖਮਨੀ ਮ: ੫—੨੯੭

ਪਰ ਇਸ ਅਮੋਲਕ ਨਾਮ-ਵਸਤੂ ਦਾ ਵਾਪਾਰ ਕੋਈ ਅਜਿਹਾ ਵਿਰਲਾ ਜਨ ਹੀ ਕਰਦਾ ਹੈ, ਜਿਸ ਤੇ ਸਤਿਗੁਰ ਜੀ ਆਪ ਤ੍ਰੁਠਦੇ ਹਨ। ਅਜਿਹਾ ਜੀਵ ਧੰਨਤਾ ਦਾ ਪਾਤਰ ਹੈ; ਹਾਂ ਜੀ, ਉਹ ਧੰਨ ਹੈ, ਧੰਨ ਹੈ। ਗੁਰੂ ਸਾਹਿਬ ਉਸ ਤੋਂ ਬਲਿਹਾਰੇ ਜਾਂਦੇ ਹਨ :—

'ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥'

[ਗਉੜੀ ਸੁਖਮਨੀ ਮ: ੫—੨੯੩

ਨਾਮ-ਵਾਪਾਰ ਕਰਨ ਦੇ ਯੋਗ ਬਣਨ ਲਈ ਗੁਰੂ ਸੰਗਤ ਦੀਆਂ ਅਸੀਸਾਂ ਦੀ ਵੀ ਬਹੁਤ ਲੋੜ ਹੁੰਦੀ ਹੈ। ਇਨ੍ਹਾਂ ਅਸੀਸਾਂ ਸਦਕੇ ਹੀ ਪਤੀ-ਪਰਮੇਸ਼ਰ ਨਾਲ ਮੇਲ ਤੇ ਸ਼ੁੱਧ ਵਾਪਾਰ ਹੁੰਦਾ ਹੈ :—

'ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥'

[ਗਉੜੀ ਮ: ੧—੧੨

ਤਾਂ ਤੇ ਹੇ ਗੁਰੂ ਦੇ ਦੁਲਾਰਿਓ! ਗੁਰੂ ਦੇ ਪਰਤੱਖ ਸਰੂਪ ਖਾਲਸਾ ਜੀਉ! ਦਾਸ ਦੀ ਆਪ ਜੀ ਦੇ ਚਰਨਾਂ ਤੇ ਸੀਸ ਧਰ ਕੇ ਅਜਿਹੀਆਂ ਮੇਲ-ਭਰੀਆਂ ਅਸੀਸਾਂ ਲਈ ਬੇਨਤੀ ਹੈ ਅਤੇ ਮੇਰੀ ਇਸ ਬੇਨਤੀ ਤੇ ਆਪ ਨੇ ਗੁਰੂ ਜੀ ਦੀ ਪਰਵਾਨਗੀ ਦੀ ਮੁਹਰ ਲਵਾ ਦੇਣੀ ਤਾਂ ਜੋ ਇਸ ਕੀਟ ਨੂੰ ਵੀ ਆਪਣੇ ਪਤੀ ਦੀ ਕੋਈ ਸੋਝੀ ਪੈ ਸਕੇ ਤੇ ਇਹ ਵੀ ਕੁਝ ਕੁ ਪਤੀ-ਰਸ ਮਾਣ ਸਕੇ :—

'[੨]ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥

---

੧. ਸੋਭਾ ਹੁੰਦੀ ਹੈ

੨. ਹੇ ਮਿੱਤਰ! ਪਿਆਰੇ ਦੀਆਂ ਜੋ ਸਾਰੀਆਂ ਸਖੀਆਂ, ਸਾਥਣਾਂ ਹਨ, ਮੈਂ ਉਨ੍ਹਾਂ ਵਿਚੋਂ ਕਿਸੇ ਜੇਹੀ ਵੀ ਨਹੀਂ

Sri Satguru Jagjit Singh Ji eLibrary NamdhariElibrary@gmail.com

[1]ਯਾਰ ਵੇ ਹਿਕ ਡੂੰ ਹਿਕਿ ਚਾੜ੍ਹੈ ਹਉ ਕਿਸ ਚਿਤੇਹੀਆ ॥
[2]ਹਿਕ ਦੂੰ ਹਿਕਿ ਚਾੜ੍ਹੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥
[3]ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣ ਤਾਸਾ ॥
[4]ਜਿਨੀ ਮੈਡਾ ਲਾਲ ਰੀਝਾਇਆ ਹਉ ਤਿਸ ਆਗੈ ਮਨ ਡੇਂਹੀਆ ॥
[5]ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥'

[ਜੈਤਸਰੀ ਮ: ੫-੭੦੩

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ॥

---

੧. ਹੇ ਮਿੱਤਰ ! ਉਹ ਇਕ ਤੋਂ ਇਕ ਵਧੇਰੇ ਸੁਹਣੀਆਂ ਹਨ. ਮੈਂ ਕਿਸ ਨੂੰ ਯਾਦ ਹਾਂ ? ਭਾਵ ਮੈਂ ਇਸ ਜੋਗੀ ਨਹੀਂ ਕਿ ਮੈਂ ਕਿਸੇ ਦੇ ਖਿਆਲ ਵਿਚ ਆਵਾਂ

੨. ਹਰੀ ਦੇ ਅਨੇਕ ਪਿਆਰੇ ਹਨ, ਅਤੇ ਉਹ ਹਮੇਸ਼ਾਂ ਉਸ ਨਾਲ ਰਲ ਕੇ ਖੁਸ਼ੀ ਤੇ ਅਨੰਦ ਕਰਦੇ ਹਨ

੩. ਉਨ੍ਹਾਂ ਨੂੰ ਵੇਖ ਕੇ ਮੇਰੇ ਮਨ ਵਿਚ ਰੀਝ ਆਉਂਦੀ ਹੈ ਕਿ ਮੈਂ ਕਦੋਂ ਗੁਣਾਂ ਦੇ ਭੰਡਾਰ, ਹਰੀ ਨੂੰ ਮਿਲਾਂਗੀ

੪. ਜਿਨ੍ਹਾਂ ਨੇ ਮੇਰਾ ਪਿਆਰਾ ਹਰੀ ਆਪਣੇ ਉਤੇ ਪ੍ਰਸੰਨ ਕਰ ਲਿਆ ਹੈ, ਮੈਂ ਆਪਣਾ ਮਨ ਉਨ੍ਹਾਂ ਦੀ ਭੇਟਾ ਕਰਦੀ ਹਾਂ

੫. ਹੇ ਸੁਹਾਗਣ ! ਹੇ ਹਰੀ ਨੂੰ ਮਿਲੇ ਹੋਰ ਗੁਰਮੁਖ ! ਮੇਰੀ ਬੇਨਤੀ ਸੁਣ, ਮੈਨੂੰ ਦਸ, ਮੈਂ ਵੇਖਾਂ ਕਿ ਪਿਆਰਾ ਕਿਹੋ ਜਿਹਾ ਹੈ]

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

1566

Sri Satguru Jagjit Singh Ji eLibrary NamdhariElibrary@gmail.com